**Reo-Bankowned Properties**

From San Jose to Sacramento

JASSI GILL *Broker/Owner*

Ph:510-304-9292

**Refinance Now**

@ZERO COST

Call Sukhi Gill:510-207-9067



*Jassi Gill*

CA DRE Lic.#01180969 CA DRE# 00966763

**Golden State Realty**

Please Contact For Commercial or Residential Needs

ਅਸੀਂ ਲੋਨ ਲੈਣ ਵਿਚ ਤੁਹਾਡੀ ਮਦਦ ਕਰਦੇ ਹਾਂ

*Call: Sohanpreet 'Sam' Chahal*

Ph: 916-612-5773

email: samchahal@hotmail.com

***Serving all over California***



Sam Chahal
CA Lic. 01504071

COVERED CALIFORNIA

**ਓਬਾਮਾ ਕੇਅਰ**

ਦੀ ਐਪਲੀਕੇਸ਼ਨ ਖੁਲ੍ਹ ਗਈ ਹੈ

November 1 to January 31

ਐਪਲੀਕੇਸ਼ਨ ਭਰਨ ਲਈ ਮਿਲੋ

ਗੁਰਚਰਨ ਸਿੰਘ ਮਾਨ

ਫੋਨ: 510-797-7989

Email: duabba1@gmail.com



License# OC70672
Certified Agent

ਐਪਲੀਕੇਸ਼ਨ ਦੀ ਕੋਈ ਫੀਸ ਨਹੀਂ



Sixteenth Year of Publication ਕੈਲੀਫੋਰਨੀਆ ਐਡੀਸ਼ਨ Price 50¢

ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

Email:punjabtimes1@gmail.com
www.punjabtimesusa.com

# ਪੰਜਾਬ ਟਾਈਮਜ਼

Punjab Times, Vol 17, Issue 15, April 9, 2016 20451 N Plum Grove Rd., Palatine, IL 60074 Ph:847-359-0746, Fax:847-705-9388


# ਝੂਠੇ ਪੁਲਿਸ ਮੁਕਾਬਲੇ ਨੇ ਅੱਲੇ ਜ਼ਖਮ ਉਚੇੜੇ

## ਢਾਈ ਦਹਾਕਿਆਂ ਦੀ ਉਡੀਕ ਪਿੱਛੋਂ ਆਇਆ ਫੈਸਲਾ

**ਲਖਨਊ (ਗੁਰਵਿੰਦਰ ਸਿੰਘ ਵਿਰਕ):** ਢਾਈ ਦਹਾਕਿਆਂ ਦੇ ਲੰਬੇ ਇੰਤਜ਼ਾਰ ਤੋਂ ਬਾਅਦ ਆਏ ਝੂਠੇ ਪੁਲਿਸ ਮੁਕਾਬਲੇ ਦੇ ਫੈਸਲੇ ਨੇ ਅੱਲੇ ਜ਼ਖਮ ਇਕ ਵਾਰ ਫਿਰ ਉਚੇੜ ਦਿੱਤੇ ਹਨ। ਸੀ.ਬੀ.ਆਈ. ਦੀ ਵਿਸ਼ੇਸ਼ ਅਦਾਲਤ ਨੇ 11 ਸਿੱਖ ਸ਼ਰਧਾਲੂਆਂ ਨੂੰ ਝੂਠੇ ਪੁਲਿਸ ਮੁਕਾਬਲਿਆਂ ਵਿਚ ਮਾਰਨ ਵਾਲੇ 47 ਪੁਲਿਸ ਵਾਲਿਆਂ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਹੈ। ਇਨ੍ਹਾਂ ਢਾਈ ਦਹਾਕਿਆਂ ਦੌਰਾਨ ਇਸ ਕੇਸ ਵਿਚ ਕਈ ਪੜਾਅ ਆਏ, ਪਰ ਆਖਰਕਾਰ ਇਹ ਫੈਸਲਾ ਸਾਹਮਣੇ ਆਇਆ।

ਇਹ ਘਟਨਾ 12 ਜੁਲਾਈ, 1991 ਦੀ ਹੈ, ਜਦੋਂ 11 ਤੀਰਥ ਯਾਤਰੀਆਂ ਨੂੰ ਉੱਤਰ ਪ੍ਰਦੇਸ਼ ਦੇ ਪੀਲੀਭੀਤ ਇਲਾਕੇ ਵਿਚ ਪੁਲਿਸ ਮੁਲਾਜ਼ਮਾਂ ਵੱਲੋਂ ਤਿੰਨ ਝੂਠੇ ਪੁਲਿਸ ਮੁਕਾਬਲੇ ਬਣਾ ਕੇ ਮਾਰ ਦਿੱਤਾ ਗਿਆ ਸੀ। ਇਹ ਯਾਤਰੀ ਨੈਨੀਤਾਲ ਦੇ ਨਾਨਕ ਮਤਾ ਗੁਰਦੁਆਰੇ ਅਤੇ ਪਟਨਾ ਸਾਹਿਬ ਦੀ ਯਾਤਰਾ 'ਤੇ ਗਏ ਸਨ ਜਿਨ੍ਹਾਂ ਨੂੰ ਬੱਸ ਤੋਂ ਉਤਾਰ ਕੇ ਮਾਰ ਦਿੱਤਾ ਗਿਆ। ਇਸ ਤੋਂ ਬਾਅਦ ਦਿੱਲੀ ਦੇ ਇਕ ਅੰਗਰੇਜ਼ੀ ਅਖ਼ਬਾਰ ਵਿਚ ਇਹ ਖ਼ਬਰ ਛਪੀ ਜਿਸ ਦੇ ਆਧਾਰ 'ਤੇ ਪ੍ਰਸਿੱਧ ਵਕੀਲ ਆਰ.ਐਸ. ਸੋਢੀ ਨੇ ਸੁਪਰੀਮ ਕੋਰਟ ਵਿਚ ਪਟੀਸ਼ਨ ਦਾਇਰ ਕਰ ਕੇ ਮੰਗ ਕੀਤੀ ਸੀ ਕਿ ਇਸ ਸਾਰੇ ਮਾਮਲੇ ਦੀ ਜਾਂਚ ਸੀ.ਬੀ.ਆਈ. ਤੋਂ ਕਰਵਾਈ ਜਾਵੇ। ਸੁਪਰੀਮ ਕੋਰਟ ਨੇ ਇਹ ਮਾਮਲਾ ਸੀ.ਬੀ.ਆਈ. ਨੂੰ ਸੌਂਪ ਦਿੱਤਾ। ਸੁਪਰੀਮ ਕੋਰਟ ਨੇ 15 ਮਈ, 1992 ਨੂੰ ਮਾਮਲੇ ਦੀ ਜਾਂਚ ਸੀ.ਬੀ.ਆਈ. ਨੂੰ ਸੌਂਪੀ ਸੀ ਅਤੇ ਸੀ.ਬੀ.ਆਈ. ਨੇ ਤਿੰਨ ਸਾਲ ਮਗਰੋਂ 12 ਜੂਨ, 1995 ਵਿਚ ਦੋਸ਼ੀ ਪੁਲਿਸ ਮੁਲਾਜ਼ਮਾਂ ਖਿਲਾਫ਼ ਚਾਰਜਸ਼ੀਟ ਪੇਸ਼ ਕੀਤੀ ਸੀ। ਪੜਤਾਲ ਵਿਚ ਇਹ ਤੱਥ ਸਾਹਮਣੇ ਲਿਆਂਦੇ ਸਨ ਕਿ ਅਤਿਵਾਦੀ ਦੱਸ ਕੇ ਮਾਰੇ ਗਏ ਇਹ 11 ਤੀਰਥ

*(ਬਾਕੀ ਸਫਾ 6 'ਤੇ)*



*ਉਹ ਖੂਹ ਜਿਥੇ ਪੁਲਿਸ ਵੱਲੋਂ ਮੁਕਾਬਲਾ ਦਿਖਾਇਆ ਗਿਆ।*

### ਪੀੜਤ ਪਰਿਵਾਰਾਂ ਨੇ ਦੋਸ਼ੀਆਂ ਲਈ ਫਾਂਸੀ ਮੰਗੀ

**ਬਟਾਲਾ:** ਪਿੰਡ ਸਤਕੋਹਾ, ਅਰਜਨਪੁਰਾ, ਰੌੜ ਖੈਹਿਰਾ, ਮੀਰ ਕਚਾਣਾ ਤੇ ਮਾਨੇਪੁਰ ਨਾਲ ਸਬੰਧਤ ਨੌਜਵਾਨਾਂ ਦੇ ਪਰਿਵਾਰਕ ਮੈਂਬਰਾਂ ਵੱਲੋਂ ਉਮਰ ਕੈਦ ਦੀ ਥਾਂ ਦੋਸ਼ੀ ਪੁਲਿਸ ਮੁਲਾਜ਼ਮਾਂ ਨੂੰ ਮੌਤ ਦੀ ਸਜ਼ਾ ਦੇਣ ਦੀ ਮੰਗ ਕੀਤੀ ਹੈ। ਪਿੰਡ ਰੌੜ ਖੈਹਿਰਾ ਦੇ ਮੁਖਵਿੰਦਰ ਸਿੰਘ, ਕਰਤਾਰ ਸਿੰਘ, ਜਸਵੰਤ ਸਿੰਘ, ਮੀਰ ਕਚਾਣਾ, ਅਰਜਨਪੁਰ ਦੇ ਬਲਜੀਤ ਸਿੰਘ ਪੱਪੂ, ਸੁਰਜਨ ਸਿੰਘ, ਜਸਵੰਤ ਸਿੰਘ ਜੱਸਾ, ਸਤਕੋਹਾ ਦਾ ਹਰਮਿੰਦਰ ਸਿੰਘ ਮਿੰਟਾ ਅਤੇ ਪਿੰਡ ਮਾਨੇਪੁਰ ਦੇ ਇਕ ਨੌਜਵਾਨ ਦੇ ਪਰਿਵਾਰਕ ਮੈਂਬਰਾਂ ਨੇ ਇਸ ਅਦਾਲਤੀ ਫੈਸਲੇ ਅਤੇ 14-14 ਲੱਖ ਰੁਪਏ ਸਹਾਇਤਾ ਰਾਸ਼ੀ ਨੂੰ ਨਾਕਾਫੀ ਦੱਸਦਿਆਂ ਦੋਸ਼ੀ ਪੁਲਿਸ ਮੁਲਾਜ਼ਮਾਂ ਨੂੰ ਮੌਤ ਦੀ ਸਜ਼ਾ ਅਤੇ ਵੱਧ ਹਰਜਾਨੇ ਦੀ ਮੰਗ ਕੀਤੀ ਹੈ।

# 'ਆਪ' ਨੇ ਸਬੂਤਾਂ ਸਮੇਤ ਮਜੀਠੀਆ ਨੂੰ ਘੇਰਿਆ

## ਮਜੀਠੀਆ ਬਾਰੇ ਈ.ਡੀ. ਦੇ ਕਈ ਦਸਤਾਵੇਜ਼ ਜਾਰੀ

**ਚੰਡੀਗੜ੍ਹ:** ਆਮ ਆਦਮੀ ਪਾਰਟੀ (ਆਪ) ਨੇ ਨਸ਼ਾ ਤਸਕਰੀ ਦੇ ਮਾਮਲੇ ਵਿਚ ਮਾਲ ਮੰਤਰੀ ਬਿਕਰਮ ਸਿੰਘ ਮਜੀਠੀਆ ਨੂੰ ਚੁਫੇਰਿਓਂ ਘੇਰ ਲਿਆ ਹੈ। 'ਆਪ' ਆਗੂਆਂ ਨੇ ਚੰਡੀਗੜ੍ਹ ਵਿਚ ਪ੍ਰੈੱਸ ਕਾਨਫਰੰਸ ਦੌਰਾਨ ਸ. ਮਜੀਠੀਆ ਦੀ ਜਾਂਚ ਕਰ ਰਹੇ ਐਨਫੋਰਸਮੈਂਟ ਡਿਪਾਰਟਮੈਂਟ (ਈ.ਡੀ.) ਦੇ ਕਈ ਦਸਤਾਵੇਜ਼ ਵੀ ਜਾਰੀ ਕੀਤੇ ਜਿਨ੍ਹਾਂ ਵਿਚ ਮਜੀਠੀਆ ਦਾ ਨਾਂ ਆਇਆ ਹੈ।

'ਆਪ' ਆਗੂ ਆਸ਼ੀਸ਼ ਖੇਤਾਨ ਅਤੇ ਸੰਜੈ ਸਿੰਘ ਨੇ ਦਾਅਵਾ ਕੀਤਾ ਹੈ ਕਿ ਈ.ਡੀ. ਦੇ ਦਸਤਾਵੇਜ਼ਾਂ ਮੁਤਾਬਕ ਮਾਲ ਮੰਤਰੀ ਵੱਲੋਂ ਪੰਜਾਬ ਵਿਚ ਸਮਗਲਰਾਂ ਦੀ ਪੁਸ਼ਤਪਨਾਹੀ ਕੀਤੀ ਜਾਂਦੀ ਰਹੀ ਹੈ। ਈ.ਡੀ. ਨੂੰ ਦਿੱਤੇ ਬਿਆਨਾਂ ਦੇ ਅਧਾਰ ਉਤੇ ਪੰਜਾਬ ਦੇ ਇਸ ਮੰਤਰੀ ਵਿਰੁੱਧ ਕਾਰਵਾਈ ਕੀਤੀ ਜਾ ਸਕਦੀ ਸੀ, ਪਰ ਸ਼੍ਰੋਮਣੀ ਅਕਾਲੀ ਦਲ ਦੇ ਕੇਂਦਰ ਦੀ ਐਨ.ਡੀ.ਏ. ਸਰਕਾਰ 'ਚ ਭਾਈਵਾਲ ਹੋਣ ਕਰ ਕੇ ਕੇਂਦਰੀ ਏਜੰਸੀ ਨੇ ਵੀ ਅੱਖਾਂ ਬੰਦ ਕਰਨ ਲਈਆਂ ਹਨ ਤੇ ਪੰਜਾਬ ਪੁਲਿਸ ਪਹਿਲਾਂ ਹੀ ਮੰਤਰੀ ਖਿਲਾਫ਼ ਕੁਝ ਕਰਨ ਲਈ ਤਿਆਰ ਨਹੀਂ ਸੀ। 'ਆਪ' ਨੇਤਾਵਾਂ ਨੇ ਅਦਾਲਤੀ ਹਿਰਾਸਤ ਅਧੀਨ ਚੱਲ ਰਹੇ ਜਗਦੀਸ਼ ਭੋਲਾ, ਮਨਿੰਦਰ ਸਿੰਘ ਔਲਖ ਅਤੇ ਜਗਜੀਤ ਸਿੰਘ ਚਾਹਲ ਵੱਲੋਂ ਈ.ਡੀ ਨੂੰ ਦਿੱਤੇ ਬਿਆਨ ਦੀ ਕਾਪੀ ਵੀ ਪੱਤਰਕਾਰਾਂ ਨੂੰ ਦਿੱਤੀ ਜਿਸ ਵਿਚ ਮਾਲ ਮੰਤਰੀ ਦੀ ਸਮਗਲਰਾਂ ਨਾਲ ਸਾਂਝ ਦੀ ਗੱਲ ਕਹੀ ਹੈ।

ਈ.ਡੀ. ਦੇ ਰਿਕਾਰਡ ਅਨੁਸਾਰ ਬਹੁ-ਕਰੋੜੀ ਨਸ਼ਾ ਤਸਕਰੀ ਨਾਲ ਮਜੀਠੀਆ ਦੇ ਸਬੰਧ ਹਨ। ਪੰਜਾਬ ਕੈਬਨਿਟ ਵਿਚ ਇਹ ਸ਼ਕਤੀਸ਼ਾਲੀ

*(ਬਾਕੀ ਸਫਾ 6 'ਤੇ)*



### ਦਸਤਾਵੇਜ਼ ਬੋਲਦੇ ਹਨ...

**ਜਗਜੀਤ ਸਿੰਘ ਚਹਿਲ ਤੋਂ ਪੁੱਛਗਿੱਛ**

ਈ.ਡੀ.- ਅੰਮ੍ਰਿਤਸਰ 'ਚ ਸੰਯੋਗ ਹੋਟਲ ਦੇ ਮਾਲਕ ਮਨਿੰਦਰ ਸਿੰਘ ਬਿੱਟੂ ਔਲਖ ਨੂੰ ਜਾਣਦੇ ਹੋ?

ਚਹਿਲ- ਬਿੱਟੂ ਔਲਖ ਨੂੰ 10 ਸਾਲ ਤੋਂ ਜਾਣਦਾ ਹਾਂ।

ਈ.ਡੀ.- ਸਤਪ੍ਰੀਤ ਸਿੰਘ ਸੱਤਾ ਕੌਣ ਹੈ? ਕਿਥੇ ਰਹਿੰਦਾ ਹੈ? ਉਸ ਨੂੰ ਕਿੰਨੀ ਵਾਰੀ ਮਿਲੇ ਹੋ?

ਚਹਿਲ- ਸੱਤਾ ਕੈਨੇਡਾ ਦਾ ਰਹਿਣ ਵਾਲਾ ਹੈ। ਮਜੀਠੀਆ ਦੇ ਅੰਮ੍ਰਿਤਸਰ ਦੇ ਗ੍ਰੀਨ ਐਵੇਨਿਊ ਵਾਲੇ ਘਰ 'ਚ ਰਹਿੰਦਾ ਸੀ। ਬਿੱਟੂ ਔਲਖ ਤੇ ਮਜੀਠੀਆ ਨਾਲ ਸੱਤਾ ਨੂੰ ਮਿਲਿਆ ਹਾਂ।

ਈ.ਡੀ.- ਲਾਡੀ, ਪਿੰਦੀ ਤੇ ਸੱਤਾ ਪੰਜਾਬ ਪੁਲਿਸ

*(ਬਾਕੀ ਸਫਾ 6 'ਤੇ)*


**We Do Real Estate in Bay Area & Central Valley**

**We do loans anywhere in California**



Cell: 408-816-0408
Tel: 209-918-6464
Fax: 866-594-4680

email:
realtoramanhundal@gmail.com

AMAN S. HUNDAL
Broker/Realtor/MBA
BRE# 01839828
NMLS# 162808

Alltime REALTY & MORTGAGE

16 Corning Ave, Ste. 230, Milpitas, CA 92035
3819 Northern Oak Dr., Ceres, CA 95307

CDPE, SFR *LAR 2010, 2011, 2012 Masters Club
Masters Emerald Award 2010, 2011



Raja SWEETS & CATERING
AUTHORIZED CATERER FOR MAJOR 5-STAR HOTELS

ਹਰ ਮੌਕੇ ਜਿਵੇ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।

Items Serving:
- All kinds of Sweets
- Snacks & Food
- Chaat & Tikki Stall
- Pani Poori Stall
- Bhel Poori / Pav Bhaji
- Falooda Kulfi

Catering Services:
- Wedding Ceremonies
- Receptions
- Birthday Parties
- Religious Gatherings
- Corporate Events
- Picnics / Bar-b-que

Additional Services:
- Warmers
- Chafing Dishes
- China & Silverware
- Linen Rental
- Waiters & Bartenders

Follow us on:

Toll Free 1-866-FOR-RAJA
www.rajasweets.com
msbains@rajasweets.com

Fresh Sweets, Snacks & Food
Catering with Portable Tandoor
for up to 10000 guests
Lunch - Dinner - Take Out - Banquets

Raja Sweets & Indian Cuisine
Raja Indian Cuisine & Bar

Call Makhan Bains or Ravinder Singh For Your Next Party
1-866-FOR-RAJA (367-7252)
www.RajaSweets.com

**Law Office of Manpreet S. Gahra**

>ਇਮੀਗਰੇਸ਼ਨ ਸੇਵਾਵਾਂ
>ਫੈਮਿਲੀ ਲਾਅ
>ਬਿਜਨਸ ਲਾਅ



Manpreet S. Gahra
*Attorny At Law*

Criminal Defense (DUI, simple battery, domestic violence, immigration post-conviction relief)

Berkeley Office
2161 Shattuck Ave., 304, Berkeley
Ph:510-841-4582 Fax:510-217-6847

Sacramento Office
Call For Appointment
Ph:916-970-5611
Email: manpreet@gahralaw.com

ONE | REALTYONEGROUP AMERICAN

ਕਿਰਾਏ ਵਿਚ ਅਜਾਈਂ ਜਾ ਰਹੇ ਹਜ਼ਾਰਾਂ ਡਾਲਰਾਂ ਨੂੰ ਆਪਣੇ ਘਰ ਦੀ ਕਿਸ਼ਤ ਵਿਚ ਲਾਉ
ਵਿਆਜ ਦੀਆਂ ਦਰਾਂ ਸਸਤੀਆਂ ਹੋਣ ਕਾਰਨ ਆਪਣਾ ਘਰ ਲੈਣ ਲਈ ਢੁਕਵਾਂ ਸਮਾਂ

ਆਪਣਾ ਘਰ ਖਰੀਦਣ ਜਾਂ ਵੇਚਣ ਵਾਸਤੇ ਸਲਾਹ ਲਈ ਇੱਕ ਵਾਰ ਸੰਪਰਕ ਕਰੋ

ਪਹਿਲਾਂ ਘਰ ਲੀਜ਼ 'ਤੇ ਲਓ ਤੇ ਫਿਰ ਖਰੀਦੋ

Duplex, Four Plax ਅਤੇ Apartment Building ਵਿਚ Investment ਲਈ ਕਾਲ ਕਰੋ ਜੀ

ਜਗਦੇਵ ਸਿੰਘ
ਫੋਨ: 510-689-4625



JAGDEV SINGH
Realtor
CalBre #01423409
42820 Albrae, St.,
Fremont, CA 94538

REALTOR® EQUAL HOUSING OPPORTUNITY

Anu Attorney
Professional Law Group, PLLC.

*More than 25 years of experience *Internationally Awarded-Extraordinary ability *Served as Legal Advisor to Govt. of India, Embassy of India, Washington, DC



Anu Peshawaria
Attorney at Law
Licensed to practice Immigration in all 50 states.
More than 20 year experience in US immigration & Indian law

US IMMIGRATION
*Green Cards (Investor, Employment)
*E-2 investor Visa, L1 (Intra Company)
*Family Green Card, Fiancee Visa
*Deportation Defense, VAWA, U Visa
*Asylum, Appeals, Ninth Circuit Court
*H1B, Computer Engineers, Cooks, Teachers, Students, Doctors, Nurses, Physical Therapist

ਪੰਜਾਬੀ, ਅੰਗਰੇਜ਼ੀ, ਹਿੰਦੀ ਤੇ ਉਰਦੂ ਵਿਚ ਗੱਲ ਕਰੋ

ਹੁਣ ਸਿਆਟਲ ਵਿਚ ਵੀ ਦਫਤਰ ਖੁੱਲ੍ਹ ਚੁਕਾ ਹੈ

FAMILY LAW (Only In WA)
*Divorce *Annulment
*International Custody

INCORPORATIONS (Only In WA)
*International Contracts, Mergers
*Attorney Supreme Court of India

Contact numbers:
Seattle, WA
Ph: 206-774-0907
Fremont, California
Ph: 510-353-0102
Cell Phone 510-299-1907
Toll free: 1-866-586-6297
anu@anuattorney.com
www.anuattorney.com

46560 Fremont Blvd., STE#205, Fremont, CA 94538
801 Pine Street, Suite 7H, Seattle, WA 98101
Offices: Seattle, WA *Fremont, CA *UK *Canada *India

Evening Appointments Available

Need Water? Tired of waiting in Line?
Are you looking for a drilling company to drill water well at your farm?

Hydrotech Solutions do best deep water drilling in shortest time and no one can beat our price.

Hydrotech convert pumps to solar too

Hydrotech Solutions LLC
One Stop Shop

844-486-9355
www.hydrotech4u.com



Meet us at C Street in C21 at Ag Show

Hydrotech Solutions LLC

# ਪੰਜਾਬ ਟਾਈਮਜ਼ ਨੇ ਮਨਾਈ ਪ੍ਰਕਾਸ਼ਨ ਦੀ 16ਵੀਂ ਵਰ੍ਹੇਗੰਢ

**ਸ਼ਿਕਾਗੋ (ਬਿਊਰੋ):** ਪੰਜਾਬ ਟਾਈਮਜ਼ ਦੀ 16ਵੀਂ ਵਰ੍ਹੇਗੰਢ ਇਥੇ ਕੋਟਿਲੀਅਨ ਬੈਂਕੁਇਟ ਹਾਲ, ਪੈਲਾਟਾਈਨ ਵਿਖੇ ਲੰਘੀ 26 ਮਾਰਚ ਨੂੰ ਮਨਾਈ ਗਈ। ਜ਼ਿਕਰਯੋਗ ਹੈ ਕਿ ਪੰਜਾਬ ਟਾਈਮਜ਼ ਅਖਬਾਰ ਪਹਿਲੀ ਜਨਵਰੀ ਸੰਨ 2000 ਨੂੰ ਸ਼ਿਕਾਗੋ ਤੋਂ ਸ਼ੁਰੂ ਕੀਤਾ ਗਿਆ ਸੀ। ਸਮਾਗਮ ਵਿਚ ਪੰਜਾਬ ਟਾਈਮਜ਼ ਦੀ ਸਲਾਹਕਾਰ ਕਮੇਟੀ ਦੇ ਮੈਂਬਰਾਂ ਅਤੇ ਪੱਕੇ ਸਮਰਥਕਾਂ ਤੇ ਪ੍ਰਸ਼ੰਸਕਾਂ ਤੋਂ ਇਲਾਵਾ ਮਿਡਵੈਸਟ ਦੀਆਂ ਧਾਰਮਕ, ਸਿਆਸੀ, ਸਭਿਆਚਾਰਕ ਅਤੇ ਖੇਡ ਜਥੇਬੰਦੀਆਂ ਦੇ ਨੁਮਾਇੰਦੇ ਵੀ ਵਡੀ ਗਿਣਤੀ ਵਿਚ ਹਾਜਰ ਸਨ। ਸਮਾਗਮ ਨੂੰ ਜਿਥੇ ਵਖ ਵਖ ਬੁਲਾਰਿਆਂ ਨੇ ਸੰਬੋਧਨ ਕੀਤਾ, ਉਥੇ ਗੀਤ-ਸੰਗੀਤ ਦਾ ਦੌਰ ਵੀ ਚਲਿਆ।

ਸਮਾਗਮ ਦਾ ਅਰੰਭ ਸ਼ਿਕਾਗੋ ਦੇ ਸਭਿਆਚਾਰਕ ਹਲਕਿਆਂ ਵਿਚ ਜਾਣੀ-ਪਛਾਣੀ ਸ਼ਖਸੀਅਤ ਠਾਕਰ ਸਿੰਘ ਬਸਾਤੀ ਨੇ ਆਏ ਮਹਿਮਾਨਾਂ ਨੂੰ ਜੀ ਆਇਆਂ ਆਖ ਕੇ ਕੀਤਾ। ਪੰਜਾਬ ਟਾਈਮਜ਼ ਦੇ 16 ਸਾਲ ਦੇ ਸਫਰ 'ਤੇ ਝਾਤੀ ਮਾਰਦਿਆਂ ਉਨ੍ਹਾਂ ਕਿਹਾ ਕਿ ਮੈਨੂੰ ਯਾਦ ਹੈ, ਜਦੋਂ ਇਹ ਅਖਬਾਰ ਮੈਗਜੀਨ ਸਾਈਜ਼ ਵਿਚ ਥੋੜੇ ਜਿਹੇ ਪੰਨਿਆਂ ਨਾਲ ਨਿਕਲਿਆ ਸੀ। ਸਾਨੂੰ ਇਸ ਗੱਲ 'ਤੇ ਮਾਣ ਹੋਣਾ ਚਾਹੀਦਾ ਹੈ ਕਿ ਅਜ ਨਾ ਸਿਰਫ ਇਸ ਦਾ ਆਕਾਰ ਹੀ ਵਡਾ ਹੈ, ਪੰਨੇ ਹੀ ਵੱਧੇ ਹਨ, ਸਗੋਂ ਅਜ ਇਸ ਦੇ-ਸ਼ਿਕਾਗੋ, ਕੈਲੀਫੋਰਨੀਆ ਅਤੇ ਨਿਊ ਯਾਰਕ ਤਿੰਨ ਐਡੀਸ਼ਨ ਹਨ। ਅਮਰੀਕਾ ਵਿਚ ਛਪਦੇ ਪੰਜਾਬੀ ਅਖਬਾਰਾਂ ਵਿਚੋਂ ਕਿਸੇ ਹੋਰ ਅਖਬਾਰ ਦੇ 3 ਐਡੀਸ਼ਨ ਨਹੀਂ ਹਨ। ਇਸੇ ਕਰਕੇ ਹੈਰਾਨੀ ਦੀ ਗੱਲ ਨਹੀਂ ਕਿ ਇਸ ਦੇ ਪਾਠਕਾਂ ਦੀ ਗਿਣਤੀ ਸਭ ਤੋਂ ਵੱਧ ਹੈ।

ਸਿੱਖ ਰਿਲੀਜੀਅਸ ਸੁਸਾਇਟੀ, ਸ਼ਿਕਾਗੋ (ਗੁਰਦੁਆਰਾ ਪੈਲਾਟਾਈਨ) ਦੀ ਮੁਖ ਸੇਵਾਦਾਰ

ਪੰਜਾਬ ਟਾਈਮਜ਼ ਵਿਚ ਗੁਰਬਾਣੀ ਤੇ ਗੁਰਮਤਿ ਬਾਰੇ ਪਿਛਲੇ ਕਈ ਸਾਲਾਂ ਤੋਂ ਲਿਖਦੇ ਆ ਰਹੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਗੁਰੂ ਗ੍ਰੰਥ ਸਾਹਿਬ ਵਿਭਾਗ ਦੇ ਸਾਬਕਾ ਮੁਖੀ ਡਾ. ਗੁਰਨਾਮ ਕੌਰ, ਜੋ ਟੋਰਾਂਟੋ ਤੋਂ ਪਰਿਵਾਰ ਸਮੇਤ ਪਹੁੰਚੇ ਸਨ, ਨੇ ਸੰਪਾਦਕ ਅਮੋਲਕ ਸਿੰਘ ਨਾਲ

ਸਿਕੰਦਰ ਸਿੰਘ, ਰਣਬੀਰ (ਲਾਲੀ) ਧਾਲੀਵਾਲ ਅਤੇ ਸੁਖਬੀਰ ਸੋਹੀ ਨਾਲ ਪਹੁੰਚੇ ਸਾਬਕਾ ਹਾਕੀ ਕੋਚ ਸ. ਦਲਬਾਰਾ ਸਿੰਘ ਮਾਂਗਟ ਨੇ ਆਪਣੇ ਸੰਬੋਧਨ ਵਿਚ ਕਿਹਾ ਕਿ ਜਦੋਂ ਉਨ੍ਹਾਂ ਪਹਿਲੀ ਵਾਰ 'ਪੰਜਾਬ ਟਾਈਮਜ਼' ਵੇਖਿਆ ਤਾਂ ਉਦੋਂ ਹੀ ਉਹ ਇਸ ਦੇ ਪੱਤਰਕਾਰੀ ਮਿਆਰ ਅਤੇ ਇਸ ਦੀ ਪਹੁੰਚ

ਮਿਡਵੈਸਟ ਦੀ ਜਾਣੀ-ਪਛਾਣੀ ਸ਼ਖਸੀਅਤ ਰਾਜਬੀਰ ਸਿੰਘ ਬੋਪਾਰਾਏ ਨੇ ਕਿਹਾ ਕਿ ਪੰਜਾਬ ਟਾਈਮਜ਼ ਇਕ ਚੰਦਰਮਾ ਦੀ ਤਰ੍ਹਾਂ ਹੈ, ਜਿਸ ਦੁਆਲੇ ਜੁੜੇ ਸਿਤਾਰੇ ਯਾਨਿ ਕਾਲਮਨਵੀਸ ਤੇ ਲੇਖਕ ਨਾ ਸਿਰਫ ਸਾਨੂੰ ਗਿਆਨ ਦੀ ਰੋਸ਼ਨੀ ਦਿੰਦੇ ਹਨ, ਸਗੋਂ ਸਾਡੀ ਜੰਮਣ ਭੂਮੀ ਨਾਲ ਵੀ

ਕੀਤਾ, ਬੋਲ ਸਨ:

ਹਵਾ ਤੇਰੇ ਸ਼ਹਿਰ ਵੱਲੋਂ ਹੋ ਕੇ ਲੰਘਦੀ ਰਹੀ
ਤੇਰੀ ਮਹਿਕ ਤੇਰੇ ਆਸ਼ਕਾਂ ਨੂੰ ਵੰਡਦੀ ਰਹੀ।

ਪੂਜਾ ਨੂੰ ਸ਼ਬਦਾਂ ਨਾਲ ਸੁਰ ਅਤੇ ਤਾਲ ਉਪਰ ਕਮਾਲ ਦਾ ਆਬੂਰ ਹਾਸਲ ਹੈ। ਰਵਾਇਤੀ ਪੰਜਾਬੀ ਸੰਗੀਤ ਦੇ ਪ੍ਰੇਮੀਆਂ ਦੇ ਕੰਨਾਂ ਵਿਚ ਉਦੋਂ ਜਿਵੇਂ


ਪ੍ਰੋ. ਨਿਰੰਜਣ ਸਿੰਘ ਢੇਸੀ


ਡਾ. ਗੁਰਨਾਮ ਕੌਰ


ਗੁਰਦਿਆਲ ਸਿੰਘ ਬੱਲ


ਡੀ ਐਸ ਮਾਂਗਟ


ਪ੍ਰੋ. ਜਗਿੰਦਰ ਸਿੰਘ ਰਮਦੇਵ


ਰਾਜਬੀਰ ਸਿੰਘ ਬੋਪਾਰਾਏ


ਜਸਬੀਰ ਕੌਰ ਸਲੂਜਾ


ਤਰਸ਼ਿੰਦਰ ਕੌਰ


ਠਾਕਰ ਸਿੰਘ ਬਸਾਤੀ


ਅਵਤਾਰ ਸਿੰਘ ਸਪਰਿੰਗਫੀਲਡ


ਡਾ. ਹਰਜਿੰਦਰ ਖਹਿਰਾ


ਗੁਰਮੁਖ ਸਿੰਘ ਭੁੱਲਰ

ਜੁੜੀਆਂ ਯਾਦਾਂ ਸੰਖੇਪ ਸ਼ਬਦਾਂ ਵਿੱਚ ਸਾਂਝੀਆਂ ਕਰਦਿਆਂ ਦੱਸਿਆ ਕਿ ਉਨ੍ਹਾਂ ਪਹਿਲਾਂ ਕਿਸੇ ਅਖਬਾਰ ਲਈ ਕਦੇ ਲਗਾਤਾਰ ਨਹੀਂ ਸੀ ਲਿਖਿਆ ਪਰ ਅਮੋਲਕ ਸਿੰਘ ਦੀ ਪ੍ਰੇਰਣਾ ਨਾਲ ਹੁਣ ਕਈ ਸਾਲਾਂ ਤੋਂ ਪੰਜਾਬ ਟਾਈਮਜ਼ ਲਈ ਲਿਖਦੇ ਆ ਰਹੇ ਹਨ। ਉਨ੍ਹਾਂ ਕਿਹਾ ਕਿ ਕੈਨੇਡਾ ਤੇ ਅਮਰੀਕਾ

ਦੇ ਕਾਇਲ ਹੋ ਗਏ ਸਨ। ਅਜ ਮੈਂ ਦਾਅਵੇ ਨਾਲ ਕਹਿ ਸਕਦਾ ਹਾਂ ਕਿ ਅਮਰੀਕਾ ਵਿਚ ਹੋਰ ਕੋਈ ਵੀ ਪੰਜਾਬੀ ਅਖਬਾਰ ਇਸ ਦੇ ਤੁਲ ਨਹੀਂ ਖੜੋਂਦਾ। ਉਨ੍ਹਾਂ ਇਸ ਗੱਲ 'ਤੇ ਤਸੱਲੀ ਜ਼ਾਹਿਰ ਕੀਤੀ ਕਿ 'ਪੰਜਾਬ ਟਾਈਮਜ਼' ਕਿਸੇ ਵੀ ਕਿਸਮ ਦੀ ਰਾਜਨੀਤਕ ਵਿਚਾਰਧਾਰਕ ਜਾਂ ਭਾਈਚਾਰਕ

ਜੋੜਦੇ ਹਨ।

ਪੰਜਾਬ ਟਾਈਮਜ਼ ਦੇ ਸ਼ੁਰੂ ਤੋਂ ਨਿਕਟ ਸਹਿਯੋਗੀ ਰਹੇ ਗੁਰਦਿਆਲ ਸਿੰਘ ਬੱਲ ਨੇ ਪੰਜਾਬੀ ਟ੍ਰਿਬਿਊਨ, ਚੰਡੀਗੜ੍ਹ ਵਿਚ ਅਮੋਲਕ ਸਿੰਘ ਨਾਲ ਗੁਜ਼ਾਰੇ ਪਲਾਂ ਨੂੰ ਚੇਤੇ ਕਰਦਿਆਂ ਕਿਹਾ ਕਿ ਜਿਸ ਤਰ੍ਹਾਂ ਦੀ ਅਖਬਾਰ ਦਾ ਅਸੀਂ ਤਸਵਰ ਕੀਤਾ ਸੀ, ਪੰਜਾਬ ਟਾਈਮਜ਼ ਕਾਫੀ ਹੱਦ ਉਸ 'ਤੇ ਪੂਰਾ ਉਤਰਦਾ ਹੈ।

ਇਸ ਮੌਕੇ ਪਟਿਆਲੇ ਦੇ 'ਭੂਤਵਾੜਾ' ਵਰਤਾਰੇ ਬਾਰੇ ਲਿਖੀ ਡਾ. ਤਰਸ਼ਿੰਦਰ ਕੌਰ ਦੀ ਕਿਤਾਬ 'ਭੂਤਵਾੜੇ ਦੇ ਭੂਤਾਂ ਦੀ ਕਥਾ' ਰਿਲੀਜ਼ ਕੀਤੀ ਗਈ ਅਤੇ ਇਹ ਰਸਮ ਪ੍ਰੋ. ਜੋਗਿੰਦਰ ਸਿੰਘ ਰਮਦੇਵ, ਪ੍ਰੋ. ਨਿਰੰਜਨ ਸਿੰਘ ਢੇਸੀ ਅਤੇ ਗੁਰਨਾਮ ਕੌਰ ਨੇ ਨਿਭਾਈ। ਜ਼ਿਕਰਯੋਗ ਹੈ ਕਿ 1960ਵਿਆਂ

ਮਿਸ਼ਰੀ ਘੁਲ ਗਈ, ਜਦੋਂ ਉਸ ਨੇ ਮਿਰਜ਼ੇ ਦੀ ਸੱਦ ਲਾਈ,

ਜੱਟ ਚੜ੍ਹਦੇ ਮਿਰਜ਼ੇ ਖਾਨ ਨੂੰ ਵੱਡੀ ਭਾਬੀ ਲੈਂਦੀ ਥੰਮ

ਵੇ ਮੈਂ ਕਦੇ ਨਾ ਦਿਓਰ ਵੰਗਾਰਿਆ ਜੱਟਾ ਕਦੇ ਨਾ ਆਇਓਂ ਕੰਮ।

ਬੀਬਾ ਮਨਮੀਤ ਨੇ ਸਹਿਜ ਸੰਗੀਤ ਦੀ ਲੈਅ ਵਿਚ ਗੀਤ ਪੇਸ਼ ਕੀਤੇ। ਇਕ ਗੀਤ ਦੇ ਬੋਲ ਸਨ:

ਮੈਂ ਤੈਨੂੰ ਸਮਝਾਵਾਂ ਕੀ,
ਤੇਰੇ ਬਾਝੋਂ ਲਗਦਾ ਨਾ ਜੀਅ
ਤੂੰ ਕੀ ਜਾਣੇ ਪਿਆਰ ਮੇਰਾ
ਤੂੰ ਦਿਲ ਤੂਹੀਓਂ ਜਾਨ ਮੇਰੀ...।


ਸਿਨਸਿਨੈਟੀ ਤੋਂ ਆਏ ਲਖਵਿੰਦਰ ਮਾਵੀ ਨੇ ਉਚੀ ਹੇਕ ਵਿਚ ਇਕ ਗੀਤ ਪੇਸ਼ ਕਰਕੇ


ਤਾਰਾ ਮੁਲਤਾਨੀ


ਮਨਮੀਤ ਕੌਰ


ਪੂਜਾ ਧਾਲੀਵਾਲ


ਮਨਦੀਪ ਸੈਣੀ


ਡਾ. ਹਰਸ਼ਿੰਦਰ ਕੌਰ ਦੀ ਪੁਸਤਕ 'ਭੂਤਵਾੜੇ ਦੇ ਭੂਤਾਂ ਦੀ ਗਾਥਾ' ਰਿਲੀਜ਼ ਕਰਦੇ ਹੋਏ (ਖੱਬਿਓਂ) ਪ੍ਰੋ. ਨਿਰੰਜਣ ਸਿੰਘ ਢੇਸੀ, ਪ੍ਰੋ. ਜਗਿੰਦਰ ਸਿੰਘ ਰਮਦੇਵ, ਡਾ. ਗੁਰਨਾਮ ਕੌਰ, ਲੇਖਕਾ ਅਤੇ ਉਸ ਦੇ ਪਤੀ ਪਰਮਿੰਦਰ ਸਿੰਘ


ਲਖਵਿੰਦਰ ਮਾਵੀ


ਸੰਕੇਤ ਪਟੇਲ


ਜਗਮੀਤ ਸਿੰਘ


ਨਿੰਮਾ ਡੱਲੇਵਾਲਾ


ਜਸਦੇਵ ਸਿੰਘ

ਡਾ. ਜਸਬੀਰ ਕੌਰ ਸਲੂਜਾ ਨੇ ਕਿਹਾ ਕਿ ਪੰਜਾਬ ਟਾਈਮਜ਼ ਦੀ ਸਿਫਤ ਇਹ ਹੈ ਕਿ ਇਸ ਵਿਚ ਹਰ ਵਰਗ ਦੇ ਪਾਠਕ ਲਈ ਮਿਆਰੀ ਪੜ੍ਹਨ ਸਾਮਗਰੀ ਹੁੰਦੀ ਹੈ, ਪੰਜਾਬ ਟਾਈਮਜ਼ ਸਾਡੇ ਸ਼ਹਿਰ ਤੋਂ ਨਿਕਲਦਾ ਹੈ ਅਤੇ ਸਾਡਾ ਆਪਣਾ ਅਖਬਾਰ ਹੈ। ਉਨ੍ਹਾਂ ਪੰਜਾਬ ਟਾਈਮਜ਼ ਦੇ ਸੰਪਾਦਕ ਅਮੋਲਕ ਸਿੰਘ ਜੰਮੂ ਦੀ ਹਿੰਮਤ ਦੀ ਦਾਦ ਦਿੰਦਿਆਂ ਵਾਹਿਗੁਰੂ ਅਗੇ ਉਨ੍ਹਾਂ ਦੀ ਸਿਹਤਯਾਬੀ ਲਈ ਅਰਦਾਸ ਕੀਤੀ। ਉਨ੍ਹਾਂ ਆਪਣੀ ਤਰਫੋਂ ਅਖਬਾਰ ਦੀ ਹਰ ਤਰ੍ਹਾਂ ਮਦਦ ਕਰਨ ਦਾ ਭਰੋਸਾ ਦਿੰਦਿਆਂ ਸਭ ਨੂੰ ਇਸ ਦੇ ਨਾਲ ਖੜ੍ਹੇ ਹੋਣ ਲਈ ਅਪੀਲ ਕੀਤੀ।

ਖਾਲਸਾ ਕਾਲਜ ਜਲੰਧਰ ਵਿਚ ਲੰਮਾ ਸਮਾਂ ਅਧਿਆਪਕ ਰਹੇ ਅਤੇ ਹੁਣ ਇੰਡੀਅਨਐਪੋਲਿਸ ਵਸਦੇ ਪ੍ਰੋ. ਨਿਰੰਜਨ ਸਿੰਘ ਢੇਸੀ ਨੇ ਪੰਜਾਬ ਟਾਈਮਜ਼ ਦੇ ਮਿਆਰ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਇਸ ਦਾ ਸਬੂਤ ਇਸ ਨਾਲ ਜੁੜੇ ਗੁਲਜ਼ਾਰ ਸਿੰਘ ਸੰਧੂ, ਗੁਰਬਚਨ ਸਿੰਘ ਭੁਲਰ, ਵਰਿਆਮ ਸਿੰਘ ਸੰਧੂ, ਡਾ. ਗੁਰਨਾਮ ਕੌਰ ਅਤੇ ਪ੍ਰੋ. ਹਰਪਾਲ ਸਿੰਘ ਪੰਨੂੰ ਜਿਹੇ ਲੇਖਕਾਂ ਤੋਂ ਮਿਲਦਾ ਹੈ। ਇਸ ਦੇ ਮਿਆਰ ਤਕ ਪਹੁੰਚਣ ਲਈ ਹੋਰਨਾਂ ਪੰਜਾਬੀ ਅਖਬਾਰਾਂ ਨੂੰ ਲੰਮਾ ਸਫਰ ਤੈਅ ਕਰਨਾ ਪਵੇਗਾ।

ਪੰਜਾਬ ਟਾਈਮਜ਼ ਨਾਲ ਦਿਲੋਂ ਜੁੜੇ ਹੋਏ ਸਿਨਸਿਨੈਟੀ, ਓਹਾਇਓ ਰਹਿੰਦੇ ਅਵਤਾਰ ਸਿੰਘ ਸਪਰਿੰਗਫੀਲਡ ਨੇ ਅਦਾਰੇ ਨਾਲ ਜੁੜੀਆਂ ਆਪਣੀਆਂ ਭਾਵਨਾਵਾਂ ਇਕ ਕਵਿਤਾ ਰਾਹੀਂ ਜਾਹਰ ਕੀਤੀਆਂ।

ਵਿਚ ਅਖਬਾਰ ਤਾਂ ਹੋਰ ਵੀ ਬਹੁਤ ਸਾਰੇ ਨਿਕਲਦੇ ਹਨ, ਪਰ ਪੱਤਰਕਾਰੀ ਦੇ ਮਿਆਰਾਂ ਪੱਖੋਂ ਪੰਜਾਬ ਟਾਈਮਜ਼ ਦੇ ਤੁਲ ਕੋਈ ਵੀ ਨਹੀਂ। ਪਿਛਲੇ ਸਮੇਂ ਵਿਚ ਉਨ੍ਹਾਂ ਨੂੰ ਨਿਊ ਯਾਰਕ, ਕੈਲੀਫੋਰਨੀਆ, ਟੈਕਸਸ ਅਤੇ ਅਮਰੀਕਾ ਦੀਆਂ ਕਈ ਹੋਰ ਸਟੇਟਾਂ ਵਿਚ ਜਾਣ ਦਾ ਮੌਕਾ ਮਿਲਿਆ ਹੈ। ਉਨ੍ਹਾਂ ਨੂੰ 'ਪੰਜਾਬ ਟਾਈਮਜ਼' ਦੀ ਮਕਬੂਲੀਅਤ ਜਾਣ ਕੇ ਬੇਹੱਦ ਖੁਸ਼ੀ ਹੋਈ।

ਕੈਲਮਜ਼ੂ, ਮਿਸ਼ੀਗਨ ਤੋਂ ਆਪਣੇ ਸਾਥੀਆਂ ਕੁਲਵਿੰਦਰ ਸਿੰਘ ਗਿੱਲ, ਸ. ਅਵਤਾਰ ਸਿੰਘ,

ਸੰਕੀਰਨਤਾ ਤੋਂ ਮੁਕਤ ਰਿਹਾ ਹੈ ਅਤੇ ਇਸ ਨੇ ਬਿਨਾ ਕਿਸੇ ਭਿੰਨ-ਭੇਦ ਤੋਂ ਹਰ ਤਰ੍ਹਾਂ ਦੇ ਅਕੀਦੇ ਵਾਲੇ ਵਿਦਵਾਨਾਂ ਅਤੇ ਕਾਲਮ ਨਵੀਸਾਂ ਨੂੰ ਜਗ੍ਹਾ ਦਿੱਤੀ ਹੈ। ਇਸ ਵਿਚ ਛਪਦੀ ਸਾਹਿਤਕ ਸਾਮਗਰੀ ਵੀ ਕਾਬਿਲੇ-ਤਾਰੀਫ ਹੈ। ਵਖੋ-ਵਖ ਵਿਸ਼ਿਆਂ 'ਤੇ ਲਿਖਣ ਵਾਲੇ ਸਥਾਈ ਕਾਲਮਨਵੀਸ, ਜਿਵੇਂ ਤਰਲੋਚਨ ਸਿੰਘ ਦੁਪਾਲਪੁਰ, ਐਸ ਅਸ਼ੋਕ ਭੌਰਾ, ਬਲਜੀਤ ਬਾਸੀ, ਬੀਬੀ ਸੁਰਜੀਤ ਕੌਰ, ਮੇਜਰ ਸਿੰਘ ਕੁਲਾਰ, ਦਲਜੀਤ ਅਮੀ, ਬੂਟਾ ਸਿੰਘ ਆਦਿ ਇਸ ਅਖਬਾਰ ਨਾਲ ਜੁੜੇ ਹੋਏ ਹਨ।


ਸੰਪਾਦਕ ਅਮੋਲਕ ਸਿੰਘ ਜੰਮੂ (ਵ੍ਹੀਲ ਚੇਅਰ ਵਿਚ) ਡਾ. ਗੁਰਨਾਮ ਕੌਰ, ਉਨ੍ਹਾਂ ਦੇ ਪਤੀ ਗੁਰਦਿਆਲ ਸਿੰਘ ਬੱਲ (ਐਨ ਖੱਬੇ) ਦੇ ਪਰਿਵਾਰ ਨਾਲ

ਵਿਚ ਪਟਿਆਲਾ ਸ਼ਹਿਰ ਵਿਚ ਕਾਲਜ ਦੇ ਪੜ੍ਹਾਕੂਆਂ ਦਾ ਇਕ ਜੁਟ ਭੂਤਵਾੜੇ ਕਰਕੇ ਮਸ਼ਹੂਰ ਹੋਇਆ ਸੀ। ਇਹ ਸਾਰੇ ਇਕ ਕੋਠੀ ਵਿਚ ਰਹਿੰਦੇ ਸਨ ਅਤੇ ਪੜ੍ਹਨ ਵਿਚ ਇਨੇ ਗੁਮ ਰਹਿੰਦੇ ਸਨ ਕਿ ਲੋਕਾਂ ਨੇ ਉਨ੍ਹਾਂ ਨੂੰ ਭੂਤ ਤੇ ਕੋਠੀ ਨੂੰ ਭੂਤਵਾੜਾ ਕਹਿਣਾ ਸ਼ੁਰੂ ਕਰ ਦਿਤਾ। ਡਾ. ਸਤਿੰਦਰ ਸਿੰਘ ਨੂਰ, ਡਾ. ਗੁਰਭਗਤ ਸਿੰਘ, ਨਵਤੇਜ ਭਾਰਤੀ, ਲਾਲੀ ਬਾਬਾ, ਹਰਿੰਦਰ ਸਿੰਘ ਮਹਿਬੂਬ ਇਨ੍ਹਾਂ ਵਿਚੋਂ ਕੁਝ ਸਨ। ਡਾ. ਦਲੀਪ ਕੌਰ ਟਿਵਾਣਾ ਅਤੇ ਪ੍ਰੋ ਪ੍ਰੀਤਮ ਸਿੰਘ ਮਹਿੰਦਰ ਕਾਲਜ ਇਨ੍ਹਾਂ ਦੇ ਅਧਿਆਪਕ ਹੁੰਦੇ ਸਨ।

ਇਸ ਸ਼ਾਮ ਦੇ ਸੰਗੀਤਕ ਦੌਰ ਦਾ ਅਰੰਭ ਜਸਦੇਵ ਸਿੰਘ ਦੇ ਇਕ ਗੀਤ ਨਾਲ ਹੋਇਆ, ਜਿਸ ਵਿਚ ਪੰਜਾਬ ਦੇ ਮੌਜੂਦਾ ਸਿਆਸੀ ਹਾਲਾਤ ਉਤੇ ਕੀਤੀਆਂ ਗਈਆਂ ਤਿਖੀਆਂ ਟਿਪਣੀਆਂ ਨੇ ਸਰੋਤਿਆਂ ਦੀ ਪੂਰੀ ਤਵੱਜੋ ਹਾਸਲ ਕੀਤੀ। ਡਾ. ਹਰਜਿੰਦਰ ਸਿੰਘ ਖਹਿਰਾ, ਜਗਮੀਤ ਸਿੰਘ ਜੈਸੀ ਅਤੇ ਨਿੰਮਾ ਡੱਲੇਵਾਲਾ ਨੇ ਵੀ ਇਕ ਇਕ ਗੀਤ ਪੇਸ਼ ਕਰਕੇ ਹਾਜਰੀ ਲਵਾਈ।

ਫਿਰ ਵਾਰੀ ਆਈ ਮਿਲਵਾਕੀ ਵਸਦੀ ਪੂਜਾ ਧਾਲੀਵਾਲ ਦੀ, ਜਿਸ ਨੇ ਰੂਹ ਨੂੰ ਸਰਸ਼ਾਰ ਕਰਨ ਵਾਲੇ ਕਲਾਸੀਕਲ ਅੰਦਾਜ਼ ਵਿਚ ਗੀਤ ਪੇਸ਼

ਸਰੋਤਿਆਂ ਦਾ ਧਿਆਨ ਖਿਚਿਆ। ਮਨਦੀਪ ਨੇ ਪਹਿਲਾਂ ਵਖਰਿਆਂ ਅਤੇ ਫਿਰ ਪ੍ਰੋਗਰਾਮ ਦੇ ਸਟਾਰ ਗਾਇਕ ਤਾਰਾ ਮੁਲਤਾਨੀ ਨਾਲ ਮਿਲ ਕੇ ਕਈ ਗੀਤ ਪੇਸ਼ ਕੀਤੇ।

ਪ੍ਰੋਗਰਾਮ ਦਾ ਸ਼ਿਖਰ ਸੀ ਤਾਰਾ ਮੁਲਤਾਨੀ, ਜਿਸ ਨੇ ਮਾਈਕ ਫੜਦਿਆਂ ਹੀ ਸਰੋਤਿਆਂ ਦੇ ਮਨਾਂ ਵਿਚ ਇਕ ਤਰੰਗ ਛੇੜ ਦਿਤੀ ਅਤੇ ਝੱਟ ਹੀ ਉਸ ਦੇ ਕੀਲੇ ਭੰਗੜੇ ਦੇ ਸ਼ੁਕੀਨ ਡਾਂਸ ਫਲੋਰ 'ਤੇ ਆਉਣ ਲਗੇ। ਉਸ ਨੇ ਛੱਲਾ ਵੀ ਗਾਇਆ ਅਤੇ ਬੋਲੀਆਂ ਵੀ ਪਾਈਆਂ। ਸਰੋਤਿਆਂ ਦੀ ਫਰਮਾਇਸ਼ 'ਤੇ 'ਪਟਿਆਲਾ ਪੈਗ ਲਾ ਛੱਡੀਦਾ' ਅਤੇ 'ਤੂੰ ਤਾਂ ਭੁੱਲ ਗਿਆ ਹੋਣਾ, ਹੋਰ ਕਿਸੇ ਤੇ ਡੁੱਲ ਗਿਆ ਹੋਣਾ' ਗੀਤ ਪੇਸ਼ ਕੀਤੇ। ਜਿਸ ਤਰ੍ਹਾਂ ਦਾ ਹੁੰਗਾਰਾ ਉਸ ਨੂੰ ਸਰੋਤਿਆਂ ਵਲੋਂ ਮਿਲਿਆ, ਕਿਹਾ ਜਾ ਸਕਦਾ ਹੈ ਕਿ ਉਹ ਮੇਲਾ ਲੁਟ ਕੇ ਲੈ ਗਿਆ।

ਪੂਰੇ ਵਜ਼ਦ ਵਿਚ ਆਇਆ ਗੁਰਬਖਸ਼ ਰਾਹੀ ਵਿਚ ਵਿਚ ਦੀ ਮਾਈਕ ਫੜ੍ਹ ਕੇ ਆਪਣੀ ਹਾਜਰੀ ਲਵਾ ਜਾਂਦਾ। ਉਸ ਨੇ 'ਸੁਣ ਸੋਨੇ ਦਿਆ ਕੰਗਣਾ ਵੇ ਸੌਦਾ ਇਕੋ ਜਿਹਾ, ਦਿਲ ਦੇਣਾ ਤੇ ਦਿਲ ਮੰਗਣਾ ਸੌਦਾ ਇਕੋ ਜਿਹਾ' ਗੀਤ ਸਮੇਤ ਸ਼ਾਇਰੀ

(ਬਾਕੀ ਸਫਾ 9 ਉਤੇ)

# ਸ਼੍ਰੋਮਣੀ ਕਮੇਟੀ ਦੇ ਬਜਟ ਵਿਚ ਸੱਤ ਫੀਸਦੀ ਤੋਂ ਜ਼ਿਆਦਾ ਵਾਧਾ

**ਅੰਮ੍ਰਿਤਸਰ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਵਿੱਤੀ ਸਾਲ 2016-17 ਲਈ 10.64 ਅਰਬ ਰੁਪਏ ਦੇ ਬਜਟ ਨੂੰ ਪ੍ਰਵਾਨਗੀ ਦੇ ਦਿੱਤੀ। ਸ਼੍ਰੋਮਣੀ ਕਮੇਟੀ ਨੇ ਬਜਟ ਵਿਚ ਸਮਾਜ ਸੇਵਾ, ਸਿਹਤ ਸੇਵਾਵਾਂ, ਧਰਮ ਪ੍ਰਚਾਰ ਅਤੇ ਵਿਦਿਅਕ ਮਾਮਲਿਆਂ ਨੂੰ ਤਰਜੀਹ ਦਿੱਤੀ ਹੈ। ਇਹ ਬਜਟ ਪਿਛਲੇ ਵਰ੍ਹੇ ਦੇ ਬਜਟ ਨਾਲੋਂ 7.13 ਫੀਸਦੀ ਵਧੇਰੇ ਹੈ।

ਸਾਲਾਨਾ ਬਜਟ ਨੂੰ ਪਾਸ ਕਰਨ ਲਈ ਇਥੇ ਸ੍ਰੀ ਹਰਿਮੰਦਰ ਸਾਹਿਬ ਸਮੂਹ ਸਥਿਤ ਸ਼੍ਰੋਮਣੀ ਕਮੇਟੀ ਦੇ ਮੁੱਖ ਦਫਤਰ ਵਿਚ ਅੰਤ੍ਰਿੰਗ ਕਮੇਟੀ ਦੀ ਮੀਟਿੰਗ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਦੀ ਅਗਵਾਈ ਹੇਠ ਹੋਈ। ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਦੱਸਿਆ ਕਿ ਬਜਟ ਵਿਚ ਵਿਦਿਅਕ ਅਦਾਰਿਆਂ ਵਾਸਤੇ 2.18 ਅਰਬ ਰੁਪਏ ਰੱਖੇ ਗਏ ਹਨ। ਧਰਮ ਪ੍ਰਚਾਰ ਕਮੇਟੀ ਲਈ 70 ਕਰੋੜ ਰੁਪਏ ਦੇ ਬਜਟ ਨੂੰ ਪ੍ਰਵਾਨ ਕੀਤਾ ਹੈ।

ਸਿੱਖ ਗੁਰਦੁਆਰਾ ਐਕਟ ਹੇਠ ਆਉਂਦੇ ਸੈਕਸ਼ਨ 85 ਦੇ ਗੁਰਦੁਆਰਿਆਂ ਵਾਸਤੇ ਤਕਰੀਬਨ 620 ਕਰੋੜ ਰੁਪਏ ਦਾ ਬਜਟ ਰੱਖਿਆ ਗਿਆ ਹੈ। ਸ਼੍ਰੋਮਣੀ ਕਮੇਟੀ ਵੱਲੋਂ ਚਲਾਈ ਜਾ ਰਹੀ ਪ੍ਰਿੰਟਿੰਗ ਪ੍ਰੈਸਾਂ ਲਈ 8.09 ਕਰੋੜ ਜਦਕਿ ਹੋਰਨਾਂ ਗੁਰਦੁਆਰਿਆਂ ਲਈ 6.84 ਕਰੋੜ ਰੁਪਏ ਰੱਖੇ ਗਏ ਹਨ। ਸ਼੍ਰੋਮਣੀ ਕਮੇਟੀ ਦੇ ਅਮਲੇ ਅਤੇ ਹੋਰਨਾਂ ਵਾਸਤੇ ਜਨਰਲ ਬੋਰਡ ਫੰਡ ਹੇਠ 61.50 ਕਰੋੜ, ਟਰੱਸਟ ਫੰਡ ਵਾਸਤੇ 46.52 ਕਰੋੜ ਤੇ ਵਿਦਿਅਕ ਫੰਡ ਵਾਸਤੇ 32.68 ਕਰੋੜ ਰੁਪਏ ਰੱਖੇ ਗਏ ਹਨ।

## ਕਮੇਟੀ ਵੱਲੋਂ 10.64 ਅਰਬ ਦਾ ਬਜਟ ਪ੍ਰਵਾਨ



2011 ਤੋਂ ਬਾਅਦ ਸ਼੍ਰੋਮਣੀ ਕਮੇਟੀ ਦਾ ਸਾਲਾਨਾ ਬਜਟ ਅੰਤ੍ਰਿੰਗ ਕਮੇਟੀ ਵੱਲੋਂ ਪਾਸ ਕੀਤਾ ਜਾ ਰਿਹਾ ਹੈ। ਜਦੋਂਕਿ ਇਸ ਤੋਂ ਪਹਿਲਾਂ ਸਿੱਖ ਗੁਰਦੁਆਰਾ ਐਕਟ ਮੁਤਾਬਕ ਇਹ ਸਾਲਾਨਾ ਬਜਟ ਹਰ ਵਰ੍ਹੇ ਸ਼੍ਰੋਮਣੀ ਕਮੇਟੀ ਦੇ ਜਨਰਲ ਹਾਊਸ ਵੱਲੋਂ ਪਾਸ ਕੀਤਾ ਜਾਂਦਾ ਸੀ, ਪਰ 2011 ਦੇ ਚੁਣੇ ਹੋਏ ਸਦਨ ਦੀ ਹੋਂਦ ਬਾਰੇ ਮਾਮਲਾ ਸੁਪਰੀਮ ਕੋਰਟ ਦੇ ਵਿਚਾਰ ਅਧੀਨ ਹੋਣ ਕਰਕੇ ਪਿਛਲੇ ਪੰਜ ਸਾਲਾਂ ਤੋਂ ਅੰਤ੍ਰਿੰਗ ਕਮੇਟੀ ਵੱਲੋਂ ਹੀ ਬਜਟ ਨੂੰ ਪ੍ਰਵਾਨਗੀ ਦਿੱਤੀ ਜਾ ਰਹੀ ਹੈ।

ਸਾਲਾਨਾ ਬਜਟ ਵਿਚ ਹਰਿਆਣਾ ਸਥਿਤ ਮੀਰੀ ਪੀਰੀ ਮੈਡੀਕਲ ਕਾਲਜ ਅਤੇ ਹਸਪਤਾਲ ਨੂੰ ਚਲਾਉਣ ਵਾਸਤੇ 104 ਕਰੋੜ ਰੁਪਏ ਰੱਖੇ ਗਏ ਹਨ। ਸੰਸਥਾ ਵੱਲੋਂ ਕੈਂਸਰ ਪੀੜਤਾਂ ਲਈ 8.6 ਕਰੋੜ ਰੁਪਏ ਰੱਖੇ ਗਏ ਹਨ। ਸਕੂਲਾਂ ਕਾਲਜਾਂ ਦੀਆਂ ਉਸਾਰੀ ਅਧੀਨ ਇਮਾਰਤਾਂ ਅਤੇ ਹੋਰਨਾਂ ਵਾਸਤੇ 15.64 ਕਰੋੜ ਰੁਪਏ ਰੱਖੇ ਗਏ ਹਨ। ਤਿੰਨ ਹਾਕੀ ਅਕੈਡਮੀਆਂ ਲਈ 1.40 ਕਰੋੜ ਰੱਖੇ ਹਨ, ਜਿਸ ਨਾਲ ਐਸਟਰੋਟਰਫ ਵਿਛਾਉਣ ਦੀ ਵੀ ਯੋਜਨਾ ਹੈ। ਧਰਮੀ ਫੌਜੀਆਂ ਦੀ ਭਲਾਈ ਲਈ 1.5 ਕਰੋੜ ਰੁਪਏ, ਗਰੀਬ ਵਿਦਿਆਰਥੀਆਂ ਦੀਆਂ ਫੀਸਾਂ ਵਾਸਤੇ 1.40 ਕਰੋੜ, ਧਾਰਮਿਕ ਵਿਦਿਆ ਦੇ ਪਾਸਾਰ ਲਈ 1.2 ਕਰੋੜ, ਅੰਮ੍ਰਿਤਧਾਰੀ ਬੱਚਿਆਂ ਨੂੰ ਵਜ਼ੀਫੇ ਦੇਣ ਲਈ 2.75 ਕਰੋੜ, ਤਖ਼ਤ ਸ੍ਰੀ ਪਟਨਾ ਸਾਹਿਬ ਵਿਖੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਪੁਰਬ ਦੀ 350 ਸਾਲਾ ਸ਼ਤਾਬਦੀ ਸਮਾਗਮਾਂ ਲਈ 2.5 ਕਰੋੜ, ਕੁਦਰਤੀ ਆਫਤਾਂ ਵਾਸਤੇ 49 ਲੱਖ ਰੁਪਏ ਜਦਕਿ ਪੰਜਾਬ ਅਤੇ ਹੋਰਨਾਂ ਰਾਜਾਂ ਵਿਚ ਸਥਾਪਤ ਸਿੱਖ ਮਿਸ਼ਨਾਂ ਲਈ 1.10 ਕਰੋੜ ਰੁਪਏ ਰੱਖੇ ਹਨ। ਗੁਰਦੁਆਰਿਆਂ ਦੇ ਬਜਟ ਵਿਚ ਸ੍ਰੀ ਹਰਿਮੰਦਰ ਸਾਹਿਬ, ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਤੇ ਤਖ਼ਤ ਸ੍ਰੀ ਦਮਦਮਾ ਸਾਹਿਬ ਲਈ ਕ੍ਰਮਵਾਰ 242 ਕਰੋੜ, 58 ਕਰੋੜ ਤੇ 10 ਕਰੋੜ ਰੁਪਏ ਰਾਖਵੇਂ ਰੱਖੇ ਗਏ ਹਨ।

## ਫਿਲਮ 'ਚਾਰ ਸਾਹਿਬਜ਼ਾਦੇ' ਦੀ ਖਰੀਦ ਬਾਰੇ ਸਵਾਲ

**ਅੰਮ੍ਰਿਤਸਰ:** ਬਜਟ ਦੌਰਾਨ ਵਿਰੋਧੀ ਧਿਰ ਦੇ ਅੰਤ੍ਰਿੰਗ ਕਮੇਟੀ ਮੈਂਬਰਾਂ ਭਜਨ ਸਿੰਘ ਅਤੇ ਮੰਗਲ ਸਿੰਘ ਨੇ ਧਰਮ ਪ੍ਰਚਾਰ ਵਾਸਤੇ ਫਿਲਮਾਂ ਅਤੇ ਵਾਹਨਾਂ ਦੀ ਖਰੀਦ ਦਾ ਵਿਰੋਧ ਕੀਤਾ। ਉਨ੍ਹਾਂ ਕਿਹਾ ਕਿ 'ਚਾਰ ਸਾਹਿਬਜ਼ਾਦੇ' ਫਿਲਮ ਵਧੇਰੇ ਸਿੱਖ ਦੇਖ ਚੁੱਕੇ ਹਨ, ਇਸ ਲਈ ਉਸ ਦੀ ਖਰੀਦ ਵਾਸਤੇ 4 ਕਰੋੜ ਰੁਪਏ ਖਰਚ ਕਰਨੇ ਕਿਸੇ ਤਰ੍ਹਾਂ ਵੀ ਜਾਇਜ਼ ਨਹੀਂ। ਉਨ੍ਹਾਂ ਸੁਝਾਅ ਦਿੱਤਾ ਕਿ ਇਸ ਦੀ ਥਾਂ ਖੁਦਕੁਸ਼ੀ ਕਰਨ ਵਾਲੇ ਕਿਸਾਨਾਂ ਦੇ ਬੱਚਿਆਂ ਜਾਂ ਪਰਿਵਾਰਾਂ ਨੂੰ ਮਦਦ ਦਿੱਤੀ ਜਾਵੇ।

## ਸ਼੍ਰੋਮਣੀ ਕਮੇਟੀ ਉਤੇ ਹੇਰਾਫੇਰੀ ਦੇ ਦੋਸ਼

**ਫਤਿਹਗੜ੍ਹ ਸਾਹਿਬ:** ਸਿੱਖ ਸਦਭਾਵਨਾ ਦਲ ਦੇ ਭਾਈ ਬਲਦੇਵ ਸਿੰਘ ਬਡਾਲਾ, ਭਾਈ ਬਲਵਿੰਦਰ ਸਿੰਘ ਪੁੜੈਣ, ਭਾਈ ਇਕਬਾਲ ਸਿੰਘ, ਭਾਈ ਪਰਮਜੀਤ ਸਿੰਘ ਭੁੱਲਰ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਅਲੋਚਨਾ ਕਰਦਿਆਂ ਦੋਸ਼ ਲਾਇਆ ਕਿ ਗੁਰਦੁਆਰਾ ਸ੍ਰੀ ਫਤਿਹਗੜ੍ਹ ਸਾਹਿਬ ਪਾਸ ਮੌਜੂਦਾ ਸਮੇਂ 526 ਏਕੜ ਜ਼ਮੀਨ ਹੈ ਜਿਸ ਵਿਚੋਂ 114 ਏਕੜ ਜ਼ਮੀਨ ਠੇਕੇ 'ਤੇ ਦਿੱਤੀ ਜਾਂਦੀ ਹੈ ਤੇ ਹੋਰ ਜ਼ਮੀਨ ਖਰੀਦਣ ਦੀ ਲੋੜ ਨਹੀਂ। ਉਨ੍ਹਾਂ ਦੋਸ਼ ਲਾਇਆ ਕਿ ਪਿੰਡ ਖਰੌੜਾ ਵਿਚ ਜਿਥੇ ਦੋ ਸਾਲ ਪਹਿਲਾਂ 38 ਲੱਖ ਰੁਪਏ ਪ੍ਰਤੀ ਏਕੜ ਦੇ ਹਿਸਾਬ 3 ਏਕੜ ਜ਼ਮੀਨ ਵਿਕੀ ਹੈ, ਸ਼੍ਰੋਮਣੀ ਕਮੇਟੀ ਵੱਲੋਂ 51 ਕਿੱਲੇ 46 ਲੱਖ ਰੁਪਏ ਪ੍ਰਤੀ ਏਕੜ ਦੇ ਹਿਸਾਬ ਨਾਲ ਖਰੀਦਣ ਲਈ ਬਿਆਨਾ ਕਰ ਲਿਆ ਗਿਆ ਹੈ ਜਿਸ ਨਾਲ ਕਰੋੜਾਂ ਰੁਪਏ ਦਾ ਘਪਲਾ ਹੋ ਰਿਹਾ ਹੈ। ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਨੇ ਦੋਸ਼ਾਂ ਨੂੰ ਰੱਦ ਕਰਦਿਆਂ ਕਿਹਾ ਕਿ ਇਨ੍ਹਾਂ ਲੋਕਾਂ ਦਾ ਪ੍ਰੋਗਰਾਮ ਕਥਿਤ ਝੂਠ ਦਾ ਸਹਾਰਾ ਲੈ ਕੇ ਸੰਗਤਾਂ ਨੂੰ ਗੁਮਰਾਹ ਕਰਨਾ ਹੈ।

# ਦਿੱਲੀ-ਚੰਡੀਗੜ੍ਹ-ਅੰਮ੍ਰਿਤਸਰ ਵਿਚਾਲੇ ਦੌੜੇਗੀ ਬੁਲਟ ਟ੍ਰੇਨ

**ਨਵੀਂ ਦਿੱਲੀ:** ਮੁੰਬਈ-ਅਹਿਮਦਾਬਾਦ ਤੋਂ ਬਾਅਦ ਦੇਸ਼ ਵਿਚ ਦੂਜੀ ਬੁਲਟ ਟ੍ਰੇਨ ਦਿੱਲੀ-ਚੰਡੀਗੜ੍ਹ-ਅੰਮ੍ਰਿਤਸਰ ਵਿਚਕਾਰ ਦੌੜੇਗੀ। ਨਰੇਂਦਰ ਮੋਦੀ ਸਰਕਾਰ ਨੇ ਇਸ ਪ੍ਰਾਜੈਕਟ ਲਈ ਨਾ ਸਿਰਫ ਤਿਆਰੀ ਸ਼ੁਰੂ ਕਰ ਦਿੱਤੀ ਹੈ ਬਲਕਿ ਇਸ ਨੂੰ ਅੱਠ ਸਾਲਾਂ, 2024 ਤੱਕ ਪੂਰਾ ਕਰਨ ਦਾ ਟੀਚਾ ਤੈਅ ਕੀਤਾ ਹੈ।

ਇਸ ਪ੍ਰਾਜੈਕਟ 'ਤੇ ਪ੍ਰਸਤਾਵਿਤ ਲਾਗਤ ਤਕਰੀਬਨ 1 ਲੱਖ ਕਰੋੜ ਰੁਪਏ ਆਉਣ ਦੀ ਸੰਭਾਵਨਾ ਹੈ ਅਤੇ ਸਰਕਾਰ ਨੇ ਤੈਅ ਕੀਤਾ ਹੈ ਕਿ ਇਸ ਰੇਲ ਨੂੰ ਪਬਲਿਕ ਪ੍ਰਾਈਵੇਟ ਪਾਰਟਨਰਸ਼ਿਪ (ਪੀ.ਪੀ.ਪੀ.) ਮੋਡ 'ਚ ਨਾ ਚਲਾ ਕੇ ਆਪਣੇ ਖਰਚ ਨਾਲ ਚਲਾਵੇਗੀ। ਇਹ ਗੱਲਾਂ ਦਿੱਲੀ-ਅੰਮ੍ਰਿਤਸਰ ਬੁਲਟ ਟ੍ਰੇਨ ਲਈ ਰੇਲ ਮੰਤਰਾਲੇ ਨੂੰ ਸੌਂਪੀ ਗਈ ਫਿਜੀਬਿਲਿਟੀ ਰਿਪੋਰਟ ਵਿਚ ਕਹੀਆਂ ਗਈਆਂ ਹਨ।

ਰੇਲ ਮੰਤਰਾਲੇ ਦੇ ਬੁਲਾਰੇ ਅਨਿਲ ਸਕਸੈਨਾ ਨੇ ਦੱਸਿਆ ਕਿ ਇਹ ਰਿਪੋਰਟ ਫਰਾਂਸ ਦੀ ਕੰਪਨੀ ਸਿਸਟਾ ਅਤੇ ਭਾਰਤੀ ਰੇਲਵੇ ਦੀ ਪੀ.ਐਸ.ਯੂ. ਰਾਈਟਸ ਨੇ ਮਿਲ ਕੇ ਤਕਰੀਬਨ ਡੇਢ ਸਾਲ ਵਿਚ ਤਿਆਰ ਕੀਤੀ ਹੈ। ਇਸ ਬਾਰੇ ਫਾਈਨਲ ਰਿਪੋਰਟ ਮਈ ਦੇ ਦੂਸਰੇ ਹਫਤੇ ਤੱਕ ਤਿਆਰ ਕਰ ਲਈ ਜਾਵੇਗੀ।

ਸਰਕਾਰ ਨੂੰ ਸੌਂਪੀ ਰਿਪੋਰਟ 'ਚ ਕਿਹਾ ਗਿਆ ਹੈ ਕਿ ਦਿੱਲੀ-ਅੰਮ੍ਰਿਤਸਰ ਵਿਚਕਾਰ ਬੁਲਟ ਟ੍ਰੈਕ ਸੋਨੀਪਤ, ਪਾਣੀਪਤ, ਅੰਬਾਲਾ, ਚੰਡੀਗੜ੍ਹ, ਲੁਧਿਆਣਾ, ਜਲੰਧਰ ਹੁੰਦੇ ਹੋਏ ਵਿਛਾਇਆ ਜਾਵੇਗਾ। ਇਸ ਰੇਲਵੇ ਲਾਈਨ ਦੀ ਲੰਬਾਈ 458 ਕਿਲੋਮੀਟਰ ਹੋਵੇਗੀ, ਜਦਕਿ ਇਸ ਟ੍ਰੈਕ 'ਤੇ ਦੌੜਨ ਵਾਲੀ ਬੁਲਟ ਟ੍ਰੇਨ ਦੀ ਰਫਤਾਰ 300 ਤੋਂ ਲੈ ਕੇ 350 ਕਿਲੋਮੀਟਰ ਪ੍ਰਤੀ ਘੰਟਾ ਹੋਵੇਗੀ।

# ਸਾਬਕਾ ਸ਼੍ਰੋਮਣੀ ਕਮੇਟੀ ਮੈਂਬਰ ਦੇ ਕਾਤਲਾਂ ਨੂੰ ਉਮਰ ਕੈਦ

**ਹੁਸ਼ਿਆਰਪੁਰ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਮੈਂਬਰ ਤੇ ਪਿੰਡ ਚੱਕ ਅੱਲਾ ਬਖਸ਼ ਦੇ ਸਾਬਕਾ ਸਰਪੰਚ ਕੁਲਦੀਪ ਸਿੰਘ ਚੱਕ ਦੇ ਦੋ ਕਾਤਲਾਂ ਨੂੰ ਜ਼ਿਲ੍ਹਾ ਅਦਾਲਤ ਨੇ ਉਮਰ ਕੈਦ ਦੀ ਸਜ਼ਾ ਸੁਣਾਈ ਹੈ। 30 ਅਕਤੂਬਰ, 2005 ਨੂੰ ਕੁਲਦੀਪ ਸਿੰਘ ਚੱਕ ਦੀ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ ਗਈ ਸੀ। 12 ਲੱਖ ਰੁਪਏ ਦੀ ਸੁਪਾਰੀ ਦੇ ਕੇ ਕਤਲ ਕਰਵਾਉਣ ਵਾਲੇ ਦੋਵੇਂ ਸਾਜਿਸ਼ਕਾਰ ਇਸ ਵੇਲੇ ਅਮਰੀਕਾ ਵਿਚ ਹਨ ਅਤੇ ਇਨ੍ਹਾਂ ਨੂੰ ਅਦਾਲਤ ਨੇ ਭਗੌੜੇ ਕਰਾਰ ਦਿੱਤਾ ਹੋਇਆ ਹੈ। ਇਨ੍ਹਾਂ ਨੂੰ ਭਾਰਤ ਲਿਆਉਣ ਦੀ ਪ੍ਰਕਿਰਿਆ ਚੱਲ ਰਹੀ ਹੈ।

ਕੇਸ 'ਚ ਸ਼ਾਮਲ ਤਿੰਨ ਹੋਰ ਦੋਸ਼ੀਆਂ ਦੀ ਪੈਰਵਾਈ ਦੌਰਾਨ ਮੌਤ ਹੋ ਗਈ ਸੀ। ਰਣਵੀਰ ਸਿੰਘ ਉਰਫ ਬੀਰਾ ਪੁੱਤਰ ਕਸ਼ਮੀਰ ਸਿੰਘ ਵਾਸੀ ਗੜ੍ਹ ਪਧਾਣਾ ਨੂੰ ਦੋਹਰੀ ਉਮਰ ਕੈਦ ਤੇ ਸੰਦੀਪ ਸਿੰਘ ਪੁੱਤਰ ਸੁਰਜੀਤ ਸਿੰਘ ਵਾਸੀ ਬਾਲਾ ਕੁੱਲੀਆਂ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਗਈ। ਕੇਸ ਮੁਤਾਬਕ ਚੱਕ ਅੱਲਾ ਬਖਸ਼ ਵਾਸੀ ਗੁਰਦੇਵ ਸਿੰਘ ਪੁੱਤਰ ਨਰੰਜਣ ਸਿੰਘ ਤੇ ਉਸ ਦੇ ਭਾਣਜੇ ਸਲਿੰਦਰ ਸਿੰਘ ਸ਼ਿੰਦਾ ਪੁੱਤਰ ਹਰਬੰਸ ਸਿੰਘ ਨੇ ਸ. ਚੱਕ ਨੂੰ ਨਿੱਜੀ ਰੰਜਿਸ਼ ਖਾਤਰ ਮਰਵਾਉਣ ਲਈ ਗੁਰਦੇਵ ਸਿੰਘ ਦੇ ਜੀਜੇ ਜਸਵਿੰਦਰ ਸਿੰਘ ਵਾਸੀ ਕੋਟਲੀ ਥਾਣਾ ਦਸੂਹਾ ਨਾਲ ਸਾਜਿਸ਼ ਰਚੀ, ਜਿਸ ਨੇ ਉਨ੍ਹਾਂ ਦੀ ਮੁਲਾਕਾਤ ਸੰਦੀਪ ਸਿੰਘ ਨਾਲ ਕਰਵਾਈ। ਸੰਦੀਪ, ਰਣਵੀਰ, ਕਮਲਜੀਤ ਸਿੰਘ ਡਬਲਿਊ ਵਾਸੀ ਬਲਾਚੌਰ ਤੇ ਗੜ੍ਹਸ਼ੰਕਰ ਵਾਸੀ ਬਲਵਿੰਦਰ ਸਿੰਘ ਦਾਤਾ ਨੇ 30 ਅਕਤੂਬਰ, 2005 ਨੂੰ ਉਸ ਸਮੇਂ ਸ. ਚੱਕ ਦੀ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ ਜਦੋਂ ਉਹ ਅਕਾਲੀ ਦਲ ਦੀਆਂ ਮੀਟਿੰਗਾਂ ਕਰਕੇ ਘਰ ਪਰਤੇ ਸਨ। ਬਲਵਿੰਦਰ ਸਿੰਘ ਬਾਅਦ 'ਚ ਵਾਅਦਾ ਮੁਆਫ ਗਵਾਹ ਬਣ ਗਿਆ ਸੀ।

# ਪਾਕਿ ਜੇਲ੍ਹ 'ਚ ਰੁਲ ਰਹੀਆਂ ਨੇ ਭਾਰਤੀ ਮਛੇਰਿਆਂ ਦੀਆਂ ਲਾਸ਼ਾਂ

**ਅੰਮ੍ਰਿਤਸਰ:** ਪਾਕਿਸਤਾਨ ਦੀ ਕਰਾਚੀ ਜੇਲ੍ਹ ਵਿਚ ਦੋ ਭਾਰਤੀ ਮਛੇਰਿਆਂ ਦੀਆਂ ਲਾਸ਼ਾਂ ਰੁਲ ਰਹੀਆਂ ਹਨ। ਜੇਲ੍ਹ ਵਿਚ ਮੌਤ ਤੋਂ ਤਕਰੀਬਨ ਤਿੰਨ ਮਹੀਨੇ ਬਾਅਦ ਵੀ ਉਨ੍ਹਾਂ ਦੇ ਪਰਿਵਾਰ ਲਾਸ਼ਾਂ ਭਾਰਤ ਲਿਆਉਣ ਦਾ ਇੰਤਜ਼ਾਰ ਕਰ ਰਹੇ ਹਨ।

ਇਸ ਬਾਰੇ ਗ੍ਰੀਟਿੰਗ ਫਰਾਮ ਪਾਕਿਸਤਾਨ-ਇੰਡੀਆ ਪੀਪਲਜ਼ ਫੋਰਮ ਫਾਰ ਪੀਸ ਐਂਡ ਡੈਮੋਕ੍ਰੇਸੀ ਨਾਂ ਦੀ ਭਾਰਤੀ ਸੰਸਥਾ ਨੇ ਸੁਸ਼ਮਾ ਸਵਰਾਜ ਨੂੰ ਪੱਤਰ ਲਿਖ ਕੇ ਮੰਗ ਕੀਤੀ ਹੈ ਕਿ ਦੋਹਾਂ ਭਾਰਤੀ ਮਛੇਰਿਆਂ ਦੀਆਂ ਲਾਸ਼ਾਂ ਭਾਰਤ ਲਿਆਉਣ ਲਈ ਕੋਸ਼ਿਸ਼ਾਂ ਤੇਜ਼ ਕੀਤੀਆਂ ਜਾਣ।

ਸੰਸਥਾ ਦੇ ਜਨਰਲ ਸਕੱਤਰ ਜਤਿਨ ਦੇਸਾਈ ਨੇ ਦੱਸਿਆ ਕਿ ਗੁਜਰਾਤ ਦੇ ਸੌਰਾਸ਼ਟਰ ਇਲਾਕੇ ਨਾਲ ਸਬੰਧਤ ਦੋ ਕੈਦੀਆਂ ਵਾਗਾ ਚੌਹਾਨ ਦੀ 12 ਦਸੰਬਰ ਤੇ ਰਤਨ ਦਾਸ ਦੀ ਅੱਠ ਫਰਵਰੀ ਨੂੰ ਮੌਤ ਹੋ ਗਈ ਸੀ।

ਉਨ੍ਹਾਂ ਦੀਆਂ ਲਾਸ਼ਾਂ ਪਾਕਿਸਤਾਨ ਦੀ ਈਦੀ ਫਾਊਂਡੇਸ਼ਨ ਸੰਸਥਾ ਵੱਲੋਂ ਮੁਰਦਾ ਘਰ ਵਿਚ ਰੱਖੀਆਂ ਗਈਆਂ ਹਨ। ਲਾਸ਼ਾਂ ਦੀ ਹਾਲਤ ਦਿਨੋ-ਦਿਨ ਖਰਾਬ ਹੁੰਦੀ ਜਾ ਰਹੀ ਹੈ।

# 'ਵਿਸਾਖੀ ਲਿਸਟ' ਦੀ ਪ੍ਰੋਮੋਸ਼ਨ ਲਈ ਜਿੰਮੀ ਸ਼ੇਰਗਿੱਲ 7 ਅਪਰੈਲ ਤੋਂ ਉਤਰੀ ਅਮਰੀਕਾ ਦੀ ਫੇਰੀ 'ਤੇ

**ਸੈਨ ਫਰਾਂਸਿਸਕੋ (ਬਿਊਰੋ):** ਜੀ ਬੀ ਐਂਟਰੇਨਮੈਂਟ ਦੀ ਪਹਿਲੀ ਪੰਜਾਬੀ ਫਿਲਮ 'ਵਿਸਾਖੀ ਲਿਸਟ' 22 ਅਪਰੈਲ ਨੂੰ ਰਿਲੀਜ਼ ਹੋਣ ਜਾ ਰਹੀ ਹੈ।



ਐਕਟਰ ਅਤੇ ਸਾਬਕਾ ਸੰਸਦ ਨਵਜੋਤ ਸਿੰਘ ਸਿੱਧੂ ਕਮੇਡੀ ਨਾਈਟ ਵਿਚ ਸ਼ਾਮਿਲ ਹੋਣ ਸਮੇਂ 'ਵਿਸਾਖੀ ਲਿਸਟ' ਟੀਮ ਨਾਲ।

ਫਿਲਮ ਦੀ ਪ੍ਰੋਮੋਸ਼ਨ ਲਈ ਇਸ ਦਾ ਪ੍ਰਮੁੱਖ ਕਿਰਦਾਰ ਨਿਭਾਉਣ ਵਾਲੇ ਜਿੰਮੀ ਸ਼ੇਰਗਿੱਲ ਉਤਰੀ ਅਮਰੀਕਾ 7 ਤੋਂ 12 ਅਪਰੈਲ ਤੱਕ ਟੂਰ ਕਰ ਰਹੇ ਹਨ। ਇਸ ਟੂਰ ਦੌਰਾਨ ਉਹ ਸਭ ਤੋਂ ਪਹਿਲਾਂ ਟੋਰਾਂਟੋ ਜਾਣਗੇ, ਉਪਰੰਤ ਨਿਊ ਯਾਰਕ, ਵੈਨਕੂਵਰ ਅਤੇ ਕੈਲੀਫੋਰਨੀਆ ਜਾਣਗੇ।

ਇੱਥੇ ਜ਼ਿਕਰ ਕਰਨਾ ਬਣਦਾ ਹੈ ਕਿ ਗਾਖਲ ਭਰਾਵਾਂ ਨੇ ਚਾਰ ਹੋਰ ਨਵੀਆਂ ਫਿਲਮਾਂ ਸ਼ੁਰੂ ਕਰਨ ਦਾ ਐਲਾਨ ਕੀਤਾ ਹੈ ਜਿਨ੍ਹਾਂ ਵਿਚੋਂ ਅਗਲੀ ਪੰਜਾਬੀ ਫਿਲਮ 'ਗੱਭਰੂ' 15 ਅਕਤੂਬਰ ਨੂੰ ਰਿਲੀਜ਼ ਕੀਤੀ ਜਾਵੇਗੀ।


M.K. Nijjar DDS
Ruchi Nijjar DDS

Laser Dentistry
No shots, No Drill, No Pain.
Family Dentistry
Cosmetic Dentistry

Esthetic Crowns, Bridges & Dentures Teeth Whitening * Oral Surgery Root Canal Treatments
Treatments & Prevention of Gum Diseases New Patients & Children Welcome

510-794-7058
WWW.DRNIJJAR.COM
(Across From Washigton Hospital & Bart)
1895 Mowry Ave. Ste 104 Fremont

# ਨਾਮਧਾਰੀ ਮਾਤਾ ਚੰਦ ਕੌਰ ਦੀ ਗੋਲੀਆਂ ਮਾਰ ਕੇ ਹੱਤਿਆ

**ਲੁਧਿਆਣਾ:** ਨਾਮਧਾਰੀ ਸੰਪਰਦਾਇ ਦੇ ਮਰਹੂਮ ਮੁਖੀ ਜਗਜੀਤ ਸਿੰਘ ਦੀ ਪਤਨੀ ਮਾਤਾ ਚੰਦ ਕੌਰ ਨੂੰ ਭੈਣੀ ਸਾਹਿਬ ਵਿਚ ਦੋ ਦਸਤਾਰਧਾਰੀ ਮੋਟਰਸਾਈਕਲ ਸਵਾਰਾਂ ਨੇ ਗੋਲੀਆਂ ਮਾਰ ਕੇ ਹਲਾਕ ਕਰ ਦਿੱਤਾ। ਉਨ੍ਹਾਂ ਦੀ ਹੱਤਿਆ ਦੀ ਖਬਰ ਸੁਣ ਕੇ ਪੂਰੇ ਨਾਮਧਾਰੀ ਸਮਾਜ ਵਿਚ ਸੋਗ ਦੀ ਲਹਿਰ ਦੌੜ ਗਈ। ਨਾਮਧਾਰੀ ਸੰਸਥਾ ਦੇ ਮੌਜੂਦਾ ਮੁਖੀ ਠਾਕੁਰ ਉਦੈ ਸਿੰਘ ਘਟਨਾ ਸਮੇਂ ਬੰਗਲੌਰ ਵਿਚ ਸਨ ਤੇ ਸੂਚਨਾ ਮਿਲਦਿਆਂ ਹੀ ਉਹ ਉਥੋਂ ਭੈਣੀ ਸਾਹਿਬ ਲਈ ਰਵਾਨਾ ਹੋ ਗਏ।



ਮਿਲੀ ਜਾਣਕਾਰੀ ਅਨੁਸਾਰ ਮਾਤਾ ਚੰਦ ਕੌਰ ਨਾਮਧਾਰੀ ਦਰਬਾਰ ਦੇ ਪਿੱਛੇ ਬਣੀ ਸਤਿਗੁਰੂ ਪ੍ਰਤਾਪ ਸਿੰਘ ਅਕੈਡਮੀ 'ਚ ਬੱਚਿਆਂ ਦੇ ਨਵੇਂ ਸੈਸ਼ਨ ਦੀ ਸ਼ੁਰੂਆਤ ਮੌਕੇ ਸਮਾਗਮ ਵਿਚ ਹਿੱਸਾ ਲੈਣ ਲਈ ਆਪਣੀ ਬੈਟਰੀ ਨਾਲ ਚੱਲਣ ਵਾਲੀ ਕਲੱਬ ਕਾਰ ਵਿਚ ਗਏ ਸਨ। ਬਾਅਦ ਵਿਚ ਉਹ ਗਊਸ਼ਾਲਾ ਵਲ ਜਾਣ ਲਈ ਜਿਉਂ ਹੀ ਅਕੈਡਮੀ ਤੋਂ ਬਾਹਰ ਨਿਕਲੇ ਤਾਂ ਬਾਹਰ ਕਾਲੇ ਰੰਗ ਦੇ ਮੋਟਰਸਾਈਕਲ 'ਤੇ ਖੜ੍ਹੇ ਦੋ ਕੇਸਧਾਰੀ ਨੌਜਵਾਨਾਂ ਨੇ ਉਨ੍ਹਾਂ ਨੂੰ ਪਹਿਲਾਂ ਮੱਥਾ ਟੇਕਿਆ ਤੇ ਫਿਰ ਰਿਵਾਲਵਰ ਨਾਲ ਗੋਲੀਆਂ ਮਾਰ ਦਿੱਤੀਆਂ। ਇਕ ਗੋਲੀ ਉਨ੍ਹਾਂ ਸਿਰ ਅਤੇ ਦੂਜੀ ਦਿਲ ਦੇ ਥੱਲੇ ਵੱਜੀ, ਜਦੋਂਕਿ ਤੀਜੀ ਕੋਲੋਂ ਨਿਕਲ ਗਈ। ਰੌਲਾ ਪੈਣ 'ਤੇ ਹਤਿਆਰੇ ਫਰਾਰ ਹੋ ਗਏ। ਅਕੈਡਮੀ 'ਚ ਮੌਜੂਦ ਲੋਕ ਬਾਹਰ ਆਏ ਅਤੇ ਉਨ੍ਹਾਂ ਨੂੰ ਸਤਿਗੁਰੂ ਪ੍ਰਤਾਪ ਸਿੰਘ (ਐਸ.ਪੀ.ਐਸ.) ਹਸਪਤਾਲ ਲੈ ਕੇ ਗਏ।

ਘਟਨਾ ਦੀ ਖਬਰ ਸੁਣਦੇ ਹੀ ਭੈਣੀ ਸਾਹਿਬ 'ਚ ਤਣਾਅ ਪੈਦਾ ਹੋ ਗਿਆ। ਪਿੰਡ ਦੀਆਂ ਸਾਰੀਆਂ ਦੁਕਾਨਾਂ ਬੰਦ ਹੋ ਗਈਆਂ। ਚਾਰੇ ਪਾਸੇ ਸੁੰਨਸਾਨ ਅਤੇ ਰੋਸ ਪਸਰ ਗਿਆ। ਪੁਲਿਸ ਕਮਿਸ਼ਨਰ ਜਤਿੰਦਰ ਸਿੰਘ ਔਲਖ ਨੇ ਕਿਹਾ ਕਿ ਅਣਪਛਾਤੇ ਕਾਤਲਾਂ ਖਿਲਾਫ਼ ਕਤਲ ਕੇਸ ਦਰਜ ਕਰ ਕੇ ਜਾਂਚ ਲਈ ਕਈ ਟੀਮਾਂ ਦਾ ਗਠਨ ਕੀਤਾ ਗਿਆ ਹੈ। ਪੁਲਿਸ ਇਸ ਮਾਮਲੇ ਵਿਚ ਕਈ ਪਹਿਲੂਆਂ 'ਤੇ ਕੰਮ ਕਰ ਰਹੀ ਹੈ।

## ਗੱਦੀ ਨੂੰ ਲੈ ਕੇ ਚੱਲ ਰਿਹਾ ਸੀ ਵਿਵਾਦ

**ਲੁਧਿਆਣਾ:** ਚੰਡੀਗੜ੍ਹ ਰੋਡ ਸਥਿਤ ਭੈਣੀ ਸਾਹਿਬ ਦੀ ਗੱਦੀ ਨੂੰ ਲੈ ਕੇ ਪਿਛਲੇ ਤਕਰੀਬਨ ਤਿੰਨ ਸਾਲਾਂ ਤੋਂ 'ਖੂਨੀ ਜੰਗ' ਚੱਲ ਰਹੀ ਹੈ। ਮਾਤਾ ਚੰਦ ਕੌਰ ਦੇ ਪਤੀ ਅਤੇ ਨਾਮਧਾਰੀ ਸਮੁਦਾਇ ਦੇ ਮੁਖੀ ਜਗਜੀਤ ਸਿੰਘ 13 ਦਸੰਬਰ, 2012 ਨੂੰ ਅਕਾਲ ਚਲਾਣਾ ਕਰ ਗਏ ਸਨ। ਉਦੋਂ ਤੋਂ ਹੀ ਗੱਦੀ ਨੂੰ ਲੈ ਕੇ ਵਿਵਾਦ ਚੱਲ ਰਿਹਾ ਹੈ। ਦੱਸਣਯੋਗ ਹੈ ਕਿ ਸਤਿਗੁਰੂ ਜਗਜੀਤ ਸਿੰਘ ਦੀ ਮੌਤ ਤੋਂ ਬਾਅਦ ਜਦੋਂ ਗੱਦੀ ਲਈ ਠਾਕੁਰ ਉਦੈ ਸਿੰਘ ਅਤੇ ਠਾਕੁਰ ਦਲੀਪ ਸਿੰਘ ਵਿਚਕਾਰ ਵਿਵਾਦ ਸ਼ੁਰੂ ਹੋਇਆ, ਤਾਂ ਨਾਮਧਾਰੀ ਸੰਗਤਾਂ ਨੇ ਗੱਦੀਨਸ਼ੀਨ ਦਾ ਨਾਂ ਤੈਅ ਕਰਨ ਦਾ ਅਧਿਕਾਰ ਮਾਤਾ ਨੂੰ ਦਿੱਤਾ ਸੀ, ਜਿਨ੍ਹਾਂ ਠਾਕੁਰ ਉਦੈ ਸਿੰਘ ਨੂੰ ਮੁਖੀ ਬਣਾਇਆ ਸੀ। ਉਦੋਂ ਤੋਂ ਹੀ ਦੋਵੇਂ ਧੜਿਆਂ 'ਚ ਟਕਰਾਅ ਚਲਿਆ ਆ ਰਿਹਾ ਹੈ। ਇਸੇ ਦੌਰਾਨ 12 ਅਪਰੈਲ, 2011 ਨੂੰ ਸਤਿਗੁਰੂ ਜਗਜੀਤ ਸਿੰਘ ਦੇ ਸਮਰਥਕ ਅਵਤਾਰ ਸਿੰਘ ਤਾਰੀ ਦਾ ਅਣਪਛਾਤੇ ਹਮਲਾਵਰਾਂ ਨੇ ਗੋਲੀਆਂ ਮਾਰ ਕਤਲ ਕਰ ਦਿੱਤਾ ਸੀ।

## ਠਾਕੁਰ ਉਦੈ ਸਿੰਘ 'ਤੇ ਵੀ ਹੋਇਆ ਸੀ ਹਮਲਾ

**ਚੰਡੀਗੜ੍ਹ:** 11 ਅਗਸਤ, 2013 ਵਿਚ ਇੰਗਲੈਂਡ ਵਿਚ ਸਮਾਗਮ ਦੌਰਾਨ ਠਾਕੁਰ ਉਦੈ ਸਿੰਘ 'ਤੇ ਕੁਝ ਨੌਜਵਾਨਾਂ ਨੇ ਹਮਲਾ ਕਰ ਦਿੱਤਾ ਸੀ। ਬੀਤੇ ਦਸੰਬਰ ਵਿਚ ਤਾਂ ਜਲੰਧਰ ਵਿਖੇ ਖੁਦਕੁਸ਼ ਬੰਬ ਵੱਲੋਂ ਠਾਕੁਰ ਉਦੈ ਸਿੰਘ ਨੂੰ ਆਪਣਾ ਨਿਸ਼ਾਨਾ ਬਣਾਉਣ ਦੀ ਸਾਜ਼ਿਸ਼ ਘੜੇ ਜਾਣ ਦਾ ਪਤਾ ਲੱਗਾ ਸੀ, ਪਰ ਬੰਬ ਪਹਿਲਾਂ ਹੀ ਕਾਰ ਵਿਚ ਫਟ ਗਿਆ। ਬਾਅਦ ਵਿਚ ਪੁਲਿਸ ਨੇ ਇਸ ਮਾਮਲੇ ਵਿਚ ਚਾਰ ਮੁਲਜ਼ਮਾਂ ਨੂੰ ਗ੍ਰਿਫਤਾਰ ਕੀਤਾ ਸੀ। ਨਾਮਧਾਰੀ ਦਰਬਾਰ ਭੈਣੀ ਸਾਹਿਬ ਦੇ ਪ੍ਰੈਸ ਸਕੱਤਰ ਲਖਬੀਰ ਸਿੰਘ ਬੱਦੋਵਾਲ ਨੇ ਦੱਸਿਆ ਕਿ ਨਾਮਧਾਰੀ ਸਮਾਜ ਨਾਲ ਦੇਸ਼-ਵਿਦੇਸ਼ ਵਿਚ ਲੱਖਾਂ ਦੀ ਗਿਣਤੀ ਵਿਚ ਸੰਗਤ ਜੁੜੀ ਹੋਈ ਹੈ, ਜਿਸ ਵਿਚ ਮਾਤਾ ਚੰਦ ਕੌਰ ਨੂੰ ਲੈ ਕੇ ਖਾਸਾ ਲਗਾਅ ਸੀ। ਸਤਿਗੁਰੂ ਜਗਜੀਤ ਸਿੰਘ ਦੇ ਅਕਾਲ ਚਲਾਣੇ ਤੋਂ ਬਾਅਦ ਭੈਣੀ ਸਾਹਿਬ ਦੇ ਸਮਾਜਿਕ ਕੰਮ ਮਾਤਾ ਚੰਦ ਕੌਰ ਹੀ ਕਰਦੀ ਸੀ। ਸਮਾਜ ਦੀ ਦੇਸ਼-ਵਿਦੇਸ਼ ਵਿਚ ਅਰਬਾਂ ਰੁਪਏ ਦੀ ਜਾਇਦਾਦ ਹੈ। ਚਰਚਾ ਹੈ ਕਿ ਇਸ ਜਾਇਦਾਦ ਲਈ ਵੀ ਵਿਵਾਦ ਚੱਲ ਰਿਹਾ ਹੈ।

# ਜ਼ਮੀਨ ਘੁਟਾਲਾ: ਕੈਪਟਨ ਦੀਆਂ ਮੁਸ਼ਕਲਾਂ ਵਧੀਆਂ

**ਮੁਹਾਲੀ:** ਪੰਜਾਬ ਕਾਂਗਰਸ ਦੇ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਖਿਲਾਫ਼ ਵਿਜੀਲੈਂਸ ਬਿਊਰੋ ਵੱਲੋਂ ਦਰਜ ਭ੍ਰਿਸ਼ਟਾਚਾਰ ਦੇ ਕੇਸ ਸਬੰਧੀ ਅਦਾਲਤ ਦੇ ਤਾਜ਼ਾ ਹੁਕਮਾਂ ਕਾਰਨ ਸਾਬਕਾ ਮੁੱਖ ਮੰਤਰੀ ਦੀਆਂ ਮੁਸ਼ਕਲਾਂ ਵਧ ਗਈਆਂ ਹਨ। ਮੁਹਾਲੀ ਦੀ ਇਕ ਅਦਾਲਤ ਨੇ ਵਿਜੀਲੈਂਸ ਬਿਊਰੋ ਦੇ ਡਾਇਰੈਕਟਰ ਨੂੰ ਅੰਮ੍ਰਿਤਸਰ ਨਗਰ ਸੁਧਾਰ ਟਰੱਸਟ ਦੇ ਬਹੁ-ਚਰਚਿਤ ਜ਼ਮੀਨ ਘੁਟਾਲੇ ਸਬੰਧੀ ਇਕ ਮਹੀਨੇ ਦੇ ਅੰਦਰ-ਅੰਦਰ ਨਵੇਂ ਸਿਰਿਓਂ ਸ਼ੁਰੂ ਕੀਤੀ ਪੜਤਾਲ ਦੀ ਵਿਸਥਾਰਤ ਰਿਪੋਰਟ ਪੇਸ਼ ਕਰਨ ਲਈ ਕਿਹਾ ਹੈ।



ਜਾਣਕਾਰੀ ਅਨੁਸਾਰ ਕੇਸ ਦੀ ਸੁਣਵਾਈ ਦੌਰਾਨ ਵਿਜੀਲੈਂਸ ਵੱਲੋਂ ਲਗਪਗ ਹਰੇਕ ਪੇਸ਼ੀ 'ਤੇ ਇਹੀ ਤਰਕ ਦਿੱਤਾ ਜਾਂਦਾ ਸੀ ਕਿ ਮਾਮਲੇ ਦੀ ਜਾਂਚ ਜਾਰੀ ਹੈ। ਲਿਹਾਜ਼ਾ ਇਸ ਮਾਮਲੇ ਦੀ ਸੁਣਵਾਈ ਅੱਗੇ ਨਹੀਂ ਵਧ ਰਹੀ ਸੀ ਤੇ ਸਿਰਫ਼ ਤਰੀਕਾਂ ਹੀ ਪੈ ਰਹੀਆਂ ਸਨ।

ਦੱਸਣਾ ਬਣਦਾ ਹੈ ਕਿ ਕੈਪਟਨ ਨੇ ਆਪਣੇ ਵਕੀਲਾਂ ਰਾਹੀਂ ਸਵਾ ਸਾਲ ਪਹਿਲਾਂ ਪੰਜਾਬ ਤੇ ਹਰਿਆਣਾ ਹਾਈ ਕੋਰਟ ਵਿਚ ਪਟੀਸ਼ਨ ਦਾਇਰ ਕਰਕੇ ਖੁਦ ਨੂੰ ਬੇਕਸੂਰ ਦੱਸਦਿਆਂ ਇਸ ਸਮੁੱਚੇ ਮਾਮਲੇ ਦੀ ਨਵੇਂ ਸਿਰਿਓਂ ਜਾਂਚ ਕਰਾਏ ਜਾਣ ਦੀ ਮੰਗ ਕੀਤੀ ਸੀ।

ਹਾਈ ਕੋਰਟ ਨੇ 22 ਦਸੰਬਰ, 2014 ਨੂੰ ਵਿਜੀਲੈਂਸ ਨੂੰ ਨਵੇਂ ਸਿਰਿਓਂ ਜਾਂਚ ਦੇ ਆਦੇਸ਼ ਦਿੰਦਿਆਂ ਡੀ.ਆਈ.ਜੀ. ਰੈਂਕ ਦੇ ਅਧਿਕਾਰੀ ਦੀ ਅਗਵਾਈ ਹੇਠ ਵਿਸ਼ੇਸ਼ ਜਾਂਚ ਕਮੇਟੀ (ਸਿੱਟ) ਦਾ ਗਠਨ ਕਰਨ ਮਗਰੋਂ ਦੋ ਫਰਵਰੀ, 2015 ਨੂੰ ਜਾਂਚ ਸ਼ੁਰੂ ਕੀਤੀ ਸੀ, ਪਰ ਹਾਲੇ ਤੱਕ ਜਾਂਚ ਕਿਸੇ ਕੰਢੇ ਨਹੀਂ ਲੱਗੀ ਹੈ। ਵਿਜੀਲੈਂਸ ਦੇ ਸੰਯੁਕਤ ਡਾਇਰੈਕਟਰ ਨੇ ਅਦਾਲਤ ਵਿਚ ਪੱਖ ਰੱਖਦਿਆਂ ਦੋ ਮਹੀਨੇ ਦੀ ਹੋਰ ਮੋਹਲਤ ਮੰਗੀ ਹੈ। ਜੱਜ ਨੇ ਵਿਜੀਲੈਂਸ ਨੂੰ ਇਕ ਮਹੀਨੇ ਦੇ ਅੰਦਰ-ਅੰਦਰ ਵਿਸਥਾਰਤ ਜਾਂਚ ਰਿਪੋਰਟ ਪੇਸ਼ ਕਰਨ ਦੇ ਹੁਕਮ ਜਾਰੀ ਕੀਤੇ ਹਨ।

# ਪਰਲ ਘੁਟਾਲਾ: ਸੀ.ਬੀ.ਆਈ. ਨੇ ਕੱਸਿਆ ਭੰਗੂ ਵਿਰੁੱਧ ਸ਼ਿਕੰਜਾ

**ਨਵੀਂ ਦਿੱਲੀ:** ਸੀ.ਬੀ.ਆਈ. ਵੱਲੋਂ ਪਰਲ ਗਰੁੱਪ ਦੀਆਂ ਆਸਟਰੇਲੀਆ ਵਿਚਲੀਆਂ ਗਤੀਵਿਧੀਆਂ ਦੀ ਜਾਣਕਾਰੀ ਲੈਣ ਲਈ ਆਸਟਰੇਲੀਆ ਨੂੰ ਨਿਆਇਕ ਅਪੀਲ ਕੀਤੀ ਜਾਵੇਗੀ। ਸੀ.ਬੀ.ਆਈ. ਨੂੰ ਸ਼ੱਕ ਹੈ ਕਿ ਇਸ ਗਰੁੱਪ ਵੱਲੋਂ ਲੋਕਾਂ ਤੋਂ ਇਕੱਠੇ ਕੀਤੇ 670 ਕਰੋੜ ਰੁਪਏ ਆਸਟਰੇਲੀਆ ਵਿਚ ਪ੍ਰਾਜੈਕਟਾਂ 'ਤੇ ਲਾਏ ਗਏ ਹਨ।



ਸੂਤਰਾਂ ਅਨੁਸਾਰ ਪਰਲ ਗਰੁੱਪ ਦਾ ਮੁਖੀ ਨਿਰਮਲ ਸਿੰਘ ਭੰਗੂ ਆਸਟਰੇਲੀਆ ਵਿਚ ਆਪਣੇ ਰਿਸ਼ਤੇਦਾਰਾਂ ਦੇ ਨਾਂਅ 'ਤੇ ਰੀਅਲ ਅਸਟੇਟ ਕਾਰੋਬਾਰ ਚਲਾ ਰਿਹਾ ਹੈ ਅਤੇ ਉਥੇ ਉਸ ਦਾ ਆਪਣਾ ਹੋਟਲ ਵੀ ਹੈ। ਏਜੰਸੀ ਵੱਲੋਂ ਭੰਗੂ ਦੀ ਕਾਰੋਬਾਰੀ ਭਾਈਵਾਲੀ ਬਾਰੇ ਘੋਖ ਪੜਤਾਲ ਕੀਤੀ ਜਾ ਰਹੀ ਹੈ।

ਏਜੰਸੀ ਨੂੰ ਸ਼ੱਕ ਹੈ ਕਿ ਭੰਗੂ ਵੱਲੋਂ ਨਿਵੇਸ਼ਕਾਂ ਤੋਂ ਇਕੱਠਾ ਕੀਤਾ ਪੈਸਾ ਟੀ.ਵੀ. ਚੈਨਲਾਂ ਤੇ ਆਸਟਰੇਲੀਅਨ ਕੰਪਨੀ ਗਲੋਬਲ ਰੋਡ ਟੈਕਨਾਲੋਜੀ ਵਿਚ ਲਾਇਆ ਹੋ ਸਕਦਾ ਹੈ। ਇਸ ਲਈ ਸੀ.ਬੀ.ਆਈ. ਛੇਤੀ ਹੀ ਆਸਟਰੇਲੀਆ ਨੂੰ ਨਿਆਇਕ ਪੱਤਰ ਭੇਜ ਕੇ ਭੰਗੂ ਦੀ ਉਸ ਦੇਸ਼ ਵਿਚਲੀ ਜਾਇਦਾਦ, ਕਾਰੋਬਾਰ ਤੇ ਭਾਈਵਾਲ ਕੰਪਨੀਆਂ ਬਾਰੇ ਵੇਰਵੇ ਮੰਗੇਗੀ।

# ਲਾਪਤਾ ਮਲੇਸ਼ੀਆ ਜਹਾਜ਼ ਲੱਭਣ ਲਈ ਮੁੜ ਕੋਸ਼ਿਸ਼ਾਂ

**ਕੈਨਬਰਾ:** ਆਸਟਰੇਲੀਆ ਦੇ ਟ੍ਰਾਂਸਪੋਰਟ ਮੰਤਰੀ ਡੇਰੇਨ ਚੇਸਟਰ ਨੇ ਪੁਸ਼ਟੀ ਕੀਤੀ ਹੈ ਕਿ ਮਾਰੀਸ਼ਸ 'ਚ ਮਿਲੇ ਜਹਾਜ਼ ਦੇ ਇਕ ਹੋਰ ਟੁਕੜੇ ਦੀ ਜਾਂਚ ਲਾਪਤਾ ਮਲੇਸ਼ੀਆ ਜਹਾਜ਼ ਐਮ. ਐਚ-370 ਸਬੰਧੀ ਕੀਤੀ ਜਾਵੇਗੀ।

ਚੇਸਟਰ ਨੇ ਕਿਹਾ ਕਿ ਮਲੇਸ਼ੀਆ ਸਰਕਾਰ ਜਹਾਜ਼ ਦਾ ਮਲਬਾ ਹਾਸਲ ਕਰਨ ਤੇ ਉਸ ਦੀ ਜਾਂਚ ਦੀ ਵਿਵਸਥਾ ਲਈ ਮਾਰੀਸ਼ਸ ਦੇ ਅਧਿਕਾਰੀਆਂ ਦੇ ਸੰਪਰਕ ਵਿਚ ਹੈ।

ਖਬਰ ਅਨੁਸਾਰ ਚੇਸਟਰ ਨੇ ਕਿਹਾ, 'ਮਲਬਾ ਆਪਣੇ ਵੱਲ ਧਿਆਨ ਖਿਚ ਰਿਹਾ ਹੈ। ਫਿਰ ਵੀ ਜਦੋਂ ਤੱਕ ਇਸ ਦੀ ਜਾਂਚ ਨਹੀਂ ਕਰ ਲਈ ਜਾਂਦੀ, ਉਦੋਂ ਤੱਕ ਇਸ ਬਾਰੇ 'ਚ ਨਿਸ਼ਚਤ ਰੂਪ ਨਾਲ ਕੁਝ ਕਹਿਣਾ ਸੰਭਵ ਨਹੀਂ ਹੈ?' ਜ਼ਿਕਰਯੋਗ ਹੈ ਕਿ ਅੱਠ ਮਾਰਚ, 2014 ਦੇ ਮਲੇਸ਼ੀਆ ਜਹਾਜ਼ ਐਮ. ਐਚ-370 ਨੇ 239 ਯਾਤਰੀਆਂ ਨੂੰ ਲੈ ਕੁਆਲਾਲੰਪੁਰ ਤੋਂ ਬੀਜਿੰਗ ਲਈ ਉਡਾਣ ਭਰੀ ਸੀ, ਪਰ ਇਹ ਰਸਤੇ 'ਚ ਲਾਪਤਾ ਹੋ ਗਿਆ ਸੀ।

# ਯਮਨ ਦੇ ਰਾਸ਼ਟਰਪਤੀ ਵੱਲੋਂ ਪ੍ਰਧਾਨ ਮੰਤਰੀ ਦੀ ਛੁੱਟੀ

**ਅਲ ਅਰੇਬੀਆ:** ਯਮਨ ਦੇ ਰਾਸ਼ਟਰਪਤੀ ਅਬਦ ਰਾਬੂ ਮਨਸੂਰ ਹਾਗੀ ਨੇ ਨਵਾਂ ਉਪ ਰਾਸ਼ਟਰਪਤੀ ਤੇ ਪ੍ਰਧਾਨ ਮੰਤਰੀ ਨਿਯੁਕਤ ਕਰਦਿਆਂ ਮੌਜੂਦਾ ਪ੍ਰਧਾਨ ਮੰਤਰੀ ਖਾਲੇਦ ਬਾਹਾਹ ਨੂੰ ਅਹੁਦੇ ਤੋਂ ਹਟਾ ਦਿੱਤਾ। ਹਾਗੀ ਨੇ ਨਵਾਂ ਉਪ ਰਾਸ਼ਟਰਪਤੀ ਜਨਰਲ ਅਲੀ ਮੋਹਸੇਨ ਅਲ ਨੂੰ ਬਣਾਇਆ ਹੈ ਜਦਕਿ ਅਹਿਮਦ ਉਬੇਗ ਬਿਨ ਡਾਗਰ ਨੂੰ ਪ੍ਰਧਾਨ ਮੰਤਰੀ ਨਿਯੁਕਤ ਕੀਤਾ ਹੈ।

# ਮਹਿਬੂਬਾ ਨੇ ਜੰਮੂ ਕਸ਼ਮੀਰ ਦੀ ਮੁੱਖ ਮੰਤਰੀ ਵਜੋਂ ਹਲਫ਼ ਲਿਆ

**ਜੰਮੂ:** ਪੀ.ਡੀ.ਪੀ. ਮੁਖੀ ਮਹਿਬੂਬਾ ਮੁਫਤੀ ਨੇ ਇਥੇ ਜੰਮੂ ਕਸ਼ਮੀਰ ਦੀ ਪਹਿਲੀ ਮੁਸਲਿਮ ਮਹਿਲਾ ਮੁੱਖ ਮੰਤਰੀ ਵਜੋਂ ਹਲਫ਼ ਲਿਆ। ਉਨ੍ਹਾਂ ਦੀ ਅਗਵਾਈ ਵਾਲੀ ਸਰਕਾਰ ਵਿਚ ਭਾਜਪਾ ਦੀ ਹਿੱਸੇਦਾਰੀ ਪਹਿਲਾਂ ਦੇ ਮੁਕਾਬਲੇ ਵਧੀ ਹੈ। ਨਿਰਮਲ ਸਿੰਘ ਇਸ ਵਾਰ ਵੀ ਉਪ ਮੁੱਖ ਮੰਤਰੀ ਹਨ। ਉਹ ਮਹਿਬੂਬਾ ਦੇ ਪਿਤਾ ਮੁਫਤੀ ਮੁਹੰਮਦ ਸਈਦ ਦੀ ਸਰਕਾਰ 'ਚ ਵੀ ਉਪ ਮੁੱਖ ਮੰਤਰੀ ਸਨ। ਬੀਤੇ ਸਾਲ ਜਨਵਰੀ ਵਿਚ ਸ੍ਰੀ ਸਈਦ ਦਾ ਦੇਹਾਂਤ ਹੋ ਗਿਆ ਸੀ। ਇਸ ਬਾਅਦ ਤਕਰੀਬਨ ਤਿੰਨ ਮਹੀਨੇ ਸੂਬੇ ਵਿਚ ਰਾਜਪਾਲ ਸ਼ਾਸਨ ਰਿਹਾ।



56 ਸਾਲਾ ਮਹਿਬੂਬਾ ਨੇ ਅਹੁਦੇ ਅਤੇ ਸਰਕਾਰੀ ਭੇਤ ਗੁਪਤ ਰੱਖਣ ਦੀ ਸਹੁੰ ਉਰਦੂ ਵਿਚ ਚੁੱਕੀ। ਉਨ੍ਹਾਂ ਤੋਂ ਬਾਅਦ ਭਾਜਪਾ ਦੇ ਨਿਰਮਲ ਸਿੰਘ ਨੇ ਹਲਫ਼ ਲਿਆ। ਸਾਲ 1999 ਵਿਚ ਪੀ.ਡੀ.ਪੀ. ਦਾ ਗਠਨ ਕਰਨ ਵਾਲੀ ਮਹਿਬੂਬਾ ਸੂਬੇ ਦੀ 13ਵੀਂ ਮੁੱਖ ਮੰਤਰੀ ਹੈ। ਜੰਮੂ-ਕਸ਼ਮੀਰ ਦੇ ਰਾਜਪਾਲ ਐਨਐਨ ਵੋਹਰਾ ਨੇ 21 ਹੋਰ ਮੰਤਰੀਆਂ ਨੂੰ ਵੀ ਸਹੁੰ ਚੁਕਾਈ। ਇਸ ਵਾਰ ਮੰਤਰੀ ਮੰਡਲ ਵਿਚ ਭਾਜਪਾ ਦੇ ਛੇ ਦੀ ਜਗ੍ਹਾ ਅੱਠ ਕੈਬਨਿਟ ਮੰਤਰੀ ਹਨ ਜਦੋਂ ਕਿ ਤਿੰਨ ਰਾਜ ਮੰਤਰੀ ਹਨ। ਇਸ ਵਾਰ ਪੀ.ਡੀ.ਪੀ. ਦੇ 9 ਕੈਬਨਿਟ ਮੰਤਰੀ ਹਨ। ਪਿਛਲੀ ਵਾਰ ਇਹ ਗਿਣਤੀ 11 ਸੀ। ਪੀ.ਡੀ.ਪੀ. ਨੇ ਤਿੰਨ ਰਾਜ ਮੰਤਰੀ ਬਣਾਏ ਹਨ।

# ਭਾਰਤ ਤੇ ਸਾਊਦੀ ਅਰਬ ਦੇ ਅਤਿਵਾਦ ਵਿਰੁਧ ਤਿੱਖੇ ਸੁਰ

**ਰਿਆਧ:** ਭਾਰਤ ਅਤੇ ਸਾਊਦੀ ਅਰਬ ਨੇ ਅਤਿਵਾਦ ਵਿਰੋਧੀ ਸਹਿਯੋਗ ਨੂੰ ਵਧਾਉਣ ਦਾ ਅਹਿਦ ਲੈਂਦਿਆਂ ਸਾਰੇ ਮੁਲਕਾਂ ਨੂੰ ਆਖਿਆ ਹੈ ਕਿ ਉਹ ਦਹਿਸ਼ਤੀ ਢਾਂਚੇ ਨੂੰ ਖਤਮ ਕਰਨ ਅਤੇ ਹੋਰ ਮੁਲਕਾਂ ਖਿਲਾਫ਼ ਅਤਿਵਾਦ ਦੀ ਕੀਤੀ ਜਾ ਰਹੀ ਵਰਤੋਂ ਨੂੰ ਨਕਾਰਨ। ਇਸ ਐਲਾਨ ਨੂੰ ਪਾਕਿਸਤਾਨ ਖਿਲਾਫ਼ ਦੇਖਿਆ ਜਾ ਰਿਹਾ ਹੈ। ਪ੍ਰਧਾਨ ਮੰਤਰੀ ਨਰੇਂਦਰ ਮੋਦੀ ਅਤੇ ਸਾਊਦੀ ਸ਼ਾਹ ਸਲਮਾਨ ਬਿਨ ਅਬਦੁਲ ਅਜ਼ੀਜ਼ ਤੇ ਵਫ਼ਦ ਪੱਧਰ ਦੀ ਗੱਲਬਾਤ ਤੋਂ ਬਾਅਦ ਇਹ ਐਲਾਨ ਕੀਤਾ ਗਿਆ ਜਿਸ ਦੌਰਾਨ ਦੋਹਾਂ ਮੁਲਕਾਂ ਵਿਚਕਾਰ ਪੰਜ ਸਮਝੌਤਿਆਂ 'ਤੇ ਦਸਤਖਤ ਵੀ ਹੋਏ। ਇਸ ਦੌਰਾਨ ਪ੍ਰਧਾਨ ਮੰਤਰੀ ਮੋਦੀ ਨੂੰ ਸਾਊਦੀ ਅਰਬ ਦੇ ਸਰਵਉਚ ਸਨਮਾਨ ਸ਼ਾਹ ਅਬਦੁਲ ਅਜ਼ੀਜ਼ ਸੈਸ਼ ਨਾਲ ਨਿਵਾਜਿਆ ਗਿਆ। ਦੋਵੇਂ ਮੁਲਕਾਂ ਨੇ ਕਿਹਾ ਹੈ ਕਿ ਜਿਨ੍ਹਾਂ ਦੀ ਧਰਤੀ ਤੋਂ ਦਹਿਸ਼ਤਗਰਦਾਂ ਨੂੰ ਸ਼ਹਿ ਮਿਲ ਰਹੀ ਹੈ, ਉਨ੍ਹਾਂ ਨੂੰ ਵਿੱਤੀ ਅਤੇ ਹੋਰ ਹਮਾਇਤ ਬੰਦ ਕਰ ਦਿੱਤੀ ਜਾਣੀ ਚਾਹੀਦੀ ਹੈ।



ਦੋਵੇਂ ਮੁਲਕਾਂ ਵਿਚਕਾਰ ਹੋਏ ਸਮਝੌਤਿਆਂ ਵਿਚ ਕਾਲੇ ਧਨ ਨੂੰ ਸਫੈਦ ਕਰਨ ਦੇ ਖੇਤਰ ਵਿਚ ਆਪਸੀ ਸਹਿਯੋਗ ਵਧਾਉਂਦਿਆਂ ਖੁਫੀਆ ਸੂਚਨਾਵਾਂ ਦੇ ਆਦਾਨ-ਪ੍ਰਦਾਨ, ਦਹਿਸ਼ਤੀਆਂ ਨੂੰ ਧਨ ਮੁਹੱਈਆ ਕਰਾਉਣ ਅਤੇ ਉਸ ਨਾਲ ਸਬੰਧਤ ਅਪਰਾਧਾਂ, ਭਾਰਤ ਤੇ ਸਾਊਦੀ ਅਰਬ ਵਿਚਕਾਰ ਮਜ਼ਦੂਰਾਂ ਨੂੰ ਲੈ ਕੇ ਆਪਸੀ ਸਹਿਯੋਗ, ਨਿਵੇਸ਼ ਨੂੰ ਹੁਲਾਰਾ ਦੇਣ ਅਤੇ ਹੋਰ ਖੇਤਰਾਂ ਵਿਚ ਤਾਲਮੇਲ ਵਧਾਉਣਾ ਸ਼ਾਮਲ ਹੈ।

ਸਾਊਦੀ ਅਰਬ ਅਤੇ ਪਾਕਿਸਤਾਨ ਦੇ ਮਜ਼ਬੂਤ ਸਬੰਧ ਹਨ ਅਤੇ ਸਾਊਦੀ ਅਰਬ ਦੇ ਦਹਿਸ਼ਤਗਰਦੀ ਖਿਲਾਫ਼ ਤਿੱਖੇ ਸੁਰ ਅਹਿਮ ਹਨ। ਇਕ ਅਧਿਕਾਰੀ ਨੇ ਪ੍ਰਧਾਨ ਮੰਤਰੀ ਮੋਦੀ ਦੇ ਹਵਾਲੇ ਨਾਲ ਕਿਹਾ ਕਿ ਗੱਲਬਾਤ ਤੋਂ ਬਾਅਦ ਦੁਵੱਲੇ ਰਿਸ਼ਤਿਆਂ ਵਿਚ ਨਵੀਂ ਤਾਜ਼ਗੀ ਆਈ ਹੈ। ਸ੍ਰੀ ਮੋਦੀ ਅਤੇ ਸ਼ਾਹ ਸਲਮਾਨ ਵੱਲੋਂ ਜਾਰੀ ਕੀਤੇ ਗਏ ਸਾਂਝੇ ਬਿਆਨ ਵਿਚ ਦੋਹਾਂ ਨੇ ਕਿਸੇ ਖਾਸ ਨਸਲ, ਧਰਮ ਜਾਂ ਸਭਿਆਚਾਰ ਨੂੰ ਦਹਿਸ਼ਤਗਰਦੀ ਨਾਲ ਜੋੜਨ ਦੀ ਕੋਸ਼ਿਸ਼ ਨੂੰ ਸਿਰੇ ਤੋਂ ਖਾਰਜ ਕਰ ਦਿੱਤਾ। ਦੋਹਾਂ ਆਗੂਆਂ ਨੇ ਹੋਰ ਮੁਲਕਾਂ ਨੂੰ ਅਪੀਲ ਕੀਤੀ ਕਿ ਉਹ ਦਹਿਸ਼ਤਗਰਦ ਜਥੇਬੰਦੀਆਂ ਨੂੰ ਹਮਾਇਤ ਦੇਣ ਵਾਲੇ ਮੁਲਕਾਂ ਖਿਲਾਫ਼ ਕਾਰਵਾਈ ਕਰਨ ਤਾਂ ਜੋ ਦੁਨੀਆਂ 'ਚੋਂ ਦਹਿਸ਼ਤਗਰਦੀ ਦਾ ਮਾਹੌਲ ਖਤਮ ਕੀਤਾ ਜਾ ਸਕੇ।

**Punjab Times**

**Established in 2000**
**17th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018

**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Editor:**
Amolak Singh Jammu
**Astt. Editors:**
Jaspreet Kaur
Kuljeet Singh

**Our Columnists**
Ashok Bhaura
Tarlochan Singh Dupalpur
Baljit Basi
Major Kular

**California:**
Shiara Dhindsa
Photographer
661-703-6664

**Bay Area**
Charanjit Singh Pannu
408-608-4961

**Sacramento**
Gurbarinder Singh Raja
916-533-2678

**Distributed in:**
California, Illinois, Indiana, Ohio, Michigan, Wisconsin, Missisipi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 100 ਡਾਲਰ**
**ਪੰਜ ਸਾਲ ਲਈ: 450 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਰਾਜ ਤੰਤਰ ਦਾ ਪੱਖਪਾਤੀ ਰਵੱਈਆ ਅਤੇ ਜੁਝਾਰੂ ਲੋਕ

ਹਾਲ ਹੀ ਵਿਚ ਦਿੱਲੀ ਪੁਲਿਸ ਨੇ ਜੇ.ਐਨ.ਯੂ. ਦੇ 21 ਪ੍ਰੋਫੈਸਰਾਂ ਉਪਰ ਨਜ਼ਰ ਰੱਖਣ ਲਈ ਉਨ੍ਹਾਂ ਦੀ ਸੂਚੀ ਯੂਨੀਵਰਸਿਟੀ ਪ੍ਰਸ਼ਾਸਨ ਨੂੰ ਭੇਜੀ ਹੈ। ਉਧਰ ਸੀ.ਬੀ.ਆਈ. ਦੀ ਖ਼ਾਸ ਅਦਾਲਤ ਨੇ ਗੁਜਰਾਤ ਦੇ ਪੁਲਿਸ ਅਧਿਕਾਰੀ ਡੀ.ਜੀ. ਵਣਜਾਰਾ ਉਪਰ ਆਪਣੇ ਸੂਬੇ ਵਿਚ ਜਾਣ 'ਤੇ ਲਗਾਈ ਪਾਬੰਦੀ ਹਟਾ ਦਿੱਤੀ ਹੈ। ਉਹ ਹੁਣ ਗੁਜਰਾਤ ਜਾ ਕੇ ਦੋਵਾਂ ਮਾਮਲਿਆਂ ਦੇ ਗਵਾਹਾਂ ਨੂੰ ਡਰਾਉਣ-ਧਮਕਾਉਣ ਲਈ ਆਜ਼ਾਦ ਹੈ। ਇਨ੍ਹਾਂ ਦੋਵਾਂ ਖ਼ਬਰਾਂ ਦੀ ਸਾਂਝੀ ਤੰਦ ਇਹ ਹੈ ਕਿ ਲੋਕਾਂ ਦੇ ਜਾਨ-ਮਾਲ ਦੀ ਸੁਰੱਖਿਆ ਲਈ ਬਣਾਈਆਂ ਏਜੰਸੀਆਂ ਸ਼ਰੇਆਮ ਸੱਤਾਧਾਰੀ ਧਿਰ ਦੀਆਂ ਜੇਬੀ ਏਜੰਸੀਆਂ ਵਜੋਂ ਕੰਮ ਕਰ ਰਹੀਆਂ ਹਨ। ਇਹ ਹੁਕਮਰਾਨਾਂ 'ਤੇ ਮੁਨੱਸਰ ਹੈ ਕਿ ਇਨ੍ਹਾਂ ਏਜੰਸੀਆਂ ਕੋਲੋਂ ਕਿਸ ਉਪਰ ਹਮਲਾ ਕਰਵਾਉਣਾ ਹੈ ਅਤੇ ਕਿਸ ਉੱਪਰ ਨਜ਼ਰੇ-ਇਨਾਇਤ ਰੱਖਣੀ ਹੈ।

'ਖੱਬੇ ਝੁਕਾਅ' ਵਾਲੇ 21 ਪ੍ਰੋਫੈਸਰ ਭਗਵੇਂ ਬਰਗੇਡ ਦੀ ਅੱਖ ਦਾ ਰੋੜਾ ਹਨ, ਕਿਉਂਕਿ ਉਹ ਨਾ ਸਿਰਫ਼ ਸੰਘ ਪਰਿਵਾਰ ਦੇ ਗੁਪਤ ਏਜੰਡੇ ਦਾ ਤਿੱਖਾ ਵਿਰੋਧ ਕਰ ਰਹੇ ਹਨ, ਬਲਕਿ ਆਪਣੇ ਵਿਦਿਆਰਥੀਆਂ ਅਤੇ ਜੇ.ਐਨ.ਯੂ. ਦੀ ਜਮਹੂਰੀ ਰਵਾਇਤ ਦੀ ਹਿਫ਼ਾਜ਼ਤ ਲਈ ਡਟ ਕੇ ਖੜ੍ਹੇ ਅਤੇ ਅੱਗੇ ਹੋ ਕੇ ਲੜੇ ਹਨ। ਅਧਿਆਪਕਾਂ ਤੇ ਵਿਦਿਆਰਥੀਆਂ ਦੇ ਜ਼ਬਰਦਸਤ ਵਿਰੋਧ ਨੂੰ ਦੇਖਦੇ ਹੋਏ ਵਾਈਸ ਚਾਂਸਲਰ ਦੀ ਪੁਲਿਸ ਨੂੰ ਕੈਂਪਸ ਅੰਦਰ ਜਾਣ ਦੀ ਇਜਾਜ਼ਤ ਦੇਣ ਦੀ ਹਿੰਮਤ ਨਹੀਂ ਸੀ ਪਈ।

ਸੰਵਿਧਾਨ ਦੀ ਧਾਰਾ 19 ਅਨੁਸਾਰ ਕਿਸੇ ਵੀ ਵਿਚਾਰਧਾਰਾ ਦੇ ਧਾਰਨੀ ਹੋਣ ਦੀ ਆਜ਼ਾਦੀ ਨਾਗਰਿਕਾਂ ਦਾ ਬੁਨਿਆਦੀ ਹੱਕ ਹੈ ਅਤੇ ਹਿੰਦੁਸਤਾਨ ਵਿਚ 'ਖੱਬੇਪੱਖੀ ਹੋਣਾ' ਜਾਂ 'ਖੱਬਾ ਝੁਕਾਅ' ਗ਼ੈਰਕਾਨੂੰਨੀ ਕਾਰਵਾਈ ਨਹੀਂ ਹੈ। ਪੱਛਮੀ ਬੰਗਾਲ, ਕੇਰਲਾ ਅਤੇ ਤ੍ਰਿਪੁਰਾ ਵਰਗੇ ਸੂਬਿਆਂ ਵਿਚ ਖੱਬੇਪੱਖੀ ਪਾਰਟੀਆਂ ਦਹਾਕਿਆਂ ਤਕ ਸੱਤਾਧਾਰੀ ਰਹੀਆਂ (ਤ੍ਰਿਪੁਰਾ ਵੀ ਹੁਣ ਵੀ ਸੱਤਾਧਾਰੀ ਹਨ)। ਇਸ ਦੇ ਬਾਵਜੂਦ ਜੇ ਦਿੱਲੀ ਪੁਲਿਸ ਵਲੋਂ ਖੱਬੇਪੱਖੀ ਝੁਕਾਅ ਵਾਲੇ ਪ੍ਰੋਫੈਸਰਾਂ ਦੀ ਬਾਕਾਇਦਾ ਜਾਸੂਸੀ ਦੇ ਆਦੇਸ਼ ਦਿੱਤੇ ਜਾ ਰਹੇ ਹਨ ਤਾਂ ਇਹ ਇਨ੍ਹਾਂ ਸਰਕਾਰੀ ਏਜੰਸੀਆਂ ਦੇ ਸੰਘ ਪਰਿਵਾਰ ਦੇ ਇਸ਼ਾਰਿਆਂ 'ਤੇ ਕੰਮ ਕਰਨ ਦਾ ਸਾਫ਼ ਸੰਕੇਤ ਹਨ। ਦੂਜੇ ਪਾਸੇ, ਗੁਜਰਾਤ ਦੇ ਦੋ ਚਰਚਿਤ ਫਰਜ਼ੀ ਮੁਕਾਬਲਿਆਂ ਦੇ ਦੋਸ਼ੀ ਸੇਵਾਮੁਕਤ ਪੁਲਿਸ ਅਧਿਕਾਰੀ ਡੀ.ਜੀ.ਵਣਜਾਰਾ ਨੂੰ ਨਿਆਂ ਅਤੇ ਸੁਰੱਖਿਆ ਦੀਆਂ ਏਜੰਸੀਆਂ ਬਹੁਤ ਹੀ ਗੰਭੀਰ ਦੋਸ਼ਾਂ ਦੇ ਬਾਵਜੂਦ ਛੋਟ-ਦਰ-ਛੋਟ ਦੇ ਰਹੀਆਂ ਹਨ। ਸਤੰਬਰ 2014 ਵਿਚ ਉਸ ਨੂੰ ਬੰਬੇ ਹਾਈਕੋਰਟ ਵਲੋਂ ਸੋਹਰਾਬੂਦੀਨ ਮਾਮਲੇ ਵਿਚ ਜ਼ਮਾਨਤ ਦੇ ਦਿੱਤੀ ਗਈ। ਫਰਵਰੀ 2015 ਵਿਚ ਸੀ.ਬੀ.ਆਈ. ਦੀ ਵਿਸ਼ੇਸ਼ ਅਦਾਲਤ ਨੇ ਉਸ ਨੂੰ ਇਸ਼ਰਤ ਜਹਾਂ ਮਾਮਲੇ ਵਿਚ ਜ਼ਮਾਨਤ ਦੇ ਕੇ ਰਿਹਾਅ ਕਰ ਦਿੱਤਾ, ਪਰ ਗੁਜਰਾਤ ਜਾਣ 'ਤੇ ਪਾਬੰਦੀ ਆਇਦ ਕੀਤੀ।

ਬੰਬੇ ਹਾਈਕੋਰਟ ਵਲੋਂ ਉਸ ਦੇ ਮੁੰਬਈ ਵਿਚ ਹੀ ਰਹਿਣ ਦੀ ਪਾਬੰਦੀ ਹਟਾਉਣ ਤੋਂ ਬਾਅਦ, ਵਣਜਾਰਾ ਨੇ ਅਹਿਮਦਾਬਾਦ ਸਪੈਸ਼ਲ ਸੀ.ਬੀ.ਆਈ. ਅਦਾਲਤ ਵਿਚ ਅਰਜ਼ੀ ਦੇ ਦਿੱਤੀ ਕਿ ਜ਼ੈੱਡ ਸ਼੍ਰੇਣੀ ਦੀ ਸੁਰੱਖਿਆ ਵਾਲਾ ਵਿਅਕਤੀ ਹੋਣ ਕਾਰਨ ਉਸ ਨੂੰ ਦਾਊਦ ਇਬਰਾਹਿਮ ਅਤੇ ਛੋਟਾ ਸ਼ਕੀਲ ਵਰਗੇ ਕੌਮਾਂਤਰੀ ਮੁਜਰਿਮਾਂ ਦੇ ਸ਼ਹਿਰ ਮੁੰਬਈ ਵਿਚ ਰਹਿਣ ਕਰ ਕੇ ਉਸ ਦੀ ਜਾਨ ਨੂੰ ਖ਼ਤਰਾ ਹੈ ਅਤੇ ਉਹ ਚਮੜੀ ਦੀ ਐਲਰਜੀ ਦਾ ਮਰੀਜ਼ ਵੀ ਹੈ ਜਿਸ ਨੂੰ ਡਾਕਟਰਾਂ ਨੇ ਘਰ ਦਾ ਖਾਣਾ ਹੀ ਖਾਣ ਦਾ ਮਸ਼ਵਰਾ ਦਿੱਤਾ ਹੈ। ਸੀ.ਬੀ.ਆਈ. ਅਦਾਲਤ ਨੇ ਉਸ ਦੀ ਦਰਖ਼ਾਸਤ ਨੂੰ ਵਾਜਬ ਮੰਨ ਕੇ ਉਸ ਨੂੰ ਗੁਜਰਾਤ ਜਾਣ ਦੀ ਇਜਾਜ਼ਤ ਦੇ ਦਿੱਤੀ ਹੈ।

ਜ਼ਰਾ ਇਸ ਦਾ ਮੁਕਾਬਲਾ 90 ਫੀਸਦੀ ਅਪਾਹਜ ਪ੍ਰੋਫੈਸਰ ਜੀ.ਐਨ. ਸਾਈਬਾਬਾ ਦੇ ਮਾਮਲੇ ਨਾਲ ਕਰੋ ਜਿਸ ਨੂੰ ਹਾਲ ਹੀ ਵਿਚ 4 ਅਪ੍ਰੈਲ ਨੂੰ ਲੰਮੀ ਕਾਨੂੰਨੀ ਲੜਾਈ ਲੜਨ ਤੋਂ ਬਾਅਦ ਜ਼ਮਾਨਤ ਮਿਲੀ ਹੈ। ਨਾਗਪੁਰ ਜੇਲ੍ਹ ਦੇ ਨਿਹਾਇਤ ਜ਼ਾਲਮ ਹਾਲਾਤ ਵਿਚ ਬੰਦ ਰਹਿਣ ਕਾਰਨ ਉਹ ਇਲਾਜ ਲਈ ਜ਼ਮਾਨਤ ਉਪਰ ਸੀ ਪਰ ਇਸੇ ਬੰਬੇ ਹਾਈ ਕੋਰਟ ਦੇ ਨਾਗਪੁਰ ਬੈਂਚ ਨੇ ਚੱਲ ਰਹੇ ਇਲਾਜ ਦੌਰਾਨ ਹੀ 25 ਦਸੰਬਰ ਨੂੰ ਉਸ ਨੂੰ ਦੁਬਾਰਾ ਜੇਲ੍ਹ ਵਿਚ ਡੱਕ ਦਿੱਤਾ ਸੀ। ਜ਼ਾਹਿਰ ਹੈ ਕਿ ਇਸ ਪਿੱਛੇ ਮੋਦੀ ਸਰਕਾਰ ਦਾ ਹੱਥ ਸੀ ਜੋ ਨਹੀਂ ਸੀ ਚਾਹੁੰਦੀ ਕਿ ਆਦਿਵਾਸੀਆਂ ਦੇ ਹੱਕਾਂ ਲਈ ਆਵਾਜ਼ ਉਠਾਉਣ ਵਾਲਾ ਪ੍ਰੋਫੈਸਰ ਜ਼ਮਾਨਤ 'ਤੇ ਰਹੇ।

ਇਹ ਚੰਦ ਮਿਸਾਲਾਂ ਸਪਸ਼ਟ ਕਰਦੀਆਂ ਹਨ ਕਿ ਇਹ ਰਾਜ ਪ੍ਰਬੰਧ ਕਿਨ੍ਹਾਂ ਤਾਕਤਾਂ ਦੇ ਹਿੱਤਾਂ ਲਈ ਕੰਮ ਕਰਦਾ ਹੈ।

*-ਬੂਟਾ ਸਿੰਘ*

## ਝੂਠੇ ਪੁਲਿਸ ਮੁਕਾਬਲੇ ਨੇ ਅੱਲੇ ਜ਼ਖਮ ਉਚੇੜੇ

*(ਸਫਾ ਇਕ ਦੀ ਬਾਕੀ)*

ਯਾਤਰੀ ਹੋਰ ਲੋਕਾਂ ਨਾਲ ਧਾਰਮਿਕ ਯਾਤਰਾ 'ਤੇ ਆਏ ਹੋਏ ਸਨ। ਇਹ ਤੱਥ ਸਾਹਮਣੇ ਆਉਣ ਤੋਂ ਬਾਅਦ ਲੰਬੀ ਕਾਨੂੰਨੀ ਕਾਰਵਾਈ ਸ਼ੁਰੂ ਹੋਈ।

ਅਦਾਲਤ ਨੇ 181 ਸਫ਼ਿਆਂ ਦੇ ਫੈਸਲੇ ਵਿਚ ਕਿਹਾ ਕਿ ਦੋਸ਼ੀਆਂ ਨੇ ਉਸ ਵਕਤ ਪੰਜਾਬ ਵਿਚ ਝੁੱਲ ਰਹੀ ਦਹਿਸ਼ਤਗਰਦੀ ਦੀ ਹਨ੍ਹੇਰੀ ਦਾ ਲਾਹਾ ਲੈਂਦਿਆਂ ਤਰੱਕੀਆਂ ਹਾਸਲ ਕਰਨ ਲਈ ਇਹ ਘਿਨਾਉਣਾ ਜੁਰਮ ਕੀਤਾ ਸੀ। ਸੀ.ਬੀ.ਆਈ. ਮੁਤਾਬਕ 12 ਜੁਲਾਈ ਨੂੰ ਸ਼ਰਧਾਲੂਆਂ ਦੀ ਭਰੀ ਬੱਸ ਜਦੋਂ ਪੀਲੀਭੀਤ ਜਾ ਰਹੀ ਸੀ ਤਾਂ ਪੁਲਿਸ ਨੇ ਇਸ ਨੂੰ ਕਚਲਾਪੁਲ ਘਾਟ ਉਤੇ ਰੋਕ ਕੇ 11 ਮਰਦ ਸ਼ਰਧਾਲੂਆਂ ਨੂੰ ਜਬਰੀ ਲਾਹ ਲਿਆ। ਇਹ ਸ਼ਰਧਾਲੂ ਗੁਰਦੁਆਰਾ ਪਟਨਾ ਸਾਹਿਬ ਤੇ ਹੋਰ ਧਾਰਮਿਕ ਸਥਾਨਾਂ ਦੇ ਦਰਸ਼ਨ ਕਰ ਕੇ ਪਰਤ ਰਹੇ ਸਨ। ਪੁਲਿਸ ਨੇ ਬਸ ਵਿਚ ਬਾਕੀ ਬਚੇ ਬੱਚਿਆਂ ਤੇ ਔਰਤਾਂ ਨੂੰ ਪੀਲੀਭੀਤ ਦੇ ਗੁਰਦੁਆਰੇ ਭੇਜ ਦਿੱਤਾ ਤੇ 11 ਮਰਦ ਸ਼ਰਧਾਲੂਆਂ ਨੂੰ ਵੱਖਰੇ ਵਾਹਨ ਵਿਚ ਬਿਠਾ ਲਿਆ ਸੀ। ਬਾਅਦ ਵਿਚ ਉਨ੍ਹਾਂ ਨਾਲ ਹੋਰ ਪੁਲਿਸ ਫੋਰਸ ਆਣ ਰਲੀ ਤੇ ਸਿੱਖ ਸ਼ਰਧਾਲੂਆਂ ਨੂੰ ਤਿੰਨ ਟੋਲੀਆਂ ਵਿਚ ਵੰਡ ਦਿੱਤਾ ਗਿਆ। ਫਿਰ ਉਨ੍ਹਾਂ ਨੂੰ 12 ਤੇ 13 ਜੁਲਾਈ ਦੀ ਰਾਤ ਨੂੰ ਪੀਲੀਭੀਤ ਦੇ ਤਿੰਨ ਪੁਲਿਸ ਥਾਣਿਆਂ-ਬਿਲਸੰਦਾ, ਨਿਊਰੀਆ ਤੇ ਪੂਰਨਪੁਰ ਦੇ ਜੰਗਲਾਂ ਵਿਚ ਲਿਜਾ ਕੇ ਤਿੰਨ ਝੂਠੇ ਪੁਲੀਸ ਮੁਕਾਬਲੇ ਬਣਾ ਕੇ ਮਾਰ ਦਿੱਤਾ ਗਿਆ। ਅਗਲੇ ਦਿਨ ਪੁਲਿਸ ਨੇ ਦਸ ਲਾਸ਼ਾਂ ਦਾ ਪੋਸਟਮਾਰਟਮ ਕਰਵਾ ਕੇ ਉਨ੍ਹਾਂ ਦਾ ਉਸੇ ਦਿਨ ਅਣਪਛਾਤੇ ਕਰਾਰ ਦੇ ਕੇ ਸਸਕਾਰ ਕਰ ਦਿੱਤਾ ਸੀ। ਇਕ ਸ਼ਰਧਾਲੂ ਦਾ ਕੋਈ ਥਹੁ-ਪਤਾ ਨਹੀਂ ਸੀ ਲੱਗ ਸਕਿਆ। ਇਸ ਮਾਮਲੇ ਵਿਚ ਕੁੱਲ 57 ਪੁਲਿਸ ਮੁਲਾਜ਼ਮਾਂ 'ਤੇ ਦੋਸ਼ ਲਾਏ ਗਏ ਸਨ, ਪਰ ਦਸ ਪੁਲਿਸ ਮੁਲਾਜ਼ਮਾਂ ਦੀ ਮੌਤ ਫੈਸਲਾ ਆਉਣ ਤੋਂ ਪਹਿਲਾਂ ਹੀ ਹੋ ਚੁੱਕੀ ਹੈ।

## 'ਆਪ' ਨੇ ਸਬੂਤਾਂ ਸਮੇਤ ਮਜੀਠੀਆ ਨੂੰ ਘੇਰਿਆ

*(ਸਫਾ ਇਕ ਦੀ ਬਾਕੀ)*

ਮੰਤਰੀ ਉਪ ਮੁੱਖ ਮੰਤਰੀ ਸੁਖਬੀਰ ਬਾਦਲ ਦਾ ਸਾਲਾ ਅਤੇ ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ ਦਾ ਭਰਾ ਹੈ ਜਿਸ ਕਾਰਨ ਪੰਜਾਬ ਪੁਲਿਸ ਨੇ ਉਸ ਦੇ ਡਰੱਗ ਤਸਕਰਾਂ ਨਾਲ ਸਬੰਧਾਂ ਨੂੰ ਸਾਬਤ ਕਰਨ ਵਾਲੇ ਸਬੂਤਾਂ ਨੂੰ ਖਤਮ ਕਰਨ ਦੀ ਕੋਸ਼ਿਸ਼ ਕੀਤੀ। ਉਨ੍ਹਾਂ ਦੋਸ਼ ਲਾਇਆ ਪੰਜਾਬ ਪੁਲਿਸ ਨੇ ਹੋਰ ਵਿਅਕਤੀਆਂ ਨੂੰ ਗ੍ਰਿਫ਼ਤਾਰ ਕਰਨ ਵਿਚ ਤਾਂ ਫੁਰਤੀ ਦਿਖਾਈ, ਪਰ ਮਜੀਠੀਆ ਵਿਰੁੱਧ ਕੋਈ ਕਾਰਵਾਈ ਨਾ ਕੀਤੀ। ਮੰਤਰੀ ਵੱਲੋਂ ਤਸਕਰਾਂ ਨੂੰ ਪੰਜਾਬ ਪੁਲਿਸ ਦੇ ਗੰਨਮੈਨ, ਸਰਕਾਰੀ ਗੱਡੀਆਂ, ਘਰ ਅਤੇ ਰਾਜਨੀਤਕ ਸਰਪ੍ਰਸਤੀ ਦਿੱਤੀ ਜਿਸ ਕਾਰਨ ਸਾਰਾ ਕੁੱਝ ਸ਼ੱਕੀ ਹੈ। ਉਨ੍ਹਾਂ ਮਾਲ ਮੰਤਰੀ ਵੱਲੋਂ ਕਈ ਵਾਰ ਕੈਨੇਡਾ ਜਾਣ ਦੌਰਾਨ ਹਵਾਲਾ ਰਾਹੀਂ ਧਨ ਇਧਰ ਉਧਰ ਕਰਨ ਤੇ ਜਾਇਦਾਦ ਬਣਾਉਣ ਦੇ ਦੋਸ਼ ਵੀ ਲਾਏ। ਉਧਰ, ਸ਼੍ਰੋਮਣੀ ਅਕਾਲੀ ਦਲ ਦੇ ਬੁਲਾਰੇ ਡਾ. ਦਲਜੀਤ ਸਿੰਘ ਚੀਮਾ ਅਤੇ ਮਹੇਸ਼ਇੰਦਰ ਸਿੰਘ ਗਰੇਵਾਲ ਨੇ ਆਮ ਆਦਮੀ ਪਾਰਟੀ ਦੇ ਨੇਤਾਵਾਂ ਦੇ ਦੋਸ਼ਾਂ ਨੂੰ ਝੂਠ ਦਾ ਪੁਲੰਦਾ ਕਰਾਰ ਦਿੱਤਾ ਹੈ। ਉਨ੍ਹਾਂ ਦਾਅਵਾ ਕੀਤਾ ਕਿ ਮਜੀਠੀਆ 2007 ਤੋਂ ਬਾਅਦ ਕਦੇ ਕੈਨੇਡਾ ਨਹੀਂ ਗਏ।

## ਦਸਤਾਵੇਜ਼ ਬੋਲਦੇ ਹਨ...

*(ਸਫਾ ਇਕ ਦੀ ਬਾਕੀ)*

ਦੀ ਸੁਰੱਖਿਆ 'ਚ ਆਉਂਦੇ ਸਨ?
ਚਹਿਲ- ਸਿਰਫ ਸੱਤੇ ਨੂੰ ਮਜੀਠੀਆ ਨੇ ਆਪਣੇ ਸੁਰੱਖਿਆ ਗਾਰਡ ਦਿੱਤੇ ਸਨ। ਬਾਕੀ ਬਿਨਾ ਸੁਰੱਖਿਆ ਦੇ ਆਉਂਦੇ ਸਨ।
ਈ.ਡੀ.- ਬਿਕਰਮ ਮਜੀਠੀਆ ਨਾਲ ਤੁਹਾਡੇ ਕੀ ਸਬੰਧ ਸਨ? ਕੀ ਉਹ ਤੁਹਾਡੇ ਘਰ ਆਉਂਦੇ ਸਨ?
ਚਹਿਲ- ਮਜੀਠੀਆ ਜਾਣਕਾਰ ਤੇ ਪਰਿਵਾਰਕ ਤੌਰ 'ਤੇ ਮੇਰੇ ਘਰ ਆਉਂਦੇ ਸਨ।
ਈ.ਡੀ.- ਕੀ ਮਜੀਠੀਆ ਨੇ ਸਤਪ੍ਰੀਤ ਸੱਤਾ ਨੂੰ ਕੋਈ ਗੱਡੀ ਦਿੱਤੀ ਸੀ?
ਚਹਿਲ- ਮਜੀਠੀਆ ਨੇ ਸੱਤਾ ਨੂੰ ਗੰਨਮੈਨ, ਡਰਾਈਵਰ ਤੇ ਇਨੋਵਾ ਗੱਡੀ ਦਿੱਤੀ ਸੀ।
ਈ.ਡੀ. - ਸੱਤਾ, ਪਿੰਦੀ ਤੇ ਲਾਡੀ ਭਾਰਤ ਆਉਂਦੇ ਤਾਂ ਕਿੱਥੇ ਰਹਿੰਦੇ ਸਨ?
ਚਹਿਲ- ਬਿਕਰਮ ਮਜੀਠੀਆ ਦੇ ਅੰਮ੍ਰਿਤਸਰ ਵਾਲੇ ਘਰ 43, ਗ੍ਰੀਨ ਐਵੇਨਿਊ ਤੇ ਚੰਡੀਗੜ੍ਹ ਦੇ ਸੈਕਟਰ-39 ਵਾਲੀ ਸਰਕਾਰੀ ਕੋਠੀ ਵਿਚ।
ਈ.ਡੀ.- ਤਿੰਨੇ ਮਜੀਠੀਆ ਦੇ ਘਰ ਕਿਉਂ ਰੁਕਦੇ ਸਨ? ਕੀ ਕੰਮ ਕਰਦੇ ਸਨ?
ਚਹਿਲ- ਤਿੰਨੇ ਸੂਡੋ ਐਫੇਡ੍ਰਾਈਨ ਕੈਨੇਡਾ ਲੈ ਕੇ ਜਾਂਦੇ ਸਨ। ਮਜੀਠੀਆ ਦੇ ਸ਼ਾਮਲ ਹੋਣ ਬਾਰੇ ਨਹੀਂ ਪਤਾ।
ਈ.ਡੀ.- ਕੀ ਮਜੀਠੀਆ ਨੇ ਤੁਹਾਨੂੰ ਕੈਨੇਡਾ ਵਾਸੀ ਪਿੰਦੀ ਤੇ ਸੱਤਾ ਨੂੰ ਡੇਢ ਕਰੋੜ ਦੀ ਸੂਡੋ ਐਫੇਡ੍ਰਾਈਨ ਵੇਚਣ ਲਈ ਕਿਹਾ ਸੀ? ਤੁਸੀਂ ਵੇਚੀ ਜਾਂ ਨਹੀਂ?
ਚਹਿਲ- ਮਜੀਠੀਆ ਨੇ ਕਿਹਾ ਸੀ, ਪਰ ਮੈਂ ਨਹੀਂ ਵੇਚੀ। ਉਸ ਵੇਲੇ ਸਾਡੇ ਕੋਲ ਕੋਟਾ ਨਹੀਂ ਸੀ।
ਈ.ਡੀ.- ਬਿਕਰਮ ਮਜੀਠੀਆ ਇਨ੍ਹਾਂ ਲੋਕਾਂ ਨੂੰ ਕੈਨੇਡਾ ਵਿਚ ਮਿਲਦੇ ਸਨ?
ਚਹਿਲ- ਮਜੀਠੀਆ ਕੈਨੇਡਾ ਵਿਚ ਸਤਪ੍ਰੀਤ ਸੱਤਾ ਨੂੰ ਮਿਲਦੇ ਸਨ।
ਈ.ਡੀ.- ਮਜੀਠੀਆ ਕੈਨੇਡਾ 'ਚ ਸੱਤਾ ਤੇ ਪਿੰਦੀ ਤੋਂ ਪੈਸੇ ਲੈਂਦੇ ਸਨ?
ਚਹਿਲ- ਮੈਨੂੰ ਪਤਾ ਹੈ ਕਿ ਮਜੀਠੀਆ ਕੈਨੇਡਾ ਜਾ ਕੇ ਲੋਕਾਂ ਤੋਂ ਪੈਸੇ ਲੈਂਦੇ ਸਨ।
ਈ.ਡੀ.- ਕੀ ਮਜੀਠੀਆ ਪਿੰਦੀ, ਸੱਤਾ ਤੇ ਲਾਡੀ ਨੂੰ ਭਾਰਤ 'ਚ ਪ੍ਰੋਟੈਕਸ਼ਨ ਦਿੰਦੇ ਸਨ?
ਚਹਿਲ- ਮਜੀਠੀਆ ਸਾਹਿਬ ਨੇ ਸੱਤਾ ਜੋ ਉਨ੍ਹਾਂ ਦੇ ਘਰ ਰਹਿੰਦਾ ਸੀ, ਨੂੰ ਸਰਕਾਰੀ ਗੰਨਮੈਨ ਦਿੱਤੇ ਸਨ।
ਈ.ਡੀ.- ਮਜੀਠੀਆ, ਸੱਤਾ, ਪਿੰਦੀ ਤੇ ਲਾਡੀ ਦੀਆਂ ਭਾਰਤ 'ਚ ਕਿਹੜੀਆਂ ਜਾਇਦਾਦਾਂ ਹਨ?
ਚਹਿਲ- ਲਾਡੀ ਦੀ ਅੰਮ੍ਰਿਤਸਰ ਦੀ ਛੇਹਰਟਾ ਦੇ ਸੰਧੂ ਕਲੋਨੀ 'ਚ ਕੋਠੀ ਹੈ। ਵਡਾਲੀ ਭਰਾਵਾਂ ਨਾਲ ਵਾਲੀ ਕੋਠੀ। ਬਾਕੀਆਂ ਬਾਰੇ ਨਹੀਂ ਪਤਾ।
ਈ.ਡੀ.- ਕੈਨੇਡਾ 'ਚ ਰਹਿ ਰਹੇ ਇਨ੍ਹਾਂ ਤਿੰਨਾਂ ਲੋਕਾਂ ਨੂੰ ਤੁਸੀਂ ਕਿਉਂ ਮਿਲਦੇ ਸੀ?
ਚਹਿਲ- ਮੈਂ ਇਨ੍ਹਾਂ ਨੂੰ ਬਿੱਟੂ ਔਲਖ ਨਾਲ ਤਿੰਨ ਵਾਰ ਮਿਲਿਆ। ਇਹ ਲੋਕ ਮੇਰੇ ਕੋਲ ਸੂਡੋ ਐਫੇਡ੍ਰਾਈਨ ਲੈਣ ਆਏ ਸਨ ਤੇ ਬਿੱਟੂ ਔਲਖ ਨੇ ਕਿਹਾ ਸੀ ਕਿ ਮਜੀਠੀਆ ਨੇ ਕਿਹਾ ਹੈ ਕਿ ਇਨ੍ਹਾਂ ਦੀ ਮਦਦ ਕਰਨੀ ਹੈ।
ਈ.ਡੀ.- ਕੀ ਤੁਸੀਂ ਮਜੀਠੀਆ ਨੂੰ ਕੋਈ ਰਕਮ ਦਿੱਤੀ? ਜੇਕਰ ਹਾਂ ਤਾਂ ਕਿਉਂ?
ਚਹਿਲ- 2007 ਤੋਂ 2012 ਤੱਕ ਮਜੀਠੀਆ ਨੂੰ ਤਕਰੀਬਨ 35 ਲੱਖ ਦਿੱਤੇ। ਉਨ੍ਹਾਂ ਨੂੰ ਚੋਣ ਪ੍ਰਚਾਰ ਲਈ ਲੋੜ ਸੀ। ਸੱਤ-ਅੱਠ ਵਾਰ ਈ.ਡੀ.- ਗ੍ਰੀਨ ਐਵੇਨਿਊ ਵਾਲੇ ਘਰ ਜਾ ਕੇ ਡਰਾਇੰਗ ਰੂਮ 'ਚ ਦਿੱਤੇ। ਸਰਕਾਰੀ ਪੀ.ਏ. ਕਰਤਾਰ ਸਿੰਘ ਨੂੰ ਫੋਨ ਕਰ ਕੇ ਜਾਂਦਾ ਸੀ।

**ਬਿੱਟੂ ਔਲਖ ਤੋਂ ਪੁੱਛਗਿੱਛ**

ਈ.ਡੀ.- ਸਤਪ੍ਰੀਤ ਸੱਤਾ ਕੈਨੇਡਾ ਤੋਂ ਭਾਰਤ ਆਉਂਦਾ ਤਾਂ ਕਿਥੇ ਰੁਕਦਾ ਸੀ?
ਬਿੱਟੂ ਔਲਖ- ਜਦੋਂ ਵੀ ਮੈਂ ਮਜੀਠੀਆ ਦੇ ਅੰਮ੍ਰਿਤਸਰ ਦੇ ਗ੍ਰੀਨ ਐਵੇਨਿਊ ਵਾਲੇ ਘਰ ਜਾਂਦਾ ਤਾਂ ਸੱਤਾ ਮਜੀਠੀਆ ਦੇ ਘਰ ਹੀ ਹੁੰਦਾ ਸੀ।
ਈ.ਡੀ.- ਸਤਪ੍ਰੀਤ ਸੱਤਾ ਕਿਹੜੇ ਸਮਿਆਂ 'ਚ ਮੰਤਰੀ ਬਿਕਰਮ ਮਜੀਠੀਆ ਦੇ ਘਰ ਰਹਿੰਦਾ ਸੀ?
ਬਿੱਟੂ ਔਲਖ- 2007 ਤੋਂ 2010 ਦੌਰਾਨ ਸੱਤਾ ਜਦੋਂ ਵੀ ਭਾਰਤ ਆਇਆ ਤਾਂ ਉਹ ਅੰਮ੍ਰਿਤਸਰ 'ਚ ਮਜੀਠੀਆ ਦੇ ਘਰ ਵਿਚ ਹੀ ਰੁਕਦਾ ਸੀ।

## ਪਨਾਮਾ ਖੁਲਾਸੇ: ਦੁਨੀਆਂ ਦੀਆਂ ਨਾਮੀ ਹਸਤੀਆਂ ਲਪੇਟੇ 'ਚ

**ਨਵੀਂ ਦਿੱਲੀ:** ਕਾਲੇ ਧਨ ਬਾਰੇ ਜਾਰੀ ਸੂਚੀ 'ਚ ਰੂਸ ਦੇ ਰਾਸ਼ਟਰਪਤੀ ਵਲਾਦਮੀਰ ਪੁਤਿਨ ਦੇ ਖਾਸ ਸਹਿਯੋਗੀ, ਅਦਾਕਾਰ ਅਮਿਤਾਭ ਬੱਚਨ ਤੇ ਐਸ਼ਵਰਿਆ ਰਾਏ ਬੱਚਨ ਸਮੇਤ ਦੁਨੀਆਂ ਦੇ ਕਈ ਦੇਸ਼ਾਂ ਦੇ ਤਾਕਤਵਰ ਲੋਕ ਸ਼ਾਮਲ ਹਨ। ਇਹ ਖੁਲਾਸਾ ਦੁਨੀਆਂ ਵਿਚ ਸਭ ਤੋਂ ਵੱਧ ਗੁਪਤ ਤਰੀਕੇ ਨਾਲ ਕੰਮ ਕਰਨ ਵਾਲੀ ਪਨਾਮਾ ਦੀ ਕੰਪਨੀ ਮੌਜ਼ੈਕ ਫੌਨਸੇਕਾ ਨੇ ਇਕ ਕਰੋੜ ਤੋਂ ਵੱਧ ਗੁਪਤ ਕਾਗਜ਼ਾਂ ਦੇ ਆਧਾਰ ਉਤੇ ਕੀਤਾ ਹੈ।

ਤਿੰਨ ਅਦਾਰਿਆਂ ਦੇ ਸਹਿਯੋਗ ਸਦਕਾ ਨਾਵਾਂ ਦੀ ਜਿਹੜੀ ਸੂਚੀ ਸਾਹਮਣੇ ਆਈ ਹੈ, ਉਸ ਵਿਚ ਘੱਟੋ ਘੱਟ 500 ਭਾਰਤੀ ਸ਼ਾਮਲ ਹਨ। ਵਿਕੀਲੀਕਸ ਵਾਂਗ ਇਹ ਦਸਤਾਵੇਜ਼ ਵੀ ਮੀਡੀਆ ਕੋਲ ਲੀਕ ਕੀਤੇ ਗਏ ਸਨ। 'ਪਨਾਮਾ ਪੇਪਰਜ਼' ਵਜੋਂ ਜਾਣੇ ਜਾਂਦੇ ਇਨ੍ਹਾਂ ਦਸਤਾਵੇਜ਼ਾਂ ਦੀ ਹੁਣ ਤੱਕ ਦੀ ਘੋਖ ਦੇ ਆਧਾਰ 'ਤੇ ਬਣੀ ਸੂਚੀ ਵਿਚ ਉਘੇ ਕਾਰੋਬਾਰੀ ਗੌਤਮ ਅਡਾਨੀ ਦੇ ਭਰਾ ਵਿਨੋਦ ਅਡਾਨੀ, ਅਮਿਤਾਭ ਬੱਚਨ, ਐਸ਼ਵਰਿਆ ਰਾਏ ਅਤੇ ਕੌਮੀ ਆਰਥਿਕ ਸਮਾਜਿਕ ਤਾਣੇ-ਬਾਣੇ ਨਾਲ ਜੁੜੀਆਂ ਕਈ ਮੁੱਖ ਸ਼ਖ਼ਸੀਅਤਾਂ ਸ਼ਾਮਲ ਹਨ। ਮੌਜ਼ੈਕ ਫੌਨਸੇਕਾ ਕਾਨੂੰਨੀ ਤੇ ਵਿਤੀ ਸੇਵਾਵਾਂ ਦੇਣ ਵਾਲੀ ਕੰਪਨੀ ਹੈ ਜੋ ਕਾਲਾ ਧਨ ਧਾਰਕਾਂ ਜਾਂ ਟੈਕਸ ਚੋਰਾਂ ਲਈ ਉਨ੍ਹਾਂ ਦੀ ਕਾਰਜ-ਭੂਮੀ ਤੋਂ ਦੂਸਰੇ ਦੇਸ਼ਾਂ ਵਿਚ ਕੰਪਨੀਆਂ ਦੀ ਖ਼ਰੀਦਦਾਰੀ ਅਤੇ ਇਸ ਰਾਹੀਂ ਕਾਲਾ ਧਨ ਚਿੱਟਾ ਬਣਾਉਣ ਜਾਂ ਹੋਰ ਹਰ ਤਰ੍ਹਾਂ ਦੀ ਸਰਮਾਇਆਸਾਜ਼ੀ ਦੇ ਜ਼ਰੀਏ ਮੁਹੱਈਆ ਕਰਦੀ ਹੈ। ਭਾਰਤ ਸਰਕਾਰ ਨੇ ਇਨ੍ਹਾਂ ਖ਼ੁਲਾਸਿਆਂ ਦੇ ਮੱਦੇਨਜ਼ਰ ਕਈ ਏਜੰਸੀਆਂ ਉੱਤੇ ਆਧਾਰਤ ਵਿਸ਼ੇਸ਼ ਜਾਂਚ ਗਰੁੱਪ (ਐਸ.ਆਈ.ਜੀ.) ਬਣਾਈ ਹੈ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਪ੍ਰੋ. ਜੋਗਿੰਦਰ ਸਿੰਘ ਰਮਦੇਵ
ਸਵਰਨਜੀਤ ਸਿੰਘ ਢਿਲੋਂ
ਅਮੋਲਕ ਸਿੰਘ ਗਾਖਲ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਬਲਵਿੰਦਰ ਸਿੰਘ ਸੰਧੂ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਜਸਵਿੰਦਰ ਸਿੰਘ (ਜੱਸੀ) ਗਿੱਲ
ਡਾ. ਹਰਗੁਰਮੁਖਪਾਲ ਸਿੰਘ
ਅਯੁਧਿਆ ਸਲਵਾਨ
ਡਾ. ਤੇਜਿੰਦਰ ਸਿੰਘ ਮੰਡੇਰ
ਸਰਬਜੀਤ ਸਿੰਘ ਥਿਆੜਾ
ਜਗਦੀਸ਼ਰ ਸਿੰਘ ਕਲੇਰ
ਦਰਸ਼ਨ ਸਿੰਘ ਦਰੜ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ

# ਪਾਕਿਸਤਾਨ ਵਿਚ ਪੰਜਾਬੀ ਫਿਲਮ 'ਅੰਬਰਸਰੀਆ' ਉਤੇ ਪਾਬੰਦੀ




**ਕਰਾਚੀ:** ਪਾਕਿਸਤਾਨ ਦੇ ਕੇਂਦਰੀ ਸੈਂਸਰ ਬੋਰਡ ਨੇ ਦਲਜੀਤ ਦੁਸਾਂਝ ਦੀ ਪੰਜਾਬੀ ਫਿਲਮ 'ਅੰਬਰਸਰੀਆ' ਉਤੇ ਪਾਬੰਦੀ ਲਾ ਦਿੱਤੀ ਹੈ। ਕਿਹਾ ਗਿਆ ਹੈ ਕਿ ਇਹ ਫਿਲਮ ਭਾਰਤ ਦੀ ਖੁਫੀਆ ਏਜੰਸੀ 'ਰਾਅ' ਉਤੇ ਕੇਂਦਰਤ ਹੈ।

ਸੈਂਸਰ ਬੋਰਡ ਨੇ ਫਿਲਮ ਵਿਤਰਕਾਂ ਦੀ ਨਜ਼ਰਸਾਨੀ ਅਪੀਲ ਵੀ ਖਾਰਜ ਕਰ ਦਿੱਤੀ ਹੈ। ਸੈਂਸਰ ਬੋਰਡ ਆਫ ਫਿਲਮ ਸਰਟੀਫਿਕੇਸ਼ਨ ਦੇ ਮੁਖੀ ਮੁਬਾਸ਼ਰ ਹਸਨ ਨੇ ਦੱਸਿਆ ਕਿ ਫਿਲਮ ਵਿਚ 'ਰਾਅ' ਬਾਰੇ ਬਹੁਤ ਜ਼ਿਆਦਾ ਹਵਾਲੇ ਹਨ ਜਿਨ੍ਹਾਂ ਦਾ ਸੰਪਾਦਨ ਵੀ ਸੰਭਵ ਨਹੀਂ ਹੈ। ਇਸ ਲਈ ਬੋਰਡ ਨੂੰ ਪਾਬੰਦੀ ਬਾਰੇ ਫੈਸਲਾ ਕਰਨਾ ਪਿਆ। ਪੰਜਾਬ ਅਤੇ ਸਿੰਧ ਦੇ ਸੈਂਸਰ ਬੋਰਡਾਂ ਨੇ ਵੀ ਫਿਲਮ 'ਤੇ ਪਾਬੰਦੀ ਲਾ ਦਿੱਤੀ ਹੈ।


## Prince's Barber Shop

37477 Fremont Blvd, suite C, Fremont, CA 94536

**Men & Children's Hair Cut**

*Threading
*Men's Facials
*Custom Designing
*Line-ups
*Custom Text
*Hair Coler
*Shave &
*Head Massage

ਇੰਡੀਆ ਅਤੇ ਅਮਰੀਕਾ ਦਾ 13 ਸਾਲ ਦਾ ਤਜ਼ਰਬਾ



**Business hours:**
Mon thru Thursday 9am to 8pm
Friday, Sat- Sunday- 9am to 7pm
(Tuesday Closed)



**Cell: (510)-677-9942**
**Shop: (510)-505-9605**
www.princebarbershop.com


# ਸੁਖਪਾਲ ਖਹਿਰਾ ਦੀ ਫਰਿਜ਼ਨੋ ਫੇਰੀ ਲਈ ਭਾਰੀ ਉਤਸ਼ਾਹ

**ਫਰਿਜ਼ਨੋ (ਬਿਊਰੋ):** ਆਮ ਆਦਮੀ ਪਾਰਟੀ ਦੇ ਮੁੱਖ ਬੁਲਾਰੇ ਸ. ਸੁਖਪਾਲ ਸਿੰਘ ਖਹਿਰਾ 19 ਅਪਰੈਲ ਨੂੰ ਫਰਿਜ਼ਨੋ ਪਹੁੰਚਣਗੇ ਜਿਥੇ ਉਹ ਐਡੀਸਨ ਸੋਸ਼ਲ ਕਲੱਬ (3325 ਵੈਸਟ ਕਲਿੰਟਨ ਐਵੇਨਿਊ) ਵਿਚ ਸ਼ਾਮ 6 ਵਜੇ ਫਰਿਜ਼ਨੋ ਵਾਸੀਆਂ ਨੂੰ ਸੰਬੋਧਨ ਕਰਨਗੇ। ਸ. ਖਹਿਰਾ ਦੀ ਇਸ ਫੇਰੀ ਲਈ ਆਮ ਪੰਜਾਬੀਆਂ ਵਿਚ ਬਹੁਤ ਉਤਸ਼ਾਹ ਹੈ।

ਇਹ ਜਾਣਕਾਰੀ ਦਿੰਦਿਆਂ 'ਆਪ' ਦੀ ਫਰਿਜ਼ਨੋ ਇਕਾਈ ਦੇ ਬੁਲਾਰੇ ਗੁਰਨੇਕ ਸਿੰਘ ਬਾਗੜੀ ਨੇ ਦੱਸਿਆ ਕਿ 2017 ਦੀਆਂ ਪੰਜਾਬ ਵਿਧਾਨ ਸਭਾ ਚੋਣਾਂ ਲਈ ਪੰਜਾਬ ਵਿਚ ਅਖਾੜਾ ਭੱਖ ਚੁਕਿਆ ਹੈ ਅਤੇ 'ਆਪ' ਵਾਲੰਟੀਅਰ 'ਪੰਜਾਬ ਜੋੜੋ ਮੁਹਿੰਮ' ਤਹਿਤ ਘਰ ਘਰ ਜਾ ਕੇ ਪਾਰਟੀ ਏਜੰਡੇ ਨੂੰ ਲੋਕਾਂ ਤੱਕ ਪਹੁੰਚਾ ਰਹੇ ਹਨ। ਇਸੇ ਕੜੀ ਤਹਿਤ ਪਰਦੇਸੀਂ ਵਸਦੇ ਪੰਜਾਬੀਆਂ ਨਾਲ ਰਾਬਤਾ ਕਾਇਮ ਕਰਨ ਲਈ 'ਆਪ' ਲੀਡਰ ਵੱਖੋ ਵੱਖ ਦੇਸ਼ਾਂ ਦੇ ਦੌਰੇ ਪਾਰਟੀ ਦੁਆਰਾ ਉਲੀਕੇ ਪ੍ਰੋਗਰਾਮਾਂ ਅਨੁਸਾਰ ਕਰ ਰਹੇ ਹਨ।

ਸ. ਬਾਗੜੀ ਨੇ ਸਮੂਹ ਪੰਜਾਬ ਹਿਤੈਸ਼ੀਆਂ ਨੂੰ ਅਪੀਲ ਕੀਤੀ ਹੈ ਕਿ ਉਹ ਹੱਕ, ਸੱਚ 'ਤੇ ਪਹਿਰਾ ਦੇਣ ਵਾਲੇ ਬੇਬਾਕ ਲੀਡਰ ਸੁਖਪਾਲ ਖਹਿਰਾ ਦੀ ਇਸ ਫੇਰੀ ਦੌਰਾਨ ਉਨ੍ਹਾਂ ਦੇ ਵਿਚਾਰ ਸੁਣਨ ਅਤੇ ਆਪਣੀਆਂ ਭਾਵਨਾਵਾਂ ਉਨ੍ਹਾਂ ਤੱਕ ਪਹੁੰਚਦੀਆਂ ਕਰਨ ਲਈ ਇਸ ਸਮਾਗਮ ਵਿਚ ਜਰੂਰ ਪਹੁੰਚਣ। ਹੋਰ ਜਾਣਕਾਰੀ ਗੁਰਨੇਕ ਸਿੰਘ ਬਾਗੜੀ ਫੋਨ: 559-916-6953, ਅਮੋਲਕ ਸਿੰਘ ਸਿੱਧੂ ਫੋਨ: 559-709-0089, ਸਤਵੰਤ ਸਿੰਘ ਵਿਰਕ ਫੋਨ: 559-978-3361 ਜਾਂ ਜੰਗੀਰ ਸਿੰਘ ਗਿੱਲ ਫੋਨ: 559- 260-1240 ਨਾਲ ਸੰਪਰਕ ਕੀਤਾ ਜਾ ਸਕਦਾ ਹੈ।

## ਗੁਰਦੁਆਰਾ ਸਿੰਘ ਸਭਾ 'ਚ ਗੁਰਮਤਿ ਸਮਾਗਮ 10 ਤੋਂ

**ਫਰਿਜ਼ਨੋ (ਬਿਊਰੋ):** ਸਥਾਨਕ ਗੁਰਦੁਆਰਾ ਸਿੰਘ ਸਭਾ ਵਿਚ ਪੰਜਾਬੀ ਕਲਚਰਲ ਐਸੋਸੀਏਸ਼ਨ (ਪੀ.ਸੀ.ਏ.) ਦੇ ਸਹਿਯੋਗ ਨਾਲ ਵਿਸਾਖੀ ਦੇ ਪਵਿਤਰ ਦਿਹਾੜੇ ਨੂੰ ਮੁੱਖ ਰੱਖ ਕੇ ਗੁਰਮਤਿ ਸੈਮੀਨਾਰ ਅਤੇ ਕਥਾ ਸਮਾਗਮ ਆਉਂਦੀ 10 ਅਪਰੈਲ ਤੋਂ 16 ਅਪਰੈਲ ਤੱਕ ਕਰਵਾਏ ਜਾਣਗੇ। ਇਨ੍ਹਾਂ ਸਮਾਗਮਾਂ ਦੌਰਾਨ ਭਾਈ ਸਰਬਜੀਤ ਸਿੰਘ ਧੂੰਦਾ 10 ਅਪਰੈਲ, ਐਤਵਾਰ ਦੁਪਹਿਰ 12 ਵਜੇ ਅਤੇ 11, 12 ਤੇ 13 ਅਪਰੈਲ ਨੂੰ ਸ਼ਾਮ ਦੇ ਦੀਵਾਨ ਵਿਚ 7 ਵਜੇ ਕਥਾ ਵਿਆਖਿਆ ਕਰਨਗੇ। 10 ਅਪਰੈਲ ਨੂੰ ਦੁਪਹਿਰ 2 ਵਜੇ ਅੰਮ੍ਰਿਤ ਸੰਚਾਰ ਹੋਵੇਗਾ।

16 ਅਪਰੈਲ ਸਵੇਰੇ 10 ਵਜੇ ਤੋਂ ਦੁਪਹਿਰ 2 ਵਜੇ ਤੱਕ ਵਰਲਡ ਸਿੱਖ ਫੈਡਰੇਸ਼ਨ ਵੱਲੋਂ ਸਿੱਖ ਜੀਵਨ ਜਾਚ ਦੇ ਵਿਸ਼ੇ 'ਤੇ ਵਿਸ਼ੇਸ਼ ਗੁਰਮਤਿ ਸਮਾਗਮ ਕਰਵਾਇਆ ਜਾਵੇਗਾ ਜਿਸ ਵਿਚ ਪ੍ਰੋ. ਧੂੰਦਾ ਤੋਂ ਬਿਨਾਂ ਹੋਰ ਵੀ ਬਹੁਤ ਸਾਰੇ ਵਿਦਵਾਨ ਆਪਣੇ ਵਿਚਾਰਾਂ ਦੀ ਸਾਂਝ ਪਾਉਣਗੇ। ਹੋਰ ਜਾਣਕਾਰੀ ਲਈ ਡਾ. ਲਵਨੀਤ ਸਿੰਘ (559) 862-9918 ਜਾਂ ਗੁਰਨੇਕ ਸਿੰਘ ਬਾਗੜੀ (559) 916-6953 ਨਾਲ ਸੰਪਰਕ ਕੀਤਾ ਜਾ ਸਕਦਾ ਹੈ।

## ਅਦਾਲਤ ਦੇ ਦਾਬੇ ਪਿੱਛੋਂ ਨਰਮ ਪਿਆ ਮਾਲਿਆ

**ਨਵੀਂ ਦਿੱਲੀ:** ਭਾਰਤੀ ਬੈਂਕਾਂ ਤੋਂ 9000 ਕਰੋੜ ਦਾ ਕਰਜ਼ਾ ਲੈ ਕੇ ਫਰਾਰ ਹੋਇਆ ਕਾਰੋਬਾਰੀ ਵਿਜੇ ਮਾਲਿਆ ਕਰਜ਼ਾ ਵਾਪਸ ਕਰਨ ਲਈ ਤਿਆਰ ਹੋ ਗਿਆ ਹੈ। ਮਾਲਿਆ ਨੇ ਵਕੀਲਾਂ ਰਾਹੀਂ ਸੁਪਰੀਮ ਕੋਰਟ 'ਚ ਕਿਹਾ ਹੈ ਕਿ ਉਹ 12 ਬੈਂਕਾਂ ਦਾ 4000 ਕਰੋੜ ਰੁਪਿਆ ਵਾਪਸ ਕਰਨ ਲਈ ਤਿਆਰ ਹੈ। ਇਹ ਰਕਮ ਵਾਪਸ ਕਰਨ ਲਈ ਉਸ ਨੇ 30 ਸਤੰਬਰ ਤੱਕ ਦਾ ਸਮਾਂ ਮੰਗਿਆ ਹੈ। ਮਾਲਿਆ ਨੇ ਇਹ ਵੀ ਕਿਹਾ ਕਿ ਉਹ ਹੋਰ ਬਕਾਇਆ 2000 ਕਰੋੜ ਰੁਪਿਆ ਵੀ ਜਲਦ ਅਦਾ ਕਰ ਦੇਵੇਗਾ।


## Matrimonial

**ਵਰ ਦੀ ਲੋੜ ਹੈ**

Wanted well educated Jatt Sikh match for a US citizen girl 27, 5'-1" working as registered nurse. Please contact 630-483-0543 or Email: kaurn@dupage.edu 14-

Wanted US citizen/Green card holder boy for a girl 26, 5'7" BCA, MCA and now doing MS in US, residency in NJ. Boy should be from Saini or Jatt family with good qualification and at least 5'-10". Pl. contact ph. 408-625-0621 14-

**ਲੜਕੀ ਦੀ ਲੋੜ ਹੈ**

Ramgariah family looking for a suitable Ramgariah girl for their US born Sr. financial analyst son 32 years. Please contact: jsnov1973@aol.com 12-15

Wanted suitable girl preferable in medical field for a US Citizen Kharti Sikh boy, Age 30, Bachelor in premed biology. Contact, Ph: 630-506-7888 11-



**Punjab Times**
**Our New E-mail**
*Punjabtimes1@gmail.com*
*Visit us on the web:*
*punjabtimesusa.com*



## ਐਚ ਡੀ ਅਤੇ ਆਈ ਪੀ ਕੈਮਰਿਆਂ ਦੀਆਂ ਬਹੁਤ ਹੀ ਵਾਜਬ ਕੀਮਤਾਂ

ਪੀ ਓ ਐਸ ਤੇ ਕੈਸ਼ ਰਜਿਸਟਰ ਲਈ ਇੰਟਰਫੇਸ ਉਪਲਬਧ ਹੈ




**Upgrade your Security Cameras to High Definition at very reasonable prices**

*For a Free Demo of our new HD Cameras*
*Please Contact us*: Balbir S Sidhu

**209-495-3905 (Cell)**
www.dvrunlimited.com
Toll Free (888) 233-4566

**DVRunlimited Inc.** Installation Available



## Satwant Singh Insurance Services

*We serve all over California*

**Auto, Home, Life, Business, Workers Comp.**

*See how much you can save. Get free quote for Auto, Home, Life and Business.*

*Compare Auto, Home quotes online at our website: www.satwantins.com*

Visit our web page and you'll find an online tool that helps you compare different policies in just minutes. All you have to do is type in your name and a few details about your home or vehicle, and within a few minutes you'll have several price quotes waiting for you to review.

ਸੱਤੇ ਦਿਨ ਖੁੱਲ੍ਹਾ, ਅਸੀਂ ਸੱਤੇ ਦਿਨ 24 ਘੰਟੇ ਫੋਨ 'ਤੇ ਜਵਾਬ ਦਿੰਦੇ ਹਾਂ



Satwant Singh, CLCS, MBA
*(CA Lic # 0H11256)*

**Now we have 3 locations:**

San Jose: 2774 Aborn Road
San Jose, CA 95121

Sunnyvale: 830 Stewart Dr Ste #126
Sunnyvale, CA 94085

Fremont: 44790 S Grimmer Blvd,
Fremont, CA 94538

Allied Insurance
a Nationwide Insurance® company

Call today for your FREE, no-obligation quote: **1-408-771-2438**
satwant@satwantins.com

# ਸਰਬੱਤ ਖਾਲਸਾ ਵਾਲੀਆਂ ਪੰਥਕ ਧਿਰਾਂ ਨੇ ਮੁੜ ਫੜੀ ਸਰਗਰਮੀ

**ਚੰਡੀਗੜ੍ਹ:** ਸਰਬੱਤ ਖਾਲਸਾ ਮੌਕੇ ਥਾਪੇ ਗਏ ਤਖ਼ਤਾਂ ਦੇ ਜਥੇਦਾਰਾਂ ਵੱਲੋਂ ਵਿਸਾਖੀ ਮੌਕੇ ਤਲਵੰਡੀ ਸਾਬੋ ਵਿਚ 'ਪੰਥਕ ਕਾਨਫਰੰਸ' ਕਰ ਕੇ ਤਖ਼ਤਾਂ, ਗੁਰਦੁਆਰਿਆਂ, ਸ਼੍ਰੋਮਣੀ ਕਮੇਟੀ ਅਤੇ ਅਕਾਲੀ ਦਲ ਨੂੰ ਆਜ਼ਾਦ ਕਰਵਾਉਣ ਲਈ ਸੰਘਰਸ਼ ਵਿੱਢਣ ਦੇ ਨਾਲ-ਨਾਲ ਅਗਲੇ ਸਰਬੱਤ ਖ਼ਾਲਸਾ ਦੀ ਮਿਤੀ ਅਤੇ ਸਥਾਨ ਦਾ ਵੀ ਐਲਾਨ ਕੀਤਾ ਜਾਵੇਗਾ।

ਸਰਬੱਤ ਖ਼ਾਲਸਾ ਦੀਆਂ ਧਿਰਾਂ ਦੇ ਐਲਾਨ ਨਾਲ ਪੰਜਾਬ ਦੇ ਸਿਆਸੀ ਮੰਚ ਦੇ ਸਮੀਕਰਨ ਬਦਲਣ ਦੇ ਆਸਾਰ ਵੀ ਬਣਦੇ ਜਾਪਦੇ ਹਨ। ਦੇਸ਼ ਧ੍ਰੋਹ ਦੇ ਦੋਸ਼ਾਂ ਤਹਿਤ ਲੰਬਾਂ ਸਮਾਂ ਜੇਲ੍ਹ 'ਚ ਰਹਿਣ ਤੋਂ ਬਾਅਦ ਰਿਹਾਅ ਹੋਏ ਸਰਬੱਤ ਖ਼ਾਲਸਾ ਮੌਕੇ ਤਖਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਥਾਪੇ ਗਏ ਬਲਜੀਤ ਸਿੰਘ ਦਾਦੂਵਾਲ ਅਤੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਅਮਰੀਕ ਸਿੰਘ ਅਜਨਾਲਾ ਨੇ ਪ੍ਰੈੱਸ ਕਾਨਫਰੰਸ ਕਰ ਕੇ ਦੱਸਿਆ ਕਿ 13 ਅਪਰੈਲ ਨੂੰ ਵਿਸਾਖੀ ਮੌਕੇ ਸਰਬੱਤ ਖਾਲਸਾ ਦੀ ਥਾਂ ਪੰਥਕ ਕਾਨਫਰੰਸ ਕੀਤੀ ਜਾਵੇਗੀ ਕਿਉਂਕਿ ਸਰਕਾਰ ਵੱਲੋਂ ਉਨ੍ਹਾਂ ਨੂੰ ਜੇਲ੍ਹਾਂ ਵਿਚ ਬੰਦ ਕੀਤੇ ਜਾਣ ਕਾਰਨ ਸਰਬੱਤ ਖਾਲਸਾ ਦੀ ਤਿਆਰੀ ਲਈ ਸਮਾਂ ਥੋੜ੍ਹਾ ਹੈ। ਉਨ੍ਹਾਂ ਦੱਸਿਆ ਕਿ ਜੇਲ੍ਹਾਂ ਵਿਚ ਬੰਦ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਭਾਈ ਜਗਤਾਰ ਸਿੰਘ ਹਵਾਰਾ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਭਾਈ ਧਿਆਨ ਸਿੰਘ ਮੰਡ ਨਾਲ ਵਿਚਾਰ-ਵਟਾਂਦਰਾ ਕਰਨ ਤੋਂ ਬਾਅਦ ਕਾਨਫਰੰਸ ਕਰਨ ਦਾ ਫੈਸਲਾ ਕੀਤਾ ਗਿਆ ਹੈ।

### ਵਿਸਾਖੀ ਮੌਕੇ ਪੰਥਕ ਕਾਨਫਰੰਸ 'ਚ ਵਿਚਾਰੇ ਜਾਣਗੇ ਮਸਲੇ



ਕਾਨਫਰੰਸ ਦੌਰਾਨ ਜਿਥੇ ਅਗਲੇ ਸਰਬੱਤ ਖਾਲਸਾ ਦੀ ਰੂਪਰੇਖਾ ਤਿਆਰ ਕੀਤੀ ਜਾਵੇਗੀ ਉਥੇ ਤਖ਼ਤਾਂ, ਗੁਰਦੁਆਰਿਆਂ, ਸ਼੍ਰੋਮਣੀ ਕਮੇਟੀ ਅਤੇ ਅਕਾਲੀ ਦਲ ਸਮੇਤ ਸਮੁੱਚੀਆਂ ਧਾਰਮਿਕ ਸੰਸਥਾਵਾਂ ਨੂੰ 'ਬਾਦਲਾਂ' ਤੋਂ ਆਜ਼ਾਦ ਕਰਵਾਉਣ ਲਈ ਸੰਘਰਸ਼ ਦਾ ਐਲਾਨ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਬਾਦਲ ਸਰਕਾਰ ਨੇ ਇਸ ਵੇਲੇ ਅਣਐਲਾਨੀ ਐਮਰਜੈਂਸੀ ਲਾਈ ਹੋਈ ਹੈ। ਸ਼ਾਂਤਮਈ ਢੰਗ ਨਾਲ ਸਰਬੱਤ ਖਾਲਸਾ ਸੱਦਣ ਵਾਲਿਆਂ 'ਤੇ ਦੇਸ਼ ਧ੍ਰੋਹ ਦੇ ਕੇਸ ਦਰਜ ਕਰ ਕੇ ਪਿਛਲੇ ਸਾਰੇ ਜ਼ੁਲਮਾਂ ਨੂੰ ਮਾਤ ਪਾ ਦਿੱਤੀ ਗਈ ਹੈ। ਸਰਕਾਰ ਵਾਰ-ਵਾਰ ਰਿਹਾਈਆਂ ਤੋਂ ਬਾਅਦ ਨਵੇਂ ਕੇਸ ਦਰਜ ਕਰ ਰਹੀ ਹੈ ਅਤੇ ਇਸੇ ਕੜੀ ਤਹਿਤ ਹੀ ਜੇਲ੍ਹ ਵਿਚੋਂ ਰਿਹਾਅ ਹੋਏ ਜਥੇਦਾਰ ਮੰਡ ਉਪਰ ਇਕ ਹੋਰ ਕੇਸ ਪਾ ਕੇ ਜੇਲ੍ਹ ਵਿਚ ਬੰਦ ਕਰ ਦਿੱਤਾ ਗਿਆ ਹੈ।

ਦੋਵੇਂ ਜਥੇਦਾਰਾਂ ਨੇ ਬਾਦਲ ਅਤੇ ਮਜੀਠੀਆ ਪਰਿਵਾਰਾਂ ਨੂੰ ਛੱਡ ਕੇ ਅਕਾਲੀ ਦਲ, ਕਾਂਗਰਸ, ਭਾਜਪਾ, ਬਸਪਾ, ਆਮ ਆਦਮੀ ਪਾਰਟੀ ਆਦਿ ਸਿਆਸੀ ਪਾਰਟੀਆਂ ਵਿਚਲੇ ਪੰਜਾਬ ਹਿਤੈਸ਼ੀਆਂ ਨੂੰ ਕਾਨਫਰੰਸ ਵਿਚ ਸ਼ਾਮਲ ਹੋਣ ਦਾ ਸੱਦਾ ਦਿੱਤਾ। ਉਨ੍ਹਾਂ ਕਿਹਾ ਕਿ ਬਾਦਲ ਪਰਿਵਾਰ ਵੱਲੋਂ ਸਿੱਖੀ ਦਾ ਘਾਣ ਕਰਨ ਅਤੇ ਬਿਕਰਮ ਸਿੰਘ ਮਜੀਠੀਆ ਦੇ ਨਸ਼ਿਆਂ ਨਾਲ ਸਬੰਧਤ ਹੋਣ ਕਾਰਨ ਇਨ੍ਹਾਂ ਦੋਵਾਂ ਪਰਿਵਾਰਾਂ ਨੂੰ ਕਾਨਫਰੰਸ ਲਈ ਸੱਦਾ ਨਹੀਂ ਦਿੱਤਾ ਗਿਆ।

ਉਨ੍ਹਾਂ ਕਿਹਾ ਕਿ ਕਾਨਫਰੰਸ ਦੌਰਾਨ ਕਿਸਾਨੀ ਨੂੰ ਖ਼ੁਦਕੁਸ਼ੀਆਂ ਅਤੇ ਜਵਾਨੀ ਨੂੰ ਪਤਿਤਪੁਣੇ ਤੋਂ ਬਚਾਉਣ, ਬੰਦੀ ਸਿੱਖਾਂ ਦੀ ਰਿਹਾਈ, ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਕਰਨ ਵਾਲਿਆਂ ਨੂੰ ਗ੍ਰਿਫਤਾਰ ਕਰਨ ਅਤੇ ਬਹਿਬਲ ਕਲਾਂ ਵਿਚ ਸਿੱਖਾਂ ਉਪਰ ਗੋਲੀਆਂ ਚਲਾਉਣ ਵਾਲਿਆਂ ਨੂੰ ਸਜ਼ਾਵਾਂ ਦਿਵਾਉਣ ਸਮੇਤ ਪੰਜਾਬ 'ਚ ਹਿੰਦੂ, ਸਿੱਖ, ਮੁਸਲਮਾਨ, ਇਸਾਈ, ਬੋਧੀ, ਜੈਨੀ ਆਦਿ ਧਰਮਾਂ ਦੀ ਭਾਈਚਾਰਕ ਸਾਂਝ ਅਤੇ ਅਮਨ-ਸ਼ਾਂਤੀ ਮਜ਼ਬੂਤ ਕਰਨ ਲਈ ਸੰਘਰਸ਼ ਵਿੱਢਣ ਦਾ ਐਲਾਨ ਕੀਤਾ ਜਾਵੇਗਾ।

### ਨਵਾਂ ਪ੍ਰੋਗਰਾਮ ਵਿਸਾਖੀ ਦਿਹਾੜੇ 'ਤੇ: ਦਾਦੂਵਾਲ

**ਮਾਨਸਾ:** ਸਰਬੱਤ ਖਾਲਸਾ ਵੱਲੋਂ ਥਾਪੇ ਤਖ਼ਤਾਂ ਦੇ ਜਥੇਦਾਰ ਸਿੱਖ ਕੌਮ ਨੂੰ ਨਵਾਂ ਪ੍ਰੋਗਰਾਮ ਵਿਸਾਖੀ ਦੇ ਦਿਹਾੜੇ 'ਤੇ ਦੇਣਗੇ। ਉਘੇ ਸਿੱਖ ਪ੍ਰਚਾਰਕ ਅਤੇ ਤਖ਼ਤ ਸ੍ਰੀ ਦਮਦਮਾ ਸਾਹਿਬ ਤਲਵੰਡੀ ਸਾਬੋ ਦੇ ਥਾਪੇ ਜਥੇਦਾਰ ਬਲਜੀਤ ਸਿੰਘ ਦਾਦੂਵਾਲ ਨੇ ਨੇ ਦੱਸਿਆ ਕਿ ਸਾਰੇ ਤਖ਼ਤਾਂ ਦੇ ਜਥੇਦਾਰਾਂ ਦੀ ਇਕੱਤਰਤਾ ਛੇਤੀ ਹੋ ਰਹੀ ਹੈ, ਜਿਸ ਵਿਚ ਕਈ ਗੁਰਮਤੇ ਪਾਸ ਕੀਤੇ ਜਾਣਗੇ। ਉਨ੍ਹਾਂ ਦੋਸ਼ ਲਾਇਆ ਕਿ ਪੰਜਾਬ ਸਰਕਾਰ ਆਰ.ਐਸ.ਐਸ. ਦੇ ਇਸ਼ਾਰੇ 'ਤੇ ਸਿੱਖ ਵਿਰੋਧੀ ਕਾਰਵਾਈਆਂ ਕਰ ਰਹੀ ਹੈ। ਉਨ੍ਹਾਂ ਜੇਲ੍ਹਾਂ ਵਿਚ ਬੰਦ ਸਾਰੇ ਬੇਗੁਨਾਹ ਸਿੱਖਾਂ ਦੀ ਰਿਹਾਈ ਦੀ ਮੰਗ ਕਰਦਿਆਂ ਕਿਹਾ ਕਿ ਤਖ਼ਤਾਂ ਦੇ ਜਥੇਦਾਰ ਇਸ ਮੁੱਦੇ ਪ੍ਰਤੀ ਵੀ ਗੰਭੀਰ ਹਨ।

# ਬਾਬਾ ਰਾਮਦੇਵ ਦੀਆਂ ਆਟਾ ਨੂਡਲਜ਼ ਵੀ ਪਰਖ ਵਿਚ ਫੇਲ੍ਹ

**ਮੇਰਠ:** ਮੈਗੀ ਨੂਡਲਜ਼ ਦੇ ਵਿਵਾਦਾਂ ਵਿਚ ਫਸਣ ਤੋਂ ਬਾਅਦ ਬਾਬਾ ਰਾਮਦੇਵ ਨੇ ਪਤੰਜਲੀ ਆਟਾ ਨੂਡਲਜ਼ ਬਾਜ਼ਾਰ ਵਿਚ ਲਿਆਂਦਾ ਸੀ ਤੇ ਹੁਣ ਇਨ੍ਹਾਂ ਨੂਡਲਜ਼ 'ਚ ਵੀ ਗੜਬੜੀ ਪਾਈ ਗਈ ਹੈ। ਮੁੱਖ ਖੁਰਾਕ ਸੁਰੱਖਿਆ ਅਫਸਰ ਜੇ.ਪੀ. ਸਿੰਘ ਨੇ ਦੱਸਿਆ ਕਿ ਬੱਚਾ ਪਾਰਕ ਸਥਿਤ ਸਾਈਨਾਥ ਟ੍ਰੇਡਰਜ਼ ਤੋਂ ਲਏ ਗਏ ਪਤੰਜਲੀ ਆਟਾ ਨੂਡਲਜ਼ ਦੇ ਸੈਂਪਲ ਦੋ ਅਪਰੈਲ ਨੂੰ ਆਈ ਜਾਂਚ ਰਿਪੋਰਟ ਵਿਚ ਪਾਸ ਨਹੀਂ ਹੋਏ ਹਨ।



ਫੂਡ ਸੇਫਟੀ ਐਂਡ ਡਰੱਗਜ਼ ਐਡਮਿਨਸਟ੍ਰੇਸ਼ਨ ਦੀ ਜਾਂਚ 'ਚ ਪਤੰਜਲੀ ਆਟਾ ਨੂਡਲਜ਼ ਵਿਚ ਤੈਅ ਮਾਤਰਾ ਤੋਂ ਤਿੰਨ ਗੁਣਾ ਜ਼ਿਆਦਾ ਐਸ਼ ਕਨਟੇਂਟ ਪਾਏ ਗਏ ਹਨ ਤੇ ਇਹ ਮਾਤਰਾ ਮੈਗੀ ਤੋਂ ਵੀ ਵੱਧ ਹੈ। ਕਾਨੂੰਨੀ ਤੌਰ 'ਤੇ ਅਜਿਹੇ ਖਾਧ ਪਦਾਰਥਾਂ ਵਿਚ ਐਸ਼ ਕਨਟੇਂਟ ਦੀ ਵੱਧ ਤੋਂ ਵੱਧ ਮਾਤਰਾ ਇਕ ਫੀਸਦੀ ਹੋ ਸਕਦੀ ਹੈ।

# ਧਿਆਨ ਸਿੰਘ ਮੰਡ ਦੀ ਮੁੜ ਗ੍ਰਿਫਤਾਰੀ ਦਾ ਵਿਰੋਧ

**ਪਟਿਆਲਾ:** ਸਰਬੱਤ ਖਾਲਸਾ ਵੱਲੋਂ ਥਾਪੇ ਗਏ ਸ੍ਰੀ ਅਕਾਲ ਤਖਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਭਾਈ ਧਿਆਨ ਸਿੰਘ ਮੰਡ ਨੂੰ ਰਿਹਾਈ ਤੋਂ ਬਾਅਦ ਮੁੜ ਗ੍ਰਿਫਤਾਰ ਕੀਤੇ ਜਾਣ 'ਤੇ ਸਿੱਖ ਜਥੇਬੰਦੀਆਂ ਵੱਲੋਂ ਤਿੱਖਾ ਵਿਰੋਧ ਜਤਾਇਆ ਜਾ ਰਿਹਾ ਹੈ। ਜਥੇਦਾਰ ਬਲਜੀਤ ਸਿੰਘ ਦਾਦੂਵਾਲ ਤੇ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਨੇ ਇਸ ਗ੍ਰਿਫਤਾਰੀ ਨੂੰ ਸਰਕਾਰ ਦੀ ਕੋਝੀ ਚਾਲ ਕਰਾਰ ਦਿੱਤਾ ਹੈ। ਜਥੇਦਾਰ ਮੰਡ ਦੀ ਨਾਭਾ ਜੇਲ੍ਹ ਤੋਂ ਰਿਹਾਈ ਨੂੰ ਲੈ ਕੇ ਸਮਰਥਕ ਜੇਲ੍ਹ ਦੇ ਬਾਹਰ ਇੱਕਠੇ ਹੋਏ ਸਨ।



ਸਮਰਥਕਾਂ ਨੂੰ ਉਸ ਸਮੇਂ ਭਾਰੀ ਨਿਰਾਸ਼ਾ ਮਿਲੀ ਜਦੋਂ ਨਾਭਾ ਜੇਲ੍ਹ ਤੋਂ ਰਿਹਾ ਹੁੰਦੇ ਹੀ ਥਾਣਾ ਮੱਖੂ ਦੀ ਪੁਲਿਸ ਨੇ ਭਾਈ ਮੰਡ ਨੂੰ ਗ੍ਰਿਫਤਾਰ ਕਰ ਲਿਆ। ਇਸ 'ਤੇ ਸਿੱਖ ਸੰਗਤ ਵਿਚ ਕਾਫੀ ਰੋਸ ਪਾਇਆ ਗਿਆ। ਭਾਰੀ ਪੁਲਿਸ ਫੋਰਸ ਜਦੋਂ ਜਥੇਦਾਰ ਮੰਡ ਨੂੰ ਫਿਰੋਜ਼ਪੁਰ ਲਈ ਲੈ ਕੇ ਜਾ ਰਹੀ ਸੀ ਤਾਂ ਹਜ਼ਾਰਾਂ ਦੀ ਗਿਣਤੀ ਵਿਚ ਇਕੱਠੇ ਹੋਏ ਸਮਰਥਕਾਂ ਨੇ ਰੋਸ ਮਾਰਚ ਦੇ ਰੂਪ ਵਿਚ ਪੁਲਿਸ ਦੀ ਗੱਡੀ ਨਾਲ ਆਪਣੇ ਵਾਹਨ ਲਾ ਲਏ।

ਸਰਬੱਤ ਖਾਲਸਾ ਵੱਲੋਂ ਥਾਪੇ ਗਏ ਤਖਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਬਲਜੀਤ ਸਿੰਘ ਦਾਦੂਵਾਲ ਤੇ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਨੇ ਕਿਹਾ ਕਿ ਸਰਕਾਰ ਵੱਲੋਂ ਉਨ੍ਹਾਂ ਨਾਲ ਲਗਾਤਾਰ ਧੱਕਾ ਕੀਤਾ ਜਾ ਰਿਹਾ ਹੈ।

ਉਨ੍ਹਾਂ ਐਲਾਨ ਕੀਤਾ ਕਿ ਇਕ ਵਾਰ ਫਿਰ ਸਰਬੱਤ ਖਾਲਸਾ ਬੁਲਾਇਆ ਜਾਏਗਾ। ਇਥੇ ਜਥੇਦਾਰ ਭਾਈ ਧਿਆਨ ਸਿੰਘ ਮੰਡ ਨੇ ਕਿਹਾ ਕਿ ਸਾਡੇ ਨਾਲ ਸਰਕਾਰਾਂ ਨੇ ਧੱਕਾ ਕੀਤਾ ਹੈ। ਇਸ ਦਾ ਜਵਾਬ ਲੋਕ ਦੇਣਗੇ। ਉਨ੍ਹਾਂ ਦੇ ਕਈ ਸਮਰਥਕ ਮੋਬਾਈਲ ਟਾਵਰ 'ਤੇ ਜਾ ਚੜ੍ਹੇ ਤੇ ਰਿਹਾਈ ਦੀ ਮੰਗ ਕਰਨ ਲੱਗੇ। ਉਨ੍ਹਾਂ ਐਲਾਨ ਕੀਤਾ ਕਿ ਜਦ ਤੱਕ ਭਾਈ ਮੰਡ ਦੀ ਰਿਹਾਈ ਨਹੀਂ ਹੁੰਦੀ, ਉਹ ਪ੍ਰਦਰਸ਼ਨ ਨਹੀਂ ਰੋਕਣਗੇ।

# ਮੂਰਥਲ ਕਾਂਡ ਬਾਰੇ ਇਕ ਹੋਰ ਕੇਸ ਦਰਜ

**ਚੰਡੀਗੜ੍ਹ:** ਹਰਿਆਣਾ ਵਿਚ ਜਾਟ ਅੰਦੋਲਨ ਦੌਰਾਨ ਸੋਨੀਪਤ ਦੇ ਮੂਰਥਲ ਵਿਚ ਕੀਤੇ ਗਏ ਸਮੂਹਿਕ ਜਬਰ ਜਨਾਹ ਬਾਰੇ ਪੁਲਿਸ ਨੇ ਦਿੱਲੀ ਵਾਸੀ ਦੀ ਸ਼ਿਕਾਇਤ 'ਤੇ ਅਣਪਛਾਤਿਆਂ ਖਿਲਾਫ਼ ਇਕ ਹੋਰ ਕੇਸ ਦਰਜ ਕੀਤਾ ਹੈ। ਡੀ.ਆਈ.ਜੀ. ਰਾਜਸ੍ਰੀ ਸਿੰਘ ਨੇ ਦੱਸਿਆ ਕਿ ਦਿੱਲੀ ਦੇ ਇਕ ਵਿਅਕਤੀ ਨੇ ਮਾਮਲੇ ਦੀ ਜਾਂਚ ਕਰ ਰਹੀ ਮਹਿਲਾ ਵਿਸ਼ੇਸ਼ ਜਾਂਚ ਟੀਮ ਕੋਲ ਕੇਸ ਦਰਜ ਕਰਵਾਇਆ ਹੈ। ਸ਼ਿਕਾਇਤਕਰਤਾ ਨੇ ਕਿਹਾ ਹੈ ਕਿ ਉਸ ਨੂੰ ਹਿਮਾਚਲ ਪ੍ਰਦੇਸ਼ ਦੇ ਇਕ ਪਰਿਵਾਰ ਨੇ ਜਾਣਕਾਰੀ ਦਿੱਤੀ ਹੈ ਕਿ ਅੰਦੋਲਨਕਾਰੀ ਮੂਰਥਲ ਵਿਚ ਔਰਤਾਂ ਨੂੰ ਕਾਰਾਂ ਵਿਚੋਂ ਧੂਹ ਕੇ ਖੇਤਾਂ ਵਿਚ ਲੈ ਗਏ। ਪੁਲਿਸ ਅਧਿਕਾਰੀ ਨੇ ਕਿਹਾ ਕਿ ਇਸ ਬਾਰੇ ਕੋਈ ਸਬੂਤ ਨਹੀਂ ਪੇਸ਼ ਨਹੀਂ ਕੀਤਾ ਗਿਆ, ਪਰ ਸ਼ਿਕਾਇਤ ਦੇ ਅਧਾਰ ਉਪਰ ਅਣਪਛਾਤਿਆਂ ਖਿਲਾਫ਼ ਕੇਸ ਦਰਜ ਕਰ ਲਿਆ ਗਿਆ ਹੈ। ਉਨ੍ਹਾਂ ਦਾਅਵਾ ਕੀਤਾ ਕਿ ਹਾਲੇ ਤੱਕ ਮੂਰਥਲ ਕਾਂਡ ਸਬੰਧੀ ਕੋਈ ਵੀ ਮੌਕੇ ਦਾ ਗਵਾਹ ਸਾਹਮਣੇ ਨਹੀਂ ਆਇਆ। ਇਸ ਤੋਂ ਪਹਿਲਾਂ ਨਰੇਲਾ ਦੀ ਇਕ ਔਰਤ ਦੀ ਸ਼ਿਕਾਇਤ 'ਤੇ ਕੇਸ ਦਰਜ ਕੀਤਾ ਗਿਆ ਸੀ।

ਇਸੇ ਦੌਰਾਨ ਹਰਿਆਣਾ ਸਰਕਾਰ ਵੱਲੋਂ ਜਾਟਾਂ ਨੂੰ ਦਿੱਤੇ ਰਾਖਵੇਂਕਰਨ ਦੇ ਮਾਮਲੇ ਵਿਚ ਕੁੱਲ ਹਿੰਦ ਜਾਟ ਆਰਕਸ਼ਨ ਸੰਘਰਸ਼ ਸਮਿਤੀ ਨੇ ਸੁਪਰੀਮ ਕੋਰਟ ਵਿਚ ਕੈਵੀਅਟ ਪਾ ਦਿੱਤੀ ਹੈ ਤੇ ਕਿਹਾ ਹੈ ਕਿ ਅਦਾਲਤ ਇਸ ਮਾਮਲੇ ਵਿਚ ਕਿਸੇ ਹੋਰ ਦੀ ਪਟੀਸ਼ਨ ਸੁਣਨ ਤੋਂ ਪਹਿਲਾਂ ਸਮਿਤੀ ਨੂੰ ਸੁਣੇ। ਸਮਿਤੀ ਦੇ ਪ੍ਰਧਾਨ ਹਵਾ ਸਿੰਘ ਸਾਂਗਵਾਨ ਨੇ ਕਿਹਾ ਕਿ ਇਹ ਕਦਮ ਕੁਰੂਕਸ਼ੇਤਰ ਤੋਂ ਲੋਕ ਸਭਾ ਮੈਂਬਰ ਰਾਜ ਕੁਮਾਰ ਸੈਣੀ ਦੇ ਉਸ ਬਿਆਨ ਤੋਂ ਬਾਅਦ ਚੁੱਕਿਆ ਹੈ, ਜਿਸ ਵਿਚ ਸ੍ਰੀ ਸੈਣੀ ਨੇ ਕਿਹਾ ਸੀ ਕਿ ਉਹ ਸਰਵਉੱਚ ਅਦਾਲਤ ਵਿਚ ਜਾਟ ਕੋਟੇ ਨੂੰ ਚੁਣੌਤੀ ਦੇਣਗੇ।

# ਸਿੱਖ ਇਤਿਹਾਸ ਵਾਲੀਆਂ ਫਿਲਮਾਂ ਨਾਲ ਵਿਤਕਰਾ ਬੰਦ ਹੋਵੇ: ਮੱਕੜ

**ਅੰਮ੍ਰਿਤਸਰ:** ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਅਵਤਾਰ ਸਿੰਘ ਨੇ ਫਿਲਮ ਸੈਂਸਰ ਬੋਰਡ ਵੱਲੋਂ ਪੰਜਾਬੀ ਤੇ ਇਤਿਹਾਸਕ ਫਿਲਮ 'ਸਾਕਾ ਨਨਕਾਣਾ ਸਾਹਿਬ' ਨੂੰ ਏ ਸਰਟੀਫਿਕੇਟ ਦੇਣ ਤੇ ਰੋਸ ਜ਼ਾਹਿਰ ਕੀਤਾ ਹੈ। ਉਨ੍ਹਾਂ ਕਿਹਾ ਕਿ ਸੈਂਸਰ ਬੋਰਡ ਸਿੱਖ ਇਤਿਹਾਸ ਨਾਲ ਸਬੰਧਤ ਫਿਲਮਾਂ ਨਾਲ ਵਿਤਕਰਾ ਤੁਰਤ ਬੰਦ ਕਰੇ ਤੇ 'ਸਾਕਾ ਨਨਕਾਣਾ ਸਾਹਿਬ' ਵਰਗੀਆਂ ਪੰਜਾਬੀ ਇਤਿਹਾਸਕ ਫਿਲਮਾਂ ਦੇ ਵਿਕਾਸ ਲਈ ਸਹੀ ਰੋਲ ਅਦਾ ਕਰੇ। ਬਾਹੂਬਲੀ ਅਤੇ ਹੋਰ ਕਈ ਹਿੰਦੀ ਫਿਲਮਾਂ ਵਿਚ ਬਹੁਤ ਹੀ ਭਿਆਨਕ ਹਿੰਸਕ ਦ੍ਰਿਸ਼ ਫਿਲਮਾਏ ਗਏ ਹਨ, ਪਰ ਸੈਂਸਰ ਬੋਰਡ ਨੇ ਕਦੇ ਉਨ੍ਹਾਂ 'ਤੇ ਰੋਕ ਨਹੀਂ ਲਗਾਈ। ਉਨ੍ਹਾਂ ਕਿਹਾ ਕਿ 'ਸਾਕਾ ਨਾਨਕਾਣਾ ਸਾਹਿਬ' ਫਿਲਮ ਸਿੱਖ ਇਤਿਹਾਸ ਨੂੰ ਰੂਪਮਾਨ ਕਰਦੀ ਹੋਈ ਉਸ ਵੇਲੇ ਦੀਆਂ ਘਟਨਾਵਾਂ ਨੂੰ ਬਿਆਨ ਕਰਦੀ ਹੈ, ਜੋ ਇਕ ਹਕੀਕਤ ਹੈ।

# ਯੂ.ਕੇ. ਵਿਚੋਂ ਡਿਪੋਰਟ ਹੋਏ ਵਿਦਿਆਰਥੀਆਂ ਲਈ ਖੁਸ਼ੀ ਦੀ ਖਬਰ

**ਲੰਡਨ:** ਇੰਗਲੈਂਡ ਵਿਚੋਂ ਡਿਪੋਰਟ ਕੀਤੇ ਗਏ ਵਿਦਿਆਰਥੀਆਂ ਲਈ ਚੰਗੀ ਖਬਰ ਹੈ। ਸਰਕਾਰ ਨੇ ਮੰਨਿਆ ਹੈ ਕਿ ਵਿਦਿਆਰਥੀਆਂ ਨੂੰ ਡਿਪੋਰਟ ਕਰਨ ਦਾ ਫੈਸਲਾ ਗਲਤ ਸੀ। ਅਦਾਲਤ ਦੇ ਫੈਸਲੇ ਨਾਲ ਭਾਰਤੀ ਵਿਦਿਆਰਥੀਆਂ ਨੂੰ ਸਭ ਤੋਂ ਜ਼ਿਆਦਾ ਫਾਇਦਾ ਹੋਵੇਗਾ। ਅਸਲ ਵਿਚ ਪੜ੍ਹਾਈ ਲਈ ਬਰਤਾਨੀਆ ਆਏ ਵਿਦਿਆਰਥੀਆਂ ਨੂੰ ਟੀ ਓ.ਈ.ਆਈ.ਸੀ. (ਟੈਸਟ ਆਫ ਇੰਗਲਿਸ਼ ਫਾਰ ਇੰਟਰਨੈਸ਼ਨਲ ਕਮਿਊਨੀਕੇਸ਼ਨ) ਦਿੱਤਾ ਸੀ। ਸਰਕਾਰ ਨੂੰ ਇਸ ਟੈੱਸਟ ਵਿਚ ਵੱਡੇ ਪੱਧਰ ਉਤੇ ਘਪਲੇਬਾਜ਼ੀ ਹੋਣ ਦਾ ਪਤਾ ਲੱਗਾ, ਜਿਸ ਤੋਂ ਬਾਅਦ ਸਰਕਾਰ ਨੇ 48000 ਵਿਦਿਆਰਥੀਆਂ ਨੂੰ ਡਿਪੋਰਟ ਕਰ ਦਿੱਤਾ ਸੀ। ਡਿਪੋਰਟ ਕੀਤੇ ਗਏ ਕੌਮਾਂਤਰੀ ਵਿਦਿਆਰਥੀਆਂ ਵਿਚ 70 ਫੀਸਦੀ ਭਾਰਤੀ ਸਨ।




ਸਰਕਾਰ ਵੱਲੋਂ ਪੂਰੇ ਮਾਮਲੇ ਦੀ ਜਾਂਚ ਵੀ ਕੀਤੀ ਗਈ ਸੀ ਜਿਸ ਤੋਂ ਬਾਅਦ ਬਾਅਦ ਗ੍ਰਹਿ ਮੰਤਰੀ ਥਰੀਸਾ ਨੇ 60 ਕਾਲਜਾਂ ਦੇ ਲਾਇਸੰਸ ਰੱਦ ਕਰ ਦਿੱਤੇ ਸਨ ਅਤੇ 10 ਹਜ਼ਾਰ ਅੰਤਰਰਾਸ਼ਟਰੀ ਵਿਦਿਆਰਥੀਆਂ ਦੇ ਸਰਟੀਫਿਕੇਟ ਰੋਕ ਦਿੱਤੇ ਸਨ। ਸਰਕਾਰ ਦੇ ਫੈਸਲੇ ਖਿਲਾਫ਼ ਅਸਾਈਲਮ ਅਤੇ ਇਮੀਗ੍ਰੇਸ਼ਨ ਅੱਪਰ ਟ੍ਰਿਬਿਊਨਲ ਵਿਚ ਕੇਸ ਕੀਤਾ ਗਿਆ ਜਿਥੇ ਫੈਸਲਾ ਵਿਦਿਆਰਥੀਆਂ ਦੇ ਪੱਖ ਵਿਚ ਆ ਗਿਆ। ਅਦਾਲਤ ਵਿਚ ਇਮੀਗ੍ਰੇਸ਼ਨ ਵਿਭਾਗ ਘਪਲੇਬਾਜ਼ੀ ਸਬੰਧੀ ਠੋਸ ਸਬੂਤ ਪੇਸ਼ ਨਹੀਂ ਕਰ ਸਕੀ। ਇਸ ਦੇ ਨਾਲ ਹੀ ਅਦਾਲਤ ਨੇ ਆਪਣੇ ਫੈਸਲੇ ਵਿਚ ਵਿਦਿਆਰਥੀਆਂ ਨੂੰ ਮੁਆਵਜ਼ਾ ਦੇਣ ਦਾ ਵੀ ਆਦੇਸ਼ ਦਿੱਤਾ ਹੈ। ਸਰਕਾਰ ਦੇ ਇਸ ਫੈਸਲੇ ਤੋਂ ਪ੍ਰਭਾਵਿਤ 48000 ਦੇ ਕਰੀਬ ਵਿਦਿਆਰਥੀ ਮੁੜ ਯੂ.ਕੇ. ਆ ਕੇ ਮੁਆਵਜ਼ੇ ਦਾ ਦਾਅਵਾ ਪੇਸ਼ ਕਰ ਸਕਦੇ ਹੈ।

### ਕੈਨੇਡੀਅਨ ਐਬੰਸੀ 'ਚੋਂ ਵੀਜ਼ਾ ਚੋਰੀ ਕਰਨ ਵਾਲੇ ਨੂੰ ਜੇਲ੍ਹ

**ਨਵੀਂ ਦਿੱਲੀ :** ਵਿਦੇਸ਼ ਜਾਣ ਦੀ ਚਾਹਤ ਨੇ ਇਕ ਵਿਅਕਤੀ ਨੂੰ ਕੈਨੇਡਾ ਦੀ ਐਬੰਸੀ ਵਿਚ ਚੋਰੀ ਕਰਨ ਲਈ ਮਜਬੂਰ ਕਰ ਦਿੱਤਾ। ਨੌਜਵਾਨ ਨੇ ਐਬੰਸੀ ਵਿਚੋਂ ਸਾਮਾਨ ਦੀ ਚੋਰੀ ਨਹੀਂ ਕੀਤੀ, ਸਗੋਂ ਕੈਨੇਡਾ ਦੇ ਵੀਜ਼ਾ ਸਟਿੱਕਰ ਚੋਰੀ ਕਰ ਲਿਆ। ਆਪਣੇ ਪਾਸਪੋਰਟ ਉਤੇ ਵੀਜ਼ੇ ਵਾਲਾ ਸਟਿੱਕਰ ਲੱਗਾ ਕੇ ਸਭ ਨੂੰ ਧੋਖਾ ਦਿੰਦਾ ਹੋਇਆ ਇਹ ਨੌਜਵਾਨ ਦਿੱਲੀ ਤੋਂ ਕੈਨੇਡਾ ਪਹੁੰਚ ਵੀ ਗਿਆ ਸੀ, ਪਰ ਟੋਰਾਂਟੋ ਹਵਾਈ ਅੱਡੇ ਉਤੇ ਉਸ ਦੀ ਚਲਾਕੀ ਫੜੀ ਗਈ। ਇਸ ਤੋਂ ਬਾਅਦ ਸਬੰਧਤ ਨੌਜਵਾਨ ਨੂੰ ਭਾਰਤ ਡਿਪੋਰਟ ਕਰ ਦਿੱਤਾ ਗਿਆ। ਦਿੱਲੀ ਹਵਾਈ ਅੱਡੇ ਉਤੇ ਪਹੁੰਚਣ ਤੋਂ ਬਾਅਦ ਐਬੰਸੀ ਦੀ ਸ਼ਿਕਾਇਤ ਉਤੇ ਉਸ ਨੂੰ ਗ੍ਰਿਫਤਾਰ ਕਰ ਲਿਆ ਗਿਆ। ਜੱਜ ਨੇ ਹੁਣ ਵੀਜ਼ਾ ਸਟਿੱਕਰ ਚੋਰੀ ਕਰਨ ਵਾਲੇ ਨੌਜਵਾਨ ਨੂੰ ਇਕ ਮਹੀਨੇ ਲਈ ਜੇਲ੍ਹ ਭੇਜ ਦਿੱਤਾ ਹੈ। ਅਸਲ ਵਿਚ ਇਹ ਘਟਨਾ 15 ਮਾਰਚ 1997 ਦੀ ਹੈ। ਕੈਨੇਡੀਅਨ ਹਾਈ ਕਮਿਸ਼ਨ ਨੇ ਅਮਿਤ ਵਰਮਾ ਉਤੇ ਐਬੰਸੀ ਵਿਚੋਂ ਵੀਜ਼ਾ ਸਟਿੱਕਰ ਚੋਰੀ ਕਰਨ ਦੀ ਸ਼ਿਕਾਇਤ ਦਰਜ ਕਰਵਾਈ ਸੀ। ਇਸੇ ਮਾਮਲੇ ਵਿਚ ਅਦਾਲਤ ਨੇ ਹੁਣ ਅਮਿਤ ਵਰਮਾ ਨੂੰ ਇਕ ਮਹੀਨੇ ਲਈ ਜੇਲ੍ਹ ਭੇਜਿਆ ਹੈ। ਇਸ ਦੇ ਨਾਲ ਹੀ ਅਮਿਤ ਵਰਮਾ ਨੂੰ ਅਦਾਲਤ ਨੇ ਇਕ ਲੱਖ ਰੁਪਏ ਦਾ ਜੁਰਮਾਨਾ ਵੀ ਲਗਾਇਆ ਹੈ। ਜੱਜ ਨੇ ਫੈਸਲਾ ਸੁਣਾਉਂਦਿਆਂ ਕਿਹਾ ਕਿ ਮੁਲਜ਼ਮ ਖਿਲਾਫ਼ ਦੋਸ਼ ਕਾਫ਼ੀ ਗੰਭੀਰ ਹਨ। ਉਸ ਨੇ ਚੋਰੀ ਕੀਤੇ ਵੀਜ਼ਾ ਸਟਿੱਕਰ ਰਾਹੀਂ ਏਅਰਲਾਈਨਜ਼ ਨੂੰ ਧੋਖਾ ਦੇ ਕੇ ਨਵੀਂ ਦਿੱਲੀ ਤੋਂ ਟੋਰਾਂਟੋ ਗਿਆ ਜਦੋਂ ਉਸ ਦੀ ਇਹ ਚੋਰੀ ਫੜੀ ਗਈ ਤਾਂ ਖਿਸਕ ਗਿਆ। 40 ਸਾਲਾ ਵਰਮਾ ਨੇ ਸਜ਼ਾ ਘਟਾਉਣ ਲਈ ਅਪੀਲ ਕੀਤੀ ਸੀ ਕਿ ਉਸ ਦੀ ਮਾਂ, ਪਤਨੀ ਤੇ ਦੋ ਬੱਚਿਆਂ ਦੀ ਦੇਖਭਾਲ ਕਰਨ ਵਾਲਾ ਹੋਰ ਕੋਈ ਨਹੀਂ ਹੈ। ਇਸ ਤੋਂ ਬਾਅਦ ਅਦਾਲਤ ਨੇ ਉਸ ਦੀ ਸਜ਼ਾ ਤਿੰਨ ਮਹੀਨੇ ਤੋਂ ਘਟਾ ਕੇ ਇਕ ਮਹੀਨਾ ਕਰ ਦਿੱਤੀ।

# ਨਸ਼ਾ ਗ੍ਰਸਤ ਸਿਆਸੀ ਆਗੂਆਂ ਬਾਰੇ ਸੂਚੀ ਤੋਂ ਮੁਕਰੀ ਸਰਕਾਰ

**ਚੰਡੀਗੜ੍ਹ:** ਪੰਜਾਬ ਦੇ ਸਾਬਕਾ ਡੀ.ਜੀ.ਪੀ. (ਜੇਲ੍ਹਾ) ਸ਼ਸ਼ੀਕਾਂਤ ਵੱਲੋਂ ਪੰਜਾਬ ਵਿਚ ਨਸ਼ੇ ਦੇ ਧੰਦੇ ਵਿਚ ਗ੍ਰਸਤ ਸਿਆਸੀ ਆਗੂਆਂ ਦੇ ਨਾਵਾਂ ਦੀ ਸੌਂਪੀ ਗਈ ਰਿਪੋਰਟ ਦੇ ਮਾਮਲੇ ਵਿਚ ਹਾਈ ਕੋਰਟ ਵਿਚ ਸੂਬਾ ਸਰਕਾਰ ਨੇ ਆਪਣਾ ਜਵਾਬ ਦਾਇਰ



ਕੀਤਾ। ਸਰਕਾਰ ਨੇ ਕਿਹਾ ਕਿ ਅਜਿਹੀ ਕੋਈ ਵੀ ਜਾਣਕਾਰੀ ਨਹੀਂ ਹੈ। ਇਸ 'ਤੇ ਹਾਈ ਕੋਰਟ ਨੇ ਪੰਜਾਬ ਦੇ ਗ੍ਰਹਿ ਸਕੱਤਰ ਨੂੰ ਸਥਿਤੀ ਸਪਸ਼ਟ ਕਰਨ ਲਈ ਕਿਹਾ ਹੈ ਕਿ ਕੋਈ ਅਜਿਹੀ ਸੂਚੀ ਹੈ ਜਾਂ ਨਹੀਂ।

ਸ਼ਸ਼ੀਕਾਂਤ ਵੱਲੋਂ ਇਸ ਵੱਡੇ ਖੁਲਾਸੇ ਵਾਲੀ ਰਿਪੋਰਟ ਸੌਂਪਣ ਦੇ ਦਾਅਵੇ ਤੋਂ ਬਾਅਦ ਇਹ ਰਿਪੋਰਟ ਸੂਚਨਾ ਦੇ ਅਧਿਕਾਰ ਤਹਿਤ ਮੰਗੀ ਗਈ ਸੀ, ਪਰ ਨਿਆਂ ਅਤੇ ਗ੍ਰਹਿ ਸਕੱਤਰ ਨੇ ਇਸ ਨੂੰ ਗੁਪਤ ਦੱਸਦਿਆਂ ਜਾਣਕਾਰੀ ਦੇਣ ਤੋਂ ਨਾਂਹ ਕਰ ਦਿੱਤੀ ਸੀ। ਇਸ ਬਾਰੇ ਸੰਦੀਪ ਕੁਮਾਰ ਗੁਪਤਾ ਨੇ ਐਡਵੋਕੇਟ ਸਰਦਵਿੰਦਰ ਗੋਇਲ ਦੇ ਜ਼ਰੀਏ ਹਾਈ ਕੋਰਟ 'ਚ ਇਕ ਪਟੀਸ਼ਨ ਦਾਇਰ ਕਰਦੇ ਦੱਸਿਆ ਕਿ ਇਹ ਰਿਪੋਰਟ ਨਿਆਂ ਅਤੇ ਗ੍ਰਹਿ ਵਿਭਾਗ ਤੋਂ ਸੂਚਨਾ ਦੇ ਅਧਿਕਾਰ ਤਹਿਤ ਮੰਗੀ ਗਈ ਸੀ।

ਇੰਟੈਲੀਜੈਂਸ ਵਿੰਗ ਨੇ ਜਵਾਬ ਦਿੱਤਾ ਸੀ ਕਿ ਇਹ ਗੁਪਤ ਜਾਣਕਾਰੀ ਹੈ, ਇਸ ਲਈ ਮੁਹੱਈਆ ਨਹੀਂ ਕਰਵਾਈ ਜਾ ਸਕਦੀ। ਇੰਟੈਲੀਜੈਂਸੀ ਦੇ ਇਸ ਜਵਾਬ ਨੂੰ ਸੂਚਨਾ ਕਮਿਸ਼ਨ ਕੋਲ ਚੁਣੌਤੀ ਦਿੱਤੀ ਗਈ। ਸੂਚਨਾ ਕਮਿਸ਼ਨ ਨੇ ਵੀ ਇਹ ਕਹਿ ਕੇ ਜਾਣਕਾਰੀ ਦੇਣ ਤੋਂ ਨਾਂਹ ਕਰ ਦਿੱਤੀ ਕਿ ਇਹ ਗੁਪਤ ਜਾਣਕਾਰੀ ਹੈ। ਇਸ ਜਵਾਬ ਤੋਂ ਬਾਅਦ ਹਾਈ ਕੋਰਟ 'ਚ ਪਟੀਸ਼ਨ ਦਾਇਰ ਕੀਤੀ ਗਈ ਹੈ। ਪਟੀਸ਼ਨਕਰਤਾ ਨੇ ਪਟੀਸ਼ਨ ਵਿਚ ਕਿਹਾ ਹੈ ਕਿ ਸੂਚਨਾ ਦੇ ਅਧਿਕਾਰ ਐਕਟ ਤਹਿਤ ਕੋਈ ਵੀ ਜਾਣਕਾਰੀ ਲੁਕਾਈ ਨਹੀਂ ਜਾ ਸਕਦੀ। ਦੱਸਿਆ ਗਿਆ ਕਿ ਬੈਂਚ ਨੇ ਕਮਿਸ਼ਨ ਨੂੰ ਇਸ ਮਾਮਲੇ 'ਚ ਮੁੜ ਵਿਚਾਰ ਕਰਨ ਲਈ ਕਿਹਾ ਗਿਆ ਸੀ। ਇਸ 'ਤੇ ਕਮਿਸ਼ਨ ਨੇ ਸੁਣਵਾਈ ਕੀਤੀ, ਪਰ ਗ੍ਰਹਿ ਅਤੇ ਨਿਆਂ ਵਿਭਾਗ ਕਮਿਸ਼ਨ ਨੂੰ ਕਿਹਾ ਕਿ ਇਹ ਰਿਪੋਰਟ ਆਨ ਰਿਕਾਰਡ ਨਹੀਂ ਹੈ। ਇਸ ਲਈ ਜਾਣਕਾਰੀ ਨਹੀਂ ਦਿੱਤੀ ਜਾ ਸਕਦੀ। ਪਟੀਸ਼ਨਕਰਤਾ ਨੇ ਮੰਗ ਕੀਤੀ ਹੈ ਕਿ ਜੇਕਰ ਇਹ ਰਿਪੋਰਟ ਆਨ ਰਿਕਾਰਡ ਨਹੀਂ ਹੈ ਤਾਂ ਇਹ ਜਾਣਕਾਰੀ ਉਸ ਵਿਭਾਗ ਤੋਂ ਮੁਹੱਈਆ ਕਰਵਾਈ ਜਾਵੇ, ਜਿਸ ਨੂੰ ਸ਼ਸ਼ੀਕਾਂਤ ਨੇ ਰਿਪੋਰਟ ਸੌਂਪੀ ਸੀ। ਇਸ ਬਾਰੇ ਹੀ ਹਾਈ ਕੋਰਟ ਨੇ ਸਰਕਾਰ ਤੋਂ ਜਵਾਬ ਮੰਗਿਆ ਸੀ।

## *ਔਰਤਾਂ ਨੇ ਦਿੱਤੀ ਪੈੱਗ ਲਾਉਣ ਦੀ ਧਮਕੀ*

**ਯਮੁਨਾਨਗਰ:** ਹਰਿਆਣੇ ਦੀਆਂ ਔਰਤਾਂ ਨੇ ਪ੍ਰਸ਼ਾਸਨ ਨੂੰ ਪੈੱਗ ਲਾਉਣ ਦੀ ਧਮਕੀ ਦਿੱਤੀ ਹੈ। ਯਮੁਨਾਨਗਰ ਦੀਆਂ ਇਹ ਔਰਤਾਂ ਇਲਾਕੇ ਵਿਚ ਦੋ ਖੁੱਲ੍ਹੇ ਸ਼ਰਾਬ ਦੇ ਠੇਕਿਆਂ ਤੋਂ ਪ੍ਰੇਸ਼ਾਨ ਹਨ। ਇਨ੍ਹਾਂ ਔਰਤਾਂ ਨੇ ਸ਼ਰਾਬ ਦੇ ਠੇਕੇ ਨੂੰ ਬੰਦ ਕਰਵਾਉਣ ਦਾ ਅਨੋਖਾ ਤਰੀਕਾ ਲੱਭਿਆ ਹੈ। ਠੇਕਾ ਬੰਦ ਕਰਵਾਉਣ ਲਈ ਇਲਾਕੇ ਦੀਆਂ ਸਾਰੀਆਂ ਮਹਿਲਾਵਾਂ ਇਕੱਠੀਆਂ ਹੋਈਆਂ ਤੇ ਇਨ੍ਹਾਂ ਨੇ ਠੇਕੇ ਅੱਗੇ ਬੈਠ ਕੇ ਭਜਨ ਬੰਦਗੀ ਸ਼ੁਰੂ ਕਰ ਦਿੱਤੀ। ਭਜਨ ਬੰਦਗੀ ਦੇ ਨਾਲ-ਨਾਲ ਮਹਿਲਾਵਾਂ ਨੇ ਚਿਤਾਵਨੀ ਦਿੱਤੀ ਕਿ ਜੇਕਰ ਇਸ ਦੇ ਬਾਵਜੂਦ ਠੇਕੇ ਤੋਂ ਦਾਰੂ ਵਿਕੀ ਤਾਂ ਉਹ ਖਰੀਦ ਕੇ ਆਪ ਪੀਣ ਲਈ ਮਜਬੂਰ ਹੋਣਗੀਆਂ। ਅਸਲ ਵਿਚ ਯਮੁਨਾਗਰ ਦੇ ਜਗਾਧਰੀ ਸਥਿਤ ਦੁਰਗਾ ਗਾਰਡਨ ਕਾਲੋਨੀ ਵਿਚ ਇਕ ਨਹੀਂ ਸਗੋਂ ਦੋ ਠੇਕੇ ਇਕੱਠੇ ਖੁੱਲ੍ਹ ਰਹੇ ਹਨ। ਇਕ ਠੇਕਾ ਅੰਗਰੇਜ਼ੀ ਦਾਰੂ ਦਾ ਤੇ ਦੂਜਾ ਦੇਸੀ ਦਾ। ਘਰਾਂ ਨੇੜੇ ਖੁੱਲ੍ਹ ਰਹੇ ਇਨ੍ਹਾਂ ਠੇਕਿਆਂ ਦਾ ਇਲਾਕੇ ਦੀਆਂ ਮਹਿਲਾਵਾਂ ਵੱਲੋਂ ਵਿਰੋਧ ਕੀਤਾ ਜਾ ਰਿਹਾ ਹੈ। ਮਹਿਲਾਵਾਂ ਨੇ ਠੇਕੇ ਨੂੰ ਮੰਦਰ ਦਾ ਰੂਪ ਦੇਣ ਦੀ ਵੀ ਚਿਤਾਵਨੀ ਦਿੱਤੀ।

# ਫਰਜ਼ੀ ਜੱਜ ਬਣ ਕੇ 2700 ਮੁਲਜ਼ਮ ਛੱਡਣ ਵਾਲਾ ਆਇਆ ਅੜਿੱਕੇ

**ਨਵੀਂ ਦਿੱਲੀ:** ਮੁਲਜ਼ਮਾਂ ਨੂੰ ਜ਼ਮਾਨਤ ਦੇਣ ਵਾਲੇ 'ਜੱਜ ਸਾਹਬ' ਖੁਦ ਸਲਾਖਾਂ ਪਿੱਛੇ ਜਾ ਪਹੁੰਚੇ, ਪਰ ਇਹ ਕੋਈ ਪੜ੍ਹਾਈ ਕਰ ਕੇ ਨਹੀਂ ਸਗੋਂ ਜਾਲਸਾਜ਼ੀ ਨਾਲ ਹੀ ਜੱਜ ਦੀ ਕੁਰਸੀ 'ਤੇ ਜਾ ਬੈਠੇ ਸਨ। ਇਹ ਫਰਜ਼ੀ ਜੱਜ ਆਪਣੀ ਚਤੁਰਾਈ ਨਾਲ ਕੁਰਸੀ ਉਤੇ ਹੀ ਨਹੀਂ ਬੈਠਾ, ਸਗੋਂ 2700 ਤੋਂ ਵੱਧ ਮੁਲਜ਼ਮਾਂ ਨੂੰ ਜ਼ਮਾਨਤ ਵੀ ਦੇ ਦਿੱਤੀ। ਦਿੱਲੀ ਪੁਲਿਸ ਨੇ ਧਨੀ ਰਾਮ ਮਿੱਤਲ ਨਾਮੀ ਮੁਲਜ਼ਮ ਨੂੰ ਕਾਰਾਂ ਚੋਰੀ ਕਰਨ ਦੇ ਕੇਸ ਵਿਚ ਗ੍ਰਿਫਤਾਰ ਕੀਤਾ ਹੈ।

ਇਸ 'ਤੇ 127 ਤੋਂ ਵੱਧ ਮਾਮਲੇ ਦਰਜ ਹਨ। ਜਦ ਇਸ ਦੀ ਕੁੰਡਲੀ ਖੰਗਾਲੀ ਗਈ ਤਾਂ ਪੁਲਿਸ ਦੇ ਵੀ ਹੋਸ਼ ਉਡ ਗਏ। ਦਰਅਸਲ, ਇਹ ਉਹੀ ਸ਼ਖਸ ਸੀ ਜਿਸ ਨੇ ਕਈ ਸਾਲ ਪਹਿਲਾਂ ਹਰਿਆਣਾ ਦੇ ਝੱਜਰ ਵਿਚ ਫਰਜ਼ੀ ਜੱਜ ਬਣ 2740 ਮੁਲਜ਼ਮਾਂ ਨੂੰ ਜ਼ਮਾਨਤ ਦਿੱਤੀ ਸੀ।

ਮਿਲੀ ਜਾਣਕਾਰੀ ਮੁਤਾਬਕ ਧਨੀ ਰਾਮ ਨੂੰ ਪਤਾ ਸੀ ਕਿ ਉਸ ਸਮੇਂ ਝੱਜਰ ਦੇ ਅਡੀਸ਼ਨਲ ਸੈਸ਼ਨਜ਼ ਜੱਜ ਦੀ ਕਿਸੇ ਮਾਮਲੇ ਵਿਚ ਜਾਂਚ ਚੱਲ ਰਹੀ ਹੈ। ਇਸੇ ਦਾ ਫਾਇਦਾ ਚੁੱਕਦਿਆਂ ਧਨੀ ਰਾਮ ਨੇ ਇਕ ਫਰਜ਼ੀ ਲੈਟਰ ਜਾਰੀ ਕਰ ਸੈਸ਼ਨਜ਼ ਜੱਜ ਨੂੰ ਦੋ ਮਹੀਨੇ ਦੀ ਛੁੱਟੀ 'ਤੇ ਭੇਜ ਦਿੱਤਾ। ਇੰਨਾ ਹੀ ਨਹੀਂ ਇਸ ਤੋਂ ਬਾਅਦ ਧਨੀ ਰਾਮ ਖੁਦ ਜੱਜ ਦੀ ਕੁਰਸੀ 'ਤੇ ਬੈਠ ਡਿਊਟੀ ਕਰਨ ਲੱਗਾ। ਜਨਾਬ ਨੇ ਕੁਝ ਇਸ ਕਦਰ ਫੁਰਤੀ ਦਿਖਾਈ ਕਿ 2740 ਮੁਲਜ਼ਮਾਂ ਨੂੰ ਦੋ ਮਹੀਨੇ ਵਿਚ ਆਜ਼ਾਦ ਕਰ ਦਿੱਤਾ।

# ਪੰਜਾਬ ਟਾਈਮਜ਼ ਨੇ ਮਨਾਈ ਪ੍ਰਕਾਸ਼ਨ ਦੀ 16ਵੀਂ ਵਰ੍ਹੇਗੰਢ

*(ਸਫਾ 3 ਦੀ ਬਾਕੀ)*

ਦੇ ਕਈ ਨਮੂਨੇ ਪੇਸ਼ ਕੀਤੇ।

ਇਸ ਸ਼ਾਮ ਪੰਜਾਬ ਟਾਈਮਜ਼ ਦੀ ਸਲਾਹਕਾਰ ਕਮੇਟੀ ਦੇ ਮੈਂਬਰ ਡਾ. ਨਵਦੀਪ ਕੌਰ ਸੰਧੂ, ਨਿੱਕੀ ਸੇਖੋਂ, ਪ੍ਰੋ. ਜੋਗਿੰਦਰ ਸਿੰਘ ਰਮਦੇਵ, ਡਾ. ਗੁਰਦਿਆਲ ਸਿੰਘ ਬਸਰਾਨ, ਹਰਦਿਆਲ ਸਿੰਘ ਦਿਓਲ, ਡਾ. ਹਰਗੁਰਮੁਖਪਾਲ ਸਿੰਘ, ਜੈਦੇਵ ਸਿੰਘ ਭੱਠਲ ਅਤੇ ਮਨਦੀਪ ਸਿੰਘ ਭੂਰਾ ਪਹੁੰਚੇ ਹੋਏ ਸਨ ਜਦੋਂਕਿ ਸਵਰਨਜੀਤ ਸਿੰਘ ਢਿੱਲੋਂ, ਅਯੁਧਿਆ ਸਲਵਾਨ, ਦਰਸ਼ਨ ਸਿੰਘ ਗਰੇਵਾਲ, ਡਾ. ਤੇਜਿੰਦਰ ਸਿੰਘ ਮੰਡੇਰ, ਅਮੋਲਕ ਸਿੰਘ ਗਾਖਲ, ਜਸਵਿੰਦਰ ਸਿੰਘ ਗਿੱਲ, ਜਗਦੀਸ਼ਰ ਸਿੰਘ ਕਲੇਰ, ਬਲਵਿੰਦਰ ਸਿੰਘ (ਬਾਬ) ਸੰਧੂ, ਦਰਸ਼ਨ ਸਿੰਘ ਦਰੜ, ਹਰਜੀਤ ਸਿੰਘ ਸਾਹੀ, ਰਾਜਿੰਦਰ ਸਿੰਘ ਬੈਂਸ, ਸਰਵਣ ਸਿੰਘ ਟਿਵਾਣਾ ਅਤੇ ਸਰਬਜੀਤ ਸਿੰਘ ਥਿਆੜਾ ਨਿਜੀ ਰੁਝੇਵਿਆਂ ਕਾਰਣ ਇਸ ਵਾਰ ਪਹੁੰਚ ਨਾ ਸਕੇ। ਗੁਰਿੰਦਰ ਸਿੰਘ ਗਿੱਲ, ਜੋ ਪਿਛਲੇ ਸਾਲ ਸੰਖੇਪ ਜਿਹੀ ਬਿਮਾਰੀ ਪਿਛੋਂ ਅਚਾਨਕ ਸਦੀਵੀ ਵਿਛੋੜਾ ਦੇ ਗਏ ਸਨ, ਦੀ ਗੈਰਹਾਜਰੀ ਰੜਕਦੀ ਰਹੀ। ਉਨ੍ਹਾਂ ਦੇ ਪਰਿਵਾਰ ਨੇ ਭਰੋਸਾ ਪ੍ਰਗਟਾਇਆ ਕਿ ਉਹ ਮਰਹੂਮ ਗਿੱਲ ਦੀ ਯਾਦ ਵਿਚ ਪੰਜਾਬ ਟਾਈਮਜ਼ ਦੀ ਮਦਦ ਨਿਰੰਤਰ ਜਾਰੀ ਰਖਣਗੇ।


ਸ਼ਿਕਾਗੋਲੈਂਡ ਦੀਆਂ ਕਰੀਬ ਸਾਰੀਆਂ ਸੰਸਥਾਵਾਂ-ਪੰਜਾਬੀ ਕਲਚਰਲ ਸੁਸਾਇਟੀ ਦੇ ਅਹੁਦੇਦਾਰ ਪੰਜਾਬੀ ਹੈਰੀਟੇਜ਼ ਸੁਸਾਇਟੀ, ਪੰਜਾਬੀ ਅਮੈਰੀਕਨ ਆਰਗੇਨਾਈਜੇਸ਼ਨ, ਪੰਜਾਬ ਸਪੋਰਟਸ ਕਲੱਬ ਮਿਡਵੈਸਟ (ਸ਼ਿਕਾਗੋ), ਸ਼ੇਰੇ ਪੰਜਾਬ ਸਪੋਰਟਸ ਐਂਡ ਕਲਚਰਲ ਕਲੱਬ, ਪੰਜਾਬ ਸਪੋਰਟਸ ਐਂਡ ਕਲਚਰਲ ਕਲੱਬ, ਅਤੇ ਸਿਆਸੀ ਪਾਰਟੀਆਂ-ਕਾਂਗਰਸ, ਸ਼੍ਰੋਮਣੀ ਅਕਾਲੀ ਦਲ ਤੇ ਆਮ ਆਦਮੀ ਪਾਰਟੀ ਦੇ ਨੁਮਾਇੰਦੇ ਪ੍ਰੋਗਰਾਮ ਵਿਚ ਹਾਜਰੀ ਲਵਾਉਣ ਲਈ ਪਹੁੰਚੇ ਹੋਏ ਸਨ।

ਨਿਊ ਯਾਰਕ ਤੋਂ ਗੁਰਦੁਆਰਾ ਸੰਤ ਸਾਗਰ ਦੇ ਮੁਖ ਸੇਵਾਦਾਰ ਭਾਈ ਸੱਜਣ ਸਿੰਘ (ਸਾਬਕਾ ਹਜ਼ੂਰੀ ਰਾਗੀ ਸ੍ਰੀ ਹਰਿਮੰਦਰ ਸਾਹਿਬ) ਨੇ ਆਪਣੀਆਂ ਦੁਆਵਾਂ ਵੀ ਭੇਜੀਆਂ ਤੇ ਨਾਲ ਹੀ ਮਾਲੀ ਮਦਦ ਵੀ।

ਮੰਚ ਸੰਚਾਲਨ ਗੁਰਮੁਖ ਸਿੰਘ ਭੁੱਲਰ ਨੇ ਕੀਤਾ। ਸਮੁਚਾ ਪ੍ਰੋਗਰਾਮ ਜੈਰਾਮ ਸਿੰਘ (ਨੀਟੂ) ਕਾਹਲੋਂ ਅਤੇ ਡਾ. ਹਰਗੁਰਮੁਖਪਾਲ ਸਿੰਘ ਨੇ ਉਲੀਕਿਆ। ਸੁਖਪਾਲ ਗਿੱਲ (ਢੋਲ ਰੇਡੀਓ) ਅਤੇ ਹਰਜੰਟ ਸਿੰਘ ਨੇ ਪੂਰਾ ਸਹਿਯੋਗ ਦਿਤਾ।


**Restaurant For Sale in Florida**
ਰੈਸਟੋਰੈਂਟ ਵਿਕਾਊ ਹੈ
ਫਲੋਰਿਡਾ ਵਿਚ ਵਧੀਆ ਚਲਦਾ
ਇੰਡੀਅਨ ਰੈਸਟੋਰੈਂਟ ਵਿਕਾਊ ਹੈ
ਸੇਲ: $60,000 ਪ੍ਰਤੀ ਮਹੀਨਾ
ਹੋਰ ਜਾਣਕਾਰੀ ਲਈ ਸੰਪਰਕ ਕਰੋ
ਫੋਨ: 850-510-3466
15-16

**ਨੈਸ਼ਨਲ ਟਰੱਕ ਡਰਾਈਵਿੰਗ ਸਕੂਲ**
**National Truck Driving School**
ਸੈਕਰਾਮੈਂਟੋ ਅਤੇ ਯੂਬਾ ਸਿਟੀ ਕੈਲੀਫੋਰਨੀਆ
ਓਨਰ ਅਪਰੇਟਰ ਅਤੇ ਡਰਾਈਵਰ ਚਾਹੀਦੇ ਹਨ
ਕੰਪਨੀ ਡਰਾਈਵਰ ਨੂੰ 35 ਸੈਂਟ ਪ੍ਰਤੀ ਮੀਲ ਦਿੱਤੇ ਜਾਣਗੇ
*ਟਰੱਕ ਡਰਾਇਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*ਲਾਇਸੈਂਸ ਲੈਣ ਉਪਰੰਤ ਕੰਮ/ਜੌਬ ਦੀ ਗਾਰੰਟੀ
*ਰਿਹਾਇਸ਼ ਅਤੇ ਏਅਰਪੋਰਟ ਤੋਂ ਚੁੱਕਣ ਤੇ ਛੱਡਣ ਦਾ ਖਾਸ ਪ੍ਰਬੰਧ
*2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ



**Call For Special Price**
Kashmir S. Thandi
Office: (866) 933-3038
Balhar S. Ranu Cell:916-502-7733
Yuba City Ph:530-419-5058
1816 Main Ave., Secramento CA, 95838

**ਕੀ ਤੁਸੀਂ ਸਭ ਤਰ੍ਹਾਂ ਦੇ ਇਲਾਜ ਕਰਾ ਕੇ ਥੱਕ ਚੁਕੇ ਹੋ?**
**ਹੋਮਿਓਪੈਥੀ, ਕੁਦਰਤੀ ਇਲਾਜ ਪ੍ਰਣਾਲੀ ਅਜ਼ਮਾ ਕੇ ਦੇਖੋ**
**Gurdip Singh Sandhu**
Homeopathic Practitioner/Consultant
DHMS-Gold Medalist, BAMS, MDEh.- India
**1188 E Santa Clara St., San Jose, CA 95116**
**Well Experienced as:**
Director, Principal, Professor and Chief Medical Officer in Medical Colleges and Hospitals of Punjab (India)
Practice Under State of California Act SB 577
**Homeopathic natural medicines supply**



*Gurdip Singh Sandhu*

**EX Member:**
*The California Homeopathic Society*
National Center For Homeopathy- USA
**Ph:(408) 687-1899**
**(408) 729-6691**
Fax:(408)292-6200
Email: Homeomdicine@yahoo.com
Website: www.Homeopathyatoz.com
***Toll Free: 1-877-OK-HOMEO (1-877-654-6636)***

# ਜੈਸ਼ ਮੁਖੀ ਮਸੂਦ ਅਜ਼ਹਰ 'ਤੇ ਨਰਮੀ ਤੋਂ ਭਾਰਤ ਗਰਮ

**ਨਵੀਂ ਦਿੱਲੀ:** ਜੈਸ਼-ਏ-ਮੁਹੰਮਦ ਦੇ ਮੁਖੀ ਮਸੂਦ ਅਜ਼ਹਰ ਨੂੰ ਅਤਿਵਾਦੀ ਸੂਚੀ ਵਿਚ ਸ਼ਾਮਲ ਨਾ ਕਰਨ ਉਤੇ ਭਾਰਤ ਭੜਕਿਆ ਹੈ। ਭਾਰਤ ਨੇ ਕਿਹਾ ਹੈ ਕਿ ਸੰਯੁਕਤ ਰਾਸ਼ਟਰ (ਯੂ.ਐਨ.) ਵੱਲੋਂ ਮਸੂਦ 'ਤੇ ਤਕਨੀਕੀ ਪੱਖ ਦਾ ਸਹਾਰਾ ਲੈ ਕੇ ਉਸ ਨੂੰ ਅਤਿਵਾਦੀ ਲਿਸਟ ਵਿਚ ਨਹੀਂ ਰੱਖਿਆ ਗਿਆ ਜਿਸ ਨੂੰ ਸਵੀਕਾਰ ਨਹੀਂ ਕੀਤਾ ਜਾ ਸਕਦਾ। ਭਾਰਤ ਨੇ ਯੂ.ਐਨ. ਦੇ ਇਸ ਫੈਸਲੇ ਦਾ ਸਖਤ ਦਾ ਵਿਰੋਧ ਕੀਤਾ ਹੈ। ਭਾਰਤੀ ਵਿਦੇਸ਼ ਮੰਤਰਾਲੇ ਦੇ ਬੁਲਾਰੇ ਵਿਕਾਸ ਸਵਰੂਪ ਨੇ ਕਿਹਾ ਹੈ ਕਿ ਯੂ.ਐਨ. ਦੇ ਇਸ ਫੈਸਲੇ ਨੇ ਦੁਨੀਆਂ ਭਰ ਨੂੰ ਫਿਰਕਮੰਦੀ ਵਿਚ ਪਾਇਆ ਹੈ।

ਉਨ੍ਹਾਂ ਕਿਹਾ ਕਿ ਦੁਨੀਆਂ ਭਰ ਦੇ ਲੋਕ ਅਤਿਵਾਦ ਖਿਲਾਫ ਸਖਤ ਕਾਰਵਾਈ ਚਾਹੁੰਦੇ ਹਨ ਤੇ ਇਸ ਲਈ ਮਸੂਦ ਜਿਹੇ ਅਤਿਵਾਦੀ ਖਿਲਾਫ ਸਖਤ ਕਦਮ ਚੁੱਕੇ ਜਾਣ। ਉਨ੍ਹਾਂ ਕਿਹਾ ਮਸੂਦ ਦੁਨੀਆਂ ਦਾ ਮੰਨਿਆ ਪ੍ਰੰਨਿਆ ਅਤਿਵਾਦੀ ਹੈ ਤੇ ਇਹ ਕਈ ਭਿਆਨਕ ਅਤਿਵਾਦੀ ਕਾਰਿਆਂ ਨੂੰ ਅੰਜ਼ਾਮ ਦੇ ਚੁੱਕਾ ਹੈ।

ਦੱਸਣਯੋਗ ਹੈ ਕਿ ਚੀਨ ਨੇ ਦਹਿਸ਼ਤਗਰਦ ਮੌਲਾਨਾ ਮਸੂਦ ਅਜ਼ਹਰ ਦਾ ਸਾਥ ਦੇ ਕੇ ਇਕ ਵਾਰ ਫਿਰ ਆਪਣਾ ਭਾਰਤ ਵਿਰੋਧੀ ਚਿਹਰਾ ਦਿਖਾਇਆ ਸੀ। ਅਸਲ ਵਿਚ ਭਾਰਤ ਨੇ ਸੰਯੁਕਤ ਰਾਸ਼ਟਰ ਸੰਘ ਵਿਚ ਜੈਸ਼-ਏ-ਮੁਹੰਮਦ ਮੁਖੀ ਮੌਲਾਨਾ ਮਸੂਦ ਅਜ਼ਹਰ ਉੱਤੇ ਪਾਬੰਦੀ ਲਾਉਣ ਦਾ ਪ੍ਰਸਤਾਵ ਰੱਖਿਆ ਸੀ, ਪਰ ਚੀਨ ਨੇ ਇਸ ਦਾ ਵਿਰੋਧ ਕਰ ਕੇ ਪ੍ਰਸਤਾਵ ਨੂੰ ਪਾਸ ਨਹੀਂ ਹੋਣ ਦਿੱਤਾ। ਦੋ ਜਨਵਰੀ ਨੂੰ ਪਠਾਨਕੋਟ ਵਿਚ ਏਅਰ ਬੇਸ ਉੱਤੇ ਹੋਏ ਦਹਿਸ਼ਤਗਰਦ ਹਮਲੇ ਤੋਂ ਬਾਅਦ ਭਾਰਤ ਨੇ ਸੰਯੁਕਤ ਰਾਸ਼ਟਰ ਨੂੰ ਚਿੱਠੀ ਲਿਖ ਮਸੂਦ ਉਤੇ ਪਾਬੰਦੀ ਲਾਉਣ ਦੀ ਮੰਗ ਕੀਤੀ ਸੀ। ਇਸ ਬਾਰੇ ਭਾਰਤ ਨੇ ਪੁਖ਼ਤਾ ਸਬੂਤ ਵੀ ਸੰਯੁਕਤ ਰਾਸ਼ਟਰ ਨੂੰ ਭੇਜੇ ਸਨ। ਇਸ ਹਮਲੇ ਵਿਚ ਸੱਤ ਸੁਰੱਖਿਆ ਕਰਮੀ ਸ਼ਹੀਦ ਹੋ ਗਏ ਸਨ। ਭਾਰਤ ਵੱਲੋਂ ਸੰਯੁਕਤ ਰਾਸ਼ਟਰ ਨੂੰ ਕੀਤੀ ਗਈ ਅਪੀਲ ਤੋਂ ਕੁਝ ਦੇਰ ਬਾਅਦ ਚੀਨ ਨੇ ਜੈਸ਼-ਏ-ਮੁਹੰਮਦ ਦੇ ਮੁਖੀ ਉਤੇ ਪਾਬੰਦੀ ਲਗਾਏ ਜਾਣ ਦਾ ਵਿਰੋਧ ਕੀਤਾ ਸੀ। ਜਾਣਕਾਰੀ ਅਨੁਸਾਰ ਚੀਨ ਨੇ ਇਹ ਕਦਮ ਪਾਕਿਸਤਾਨ ਨਾਲ ਮਿਲ ਚੁੱਕਿਆ ਸੀ।



## ਉੱਤਰੀ ਕੋਰੀਆ ਨੂੰ ਘੇਰਨ ਲਈ ਲਾਮਬੰਦੀ

**ਵਾਸ਼ਿੰਗਟਨ:** ਉੱਤਰੀ ਕੋਰੀਆ ਖਿਲਾਫ਼ ਅਮਰੀਕਾ ਦੇ ਨਾਲ ਚੀਨ ਅਤੇ ਜਪਾਨ ਸਣੇ ਕਈ ਸਹਿਯੋਗੀ ਦੇਸ਼ ਆ ਗਏ ਹਨ। ਇਥੇ ਅਮਰੀਕੀ ਰਾਸ਼ਟਰਪਤੀ ਬਰਾਕ ਓਬਾਮਾ ਨੇ ਜਪਾਨ ਦੇ ਪ੍ਰਧਾਨ ਮੰਤਰੀ ਸ਼ਿੰਜ਼ੋ ਅਬੇ ਅਤੇ ਦੱਖਣੀ ਕੋਰੀਆ ਦੇ ਰਾਸ਼ਟਰਪਤੀ ਪਾਰਕ ਗਵੇਨ ਨਾਲ ਮੁਲਾਕਾਤ ਕੀਤੀ। ਇਨ੍ਹਾਂ ਤਿੰਨਾਂ ਨੇਤਾਵਾਂ ਨੇ ਚਿਤਾਵਨੀ ਦਿੱਤੀ ਕਿ ਜੇਕਰ ਉੱਤਰੀ ਕੋਰੀਆ ਨੇ ਮੁੜ ਪਰਮਾਣੂ ਹਥਿਆਰਾਂ ਅਤੇ ਮਿਜ਼ਾਈਲਾਂ ਦਾ ਪ੍ਰੀਖਣ ਕੀਤਾ ਤਾਂ ਉਸ ਨੂੰ ਹੋਰ ਸਖ਼ਤ ਪਾਬੰਦੀਆਂ ਦਾ ਸਾਹਮਣਾ ਕਰਨਾ ਪਵੇਗਾ। ਇਸ ਦੇ ਬਾਅਦ ਸ੍ਰੀ ਓਬਾਮਾ ਨੇ ਚੀਨ ਦੇ ਰਾਸ਼ਟਰਪਤੀ ਸ਼ੀ ਜਿਨਪਿੰਗ ਨਾਲ ਵੀ ਮੁਲਾਕਾਤ ਕੀਤੀ। ਦੋਵਾਂ ਨੇਤਾਵਾਂ ਨੇ ਇਕਜੁੱਟ ਹੋ ਕੇ ਕਿਹਾ ਕਿ ਉੱਤਰੀ ਕੋਰੀਆ ਪਰਮਾਣੂ ਹਥਿਆਰਾਂ ਦਾ ਤਿਆਗ ਕਰ ਦੇਵੇ।

## ਪਰਮਾਣੂ ਪਸਾਰ ਸਭ ਤੋਂ ਵੱਡਾ ਖਤਰਾ: ਓਬਾਮਾ

**ਵਾਸ਼ਿੰਗਟਨ:** ਅਮਰੀਕੀ ਰਾਸ਼ਟਰਪਤੀ ਬਰਾਕ ਓਬਾਮਾ ਨੇ ਕਿਹਾ ਹੈ ਕਿ ਪਰਮਾਣੂ ਹਥਿਆਰਾਂ ਦੇ ਪਸਾਰ ਅਤੇ ਉਨ੍ਹਾਂ ਦੀ ਸੰਭਾਵਿਤ ਵਰਤੋਂ ਆਲਮੀ ਸੁਰੱਖਿਆ ਤੇ ਸ਼ਾਂਤੀ ਲਈ ਸਭ ਤੋਂ ਵੱਡਾ ਖਤਰਾ ਹੈ। ਸ੍ਰੀ ਓਬਾਮਾ ਦਾ ਇਹ ਬਿਆਨ ਉਸ ਸਮੇਂ ਆਇਆ ਹੈ ਜਦੋਂ 50 ਤੋਂ ਵੱਧ ਮੁਲਕਾਂ ਦੇ ਆਗੂ ਇਥੇ ਪਰਮਾਣੂ ਸੁਰੱਖਿਆ ਸਿਖਰ ਸੰਮੇਲਨ ਵਿਚ ਹਿੱਸਾ ਲੈਣ ਲਈ ਜੁੜਨੇ ਸ਼ੁਰੂ ਹੋ ਗਏ ਹਨ ਜਿਸ ਦਾ ਉਦੇਸ਼ ਦਹਿਸ਼ਤਗਰਦਾਂ ਨੂੰ ਪਰਮਾਣੂ ਹਥਿਆਰ ਹਾਸਲ ਕਰਨ ਅਤੇ ਉਨ੍ਹਾਂ ਦੀ ਵਰਤੋਂ ਨੂੰ ਰੋਕਣਾ ਹੈ।

## ਇਰੋਮ ਸ਼ਰਮੀਲਾ ਖੁਦਕਸ਼ੀ ਦੇ ਮਾਮਲੇ ਵਿਚੋਂ ਬਰੀ

**ਨਵੀਂ ਦਿੱਲੀ:** ਮਨੀਪੁਰ ਦੀ ਮਨੁੱਖੀ ਅਧਿਕਾਰ ਕਾਰਕੁਨ ਇਰੋਮ ਸ਼ਰਮੀਲਾ ਨੂੰ ਇਥੋਂ ਦੀ ਇਕ ਅਦਾਲਤ ਨੇ ਸਾਲ 2006 ਦੇ ਖੁਦਕਸ਼ੀ ਮਾਮਲੇ ਵਿਚੋਂ ਬਰੀ ਕਰ ਦਿੱਤਾ ਹੈ। ਸਾਲ 2006 ਵਿਚ ਉਸ ਉਪਰ ਉਦੋਂ ਕੇਸ ਦਰਜ ਕੀਤਾ ਗਿਆ ਸੀ ਜਦੋਂ ਜੰਤਰ ਮੰਤਰ 'ਤੇ ਉਹ ਮਰਨ ਵਰਤ ਉਤੇ ਬੈਠ ਗਈ ਸੀ।

ਉਂਜ ਇਹ ਮਨੁੱਖੀ ਅਧਿਕਾਰ ਕਾਰਕੁਨ ਬੀਤੇ 16 ਸਾਲਾਂ ਤੋਂ ਭੁੱਖ ਹੜਤਾਲ 'ਤੇ ਹੈ। ਉਹ ਮਨੀਪੁਰ ਵਿਚੋਂ ਫੌਜ ਨੂੰ ਦਿੱਤੀਆਂ ਵਿਸ਼ੇਸ਼ ਤਾਕਤਾਂ ਵਾਲਾ ਕਾਨੂੰਨ ਹਟਾਉਣ ਦੀ ਮੰਗ ਕਰ ਰਹੀ ਹੈ। ਉਸ ਨੇ ਬੀਤੇ ਦਿਨੀਂ ਕਿਹਾ ਸੀ ਕਿ ਉਹ ਆਪਣਾ ਵਰਤ ਖਤਮ ਕਰਨ ਲਈ ਤਿਆਰ ਹੈ, ਬਸ਼ਰਤੇ ਮਨੀਪੁਰ ਵਿਚੋਂ ਹਥਿਆਰਬੰਦ ਫੌਜਾਂ ਨੂੰ ਦਿੱਤੀਆਂ ਵਿਸ਼ੇਸ਼ ਤਾਕਤਾਂ ਵਾਪਸ ਲੈ ਲਈਆਂ ਜਾਣ। ਉਸ ਨੇ ਇਸ ਮਾਮਲੇ 'ਤੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨਾਲ ਮੁਲਾਕਾਤ ਕਰਨ ਦੀ ਇੱਛਾ ਪ੍ਰਗਟਾਈ। ਸ਼ਰਮੀਲਾ ਦੇ ਨੱਕ ਵਿਚ ਨਾਲੀ ਪਾਈ ਹੋਈ ਹੈ ਤੇ ਉਸ ਰਾਹੀਂ ਤਰਲ ਪਦਾਰਥ ਦਿੱਤੇ ਜਾ ਰਹੇ ਹਨ।

ਬਹਿਸ ਦੌਰਾਨ ਉਸ ਨੇ ਕਿਹਾ ਕਿ ਉਸ ਨੂੰ ਆਪਣੀ ਜ਼ਿੰਦਗੀ ਪਿਆਰੀ ਹੈ। ਦੇਸ਼ ਪਿਤਾ ਮਹਾਤਮਾ ਗਾਂਧੀ ਵੀ ਸਮੇਂ ਸਮੇਂ 'ਤੇ ਆਪਣੀਆਂ ਮੰਗਾਂ ਲਈ ਮਰਨ ਵਰਤ ਰੱਖਦੇ ਸਨ। ਆਇਰਨ ਲੇਡੀ ਵਜੋਂ ਮਸ਼ਹੂਰ ਇਸ ਬੀਬੀ ਨੇ ਅਦਾਲਤ ਨੂੰ ਕਿਹਾ ਕਿ ਉਸ ਦਾ ਪ੍ਰਦਰਸ਼ਨ ਅਹਿੰਸਕ ਹੈ।

# ਪੰਜਾਬ ਭਾਸ਼ਾਈ ਤੇ ਸਭਿਆਚਾਰਕ ਅਧਿਕਾਰ ਕਮਿਸ਼ਨ ਕਾਇਮ

**ਜਲੰਧਰ:** ਪਿਛਲੇ ਕਈ ਦਹਾਕਿਆਂ ਤੋਂ ਪੰਜਾਬ ਵਿਚ ਪੰਜਾਬੀ ਦੇ ਪ੍ਰਚਾਰ-ਪ੍ਰਸਾਰ ਲਈ ਕੰਮ ਕਰਦੀ ਆ ਰਹੀ ਜਥੇਬੰਦੀ ਪੰਜਾਬ ਜਾਗ੍ਰਿਤੀ ਮੰਚ ਨੇ ਪੰਜਾਬ ਦੇ ਸਾਰੇ ਸਕੂਲਾਂ ਵਿਚ ਪਹਿਲੀ ਤੋਂ ਦਸਵੀਂ ਤੱਕ ਪੰਜਾਬੀ ਵਿਸ਼ੇ ਦੀ ਪੜ੍ਹਾਈ ਲਾਜ਼ਮੀ ਬਣਾਉਣ ਅਤੇ ਕਿਸੇ ਵੀ ਸਕੂਲ ਵਿਚ ਵਿਦਿਆਰਥੀਆਂ 'ਤੇ ਪੰਜਾਬੀ ਬੋਲਣ ਉਤੇ ਲੱਗੀ ਪਾਬੰਦੀ ਖਤਮ ਕਰਾਉਣ ਦੇ ਮੰਤਵ ਨਾਲ ਇਕ ਅਹਿਮ ਕਦਮ ਚੁੱਕਦਿਆਂ ਪੰਜਾਬ ਭਾਸ਼ਾਈ ਤੇ ਸਭਿਆਚਾਰਕ ਅਧਿਕਾਰ ਕਮਿਸ਼ਨ ਬਣਾਉਣ ਦਾ ਐਲਾਨ ਕੀਤਾ ਹੈ।

ਪੰਜਾਬ ਜਾਗ੍ਰਿਤੀ ਮੰਚ ਦੇ ਜਨਰਲ ਸਕੱਤਰ ਸਤਨਾਮ ਸਿੰਘ ਮਾਣਕ ਨੇ ਦੱਸਿਆ ਕਿ ਮਨੁੱਖੀ ਅਧਿਕਾਰਾਂ ਦੀ ਰੱਖਿਆ ਦੀ ਤਰ੍ਹਾਂ ਹੀ ਪੰਜਾਬ ਦੇ ਲੋਕਾਂ ਦੇ ਭਾਸ਼ਾਈ ਤੇ ਸਭਿਆਚਾਰਕ ਅਧਿਕਾਰਾਂ ਦੀ ਰੱਖਿਆ ਲਈ ਭਾਸ਼ਾਈ ਤੇ ਸਭਿਆਚਾਰਕ ਅਧਿਕਾਰ ਕਮਿਸ਼ਨ ਦੀ ਜ਼ਰੂਰਤ ਹੈ। ਪੰਜਾਬ ਜਾਗ੍ਰਿਤੀ ਮੰਚ ਅਤੇ ਰਾਜ ਦੀਆਂ ਪੰਜਾਬੀ ਦੇ ਪ੍ਰਚਾਰ-ਪ੍ਰਸਾਰ ਲਈ ਕੰਮ ਕਰਦੀਆਂ ਆ ਰਹੀਆਂ ਹੋਰ ਅਨੇਕਾਂ ਜਥੇਬੰਦੀਆਂ ਪੰਜਾਬ ਸਰਕਾਰ ਤੋਂ ਲੰਬੇ ਸਮੇਂ ਤੋਂ ਇਹ ਮੰਗ ਕਰਦੀਆਂ ਆ ਰਹੀਆਂ ਹਨ ਕਿ ਲੋਕਾਂ ਦੇ ਭਾਸ਼ਾਈ ਅਧਿਕਾਰਾਂ ਦੀ ਰੱਖਿਆ ਲਈ ਸਰਕਾਰੀ ਪੱਧਰ 'ਤੇ ਭਾਸ਼ਾਈ ਅਧਿਕਾਰ ਕਮਿਸ਼ਨ ਜਾਂ ਟ੍ਰਿਬਿਊਨਲ ਬਣਾਇਆ ਜਾਏ, ਪਰ ਇਸ ਮੰਗ ਵੱਲ ਸਰਕਾਰ ਨੇ ਅਜੇ ਤੱਕ ਕੋਈ ਧਿਆਨ ਨਹੀਂ ਦਿੱਤਾ। ਲੋਕਾਂ ਦੇ ਭਾਸ਼ਾਈ ਅਧਿਕਾਰਾਂ ਦੀ ਹੋ ਰਹੀ ਉਲੰਘਣਾ ਸਬੰਧੀ ਸੁਣਵਾਈ ਕਰਨ ਲਈ ਰਾਜ ਵਿਚ ਕੋਈ ਵੀ ਪਲੇਟਫਾਰਮ ਮੌਜੂਦ ਨਹੀਂ ਹੈ। ਇਸ ਕਾਰਨ ਪੰਜਾਬ ਦੀਆਂ ਬਹੁਤ ਸਾਰੀਆਂ ਹਮਖਿਆਲ ਜਥੇਬੰਦੀਆਂ ਨਾਲ ਵਿਚਾਰ ਕਰਨ ਤੋਂ ਬਾਅਦ ਉਕਤ ਪੰਜਾਬ ਭਾਸ਼ਾਈ ਤੇ ਸਭਿਆਚਾਰਕ ਅਧਿਕਾਰ ਕਮਿਸ਼ਨ ਦੀ ਸਥਾਪਨਾ ਕੀਤੀ ਗਈ ਹੈ। ਇਸ ਕਮਿਸ਼ਨ ਦੇ 8 ਮੈਂਬਰ ਹੋਣਗੇ।

## ਮੁਸ਼ੱਰਫ਼ ਨੂੰ ਵਿਦੇਸ਼ ਜਾਣ ਦੀ ਆਗਿਆ ਉਤੇ ਉਠੇ ਸਵਾਲ

**ਇਸਲਾਮਾਬਾਦ:** ਪਾਕਿਸਤਾਨ ਦੇ ਵਿਸ਼ੇਸ਼ ਟ੍ਰਿਬਿਊਨਲ ਨੇ ਸਰਕਾਰ ਨੂੰ ਕਿਹਾ ਹੈ ਕਿ ਉਸ ਨੇ ਸਾਬਕਾ ਫੌਜੀ ਤਾਨਾਸ਼ਾਹ ਪਰਵੇਜ਼ ਮੁਸ਼ੱਰਫ਼ (72) ਨੂੰ ਉਨ੍ਹਾਂ ਦੀ ਮਨਜ਼ੂਰੀ ਤੋਂ ਬਿਨਾਂ ਵਿਦੇਸ਼ ਜਾਣ ਦੀ ਇਜਾਜ਼ਤ ਕਿਵੇਂ ਦਿੱਤੀ। ਮੁਸ਼ੱਰਫ਼ ਖਿਲਾਫ਼ ਦੇਸ਼ ਧ੍ਰੋਹ ਦੇ ਮਾਮਲੇ ਦੀ ਸੁਣਵਾਈ ਕਰ ਰਹੇ ਤਿੰਨ ਮੈਂਬਰੀ ਟ੍ਰਿਬਿਊਨਲ ਨੇ ਸਰਕਾਰ ਨੂੰ ਲਿਖਤੀ ਸਫਾਈ ਦੇਣ ਲਈ ਕਿਹਾ ਹੈ।

ਸੁਪਰੀਮ ਕੋਰਟ ਵੱਲੋਂ ਮੁਸ਼ੱਰਫ਼ ਦੇ ਵਿਦੇਸ਼ੀ ਦੌਰਿਆਂ ਤੋਂ ਪਾਬੰਦੀ ਹਟਾਏ ਜਾਣ ਤੋਂ ਬਾਅਦ ਉਹ ਇਸ ਮਹੀਨੇ ਇਲਾਜ ਲਈ ਦੁਬਈ ਚਲੇ ਗਏ ਸਨ। ਸਰਕਾਰੀ ਵਕੀਲਾਂ ਨੇ ਅਦਾਲਤ ਨੂੰ ਕਿਹਾ ਕਿ ਉਹ ਮੁਸ਼ੱਰਫ਼ ਖਿਲਾਫ਼ ਰੈੱਡ ਵਾਰੰਟ ਜਾਰੀ ਕਰ ਦੇਣ, ਪਰ ਅਦਾਲਤ ਨੇ ਇਸ ਤੋਂ ਇਨਕਾਰ ਕਰ ਦਿੱਤਾ। ਪਾਕਿਸਤਾਨ 'ਚ ਦੇਸ਼ ਧ੍ਰੋਹ ਦਾ ਮਾਮਲਾ ਸਾਬਤ ਹੋਣ ਉਤੇ ਮੌਤ ਦੀ ਸਜ਼ਾ ਹੀ ਮਿਲਦੀ ਹੈ।

## ਚੀਨ ਨੇ ਮਕਬੂਜ਼ਾ ਕਸ਼ਮੀਰ 'ਚ ਫੌਜ ਦੀ ਮੌਜੂਦਗੀ ਦਾ ਦਾਅਵਾ ਨਕਾਰਿਆ



**ਬੀਜਿੰਗ:** ਰੱਖਿਆ ਮੰਤਰੀ ਮਨੋਹਰ ਪਾਰੀਕਰ ਦੇ ਚੀਨ ਦੌਰੇ ਤੋਂ ਪਹਿਲਾਂ ਚੀਨ ਦੀ ਫੌਜ ਨੇ ਸਪਸ਼ਟ ਕੀਤਾ ਹੈ ਕਿ ਪਾਕਿਸਤਾਨ ਦੇ ਕਬਜ਼ੇ ਵਾਲੇ ਕਸ਼ਮੀਰ ਵਿਚ ਉਸ ਦੀਆਂ ਫੌਜਾਂ ਦੀ ਮੌਜੂਦਗੀ ਬਾਰੇ ਰਿਪੋਰਟਾਂ ਬੇਬੁਨਿਆਦ ਹਨ।

ਚੀਨ ਦੇ ਰੱਖਿਆ ਮੰਤਰਾਲੇ ਦੇ ਬੁਲਾਰੇ ਕਰਨਲ ਯਾਂਗ ਯੂਜਾਨ ਨੇ ਇਸ ਰਿਪੋਰਟ ਦਾ ਖੰਡਨ ਕੀਤਾ ਕਿ ਭਾਰਤ ਦੇ ਨੌਗਾਂਵ ਸੈਕਟਰ ਦੇ ਸਾਹਮਣੇ ਵਾਲੀ ਪਾਕਿਸਤਾਨੀ ਚੌਕੀ ਵਿਚ ਚੀਨ ਦੇ ਸੈਨਿਕ ਮੌਜੂਦ ਹਨ, ਹਾਲਾਂਕਿ ਉਨ੍ਹਾਂ ਇਨ੍ਹਾਂ ਸੁਆਲਾਂ 'ਤੇ ਕੋਈ ਪ੍ਰਤੀਕਿਰਿਆ ਨਹੀਂ ਦਿੱਤੀ ਕਿ ਚੀਨ ਪਾਕਿਸਤਾਨ ਆਰ ਥਿਕ ਕੋਰੀਡੋਰ ਦੀ ਸੁਰੱਖਿਆ ਲਈ ਮਕਬੂਜ਼ਾ ਕਸ਼ਮੀਰ ਵਿਚ ਉਸ ਦੇ ਸੈਨਿਕ ਹਨ ਜਾਂ ਨਹੀਂ। ਇਹ ਪਹਿਲਾ ਮੌਕਾ ਹੈ ਜਦੋਂ ਚੀਨ ਨੇ ਮਕਬੂਜ਼ਾ ਕਸ਼ਮੀਰ 'ਚ ਆਪਣੇ ਸੈਨਿਕਾਂ ਦੀ ਮੌਜੂਦਗੀ ਬਾਰੇ ਰਿਪੋਰਟਾਂ 'ਤੇ ਪ੍ਰਤੀਕਿਰਿਆ ਦਿੱਤੀ ਹੈ।

# ਸੰਘ ਨੇ ਖੜ੍ਹਾ ਕੀਤਾ ਨਵਾਂ ਬਖੇੜਾ

**ਮੁੰਬਈ:** ਚੁਫੇਰਿਓਂ ਅਲੋਚਨਾ ਦੇ ਬਾਵਜੂਦ ਆਰ.ਐਸ.ਐਸ. ਨਿੱਤ ਨਵਾਂ ਬਖੇੜਾ ਖੜ੍ਹਾ ਕਰ ਰਹੀ ਹੈ। ਸੰਘ ਦੇ ਸੀਨੀਅਰ ਆਗੂ ਭਈਆ ਜੀ ਜੋਸ਼ੀ ਨੇ 'ਬੰਦੇ-ਮਾਤਰਮ' ਨੂੰ ਰਾਸ਼ਟਰੀ ਗਾਣ ਦੱਸ ਕੇ ਨਵਾਂ ਵਿਵਾਦ ਪੈਦਾ ਕਰ ਦਿੱਤਾ ਹੈ। ਸੰਘ ਲੀਡਰ ਨੇ ਕਿਹਾ ਹੈ ਕਿ 'ਜਨ-ਗਣ-ਮਨ' ਨਹੀਂ ਸਗੋਂ 'ਬੰਦੇ-ਮਾਤਰਮ' ਅਸਲ ਰਾਸ਼ਟਰ ਗਾਣ ਹੈ। 'ਭਾਰਤ ਮਾਤਾ ਕੀ ਜੈ' ਦੇ ਨਾਅਰੇ ਤੋਂ ਬਾਅਦ ਸੰਘ ਦੇ ਨਵੇਂ ਬਿਖੇੜੇ ਨਾਲ ਦੇਸ਼ ਵਿਚ ਸਿਆਸੀ ਹਲਚਲ ਹੋਰ ਤੇਜ਼ ਹੋਣ ਦੇ ਆਸਾਰ ਬਣ ਗਏ ਹਨ।



ਮੁੰਬਈ ਵਿਚ ਦੀਨ ਦਿਆਲ ਉਪਾਧਿਆਇਆ ਰਿਸਰਚ ਇੰਸਟੀਚਿਊਟ ਵਿਚ ਦਿੱਤੇ ਆਪਣੇ ਭਾਸ਼ਣ ਦੌਰਾਨ ਭਈਆ ਜੀ ਜੋਸ਼ੀ ਨੇ ਆਖਿਆ ਕਿ 'ਜਨ ਗਣ ਮਨ' ਸਾਡਾ ਰਾਸ਼ਟਰੀ ਗਾਣ ਹੈ, ਪਰ ਬੰਦੇ-ਮਾਤਰਮ ਵਿਚ ਰਾਸ਼ਟਰੀ ਰਾਸ਼ਟਰੀ ਗਾਣ ਦੀ ਭਾਵਨਾ ਹੈ। ਉਨ੍ਹਾਂ ਆਖਿਆ ਕਿ ਜਨ-ਗਣ-ਮਨ ਨਾਲ ਉਹ ਭਾਵਨਾ ਪੈਦਾ ਨਹੀਂ ਹੁੰਦੀ ਜੋ 'ਬੰਦੇ ਮਾਤਰਮ' ਨਾਲ ਪੈਦਾ ਹੁੰਦੀ ਹੈ।

ਭਾਈਆ ਜੀ ਜੋਸ਼ੀ ਇਥੇ ਹੀ ਨਹੀਂ ਰੁਕੇ, ਉਨ੍ਹਾਂ ਸੰਘ ਦੇ ਭਗਵੇਂ ਝੰਡੇ ਦੀ ਤੁਲਨਾ ਤਿਰੰਗੇ ਨਾਲ ਕਰ ਦਿੱਤੀ। ਉਨ੍ਹਾਂ ਆਖਿਆ ਕਿ ਤਿਰੰਗਾ ਸੰਘ ਦੇ ਝੰਡੇ ਤੋਂ ਬਾਅਦ ਬਣਾਇਆ ਹੈ। ਭਾਈਆ ਜੀ ਜੋਸ਼ੀ ਨੇ 'ਭਾਰਤ ਮਾਤਾ ਦੀ ਜੈ' ਦੇ ਨਾਅਰੇ ਨੂੰ ਵੀ ਉਚਿਤ ਦੱਸਿਆ। ਯਾਦ ਰਹੇ ਕਿ ਕੁਝ ਦਿਨ ਪਹਿਲਾਂ ਸੰਘ ਮੁਖੀ ਮੋਹਨ ਭਾਗਵਤ ਨੇ 'ਭਾਰਤ ਮਾਤਾ ਕੀ ਜੈ' ਦਾ ਨਾਅਰੇ ਦਿੱਤਾ ਸੀ ਜਿਸ ਉਤੇ ਵਿਵਾਦ ਅਜੇ ਵੀ ਚੱਲ ਰਿਹਾ ਹੈ।

## ਅੰਬਾਲਾ ਅਦਾਲਤ ਵੱਲੋਂ ਭਨਿਆਰਾ ਬਰੀ

**ਅੰਬਾਲਾ:** ਅੰਬਾਲਾ ਦੀ ਇਕ ਅਦਾਲਤ ਨੇ ਇਕ ਮਾਮਲੇ ਵਿਚ ਬਾਬਾ ਪਿਆਰਾ ਸਿੰਘ ਭਨਿਆਰਾਵਾਲਾ ਨੂੰ ਬਰੀ ਕਰ ਦਿੱਤਾ ਹੈ। ਇਹ ਮਾਮਲਾ ਪੰਜਾਬ ਸਰਕਾਰ ਵੱਲੋਂ ਦਰਜ ਕਰਵਾਇਆ ਗਿਆ ਸੀ, ਜੋ ਕਿ ਨੂਰਪੁਰ ਬੇਦੀ ਥਾਣੇ ਦੇ ਐਸ.ਐਚ. ਓ. ਦੀ ਸ਼ਿਕਾਇਤ ਤੋਂ ਬਾਅਦ ਦਰਜ ਹੋਇਆ ਸੀ।

ਜੱਜ ਨਰਿੰਦਰ ਸੂਰਾ ਨੇ ਪੰਜਾਬ ਸਰਕਾਰ ਵੱਲੋਂ ਲਾਏ ਦੋਸ਼ਾਂ ਨੂੰ ਨਾ ਮੰਨਦੇ ਹੋਏ ਬਾਬਾ ਭਨਿਆਰਾ ਨੂੰ ਬਰੀ ਕਰ ਦਿੱਤਾ।

# ਆਈ.ਐਸ. ਤੋਂ ਬਚ ਕੇ ਆਏ ਹਰਜੀਤ ਮਸੀਹ ਨੂੰ ਪੰਜਾਬ ਪੁਲਿਸ ਨੇ ਘੇਰਿਆ

**ਗੁਰਦਾਸਪੁਰ:** ਆਈ.ਐਸ. ਦੇ ਅਤਿਵਾਦੀਆਂ ਦੇ ਚੁੰਗਲ ਤੋਂ ਬਚ ਕੇ ਆਏ ਪੰਜਾਬੀ ਨੌਜਵਾਨ ਹਰਜੀਤ ਮਸੀਹ ਨੂੰ ਹੁਣ ਪੰਜਾਬ ਪੁਲਿਸ ਨੇ ਘੇਰ ਲਿਆ ਹੈ। ਬਟਾਲਾ ਅਦਾਲਤ ਨੇ ਪੁਲਿਸ ਨੂੰ ਪੁੱਛਗਿੱਛ ਕਰਨ ਲਈ ਹਰਜੀਤ ਦਾ ਰਿਮਾਂਡ ਦਿੱਤਾ ਹੈ। ਹਰਜੀਤ ਖਿਲਾਫ ਧੋਖਾਧੜੀ ਤੇ ਇਮੀਗ੍ਰੇਸ਼ਨ ਐਕਟ ਤਹਿਤ ਕੇਸ ਦਰਜ ਹੋਇਆ ਹੈ। ਕਾਬਲੇਗੌਰ ਹੈ ਕਿ ਹਰਜੀਤ ਨੇ ਦਾਅਵਾ ਕੀਤਾ ਸੀ ਕਿ ਇਸਲਾਮਿਕ ਸਟੇਟ ਦੇ ਅਤਿਵਾਦੀਆਂ ਨੇ 39 ਭਾਰਤੀਆਂ ਨੂੰ ਮਾਰ ਦਿੱਤਾ ਹੈ ਤੇ ਉਹ ਇਕੱਲਾ ਹੀ ਬਚ ਕੇ ਆਇਆ ਹੈ।

ਦੂਜੇ ਪਾਸੇ, ਭਾਰਤ ਸਰਕਾਰ ਇਸ ਦਾਅਵੇ ਨੂੰ ਖਾਰਜ ਕਰ ਕਹਿ ਰਹੀ ਹੈ ਕਿ ਸਾਰੇ ਭਾਰਤੀ ਸੁਰੱਖਿਅਤ ਹਨ। ਜੂਨ 2014 ਵਿਚ ਇਰਾਕ ਦੇ ਮੌਸੂਲ ਵਿਚ ਭਾਰਤੀਆਂ ਨੂੰ ਇਸਲਾਮਿਕ ਸਟੇਟ ਨੇ ਅਗਵਾ ਕਰ ਲਿਆ ਸੀ। ਇਨ੍ਹਾਂ 39 ਭਾਰਤੀਆਂ ਵਿਚੋਂ ਨੌਂ ਦੇ ਪਰਿਵਾਰਾਂ ਨੇ ਹੀ ਹਰਜੀਤ ਖਿਲਾਫ ਸ਼ਿਕਾਇਤ ਦਰਜ ਕਰਵਾਈ ਸੀ। ਇਨ੍ਹਾਂ ਨੇ ਹਰਜੀਤ ਜ਼ਰੀਏ ਇਰਾਕ ਜਾਣ ਦਾ ਇਲਜ਼ਾਮ ਲਾਇਆ ਹੈ। ਹਰਜੀਤ ਦੇ ਫੁੱਫੜ ਰਾਜਵੀਰ 'ਤੇ ਵੀ ਕੇਸ ਦਰਜ ਹੋਇਆ ਹੈ। ਰਾਜਵੀਰ ਦੁਬਈ ਵਿਚ ਰਹਿੰਦਾ ਹੈ। ਇਰਾਕ 'ਚ ਅਗਵਾ ਹੋਏ ਨੌਜਵਾਨਾਂ ਦੇ ਨੌਂ ਪਰਿਵਾਰਾਂ ਨੇ ਇਲਜ਼ਾਮ ਲਾਇਆ ਹੈ ਕਿ ਉਨ੍ਹਾਂ ਨੇ ਹਰਜੀਤ ਦੇ ਕਹਿਣ ਉਤੇ ਹੀ ਆਪਣੇ ਪੁੱਤਰਾਂ ਨੂੰ ਇਰਾਕ ਭੇਜਿਆ ਸੀ।



ਦੁਬਈ ਵਿਚ ਰਹਿਣ ਵਾਲਾ ਹਰਜੀਤ ਦਾ ਫੁੱਫੜ ਉਨ੍ਹਾਂ ਦਾ ਟਰੈਵਲ ਏਜੰਟ ਸੀ। ਉਨ੍ਹਾਂ ਨੇ ਕਿਹਾ ਹੈ ਕਿ ਹੁਣ ਹਰਜੀਤ ਮੁੜ ਇਰਾਕ ਜਾਣ ਦੀ ਫਿਰਾਕ ਵਿਚ ਹੈ ਤੇ ਉਸ ਨੂੰ ਰੋਕਿਆ ਜਾਏ।

ਗੁਰਬਿੰਦਰ ਕੌਰ ਨੇ ਪੁਲਿਸ ਨੂੰ ਦੱਸਿਆ ਕਿ 6 ਜੂਨ 2014 ਨੂੰ ਉਸ ਦੇ ਭਰਾ ਮਨਜਿੰਦਰ ਸਿੰਘ ਨੇ ਫੋਨ 'ਤੇ ਦੱਸਿਆ ਕਿ ਹਰਜੀਤ ਮਸੀਹ ਉਨ੍ਹਾਂ ਨੂੰ ਇਕੱਲੇ ਛੱਡ ਕੇ ਕਿਤੇ ਚਲਾ ਗਿਆ ਹੈ, ਜਿਸ ਤੋਂ ਬਾਅਦ 15 ਜੂਨ 2014 ਨੂੰ ਫਿਰ ਫੋਨ 'ਤੇ ਮਨਜਿੰਦਰ ਸਿੰਘ ਨਾਲ ਗੱਲ ਹੁੰਦੀ ਰਹੀ, ਪਰ ਉਸ ਤੋਂ ਬਾਅਦ ਫੋਨ ਬੰਦ ਆ ਰਿਹਾ ਹੈ। ਉਸ ਤੋਂ ਬਾਅਦ ਜੂਨ 2015 ਨੂੰ ਹਰਜੀਤ ਮਸੀਹ ਜਦੋਂ ਭਾਰਤ ਵਾਪਸ ਆਇਆ ਤਾਂ ਗੁਰਬਿੰਦਰ ਕੌਰ ਅਤੇ ਰਿਸ਼ਤੇਦਾਰਾਂ ਦੇ ਨਾਲ ਹਰਜੀਤ ਨੂੰ ਮਿਲੀ।

ਜ਼ਿਕਰਯੋਗ ਹੈ ਕਿ ਹਰਜੀਤ ਮਸੀਹ ਨੇ 14 ਮਈ 2015 ਨੂੰ ਮੁਹਾਲੀ ਵਿਖੇ ਪ੍ਰੈੱਸ ਕਾਨਫਰੰਸ ਕਰਕੇ ਇਹ ਦਾਅਵਾ ਕੀਤਾ ਸੀ ਕਿ ਆਈ.ਐਸ. ਦੇ ਅਤਿਵਾਦੀਆਂ ਨੇ ਬੰਧਕ ਬਣਾਏ 40 ਪੰਜਾਬੀਆਂ ਵਿਚੋਂ 39 ਨੂੰ ਉਸ ਦੀਆਂ ਅੱਖਾਂ ਸਾਹਮਣੇ ਮੌਤ ਦੇ ਘਾਟ ਉਤਾਰਿਆ ਸੀ। ਉਸ ਨੇ ਦੱਸਿਆ ਸੀ ਕਿ ਉਹ ਜੂਨ 2013 ਨੂੰ ਇਰਾਕ ਗਿਆ ਸੀ ਅਤੇ 11 ਜੂਨ 2014 ਨੂੰ ਉਕਤ ਅਤਿਵਾਦੀ ਸੰਗਠਨ ਵੱਲੋਂ ਭਾਰਤ ਅਤੇ ਬੰਗਲਾਦੇਸ਼ ਦੇ ਤਕਰੀਬਨ 60 ਲੋਕਾਂ ਨੂੰ ਬੰਧਕ ਬਣਾਇਆ ਸੀ, ਜਿਨ੍ਹਾਂ ਵਿਚੋਂ ਬੰਗਲਾਦੇਸ਼ੀਆਂ ਨੂੰ ਛੱਡ ਦਿੱਤਾ ਗਿਆ ਸੀ ਅਤੇ 16 ਜੂਨ 2014 ਨੂੰ ਭਾਰਤੀਆਂ ਨੂੰ ਗੱਡੀਆਂ ਵਿਚ ਬੰਦ ਕਰ ਕੇ ਜੰਗਲਾਂ ਵਿਚ ਲਿਜਾਇਆ ਗਿਆ, ਜਿਥੇ ਲਾਈਨ ਬਣਾ ਕੇ ਸਾਰਿਆਂ ਨੂੰ ਗੋਲੀ ਮਾਰ ਦਿੱਤੀ ਗਈ, ਜਿਨ੍ਹਾਂ ਵਿਚੋਂ ਕੇਵਲ ਉਹ ਹੀ ਬਚਿਆ ਸੀ। ਉਸ ਦੇ ਪੇਟ 'ਤੇ ਗੋਲੀ ਜ਼ਰੂਰ ਲੱਗੀ, ਪਰ ਉਹ ਬਾਕੀ ਪੰਜਾਬੀਆਂ ਨਾਲ ਲੇਟਿਆ ਰਿਹਾ, ਜਿਥੋਂ ਉਹ ਕਿਸੇ ਤਰੀਕੇ ਨਾਲ ਬਚ ਨਿਕਲਿਆ ਤੇ ਬੰਗਲਾਦੇਸ਼ੀ ਦੀ ਪਛਾਣ ਦੱਸ ਕੇ ਆਪਣੀ ਵਾਪਸ ਆਪਣੀ ਕੰਪਨੀ ਵਿਚ ਪਹੁੰਚ ਗਿਆ, ਜਿਥੇ ਭਾਰਤੀ ਦੂਤਾਵਾਸ ਨਾਲ ਸੰਪਰਕ ਕਰਕੇ ਵਾਪਸ ਆਪਣੇ ਦੇਸ਼ ਪਹੁੰਚਿਆ।

# ਭੁੱਕੀ ਦੀ ਤੋਟ ਨੇ ਭੰਨ ਸੁੱਟੇ ਪੰਜਾਬ ਦੇ ਅਮਲੀ

**ਬਠਿੰਡਾ:** ਰਾਜਸਥਾਨ ਵਿਚ ਭੁੱਕੀ ਦੇ ਠੇਕਿਆਂ ਨੂੰ ਤਾਲੇ ਲੱਗ ਗਏ ਹਨ ਜਿਸ ਨਾਲ ਪੰਜਾਬ ਦੀ ਸਪਲਾਈ ਲਾਈਨ ਹੁਣ ਸਦਾ ਲਈ ਬੰਦ ਹੋ ਗਈ ਹੈ। ਜਦੋਂ ਹੁਣ ਪੰਜਾਬ ਵਿਚ ਹਾੜ੍ਹੀ ਦਾ ਸੀਜ਼ਨ ਸ਼ੁਰੂ ਹੋ ਗਿਆ ਤਾਂ ਨਸ਼ੇੜੀਆਂ ਲਈ ਭੁੱਕੀ ਦੇ ਠੇਕਿਆਂ ਦਾ ਬੰਦ ਹੋਣਾ ਬੁਰਾ ਸੁਨੇਹਾ ਵੀ ਹੈ। ਪੰਜਾਬ ਦੇ ਵੱਡੀ ਗਿਣਤੀ ਨਸ਼ੇੜੀ ਹੁਣ ਰਾਜਸਥਾਨ ਵਿਚ ਭਟਕਣ ਲੱਗੇ ਹਨ। ਭੁੱਕੀ ਦੇ ਠੇਕੇ ਬੰਦ ਹੋਣ ਮਗਰੋਂ ਪੋਸਤ ਦੇ ਭਾਅ ਇਕਦਮ ਵਧ ਗਏ ਹਨ। ਪੰਜਾਬ ਦੇ ਨਸ਼ੇੜੀਆਂ ਨੂੰ ਹੁਣ ਪ੍ਰਚੂਨ ਵਿਚ ਪੋਸਤ ਮਿਲਣ ਲੱਗਾ ਹੈ। ਗੰਗਾਨਗਰ ਤੇ ਹਨੂੰਮਾਨਗੜ੍ਹ ਜ਼ਿਲ੍ਹੇ ਵਿਚ ਸੌ ਗਰਾਮ ਦੀ ਪੋਸਤ ਵਾਲੀ ਪੁੜੀ ਪੰਜ ਸੌ ਰੁਪਏ ਵਿਚ ਵਿਕ ਰਹੀ ਹੈ। ਗੰਗਾਨਗਰ ਦੇ ਬਾਈਪਾਸ ਵਾਲੇ ਢਾਬਿਆਂ 'ਤੇ 30 ਰੁਪਏ ਵਿਚ ਭੁੱਕੀ ਵਾਲੀ ਚਾਹ ਦਾ ਕੱਪ ਵਿਕ ਰਿਹਾ ਹੈ। ਪੋਸਤ ਠੇਕੇਦਾਰਾਂ ਨੇ ਅਗਾਊਂ ਹੀ ਭੁੱਕੀ ਭੰਡਾਰ ਕਰਕੇ ਰੱਖ ਲਈ ਸੀ ਜੋ ਹੁਣ ਬਲੈਕ ਵਿਚ ਮਾਲਵਾ ਖਿੱਤੇ ਦੇ ਨਸ਼ੇੜੀਆਂ ਨੂੰ ਵੇਚ ਰਹੇ ਹਨ। ਗੰਗਾਨਗਰ ਦੇ ਬੱਸ ਸਟੈਂਡ ਅਤੇ ਬਾਈਪਾਸ ਵਾਲੇ ਪੁਰਾਣੇ ਭੁੱਕੀ ਦੇ ਠੇਕੇ ਲਾਗੇ ਪੋਸਤ ਦੀਆਂ ਪੁੜੀਆਂ ਵਿਕ ਰਹੀਆਂ ਹਨ।

ਦੱਸਣਯੋਗ ਹੈ ਕਿ ਰਾਜਸਥਾਨ ਵਿਚ 31 ਮਾਰਚ ਤੋਂ ਭੁੱਕੀ ਦੇ ਠੇਕੇ ਬੰਦ ਹੋ ਗਏ ਹਨ। ਠੇਕੇ ਬੰਦ ਹੋਣ ਮਗਰੋਂ ਭਾਵੇਂ ਭੀੜਾਂ ਘਟ ਗਈਆਂ ਹਨ, ਪਰ ਮਾਲਵਾ ਖਿੱਤੇ ਦੇ ਨਸ਼ੇੜੀ ਹੁਣ ਹਨੂੰਮਾਨਗੜ੍ਹ ਅਤੇ ਗੰਗਾਨਗਰ ਜ਼ਿਲ੍ਹੇ ਵਿਚਲੇ ਪੁਰਾਣੇ ਪੇਂਡੂ ਠੇਕਿਆਂ ਦੇ ਆਸ ਪਾਸ ਭਟਕ ਰਹੇ ਹਨ। ਹਨੂੰਮਾਨਗੜ੍ਹ ਦੇ ਪਿੰਡ ਢਾਬਾਂ ਦੇ ਦਾਰਾ ਸਿੰਘ ਨੇ ਦੱਸਿਆ ਕਿ ਹੁਣ ਕਣਕ ਦੀ ਵਾਢੀ ਸ਼ੁਰੂ ਹੋ ਗਈ ਹੈ ਅਤੇ ਸੈਂਕੜੇ ਹੀ ਨਸ਼ੇੜੀ ਪੋਸਤ ਦੀ ਝਾਕ ਵਿਚ ਇਥੇ ਵਾਢੀ ਕਰਨ ਪੁੱਜ ਗਏ ਹਨ। ਹੁਣ ਪੋਸਤ ਦਾ ਧੰਦਾ ਚੋਰੀ ਛਿਪੇ ਚੱਲ ਪਿਆ ਹੈ।

ਨਸ਼ੇ ਦੀ ਥੁੜ ਤੋਂ ਦੁਖੀ ਸੈਂਕੜੇ ਨਸ਼ੇੜੀਆਂ ਨੇ ਰਾਜਸਥਾਨ ਦੀ ਮੁੱਖ ਮੰਤਰੀ ਦਾ ਰੋਸ ਵਜੋਂ ਪੁਤਲਾ ਵੀ ਸਾੜਿਆ ਹੈ।

ਦੱਸਣਯੋਗ ਹੈ ਕਿ ਮੁਕਤਸਰ ਪੁਲਿਸ ਨੇ ਇਨ੍ਹਾਂ ਨਸ਼ੇੜੀਆਂ ਦੇ ਰਾਹ ਰੋਕਣ ਵਾਸਤੇ ਪਹਿਲਾਂ ਹੀ ਪਿੰਡ ਕੰਦੂਖੇੜਾ 'ਚ ਪੁਲਿਸ ਚੌਂਕੀ ਬਿਠਾਈ ਹੋਈ ਹੈ।ਪਿੰਡ ਕੰਦੂਖੇੜਾ ਦੇ ਸਰਪੰਚ ਤੇਜਿੰਦਰਪਾਲ ਸਿੰਘ ਨੇ ਕਿਹਾ ਕਿ ਰਾਜਸਥਾਨ ਵਿਚ ਭੁੱਕੀ ਦੇ ਠੇਕੇ ਬੰਦ ਹੋਣ ਮਗਰੋਂ ਅਮਲੀਆਂ ਦੀ ਚਹਿਲ ਪਹਿਲ ਤਾਂ ਕਾਫੀ ਘਟ ਗਈ ਹੈ, ਪਰ ਹਾਲੇ ਤੱਕ ਪੂਰੀ ਤਰ੍ਹਾਂ ਨਸ਼ੇੜੀਆਂ ਦਾ ਆਉਣ-ਜਾਣ ਬੰਦ ਨਹੀਂ ਹੋਇਆ। ਜਾਣਕਾਰੀ ਅਨੁਸਾਰ ਰਾਜਸਥਾਨ ਵਿਚ ਤਕਰੀਬਨ 22 ਹਜ਼ਾਰ ਪਰਮਿਟ ਹੋਲਡਰ ਨਸ਼ੇੜੀ ਹਨ ਜਿਨ੍ਹਾਂ ਦੇ ਨਸ਼ੇ ਛੁਡਾਉਣ ਲਈ ਰਾਜਸਥਾਨ ਸਰਕਾਰ ਨੇ ਨਵਾਂ ਸਵੇਰਾ ਸਕੀਮ ਸ਼ੁਰੂ ਕੀਤੀ ਸੀ। ਇਸ ਤਹਿਤ ਇਕ ਸਾਲ ਤੋਂ ਸਿਹਤ ਕੈਂਪ ਲਗਾਏ ਜਾ ਰਹੇ ਹਨ ਜਿਨ੍ਹਾਂ ਵਿਚ ਨਸ਼ੇੜੀਆਂ ਨੂੰ ਭਰਤੀ ਕੀਤਾ ਜਾਂਦਾ ਹੈ। ਸੂਤਰਾਂ ਅਨੁਸਾਰ ਰਾਜਸਥਾਨ ਦੀਆਂ ਮੁੱਖ ਸੜਕਾਂ 'ਤੇ ਮਾਰਗਾਂ 'ਤੇ ਪੈਂਦੇ ਢਾਬਿਆਂ ਤੇ ਕੁਝ ਦਿਨਾਂ ਤੋਂ ਨਸ਼ੇੜੀਆਂ ਵਾਸਤੇ ਭੁੱਕੀ ਵਾਲੀ ਚਾਹ ਤਿਆਰ ਕੀਤੀ ਜਾਣ ਲੱਗੀ ਹੈ।

ਨਸ਼ੇੜੀਆਂ ਨੇ ਦੱਸਿਆ ਕਿ ਉਨ੍ਹਾਂ ਨੂੰ 30 ਰੁਪਏ ਵਿਚ ਪੋਸਤ ਵਾਲੀ ਚਾਹ ਦਾ ਕੱਪ ਮਿਲਦਾ ਹੈ ਅਤੇ ਪੁੜੀ ਮਹਿੰਗੀ ਹੋਣ ਕਰ ਕੇ ਬਹੁਤੇ ਅਮਲੀ ਚਾਹ ਨਾਲ ਬੁੱਤਾ ਸਾਰ ਰਹੇ ਹਨ। ਬਠਿੰਡਾ ਕਚਹਿਰੀ ਦੇ ਫੌਜਦਾਰੀ ਕੇਸਾਂ ਦੇ ਮਾਹਿਰ ਐਡਵੋਕੇਟ ਰਾਜੇਸ਼ ਸ਼ਰਮਾ ਨੇ ਕਿਹਾ ਕਿ ਰਾਜਸਥਾਨ ਵਿਚ ਠੇਕੇ ਬੰਦ ਹੋਣ ਨਾਲ ਹੁਣ ਭੁੱਕੀ ਦੀ ਤਸਕਰੀ ਅਤੇ ਰਿਸ਼ਵਤਖੋਰੀ ਵਧੇਗੀ।

### ਰਾਜਸਥਾਨ 'ਚ ਠੇਕੇ ਬੰਦ ਹੋਣ ਕਾਰਨ ਮੁਸੀਬਤਾਂ ਵਧੀਆਂ




### ਠੇਕੇ ਬੰਦ ਹੋਣ ਨਾਲ ਪੰਜਾਬ 'ਚ ਬਣੇਗਾ ਮਨੁੱਖੀ ਸੰਕਟ: ਡਾ. ਗਾਂਧੀ

**ਪਟਿਆਲਾ:** ਪਟਿਆਲਾ ਤੋਂ ਸੰਸਦ ਮੈਂਬਰ ਡਾ. ਧਰਮਵੀਰ ਗਾਂਧੀ ਨੇ ਕਿਹਾ ਕਿ ਰਾਜਸਥਾਨ ਸਰਕਾਰ ਵੱਲੋਂ ਭੁੱਕੀ ਦੇ ਠੇਕੇ ਬੰਦ ਕਰਨ ਨਾਲ ਪੰਜਾਬ ਅੰਦਰ ਪੋਸਤ ਦੀ ਵਰਤੋਂ ਕਰਨ ਵਾਲੇ ਵਿਅਕਤੀਆਂ ਲਈ ਸੰਕਟ ਪੈਦਾ ਹੋ ਜਾਵੇਗਾ। ਇਸ ਨਾਲ ਪੰਜਾਬ ਅੰਦਰ ਪਹਿਲਾਂ ਹੀ ਸਰਗਰਮ ਨਸ਼ਾ ਮਾਫ਼ੀਆ ਆਪਣੀਆਂ ਗਤੀਵਿਧੀਆਂ ਵਧਾ ਦੇਵੇਗਾ। ਅਜਿਹਾ ਹੋਣ ਨਾਲ ਜਦੋਂ ਭੁੱਕੀ ਅਮਲੀਆਂ ਦੀ ਪਹੁੰਚ ਤੋਂ ਬਾਹਰ ਹੋ ਜਾਵੇਗੀ ਤਾਂ ਇਹ ਲੋਕ ਮਜਬੂਰੀ 'ਚ ਮੈਡੀਕਲ ਤੇ ਸਿੰਥੈਟਿਕ ਨਸ਼ਿਆਂ ਵੱਲ ਧੱਕੇ ਜਾਣਗੇ। ਉਨ੍ਹਾਂ ਪੰਜਾਬ ਸਰਕਾਰ ਨੂੰ ਕਿਹਾ ਕਿ ਰਾਜਸਥਾਨ ਸਰਕਾਰ ਵੱਲੋਂ ਭੁੱਕੀ ਦੇ ਠੇਕੇ ਬੰਦ ਕਰਨ ਨਾਲ ਪੈਦਾ ਹੋਣ ਵਾਲਾ ਸੰਕਟ ਪ੍ਰਤੱਖ ਦਿਖਾਈ ਦੇ ਰਿਹਾ ਹੈ। ਇਸ ਮਨੁੱਖੀ ਸੰਕਟ ਨੂੰ ਟਾਲਣ ਲਈ ਉਹ ਇਸ ਨਸ਼ੇ ਤੋਂ ਪੀੜਤ ਵਿਅਕਤੀਆਂ ਲਈ 'ਰੈਗੂਲੇਟਡ' ਸਪਲਾਈ, ਹਸਪਤਾਲਾਂ ਜਾਂ ਹੋਰ ਏਜੰਸੀਆਂ ਰਾਹੀਂ ਕਰਨ ਦਾ ਇੰਤਜ਼ਾਮ ਕੀਤਾ ਜਾਵੇ।

## ਰੇਡੀਓ ਚੜ੍ਹਦੀ ਕਲਾ 'ਤੇ ਕਵੀ ਦਰਬਾਰ ਹਰ ਵੀਰਵਾਰ ਨੂੰ

**ਫਰੀਮਾਂਟ (ਬਿਊਰੋ):** ਰੇਡੀਓ ਚੜ੍ਹਦੀ ਕਲਾ 'ਤੇ ਪਿਛਲੇ ਲੰਬੇ ਅਰਸੇ ਤੋਂ ਹਰ ਵੀਰਵਾਰ ਨੂੰ ਰਾਤ 8:30 ਤੋਂ 10:00 ਵਜੇ ਤੱਕ ਅਯੋਜਿਤ ਕੀਤਾ ਜਾਂਦਾ ਕਵੀ ਦਰਬਾਰ 'ਨਵੀਂਓ ਨਵੀਂ ਬਹਾਰ' ਇਨ੍ਹਾਂ ਦਿਨਾਂ ਵਿਚ ਸਰੋਤਿਆਂ ਲਈ ਬੇਹੱਦ ਹਰਮਨਪਿਆਰਾ ਬਣਿਆ ਹੋਇਆ ਹੈ। ਇਸ ਕਵੀ ਦਰਬਾਰ ਨੂੰ ਤੁਸੀਂ ਰੇਡੀਓ ਦੀ ਵੈਬਸਾਈਟ www.radiock.com ਜਾਂ ਫੋਨ 712-432-5839 'ਤੇ ਕਾਲ ਕਰਕੇ ਸੁਣ ਸਕਦੇ ਹੋ।

ਇਸ ਪ੍ਰੋਗਰਾਮ ਦਾ ਸੰਚਾਲਨ ਐਸ ਅਸ਼ੋਕ ਭੌਰਾ ਤੇ ਸ਼ਾਇਰ ਤਾਰਾ ਸਿੰਘ ਸਾਗਰ ਲੰਬੇ ਅਰਸੇ ਤੋਂ ਕਰ ਰਹੇ ਹਨ। ਤੁਸੀਂ ਆਪਣੀਆਂ ਰਚਨਾਵਾਂ ਸਟੂਡੀਓ ਦੇ ਫੋਨ ਨੰਬਰ 510-900-3600 'ਤੇ ਕਾਲ ਕਰਕੇ ਸੁਣਾ ਕੇ ਇਸ ਕਵੀ ਦਰਬਾਰ ਦਾ ਹਿੱਸਾ ਬਣ ਸਕਦੇ ਹੋ।

## ਕੈਪਟਨ ਨੂੰ ਵਿਦੇਸ਼ ਯਾਤਰਾ ਦੀ ਇਜਾਜ਼ਤ

**ਮੁਹਾਲੀ:** ਮੁਹਾਲੀ ਦੇ ਵਧੀਕ ਜ਼ਿਲ੍ਹਾ ਤੇ ਸੈਸ਼ਨ ਜੱਜ ਪਰਮਿੰਦਰਪਾਲ ਸਿੰਘ ਦੀ ਅਦਾਲਤ ਨੇ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਤੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਵਿਦੇਸ਼ ਯਾਤਰਾ ਦੀ ਆਗਿਆ ਦੇ ਦਿੱਤੀ ਹੈ। ਨੇੜਲੇ ਪਿੰਡ ਮੌਲੀ ਬੈਦਵਾਨ ਦੇ ਵਸਨੀਕ ਨਾਮਧਾਰੀ ਭਗਤ ਸਿੰਘ ਨੇ ਕੈਪਟਨ ਵੱਲੋਂ 5 ਲੱਖ ਰੁਪਏ ਦਾ ਜ਼ਮਾਨਤੀ ਬਾਂਡ ਭਰਿਆ। ਕੈਪਟਨ ਨੇ ਅਰਜ਼ੀ ਦਾਇਰ ਕਰਕੇ ਵਿਦੇਸ਼ ਜਾਣ ਦੀ ਆਗਿਆ ਮੰਗੀ ਸੀ। ਉਹ 15 ਅਪਰੈਲ ਤੋਂ 15 ਮਈ 2016 ਤੱਕ ਅਮਰੀਕਾ ਦੇ ਦੌਰੇ ਜਾ ਰਹੇ ਹਨ।

# ਦਵਿੰਦਰਪਾਲ ਸਿੰਘ ਭੁੱਲਰ ਟਾਡਾ ਕੇਸ ਵਿਚੋਂ ਬਰੀ

**ਅੰਮ੍ਰਿਤਸਰ:** ਦਿੱਲੀ ਦੀ ਤਿਹਾੜ ਜੇਲ੍ਹ ਤੋਂ ਅੰਮ੍ਰਿਤਸਰ ਦੀ ਕੇਂਦਰੀ ਜੇਲ੍ਹ ਵਿਚ ਤਬਦੀਲ ਕੀਤੇ ਗਏ ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ ਨੂੰ 1992 ਵਿਚ ਬਟਾਲਾ ਪੁਲਿਸ ਵੱਲੋਂ ਦਰਜ ਕੀਤੇ ਗਏ ਟਾਡਾ ਕੇਸ ਵਿਚ ਇਥੋਂ ਦੀ ਵਿਸ਼ੇਸ਼ ਟਾਡਾ ਅਦਾਲਤ ਨੇ ਬਰੀ ਕਰ ਦਿੱਤਾ।ਇਸ ਕੇਸ ਦੀ ਸੁਣਵਾਈ 21 ਸਾਲ ਬਾਅਦ ਸ਼ੁਰੂ ਕੀਤੀ ਗਈ ਸੀ।

ਅਦਾਲਤ ਨੇ ਇਸ ਕੇਸ ਵਿਚ ਕਈ ਤਕਨੀਕੀ ਖਾਮੀਆਂ ਨੂੰ ਧਿਆਨ ਵਿਚ ਰੱਖਦਿਆਂ ਅਤੇ ਦੋਵਾਂ ਪੱਖਾਂ ਦੀਆਂ ਦਲੀਲਾਂ ਸੁਣਨ ਤੋਂ ਬਾਅਦ ਇਸ ਮਾਮਲੇ ਵਿਚੋਂ ਸ. ਭੁੱਲਰ ਨੂੰ ਬਰੀ ਕਰਨ ਦੇ ਆਦੇਸ਼ ਦਿੱਤੇ। ਇਸ ਤੋਂ ਪਹਿਲਾਂ ਇਸੇ ਮਾਮਲੇ ਦੀ ਤਿੰਨ ਮਾਰਚ ਨੂੰ ਹੋਈ ਸੁਣਵਾਈ ਮਗਰੋਂ ਅਦਾਲਤ ਨੇ ਉਸ ਨੂੰ ਜ਼ਮਾਨਤ ਦੇ ਦਿੱਤੀ ਸੀ। ਭੁੱਲਰ ਵੱਲੋਂ ਅਦਾਲਤ ਵਿਚ ਪੇਸ਼ ਹੋਏ ਵਕੀਲ ਜਸਪਾਲ ਸਿੰਘ ਮੰਝਪੁਰ ਅਤੇ ਨਵਜੀਤ ਸਿੰਘ ਨੇ ਦੱਸਿਆ ਕਿ ਭੁੱਲਰ ਨੂੰ ਭਾਵੇਂ ਨਿੱਜੀ ਪੇਸ਼ੀ ਤੋਂ ਛੋਟ ਮਿਲੀ ਹੋਈ ਸੀ, ਪਰ ਉਹ ਅਦਾਲਤ ਵਿਚ ਪੇਸ਼ ਹੋਇਆ। ਅਦਾਲਤ ਨੇ ਦੋਵਾਂ ਧਿਰਾਂ ਦੀ ਬਹਿਸ



ਸੁਣਨ ਤੋਂ ਬਾਅਦ ਭੁੱਲਰ ਨੂੰ ਇਸ ਕੇਸ ਵਿਚੋਂ ਬਰੀ ਕਰਨ ਦੇ ਹੁਕਮ ਸੁਣਾ ਦਿੱਤੇ।

ਉਨ੍ਹਾਂ ਦੱਸਿਆ ਕਿ ਇਸ ਕੇਸ ਵਿਚ ਕਈ ਤਕਨੀਕੀ ਖਾਮੀਆਂ ਸਨ, ਜਿਨ੍ਹਾਂ ਵਿਚ ਟਾਡਾ ਕੇਸ ਦਰਜ ਕਰਨ ਤੋਂ ਪਹਿਲਾਂ ਇਸ ਬਾਰੇ ਪ੍ਰਵਾਨਗੀ ਲੈਣਾ ਵੀ ਸ਼ਾਮਲ ਸੀ। ਇਸ ਕੇਸ ਵਿਚ ਕੋਈ ਅਗਾਊਂ ਪ੍ਰਵਾਨਗੀ ਨਹੀਂ ਲਈ ਗਈ ਸੀ, ਨਾ ਹੀ ਉਸ ਕੋਲੋਂ ਕੋਈ ਬਰਾਮਦਗੀ ਹੋਈ ਸੀ ਅਤੇ ਨਾ ਹੀ ਕਿਸੇ ਗਵਾਹ ਨੇ ਘਟਨਾ ਵਾਲੀ ਥਾਂ 'ਤੇ ਉਸ ਨੂੰ ਵੇਖਿਆ ਸੀ। ਉਸ ਦੀ ਸ਼ਨਾਖਤੀ ਪਰੇਡ ਵੀ ਨਹੀਂ ਹੋਈ ਸੀ। ਇਨ੍ਹਾਂ ਖਾਮੀਆਂ ਦੇ ਆਧਾਰ ਉਤੇ ਅਦਾਲਤ ਨੇ ਪਹਿਲਾਂ ਉਸ ਨੂੰ ਜ਼ਮਾਨਤ ਦਿੱਤੀ ਸੀ ਅਤੇ ਕੇਸ ਖਾਰਜ ਕਰ ਦਿੱਤਾ। ਬਟਾਲਾ ਪੁਲਿਸ ਨੇ 1992 ਵਿਚ ਇਹ ਕੇਸ ਦਰਜ ਕੀਤਾ ਸੀ।

ਬਟਾਲਾ ਦੇ ਸਦਰ ਥਾਣੇ ਵਿਚ ਦਰਜ ਇਸ ਕੇਸ ਮੁਤਾਬਕ ਉਸ ਵੇਲੇ ਹੋਏ ਇਕ ਪੁਲਿਸ ਮੁਕਾਬਲੇ ਵਿਚ ਦੋ ਅਤਿਵਾਦੀ ਮਾਰੇ ਗਏ ਸਨ। ਇਸ ਕੇਸ ਵਿਚ ਭੁੱਲਰ ਦਾ ਨਾਂ 1995 ਵਿਚ ਸ਼ਾਮਲ ਕੀਤਾ ਗਿਆ ਸੀ। ਮਗਰੋਂ ਇਸ ਕੇਸ ਨੂੰ 21 ਸਾਲ ਬਾਅਦ ਇਸ ਵਰ੍ਹੇ 10 ਫਰਵਰੀ ਨੂੰ ਅਦਾਲਤ ਵਿਚ ਸੁਣਵਾਈ ਲਈ ਪੇਸ਼ ਕੀਤਾ ਗਿਆ।

26 ਫਰਵਰੀ ਨੂੰ ਇਸ ਮਾਮਲੇ ਵਿਚ ਭੁੱਲਰ ਨੂੰ ਅਦਾਲਤ ਵਿਚ ਪੇਸ਼ ਕੀਤਾ ਗਿਆ ਅਤੇ ਕੇਸ ਦੀ ਅਗਲੀ ਕਾਰਵਾਈ ਸ਼ੁਰੂ ਹੋਈ। ਲੰਘੀ ਤਿੰਨ ਮਾਰਚ ਨੂੰ ਉਸ ਨੂੰ ਅਦਾਲਤ ਨੇ ਜ਼ਮਾਨਤ ਦੇ ਦਿੱਤੀ ਸੀ।

WEBSITE - DHOLRADIO.CO
DHOL RADIO
ਪਿੰਡ ਤੋਂ ਚੱਲਣ ਵਾਲਾ ਦੁਨੀਆਂ ਦਾ ਪਹਿਲਾ ਪੰਜਾਬੀ ਰੇਡੀਓ
ਹੁਣ ਸ਼ਿਕਾਗੋ ਤੋਂ
REQUEST SONG
MUSIC 24/7
LISTEN ON PHONE
Application For Android and iPhone - Dhol Radio
LIVE CALLS → USA 951-824-6365
skype - DHOLRADIO.ORG
LISTEN BY CALL → USA 702-489-0211
Sukhpal Gill 10 pm to 12 am (IST)
Puran singh waraich 2:30 pm to 4 pm (IST)

ਗਲੋਬਲ ਮਲਟੀ ਸਰਵਿਸਿਜ਼, ਲੈਥਰੋਪ
ਪਿਛਲੇ 9 ਸਾਲਾਂ ਤੋਂ ਤੁਹਾਡੀ ਸੇਵਾ ਵਿਚ
ਟਰੱਕਾਂ ਵਾਲੇ ਵੀਰਾਂ ਦੀਆਂ ਮੁਸ਼ਕਿਲਾਂ ਦਾ ਹੱਲ ਇੱਕੋ ਛੱਤ ਥੱਲੇ
SAME DAY ਲਾਇਸੰਸ ਪਲੇਟ ਲੈਣ ਵਾਸਤੇ ਸਾਨੂੰ ਸੰਪਰਕ ਕਰੋ ।
ਹੁਣ ਅਸੀਂ DPF Cleaning ਅਤੇ Baking ਵੀ ਕਰਦੇ ਹਾਂ।
STOCKTON ਵਿੱਚ ਪੰਜਾਬੀ ਭਰਾਵਾਂ ਦੀ ਇੱਕੋ ਇੱਕ ALIGNMENT SHOP
• 3 Axle Alignment $199
• Trailer Alignment $150
Special Price for Truck Wash Grand Opening
• 8 Drive Tires For $3300 Kelly KDA
• Two Steer Tire Michelin $1150 Including Balancing (22.5 LP)
ਗਲੋਬਲ ਮਲਟੀ ਸਰਵਿਸਿਜ਼ ਦੀ ਨਵੀਂ ਲੋਕੇਸ਼ਨ STOCKTON ਵਿਚ HIGHWAY 4 ਦੇ ਬਿਲਕੁਲ ਨਜ਼ਦੀਕ
1950 E Miner Ave.
Stockton, CA 95205
Ph: 209.547.9210
FAX: 209.547.9211
www.gfbontime.com, raj@gfbontime.com

REPAIR SHOP
ਟਰੱਕ ਤੇ ਟਰੇਲਰ ਦੇ ਹਰ ਤਰ੍ਹਾਂ ਦੇ ਟਾਇਰਾਂ ਤੋਂ ਇਲਾਵਾ Oil Change, Brakes, Engine Work, Tune Up, Transmission & Clutch ਆਦਿ ਦੀ ਮੁਰੰਮਤ ਅਤੇ Truck Alignment ਦਾ ਕੰਮ ਤਸੱਲੀਬਖਸ਼ ਢੰਗ ਨਾਲ ਕੀਤਾ ਜਾਂਦਾ ਹੈ। 50 ਟਰੱਕਾਂ ਦੀ ਖੁੱਲ੍ਹੀ-ਡੁੱਲ੍ਹੀ ਪਾਰਕਿੰਗ ਦੇ ਨਾਲ, ਟਰੱਕ-ਟਰੇਲਰ Wash ਕਰਨ ਦਾ ਵੀ ਵਧੀਆ ਪ੍ਰਬੰਧ ਹੈ।
TEL: 209.547.9210
FAX: 209.547.9211

REGISTRATION SERVICES
ਟਰੱਕਿੰਗ ਨਾਲ ਸਬੰਧਤ ਹਰ ਤਰ੍ਹਾਂ ਦੇ ਪਰਮਿਟ ਜਿਵੇਂ IFTA, CA#, MCP, 2290, ICC, BOC III, NM & Kentucky Permit, DOT Fuel Tax, Corporation Filling ਅਤੇ ਟਰੱਕਾਂ ਦੀਆਂ ਲਾਇਸੈਂਸ ਪਲੇਟਾਂ Same Day Service ਵੀ ਦਿੰਦੇ ਹਾਂ। ਤੁਸੀਂ ਸਾਡੇ ਕੋਲੋਂ ਪਲੇਟਾਂ ਲੈ ਕੇ ਆਪਣਾ ਕੰਮ ਤੁਰੰਤ ਸ਼ੁਰੂ ਕਰ ਸਕਦੇ ਹੋ। ਅਸੀਂ DOT Compliance, DOT Audit ਵਿਚ ਵੀ ਟਰੱਕਿੰਗ ਕੰਪਨੀਆਂ ਦੀ ਮਦਦ ਕਰਦੇ ਹਾਂ।
TEL: 209.982.9996
FAX: 209.982.9997

ਪੰਜਾਬ ਟਾਈਮਜ਼

ਸਨਿਚਰਵਾਰ, 9 ਅਪਰੈਲ 2016

## ਨਿਆਂ ਦਾ ਇਹ ਕੇਹਾ ਦਸਤੂਰ

ਪੱਚੀ ਸਾਲ ਪਹਿਲਾਂ 12 ਜੁਲਾਈ 1991 ਨੂੰ ਯੂ.ਪੀ. ਵਿਚ ਹੋਏ ਪੁਲਿਸ ਮੁਕਾਬਲੇ ਬਾਰੇ ਫੈਸਲਾ ਆ ਗਿਆ ਹੈ। ਇਸ ਫਰਜ਼ੀ ਮੁਕਾਬਲੇ ਵਿਚ 11 ਬੇਕਸੂਰ ਸਿੱਖ ਸ਼ਰਧਾਲੂਆਂ ਨੂੰ ਬੱਸ ਵਿਚੋਂ ਲਾਹ ਕੇ ਮਾਰ ਦਿੱਤਾ ਗਿਆ ਸੀ। ਆਪਣੇ ਫੈਸਲੇ ਵਿਚ ਸੀ.ਬੀ.ਆਈ. ਦੀ ਅਦਾਲਤ ਨੇ 47 ਪੁਲਿਸ ਮੁਲਾਜ਼ਮਾਂ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਹੈ, ਭਾਵੇਂ ਇਨ੍ਹਾਂ ਵਿਚੋਂ 10 ਪੁਲਿਸ ਮੁਲਾਜ਼ਮਾਂ ਦੀ ਮੌਤ ਹੋ ਚੁੱਕੀ ਹੈ। ਅਦਾਲਤ ਨੇ ਸਬੰਧਤ ਪਰਿਵਾਰਾਂ ਨੂੰ 14-14 ਲੱਖ ਰੁਪਏ ਦੇਣ ਦਾ ਐਲਾਨ ਕੀਤਾ ਹੈ, ਨਾਲ ਹੀ ਦੋਸ਼ੀਆਂ ਨੂੰ ਮੋਟਾ ਜੁਰਮਾਨਾ ਵੀ ਲਾਇਆ ਗਿਆ ਹੈ। ਇਹ ਫੈਸਲਾ ਆਉਂਦੇ ਸਾਰ ਇਹ ਬਹਿਸ ਅਰੰਭ ਹੋ ਗਈ ਕਿ ਭਾਰਤੀ ਨਿਆਂ ਪ੍ਰਣਾਲੀ ਨੇ ਕਿਸ ਤਰ੍ਹਾਂ ਇੰਨੇ ਵਰ੍ਹਿਆਂ ਬਾਅਦ ਵੀ ਦੋਸ਼ੀਆਂ ਨੂੰ ਬਚ ਕੇ ਨਹੀਂ ਜਾਣ ਦਿੱਤਾ! ਤੇ ਇਉਂ ਕਰ ਕੇ ਅਸਲ ਸਵਾਲ ਪਿਛੇ ਪਾ ਦਿੱਤਾ ਗਿਆ ਜਿਹੜਾ ਫਰਜ਼ੀ ਮੁਕਾਬਲਿਆਂ ਬਾਰੇ ਸੀ। ਇਸ ਮਾਮਲੇ ਵਿਚ ਪੁਲਿਸ ਪਹਿਲੇ ਹੀ ਦਿਨ ਤੋਂ ਸ਼ੱਕ ਦੇ ਘੇਰੇ ਵਿਚ ਆ ਗਈ ਸੀ, ਫਿਰ ਨਿਆਂ ਦਾ ਇਹ ਕਿਹੜਾ ਦਸਤੂਰ ਹੈ ਕਿ ਅਦਾਲਤ ਨੇ ਸਭ ਤੱਥ ਸਾਹਮਣੇ ਹੋਣ ਦੇ ਬਾਵਜੂਦ, ਮਾਮਲਾ ਇੰਨੇ ਸਾਲ ਲਟਕਾਈ ਰੱਖਿਆ। ਅਸਲ ਵਿਚ ਇਹ ਮਸਲਾ ਸਿਆਸੀ ਸਰਪ੍ਰਸਤੀ ਦਾ ਮਸਲਾ ਹੈ। ਪੁਲਿਸ ਵਾਲਿਆਂ ਨੂੰ ਸਟੇਟ ਅਤੇ ਸਿਆਸਤ ਦੀ ਸਰਪ੍ਰਸਤੀ ਤੋਂ ਬਗੈਰ ਆਮ ਜਨਤਾ ਨਾਲ ਅਜਿਹਾ ਅਨਿਆਂ ਸੰਭਵ ਨਹੀਂ। ਨਿਆਂ ਨੂੰ ਤਮਾਸ਼ਾ ਸਦਾ ਸਟੇਟ ਅਤੇ ਸਰਕਾਰ ਨੇ ਹੀ ਬਣਾਇਆ ਹੈ। ਇਸੇ ਕਰ ਕੇ ਹਰ ਅਜਿਹੇ ਫੈਸਲੇ ਤੋਂ ਬਾਅਦ ਬਹਿਸ ਅਸਲ ਮੁੱਦੇ ਤੋਂ ਭਟਕ ਜਾਂਦੀ ਰਹੀ ਹੈ। ਨਤੀਜੇ ਵਜੋਂ 21 ਸਦੀ ਦੇ ਦੂਜੇ ਦਹਾਕੇ ਦੌਰਾਨ ਵੀ ਫਰਜ਼ੀ ਮੁਕਾਬਲਿਆਂ ਦਾ ਇਹ ਸਿਲਸਿਲਾ ਜਿਉਂ ਦਾ ਤਿਉਂ ਬਰਕਰਾਰ ਹੈ।

ਭਾਰਤ ਦੀ ਜਮਹੂਰੀਅਤ ਦੇ ਬੜੇ ਦਾਅਵੇ ਕੀਤੇ ਜਾਂਦੇ ਹਨ, ਪਰ ਅਸਲੀਅਤ ਇਹ ਹੈ ਕਿ ਅੰਗਰੇਜ਼ਾਂ ਤੋਂ ਮੁਕਤੀ ਦੇ ਬਾਵਜੂਦ ਸਮੁੱਚਾ ਢਾਂਚਾ ਜਿਉਂ ਦਾ ਤਿਉਂ ਰੱਖਣ ਕਾਰਨ, ਸ਼ਾਸਨ ਪ੍ਰਬੰਧ ਵਿਚ ਸਿਫਤੀ ਤਬਦੀਲੀ ਨਹੀਂ ਆਈ। ਆਜ਼ਾਦੀ ਤੋਂ ਤੁਰੰਤ ਬਾਅਦ ਤੇਲੰਗਾਨਾ ਵਿਚ ਕਿਸਾਨ ਅੰਦੋਲਨ ਵਿਚ ਹਿੱਸਾ ਲੈਣ ਵਾਲੇ ਕਿਸਾਨਾਂ ਦੇ ਫਰਜ਼ੀ ਮੁਕਾਬਲੇ ਹੋਏ ਅਤੇ ਇਨ੍ਹਾਂ ਬਾਰੇ ਜਾਂਚ ਦੀ ਲੋੜ ਵੀ ਨਾ ਸਮਝੀ ਗਈ। ਮਗਰੋਂ ਸਰਕਾਰ ਦੀ ਨਾ-ਅਹਿਲੀਅਤ ਖਿਲਾਫ ਉਠੇ ਨਕਸਲਵਾਦੀ ਅੰਦੋਲਨ ਦੌਰਾਨ ਤਾਂ ਨੌਜਵਾਨਾਂ ਨੂੰ ਫੜ-ਫੜ ਕੇ ਰਾਤੋ-ਰਾਤ ਮਾਰ-ਖਪਾ ਦਿੱਤਾ ਜਾਂਦਾ ਰਿਹਾ। ਪੰਜਾਬ ਵਿਚ ਵੀ ਫਰਜ਼ੀ ਮੁਕਾਬਲਿਆਂ ਦੀ ਇਹ ਵਬਾ ਉਸ ਦੌਰ ਵਿਚ ਹੀ ਆਈ ਜਦੋਂ ਬਾਦਲ ਦੀ ਅਗਵਾਈ ਵਾਲੀ ਸਰਕਾਰ ਦੌਰਾਨ 80 ਜਣਿਆਂ ਨੂੰ ਮੁਕਾਬਲਿਆਂ ਵਿਚ ਮਾਰ ਦਿੱਤਾ ਗਿਆ। ਮਗਰੋਂ 1980ਵਿਆਂ ਵਿਚ ਖਾੜਕੂ ਲਹਿਰ ਚੈਂਗਣ ਤਾਂ ਮੁਕਾਬਲਿਆਂ ਦੀ ਹਨੇਰੀ ਹੀ ਚਲਾ ਦਿੱਤੀ ਗਈ। ਇਹ ਉਹ ਦੌਰ ਸੀ ਜਦੋਂ ਸਟੇਟ ਅਤੇ ਸਰਕਾਰ ਦੇ ਨਾਲ-ਨਾਲ ਪੁਲਿਸ ਮੁਲਾਜ਼ਮਾਂ ਨੇ ਨਿੱਜੀ ਫਾਇਦਿਆਂ ਲਈ ਬੇਕਸੂਰ ਨੌਜਵਾਨਾਂ ਨੂੰ ਘਰੋਂ ਚੁੱਕ ਕੇ ਲਾਪਤਾ ਕਰਨ ਅਤੇ ਫਿਰ ਮੁਕਾਬਲਾ ਬਣਾਉਣ ਦਾ ਸਿਲਸਿਲਾ ਅਰੰਭਿਆ। ਸਰਕਾਰੀ ਸਰਪ੍ਰਸਤੀ ਹੋਣ ਕਾਰਨ ਜਾਂਚ-ਪੜਤਾਲ ਜਾਂ ਪੁਣ-ਛਾਣ ਤਾਂ ਕਿਸੇ ਨੇ ਕੀ ਕਰਨੀ ਸੀ; ਅਜਿਹੇ ਕੇਸਾਂ ਦੀ ਪੁਣ-ਛਾਣ ਕਰਨ ਵਾਲੇ ਮਨੁੱਖੀ ਅਧਿਕਾਰ ਕਾਰਕੁਨਾਂ ਨੂੰ ਵੀ ਮਾਰ-ਖਪਾ ਦਿੱਤਾ ਗਿਆ। ਪਿਛਲੀਆਂ ਤੋਂ ਪਿਛਲੀਆਂ ਚੋਣਾਂ ਦੌਰਾਨ ਅਕਾਲੀ ਆਗੂ ਪ੍ਰਕਾਸ਼ ਸਿੰਘ ਬਾਦਲ ਨੇ ਐਲਾਨ ਕੀਤਾ ਸੀ ਕਿ ਪੰਜਾਬ ਵਿਚ ਹੋਈ ਇਸ ਕਤਲੋਗਾਰਤ ਦੀ ਪੁਣ-ਛਾਣ ਲਈ ਬਾਕਾਇਦਾ ਕਮਿਸ਼ਨ ਬਣਾਇਆ ਜਾਵੇਗਾ, ਪਰ ਆਪਣੇ ਰਾਜਭਾਗ ਦੇ 10 ਸਾਲ ਉਨ੍ਹਾਂ ਕਮਿਸ਼ਨ ਦੀ ਕਾਇਮੀ ਤੋਂ ਬਗੈਰ ਹੀ ਲੰਘਾ ਦਿੱਤੇ ਹਨ। ਜੇ ਕਿਤੇ ਕੋਈ ਅਜਿਹਾ ਸਿਲਸਿਲਾ ਸ਼ੁਰੂ ਹੋ ਸਕਦਾ ਤਾਂ ਘੱਟੋ-ਘੱਟ ਅਗਾਂਹ ਤੋਂ ਅਜਿਹੀ ਤੱਦੀ ਹੋਣ ਦੀਆਂ ਸੰਭਾਵਨਾਵਾਂ ਘਟ ਜਾਣੀਆਂ ਸਨ।

ਯੂ.ਪੀ. ਵਾਲੇ ਫਰਜ਼ੀ ਮੁਕਾਬਲੇ ਦਾ ਦਰਦ ਹੰਢਾਉਣ ਵਾਲੇ ਜੀਆਂ ਦਾ ਦਰਦ ਦੋਹਰਾ ਹੈ। ਇਨ੍ਹਾਂ ਦੇ ਟੱਬਰ ਦੇ ਜੀਅ ਤਾਂ ਇਸ ਜਹਾਨ ਤੋਂ ਗਏ ਹੀ ਸਨ, ਪੰਜਾਬ ਤੋਂ ਇੰਨੀ ਦੂਰ ਯੂ.ਪੀ. ਵਿਚ ਜਾ ਕੇ ਕੇਸ ਦੀ ਪੈਰਵੀ ਕਰਨੀ ਕੋਈ ਖਾਲਾਜੀ ਦਾ ਵਾੜਾ ਨਹੀਂ ਸੀ। ਇਨ੍ਹਾਂ ਲੋਕਾਂ ਨੇ ਆਪਣੀਆਂ ਜ਼ਮੀਨਾਂ-ਜਾਇਦਾਦਾਂ ਤੱਕ ਵੇਚ ਕੇ ਮੁਕੱਦਮਾ ਲੜਨ ਲਈ ਪੈਸੇ ਜੁਟਾਏ। ਪਹਿਲਾਂ ਪਰਿਵਾਰ ਦੇ ਜੀਅ ਅਤੇ ਫਿਰ ਜ਼ਮੀਨਾਂ-ਜਾਇਦਾਦਾਂ ਗੁਆ ਕੇ, ਜੇ ਢਾਈ ਦਹਾਕਿਆਂ ਬਾਅਦ ਇਹ 'ਨਿਆਂ' ਮਿਲਿਆ ਹੈ ਤਾਂ ਇਹ ਕਿਹੜਾ ਨਿਆਂ ਹੈ? ਚਾਹੀਦਾ ਤਾਂ ਇਹ ਸੀ ਕਿ ਅਜਿਹੇ ਮਾਮਲਿਆਂ ਦੀ ਸੁਣਵਾਈ ਛੇਤੀ ਤੋਂ ਛੇਤੀ ਨੇਪਰੇ ਚਾੜ੍ਹੀ ਜਾਂਦੀ ਅਤੇ ਤੁਰੰਤ ਤੇ ਸਖਤ ਸਜ਼ਾਵਾਂ ਮਿਲਣ ਨਾਲ ਅਜਿਹੇ ਫਰਜ਼ੀ ਮੁਕਾਬਲਿਆਂ ਨੂੰ ਵੀ ਠੱਲ੍ਹ ਪੈਂਦੀ; ਪਰ ਅਦਾਲਤਾਂ ਦੀ ਢਿੱਲੀ ਕਾਰਵਾਈ ਦਾ ਫਾਇਦਾ ਦੋਸ਼ੀਆਂ ਨੇ ਉਠਾਇਆ। ਸਿਤਮਜ਼ਰੀਫੀ ਇਹ ਵੀ ਹੈ ਕਿ ਇਨ੍ਹਾਂ ਫਰਜ਼ੀ ਮੁਕਾਬਲਿਆਂ ਨੂੰ ਠੱਲ੍ਹ ਪਾਉਣ ਦਾ ਕੋਈ ਸਿਲਸਿਲਾ ਕਿਤੇ ਸਾਹਮਣੇ ਨਹੀਂ ਆ ਰਿਹਾ। ਪਹਿਲਾਂ ਵੱਡੇ ਪੱਧਰ 'ਤੇ ਨਕਸਲੀਆਂ, ਫਿਰ ਖਾੜਕੂਆਂ ਅਤੇ ਹੁਣ ਕਸ਼ਮੀਰ ਵਿਚ ਨੌਜਵਾਨਾਂ ਦੇ ਲਾਪਤਾ ਹੋਣ ਦੀਆਂ ਵਾਰਦਾਤਾਂ ਹੋ ਰਹੀਆਂ ਹਨ। ਕੱਲ੍ਹ ਪਤਾ ਨਹੀਂ ਕਿਸ ਖਿੱਤੇ ਦੀ ਵਾਰੀ ਆਉਣੀ ਹੈ ਅਤੇ ਸੰਸਾਰ ਦੇ ਸਭ ਤੋਂ ਵੱਡੇ ਜਮਹੂਰੀ ਮੁਲਕ ਨੇ ਅਜੇ ਪਤਾ ਨਹੀਂ ਕਿੰਨਾ ਹੋਰ ਚਿਰ ਸਭ ਦਾ ਮੂੰਹ ਚਿੜ੍ਹਾਉਣਾ ਹੈ। ਸਰਕਾਰ ਨੇ ਇਸ ਪਾਸੇ ਕੋਈ ਪਹਿਲ ਤਾਂ ਕੀ ਕਰਨੀ ਹੈ, ਅਫਸਪਾ ਵਰਗੇ ਕਾਨੂੰਨ ਖਤਮ ਕਰਨ ਦੀ ਮੰਗ ਵੱਲ ਕੰਨ ਵੀ ਨਹੀਂ ਧਰਿਆ ਜਾ ਰਿਹਾ। ਮਨੀਪੁਰ ਵਿਚ ਇਹ ਕਾਲਾ ਕਾਨੂੰਨ ਖਤਮ ਕਰਵਾਉਣ ਲਈ ਈਰੋਮ ਸ਼ਰਮੀਲਾ ਚਾਨੂੰ ਪਿਛਲੇ ਡੇਢ ਦਹਾਕੇ ਤੋਂ ਅੰਨ-ਪਾਣੀ ਛੱਡੀ ਬੈਠੀ ਹੈ, ਪਰ ਜਮਹੂਰੀ ਨਿਜ਼ਾਮ ਦੇ ਕੰਨ ਉਤੇ ਜੂੰ ਤੱਕ ਨਹੀਂ ਸਰਕ ਰਹੀ। ਉਲਟਾ ਉਸ ਨੂੰ ਹੋਰ ਕੇਸਾਂ ਵਿਚ ਉਲਝਾ ਕੇ ਅਦਾਲਤਾਂ ਦੇ ਗੇੜੇ ਮਰਵਾਏ ਜਾ ਰਹੇ ਹਨ। ਇਸ ਕਾਨੂੰਨ ਮੁਤਾਬਕ, ਫੌਜ ਸਬੰਧਤ ਇਲਾਕੇ ਅੰਦਰ ਜੋ ਮਰਜ਼ੀ ਊਨੀ-ਇੱਕੀ ਕਰੇ, ਉਹ ਆਪਣੇ ਅਮਲਾਂ ਲਈ ਜਵਾਬਦੇਹ ਨਹੀਂ। ਜਮਹੂਰੀਅਤ ਦਾ ਇਹ ਤਕਾਜ਼ਾ ਹੈ ਕਿ ਬਹੁਤ ਤਾਕਤਵਰ ਬਣਾ ਦਿੱਤੀ ਗਈ ਪੁਲਿਸ ਅਤੇ ਹੋਰ ਸੁਰੱਖਿਆ ਬਲਾਂ ਨੂੰ ਜਵਾਬਦੇਹ ਬਣਾਇਆ ਜਾਵੇ, ਇਸ ਸੂਰਤ ਵਿਚ ਹੀ ਫਰਜ਼ੀ ਮੁਕਾਬਲਿਆਂ ਵਰਗੀ ਮਨੁੱਖੀ ਘਾਣ ਵਾਲੀ ਵਬਾ ਤੋਂ ਖਹਿੜਾ ਛੁੱਟ ਸਕਦਾ ਹੈ ਅਤੇ ਸਹੀ ਮਾਅਨਿਆਂ ਵਿਚ ਜਮਹੂਰੀ ਨਿਜ਼ਾਮ ਦੀ ਕਾਇਮੀ ਹੋ ਸਕਦੀ ਹੈ ਜੋ ਆਜ਼ਾਦੀ ਤੋਂ ਸੱਤ ਦਹਾਕਿਆਂ ਬਾਅਦ ਵੀ ਮ੍ਰਿਗ-ਤ੍ਰਿਸ਼ਨਾ ਬਣਿਆ ਹੋਇਆ ਹੈ।

### ਠਾਹ-ਸੋਟਾ

-ਚਾਚਾ ਬੋਲਿਹਾਜ਼

**ਪੰਜਾਬ ਦੀ ਢਾਲ!**

ਮੰਗਾਂ 'ਮੰਗਣ' ਦੀ ਛੱਡੀਏ ਬੋਲ-ਬਾਣੀ, ਪਿਸਦੇ ਰਹੀਏ ਨਾ ਚੱਕੀ 'ਚ ਦਾਲ ਬਣ ਕੇ।
'ਕੀਮਤ' ਆਪਣੀ ਜਾਣੀਏ ਸੋਚ ਕੇ ਤੇ, ਲੁੱਟ ਹੋਈਏ ਨਾ 'ਮੁਫਤ ਦਾ ਮਾਲ' ਬਣ ਕੇ।
ਲੁੱਟਣ ਵਾਲਿਆਂ ਤਾਈਂ ਵੰਗਾਰੀਏ ਜੀ, ਛਾਤੀ ਤਾਣ ਕੇ 'ਕੱਠਿਆਂ ਪਾਲ ਬਣ ਕੇ।
ਉਸ ਨੂੰ ਸਬਕ ਸਿਖਾਣ ਦਾ ਸਮਾਂ ਐਗੇ, ਫਿਰਦਾ ਰਿਹਾ ਜੋ 'ਗੁਰੂ-ਘੰਟਾਲ' ਬਣ ਕੇ।
ਸਾਡਾ 'ਰਾਗ' ਫਿਰ ਸੁਣੇਗਾ ਜੱਗ ਸਾਰਾ, ਆਓ ਵੱਜੀਏ ਸੋਹਣੀ ਸੁਰ-ਤਾਲ ਬਣ ਕੇ।
ਹੁਣ ਕਪਟੀਆਂ ਆਸਰੇ ਛੱਡੀਏ ਨਾ, ਖੜ੍ਹੀਏ 'ਆਪ' ਪੰਜਾਬ ਦੀ ਢਾਲ ਬਣ ਕੇ!

# ਰਾਮਦੇਵ ਦਾ ਸੰਵਿਧਾਨ ਅਤੇ ਬੇਲਾ ਭਾਟੀਆ ਦੇ ਹਕੂਕ

ਭਾਰਤ ਦੀ ਕੇਂਦਰ ਸਰਕਾਰ ਅਤੇ ਭਾਜਪਾਈ ਜਥੇਬੰਦੀਆਂ ਨੇ ਵਿਰੋਧੀਆਂ ਲਈ ਚੌਖਟਾ ਬਣਾ ਲਿਆ ਹੈ। ਇਸ ਚੌਖਟੇ ਵਿਚ ਉਹ ਆਪਣੇ ਹਰ ਤਰ੍ਹਾਂ ਦੇ ਵਿਰੋਧੀਆਂ ਜਾਂ ਸਰਕਾਰ ਦੀ ਆਲੋਚਨਾ ਕਰਨ ਵਾਲਿਆਂ ਨੂੰ ਨਿਰਪੱਖਤਾ ਨਾਲ ਪਾਉਂਦੇ ਹਨ। ਹੁਣ ਦੇਸ਼ ਧਰੋਹੀ, ਹਿੰਦੂ ਵਿਰੋਧੀ, ਨਕਸਲਵਾਦੀ ਅਤੇ ਅਤਿਵਾਦੀ ਦੇ ਚੌਖਟੇ ਵਿਚ ਜੀਨ ਡ੍ਰੀਜ਼ ਅਤੇ ਬੇਲਾ ਭਾਟੀਆ ਆਏ ਹਨ। ਇਹ ਦੋਵੇਂ ਛਤੀਸਗੜ੍ਹ ਦੇ ਬਸਤਰ ਇਲਾਕੇ ਵਿਚ ਆਦਿਵਾਸੀਆਂ ਨਾਲ ਕੰਮ ਕਰਦੇ ਹਨ। ਦੋਵੇਂ ਦੁਨੀਆਂ ਦੀਆਂ ਬਿਹਤਰੀਨ ਯੂਨੀਵਰਸਿਟੀਆਂ ਵਿਚ ਪੜ੍ਹ ਕੇ ਆਪਣੀ ਯੋਗਤਾ ਦੁਨੀਆਂ ਭਰ ਵਿਚ ਸਾਬਤ ਕਰ ਚੁੱਕੇ ਹਨ ਅਤੇ ਹੁਣ ਸਾਦਗੀ ਨਾਲ ਛਤੀਸਗੜ੍ਹ ਵਿਚ ਕਬਾਇਲੀ ਲੋਕਾਂ ਨਾਲ ਕੰਮ ਕਰਦੇ ਹਨ।



ਦਲਜੀਤ ਅਮੀ
ਫੋਨ: +91-97811-21873

ਜੀਨ ਡ੍ਰੀਜ਼ ਬੈਲਜੀਅਮ ਦਾ ਜੰਮਪਲ ਅਰਥ ਸ਼ਾਸਤਰੀ ਹੈ ਅਤੇ 37 ਸਾਲਾਂ ਤੋਂ ਭਾਰਤ ਵਿਚ ਹੈ। ਉਸ ਨੇ ਬੈਲਜੀਅਮ ਦੀ ਨਾਗਰਿਕਤਾ ਛੱਡ ਕੇ ਭਾਰਤ ਦੀ ਨਾਗਰਿਕਤਾ ਲਈ ਹੋਈ ਹੈ। ਉਹ ਰਾਂਚੀ ਯੂਨੀਵਰਸਿਟੀ ਵਿਚ ਮਹਿਮਾਨ ਅਧਿਆਪਕ (ਵਿਜ਼ਿਟਿੰਗ ਫੈਕਲਟੀ) ਵਜੋਂ ਅਤੇ ਦਿੱਲੀ ਸਕੂਲ ਆਫ਼ ਇਕਨੌਮਿਕਸ ਵਿਚ ਅਰਥ ਸ਼ਾਸਤਰ ਪੜ੍ਹਾਉਂਦੇ ਹਨ। ਭੁੱਖ, ਅਕਾਲ, ਲਿੰਗ ਬਰਾਬਰੀ, ਬਾਲ ਸਿਹਤ ਅਤੇ ਸਿੱਖਿਆ ਵਰਗੇ ਵਿਸ਼ਿਆਂ ਉਤੇ ਉਨ੍ਹਾਂ ਦਾ ਕੰਮ ਆਲਮੀ ਪਛਾਣ ਰੱਖਦਾ ਹੈ ਤੇ ਅਰਥ ਸ਼ਾਸਤਰੀ ਅੰਮ੍ਰਿਤਯਾ ਸੇਨ ਦਾ ਕਰੀਬੀ ਹੈ। ਭਾਰਤ ਵਿਚ ਪਿਛਲੀ ਸਰਕਾਰ ਦੌਰਾਨ ਉਹ ਕੌਮੀ ਸਲਾਹਕਾਰ ਕੌਂਸਲ ਦਾ ਮੈਂਬਰ ਰਿਹਾ। ਸੂਚਨਾ ਦਾ ਅਧਿਕਾਰ, ਕੌਮੀ ਖੁਰਾਕ ਸੁਰੱਖਿਆ ਐਕਟ ਅਤੇ ਲਾਜ਼ਮੀ ਤੇ ਮੁਫ਼ਤ ਸਿੱਖਿਆ ਵਰਗੇ ਕਾਨੂੰਨ ਬਣਾਉਣ ਵਿਚ ਉਹਦੀ ਅਹਿਮ ਭੂਮਿਕਾ ਹੈ। ਮੌਜੂਦਾ ਦੌਰ ਦੇ ਸਬਸਿਡੀ, ਸਿਹਤ ਅਤੇ ਸਿੱਖਿਆ ਵਰਗੇ ਮਸਲਿਆਂ ਉਤੇ ਉਹਨੇ ਸਰਕਾਰਾਂ ਦੀ ਬਣਦੀ ਆਲੋਚਨਾ ਸਾਫ਼ ਸ਼ਬਦਾਂ ਵਿਚ ਕੀਤੀ ਹੈ। ਉਹ ਮਗਨਰੇਗਾ ਦੇ ਬੁਨਿਆਦੀ ਵਿਚਾਰ ਨੂੰ ਪੇਸ਼ ਕਰਨ ਅਤੇ ਬਾਅਦ ਵਿਚ ਇਸ ਦੀ ਸਮੁੱਚੀ ਵਿਉਂਤਬੰਦੀ ਕਰਨ ਵਿਚ ਸ਼ਾਮਲ ਰਿਹਾ ਹੈ। ਉਹ ਅਮਨਪਸੰਦ ਵਿਦਵਾਨ ਹੈ ਜੋ ਹਥਿਆਰਬੰਦ ਸੰਘਰਸ਼ ਦੇ ਖ਼ਿਲਾਫ਼ ਹੈ, ਪਰ ਸਮਾਜਿਕ ਇਨਸਾਫ਼ ਲਈ ਅਤੇ ਨਾਇਨਸਾਫ਼ੀ ਦੇ ਖ਼ਿਲਾਫ਼ ਹਰ ਸੰਘਰਸ਼ ਦੀ ਹਮਾਇਤ ਕਰਨ ਦਾ ਦਾਅਵਾ ਕਰਦਾ ਹੈ।

ਬੇਲਾ ਭਾਟੀਆ ਟਾਟਾ ਸਕੂਲ ਆਫ਼ ਸੋਸ਼ਲ ਸਾਇੰਸਜ਼ ਤੋਂ ਪੜ੍ਹੀ ਹੋਈ ਹੈ ਅਤੇ ਮੇਧਾ ਪਾਟੇਕਰ ਦੀ ਕਰੀਬੀ ਸਾਥੀ ਰਹੀ ਹੈ। ਉਸ ਨੇ ਕੈਂਬਰਿਜ ਯੂਨੀਵਰਸਿਟੀ ਤੋਂ 'ਕੇਂਦਰੀ ਬਿਹਾਰ ਵਿਚ ਨਕਸਲਵਾਦ' ਦੇ ਵਿਸ਼ੇ ਉਤੇ ਪੀਐੱਚ.ਡੀ. ਕੀਤੀ ਹੈ ਅਤੇ ਪਿਛਲੇ ਕਈ ਸਾਲਾਂ ਤੋਂ ਬਸਤਰ ਇਲਾਕੇ ਦੇ ਆਦਿਵਾਸੀਆਂ ਅਤੇ ਕਬਾਇਲੀਆਂ ਨਾਲ ਕੰਮ ਕਰਦੀ ਹੈ। ਉਹ ਇਸ ਇਲਾਕੇ ਦੇ ਮਸਲਿਆਂ ਉਤੇ ਲਗਾਤਾਰ ਲਿਖਦੀ-ਬੋਲਦੀ ਰਹੀ ਹੈ। ਤੇਲੰਗਾਨਾ ਦੀ ਨਕਸਲਵਾਦੀ ਲਹਿਰ ਅਤੇ ਛਤੀਸਗੜ੍ਹ ਦੀ ਸਰਕਾਰੀ ਸਰਪ੍ਰਸਤੀ ਵਾਲੀ ਹਥਿਆਰਬੰਦ ਮੁਹਿੰਮ ਸਲਵਾ ਜੁਡਮ ਦਾ ਉਸ ਨੇ ਉਸ ਇਲਾਕੇ ਵਿਚ ਰਹਿ ਕੇ ਅਧਿਐਨ ਕੀਤਾ ਹੈ। ਉਸ ਦੇ ਕੰਮ ਦਾ ਬੁਨਿਆਦੀ ਸੁਆਲ ਇੱਕੋ ਹੈ ਕਿ ਜਮਹੂਰੀ ਮੁਲਕ ਵਿਚ ਲੋਕ ਹਥਿਆਰਬੰਦ ਸੰਘਰਸ਼ ਕਰਨ ਲਈ ਮਜਬੂਰ ਕਿਉਂ ਹੁੰਦੇ ਹਨ? ਉਹ ਗਿਆਰਵੀਂ ਪੰਜ ਸਾਲਾ ਯੋਜਨਾ ਬਣਾਉਣ ਵਾਲੇ ਮਾਹਰਾਂ ਵਿਚ ਸ਼ਾਮਲ ਰਹੀ ਹੈ। ਮੌਜੂਦਾ ਕੌਮੀ ਸੁਰੱਖਿਆ ਸਲਾਹਕਾਰ ਅਜੀਤ ਡੋਵਾਲ ਉਸੇ ਮਾਹਰ ਕਮੇਟੀ ਵਿਚ ਸ਼ਾਮਲ ਰਿਹਾ ਹੈ। ਬੇਲਾ ਜਗਦਲਪੁਰ ਸ਼ਹਿਰ ਦੇ ਬਾਹਰ ਪਾਰਪਾ ਪਿੰਡ ਵਿਚ ਰਹਿੰਦੀ ਹੈ। ਬੇਲਾ ਭਾਟੀਆ ਅਤੇ ਜੀਨ ਡ੍ਰੀਜ਼ ਜੀਵਨ ਸਾਥੀ ਹਨ।

ਨਵੰਬਰ 2015 ਵਿਚ ਬੇਲਾ ਭਾਟੀਆ ਨੇ ਬੀਜਾਪੁਰ ਜ਼ਿਲ੍ਹੇ ਵਿਚ ਕੁਝ ਕਬਾਇਲੀ ਔਰਤਾਂ ਨਾਲ ਬਲਾਤਕਾਰ ਅਤੇ ਕਾਮੁਕ ਹਿੰਸਾ ਦੀ ਪੁਲਿਸ ਸ਼ਿਕਾਇਤ ਦਰਜ ਕਰਵਾਉਣ ਵਿਚ ਮਦਦ ਕੀਤੀ ਸੀ। ਇਹ ਸ਼ਿਕਾਇਤ ਸੁਰੱਖਿਆ ਬਲਾਂ ਦੇ ਖ਼ਿਲਾਫ਼ ਹੈ। ਉਸ ਸ਼ਿਕਾਇਤ ਤੋਂ ਬਾਅਦ ਕੋਈ ਗ੍ਰਿਫ਼ਤਾਰੀ ਨਹੀਂ ਹੋਈ, ਪਰ ਬੇਲਾ ਭਾਟੀਆ ਉਤੇ ਲਗਾਤਾਰ ਦਬਾਅ ਪਾਇਆ ਜਾ ਰਿਹਾ ਹੈ। ਪਿਛਲੇ ਦਿਨਾਂ ਵਿਚ ਸਮਾਜਿਕ ਏਕਤਾ ਮੰਚ ਨਾਲ ਜੁੜੀ ਜਥੇਬੰਦੀ ਮਹਿਲਾ ਏਕਤਾ ਮੰਚ ਨੇ ਬੇਲਾ ਭਾਟੀਆ ਦੇ ਘਰ ਦੇ ਬਾਹਰ ਮੁਜ਼ਾਹਰਾ ਕੀਤਾ। ਇਸ ਮੁਜ਼ਾਹਰੇ ਵਿਚ 'ਬੇਲਾ ਭਾਟੀਆ ਮੁਰਦਾਬਾਦ' ਅਤੇ 'ਬੇਲਾ ਭਾਟੀਆ ਬਸਤਰ ਛੋੜੋ' ਦੇ ਨਾਅਰੇ ਲਗਾਏ ਗਏ। ਇਸ ਤੋਂ ਇਲਾਵਾ ਉਸ ਇਲਾਕੇ ਵਿਚ ਹੱਥ-ਪਰਚੀ ਵੰਡੀ ਗਈ ਜਿਸ ਵਿਚ ਬੇਲਾ ਭਾਟੀਆ ਨੂੰ ਨਕਸਲਵਾਦੀਆਂ ਦੀ ਹਮਾਇਤੀ ਕਰਾਰ ਦਿੱਤਾ ਗਿਆ ਅਤੇ ਜੀਨ ਡ੍ਰੀਜ਼ ਨੂੰ 'ਵਿਦੇਸ਼ੀ ਦਲਾਲ' ਗਰਦਾਨਿਆ ਗਿਆ। ਇਸ ਦੇ ਨਾਲ ਇਨ੍ਹਾਂ ਦੋਵਾਂ ਨੂੰ ਮੁਲਕ ਨੂੰ ਤੋੜਨ ਦੀ ਸਾਜ਼ਿਸ਼ ਕਰਨ ਵਿਚ ਸ਼ਾਮਿਲ ਹੋਣ ਦਾ ਇਲਜ਼ਾਮ ਲਗਾਇਆ ਗਿਆ।

ਬੇਲਾ ਭਾਟੀਆ ਨੇ ਇਸ ਤੋਂ ਬਾਅਦ ਆਪਣੇ ਕੰਮ ਅਤੇ ਉਸ ਦੇ ਖ਼ਿਲਾਫ਼ ਚੱਲ ਰਹੀ ਮੁਹਿੰਮ ਬਾਬਤ ਚਿੱਠੀ ਲਿਖੀ ਹੈ। ਇਸ ਚਿੱਠੀ ਵਿਚ ਦਰਜ ਹੈ, "ਸੱਚ ਨੂੰ ਬੇਪਰਦ ਕਰਨਾ, ਔਖੇ ਸੁਆਲ ਪੁੱਛਣਾ, ਲੋਕਾਂ ਨੂੰ ਲਾਮਬੰਦ ਕਰਨਾ, ਉਨ੍ਹਾਂ ਨੂੰ ਚੁੱਪ ਦੀ ਚਾਦਰ ਚਾਕ ਕਰਨ ਲਈ ਪ੍ਰੇਰਨਾ ਦੇਣਾ ਅਤੇ ਜਮਹੂਰੀ ਹਦੂਦ ਅੰਦਰ ਸੰਘਰਸ਼ ਸਾਡਾ ਹੱਕ ਹੈ। ਕੋਈ ਵੀ ਸਿਹਤਮੰਦ ਜਮਹੂਰੀਅਤ ਆਪਣੇ ਸ਼ਹਿਰੀਆਂ ਤੋਂ ਇਹ ਹੱਕ ਨਹੀਂ ਖੋਹ ਸਕਦੀ। ਇਸੇ ਅਸੂਲ ਤਹਿਤ ਬੀਜਾਪੁਰ ਜ਼ਿਲ੍ਹੇ ਵਿਚ ਅਕਤੂਬਰ 2015 ਦੌਰਾਨ ਹੋਏ ਸਮੂਹਿਕ ਬਲਾਤਕਾਰ ਅਤੇ ਸੁਕਮਾ ਜ਼ਿਲ੍ਹੇ ਵਿਚ ਪਿਛਲੇ ਸਾਲ ਜਨਵਰੀ ਦੌਰਾਨ ਹੋਈ ਕਾਮੁਕ ਹਿੰਸਾ ਨੂੰ ਬੇਪਰਦ ਕਰਨਾ ਸਾਡਾ ਫ਼ਰਜ਼ ਸੀ। ਅਸੀਂ ਦੂਜੇ ਸੂਬਿਆਂ ਦੀ ਔਰਤ ਕਾਰਕੁਨਾਂ ਨਾਲ ਮਿਲ ਕੇ ਇਨ੍ਹਾਂ ਮਾਮਲਿਆਂ ਦੀ ਜਾਂਚ ਕੀਤੀ। ਪੀੜਤਾਂ ਨੂੰ ਜ਼ਿਲ੍ਹਾ ਮੈਜਿਸਟਰੇਟ ਸਾਹਮਣੇ ਪੇਸ਼ ਕਰ ਕੇ ਬਿਆਨ ਦਰਜ ਕਰਵਾਏ ਗਏ ਅਤੇ ਉਨ੍ਹਾਂ ਨੂੰ ਸ਼ਿਕਾਇਤ ਦਰਜ ਕਰਨ ਲਈ ਮਨਾਇਆ ਗਿਆ। ਚਸ਼ਮਦੀਦ ਗਵਾਹਾਂ ਦੇ ਬਿਆਨਾਂ ਤੋਂ ਲੱਗਦਾ ਹੈ ਕਿ ਇਨ੍ਹਾਂ ਵਧੀਕੀਆਂ ਨੂੰ ਅੰਜਾਮ ਦੇਣ ਵਿਚ ਪੁਲਿਸ ਅਤੇ ਨੀਮ ਫ਼ੌਜੀ ਬਲ ਸ਼ਾਮਿਲ ਸਨ। ਸਰਵ ਆਦਿਵਾਸੀ ਸਮਾਜ, ਆਦਿਵਾਸੀ ਮਹਾਂਸਭਾ ਅਤੇ ਇੰਡੀਅਨ ਨੈਸ਼ਨਲ ਕਾਂਗਰਸ ਵਰਗੀਆਂ ਸਮਾਜਿਕ ਅਤੇ ਸਿਆਸੀ ਧਿਰਾਂ ਆਪਣੇ ਪੱਧਰ ਉਤੇ ਜਾਂਚ ਕਰ ਕੇ ਇਸੇ ਨਤੀਜੇ ਉਤੇ ਪੁੱਜੀਆਂ ਹਨ।"

ਬੇਲਾ ਭਾਟੀਆ ਦੀ ਚਿੱਠੀ ਦਾ ਇਹ ਹਿੱਸਾ ਸਮਾਜਿਕ ਏਕਤਾ ਮੰਚ ਦੇ ਪਿਛੋਕੜ ਨਾਲ ਜੋੜ ਕੇ ਪੜ੍ਹਿਆ ਜਾਣਾ ਬਣਦਾ ਹੈ। ਇਹ ਸਰਕਾਰੀ ਸਰਪ੍ਰਸਤੀ ਵਿਚ ਨਕਸਲਵਾਦੀ ਵਿਰੋਧ ਕਰਦੀ ਜਥੇਬੰਦੀ ਹੈ। ਇਸ ਦੀਆਂ ਅੱਗੇ ਜਥੇਬੰਦੀਆਂ ਹਨ ਜਿਨ੍ਹਾਂ ਵਿਚ ਮਹਿਲਾ ਏਕਤਾ ਮੰਚ ਸ਼ਾਮਿਲ ਹੈ ਜਿਸ ਨੇ ਬੇਲਾ ਭਾਟੀਆ ਦੇ ਖ਼ਿਲਾਫ਼ ਮੁਹਿੰਮ ਵਿੱਢੀ ਹੈ। ਇਸ ਜਥੇਬੰਦੀ ਦੇ ਬੇਲਾ ਭਾਟੀਆ ਦੇ ਖ਼ਿਲਾਫ਼ ਨਾਅਰੇ ਇੱਕ ਪਾਸੇ ਬਸਤਰ ਜਾਂ ਨਕਸਲਵਾਦੀ ਇਲਾਕੇ ਦੇ ਹਾਲਾਤ ਬਿਆਨ ਕਰਦੇ ਹਨ; ਦੂਜੇ ਪਾਸੇ ਦੀਆਂ ਸਮੁੱਚੇ ਮੁਲਕ ਵਿਚ ਚੱਲਦੀ ਭਾਜਪਾਈ ਜਥੇਬੰਦੀਆਂ ਦੀ ਪ੍ਰਚਾਰ ਮੁਹਿੰਮ ਨਾਲ ਜੁੜਦੇ ਹਨ। ਨਕਸਲਵਾਦੀ ਇਲਾਕਿਆਂ ਵਿਚ ਚੱਲ ਰਹੀਆਂ ਪੁਲਿਸ-ਨੀਮ ਫ਼ੌਜੀ ਮੁਹਿੰਮਾਂ ਨੂੰ ਲੋਕਾਂ ਤੋਂ ਓਹਲੇ ਰੱਖਣ ਲਈ ਪੱਤਰਕਾਰਾਂ, ਵਿਦਵਾਨਾਂ, ਸਮਾਜਿਕ ਕਾਰਕੁਨਾਂ ਅਤੇ ਮਨੁੱਖੀ-ਸ਼ਹਿਰੀ-ਜਮਹੂਰੀ ਹਕੂਕ ਜਥੇਬੰਦੀਆਂ ਨੂੰ ਬਾਹਰ ਕੱਢਿਆ ਜਾ ਰਿਹਾ ਹੈ। ਇੱਕ ਪਾਸੇ ਡਰਾਉਣ ਅਤੇ ਧਮਕਾਉਣ ਦੇ ਤਰੀਕੇ ਹਨ; ਦੂਜੇ ਪਾਸੇ ਬਦਨਾਮ ਕਰਨ ਦਾ ਹੱਥਕੰਡਾ ਹੈ। ਜੀਨ ਡ੍ਰੀਜ਼ ਨੇ ਆਪਣੀ ਚਿੱਠੀ ਵਿਚ ਲਿਖਿਆ ਹੈ, "ਬਸਤਰ ਵਰਗੇ ਇਲਾਕੇ ਵਿਚ ਕਿਸੇ ਉਤੇ ਨਕਸਲਵਾਦੀ ਹੋਣ ਦਾ ਇਲਜ਼ਾਮ ਲਗਾਉਣ ਦਾ ਮਤਲਬ ਹੀ ਉਸ ਦੀ ਜਾਨ ਨੂੰ ਖ਼ਤਰੇ ਵਿਚ ਪਾਉਣਾ ਹੈ।"

ਬੇਲਾ ਭਾਟੀਆ ਦਾ ਨਿਸ਼ਾਨੇ ਉਤੇ ਆਉਣਾ ਲੰਮੀ ਲੜੀ ਦੀ ਕੜੀ ਹੈ। ਫਰਵਰੀ ਵਿਚ ਸਕਰੋਲ ਵੈੱਬਸਾਈਟ ਨਾਲ ਕੰਮ ਕਰਦੀ ਮਾਲਿਨੀ ਸੁਬਰਾਮਨੀਅਮ ਨੂੰ ਧਮਕਾ ਕੇ ਬਸਤਰ ਖਿੱਤੇ ਵਿਚੋਂ ਬਾਹਰ ਜਾਣ ਲਈ ਮਜਬੂਰ ਕੀਤਾ ਗਿਆ ਸੀ। ਹਿੰਦੀ ਪੱਤਰਕਾਰ ਪ੍ਰਭਾਤ ਸਿੰਘ ਅਤੇ ਦੀਪਕ ਜੈਸਵਾਲ ਨੂੰ ਪਿਛਲੇ ਦਿਨੀਂ ਗ੍ਰਿਫ਼ਤਾਰ ਕੀਤਾ ਗਿਆ ਸੀ। ਉਸ ਤੋਂ ਪਹਿਲਾਂ ਸੋਨੀ ਸੋਰੀ ਉਤੇ ਰਸਾਇਣਕ ਹਮਲਾ ਹੋਇਆ ਹੈ। ਪਿਛਲੇ ਸਾਲ ਬਸਤਰ ਇਲਾਕੇ ਦੇ ਪੱਤਰਕਾਰ ਸੁਮਾਰੂ ਨਾਗ ਨੂੰ ਜੁਲਾਈ ਅਤੇ ਸੰਤੋਸ਼ ਯਾਦਵ ਨੂੰ ਸਤੰਬਰ ਵਿਚ ਗ੍ਰਿਫ਼ਤਾਰ ਕੀਤਾ ਗਿਆ ਸੀ। ਇਸ ਮਾਹੌਲ ਵਿਚ ਬੇਲਾ ਭਾਟੀਆ ਦੀ ਸ਼ਨਾਖ਼ਤ ਨਾਲ ਮੁਲਕ ਦੀ ਏਕਤਾ ਨੂੰ ਖ਼ਤਰਾ, ਵਿਦੇਸ਼ੀ ਸਾਜ਼ਿਸ਼ ਅਤੇ ਨਕਸਲਵਾਦ ਜੋੜ ਦਿੱਤਾ ਗਿਆ ਹੈ। ਦਰਅਸਲ ਇਹੋ ਮੌਜੂਦਾ ਸਰਕਾਰ, ਨਿਜ਼ਾਮ ਅਤੇ ਨਾਗਪੁਰ ਦਾ ਮੰਤਰ ਹੈ।

ਇਸੇ ਤਰਜ਼ ਦੇ ਨਾਅਰੇ ਭਾਜਪਾ ਦੀ ਵਿਦਿਆਰਥੀ ਜਥੇਬੰਦੀ ਜਵਾਹਰਲਾਲ ਨਹਿਰੂ ਯੂਨੀਵਰਸਿਟੀ ਦੀ ਅਧਿਆਪਕ ਨਿਵੇਦਿਤਾ ਮੈਨਨ ਖ਼ਿਲਾਫ਼ ਲਗਾਉਂਦੀ ਸੀ। ਇਸੇ ਤਰ੍ਹਾਂ ਦੇ ਇਲਜ਼ਾਮ ਨਾਲ ਹਰ ਤਰ੍ਹਾਂ ਦੇ ਵਿਦਿਆਰਥੀ ਅਤੇ ਆਵਾਮੀ ਸੰਘਰਸ਼ਾਂ ਨੂੰ ਬਦਨਾਮ ਕਰਨਾ ਸਰਕਾਰ ਅਤੇ ਭਾਜਪਾਈ ਜਥੇਬੰਦੀਆਂ ਦੀ ਸਾਂਝੀ ਜੁਗਤ ਹੈ। ਏਕਤਾ-ਅਖੰਡਤਾ ਨੂੰ ਖ਼ਤਰਾ, ਦੇਸ਼ ਧਰੋਹ, ਹਿੰਦੂ ਵਿਰੋਧੀ, ਅਤਿਵਾਦ, ਜਹਾਦ, ਨਕਸਲਵਾਦ, ਮਾਓਵਾਦ ਅਤੇ ਇਸਲਾਮ ਵਰਗੀਆਂ ਧਾਰਨਾਵਾਂ ਦੇ ਜਮ੍ਹਾਂਜੋੜ ਨਾਲ ਹਰ ਸੁਆਲ ਨੂੰ ਦਰਕਿਨਾਰ ਕਰਨਾ ਕੱਟੜਵਾਦੀ ਸਿਆਸਤ ਦਾ ਇੱਕ ਪਾਸਾ ਹੈ; ਦੂਜਾ ਪਾਸਾ ਦੇਸ਼ ਭਗਤੀ ਦਾ ਇਮਤਿਹਾਨ ਦੇਣ ਲਈ ਤੈਅ ਕੀਤੇ ਨਾਅਰੇ ਹਨ। ਰਾਸ਼ਟਰੀ ਸਵੈਮਸੇਵਕ ਸੰਘ ਦੀ ਸਰਪ੍ਰਸਤੀ ਵਿਚ ਹੋਏ ਇਕ ਸਮਾਗਮ ਦੌਰਾਨ ਰਾਮਦੇਵ ਨੇ ਰੋਹਤਕ ਵਿਚ ਕਿਹਾ ਹੈ, "ਅਸੀਂ ਇਸ ਮੁਲਕ ਦੇ ਕਾਨੂੰਨ ਅਤੇ ਸੰਵਿਧਾਨ ਦਾ ਸਨਮਾਨ ਕਰਦੇ ਹਾਂ, ਨਹੀਂ ਤਾਂ ਕੋਈ ਭਾਰਤ ਮਾਤਾ ਦਾ ਅਪਮਾਨ ਕਰੇ; ਇੱਕ ਨਹੀਂ, ਅਸੀਂ ਹਜ਼ਾਰਾਂ-ਲੱਖਾਂ ਦੇ ਸਿਰ ਕਲਮ ਕਰਨ ਦੀ ਸਮਰੱਥਾ ਰੱਖਦੇ ਹਾਂ।" ਇਹ ਰਾਮਦੇਵ ਯੋਗ ਸਿਖਾਉਂਦਾ ਹੈ। ਮੌਜੂਦਾ ਸਰਕਾਰ ਦੌਰਾਨ ਇਸ ਦਾ ਕਾਰੋਬਾਰ ਬੇਇੰਤਹਾ ਰਫ਼ਤਾਰ ਨਾਲ ਫੈਲਿਆ ਹੈ ਅਤੇ ਹਰਿਆਣਾ ਸਰਕਾਰ ਦਾ ਬਰਾਂਡ ਐਂਬੇਸਡਰ ਹੈ। ਰਾਮਦੇਵ ਤੋਂ ਮਹਿਲਾ ਏਕਤਾ ਮੰਚ, ਯੋਗੀ ਅਦਿੱਤਿਆ ਨਾਥ ਤੋਂ ਅਖਿਲ ਭਾਰਤੀ ਵਿਦਿਆਰਥੀ ਪ੍ਰੀਸ਼ਦ, ਰਾਜਨਾਥ ਸਿੰਘ ਤੋਂ ਫ਼ੌਜ ਦੇ ਉਲਾਰ ਕਰਨੈਲ-ਜਰਨੈਲ, ਸਾਕਸ਼ੀ ਮਹਾਰਾਜ ਤੋਂ ਦੀਨਾਨਾਥ ਬੱਤਰਾ ਤੱਕ ਇੱਕ ਵੱਡਾ ਪਨ੍ਹਾਂ ਹੈ ਜੋ ਇਸ ਵੇਲੇ ਦੇਸ਼ ਭਗਤ ਹੋਣ ਦੇ ਮਾਅਨੇ ਤੈਅ ਕਰ ਰਿਹਾ ਹੈ ਅਤੇ ਆਪਣੇ ਵਿਰੋਧੀਆਂ (ਦੇਸ਼ ਧਰੋਹੀਆਂ) ਨਾਲ ਕੁਝ ਵੀ ਕਰਨ ਦੇ ਸਮਰੱਥ ਹੈ। ਜੀਨ ਡ੍ਰੀਜ਼ ਆਪਣੀ ਚਿੱਠੀ ਵਿਚ ਲਿਖਦਾ ਹੈ ਕਿ ਬੇਲਾ ਭਾਟੀਆ ਖ਼ਿਲਾਫ਼ ਵੰਡੀ ਗਈ 'ਹੱਥ-ਪਰਚੀ ਵਿਚ ਮੈਨੂੰ ਵਿਦੇਸ਼ੀ ਦਲਾਲ ਲਿਖਿਆ ਗਿਆ ਹੈ। ਦਰਅਸਲ ਮੈਂ ਭਾਰਤੀ ਸ਼ਹਿਰੀ ਹਾਂ ਅਤੇ ਇਹ ਹੱਥ-ਪਰਚੀ ਵੰਡਣ ਵਾਲਿਆਂ ਵਿਚੋਂ ਜ਼ਿਆਦਾਤਰ ਨਾਲੋਂ ਮੈਂ ਇਸ ਮੁਲਕ ਵਿਚ ਵੱਧ ਸਮਾਂ ਗੁਜ਼ਾਰਿਆ ਹੈ। ਮੈਂ ਇਸ ਮੁਲਕ ਨੂੰ ਪਿਆਰ ਕਰਦਾ ਹਾਂ ਅਤੇ ਮੇਰਾ ਦੋਸਤਾਂ ਦਾ ਘੇਰਾ ਕਸ਼ਮੀਰ ਤੋਂ ਕੰਨਿਆਕੁਮਾਰੀ ਤੱਕ ਫੈਲਿਆ ਹੋਇਆ ਹੈ। ਮੈਂ ਆਪਣੇ 37 ਸਾਲਾਂ ਦੇ ਭਾਰਤ-ਵਾਸ ਦੌਰਾਨ ਕੱਲ੍ਹ ਤੋਂ ਪਹਿਲਾਂ ਕਦੇ ਇੰਨਾ ਵੈਰ ਨਹੀਂ ਵੇਖਿਆ।' ਜੀਨ ਡ੍ਰੀਜ਼ ਨਾਲ ਹਰ ਉਹ ਜੀਅ ਸਹਿਮਤ ਹੋ ਸਕਦਾ ਹੈ ਜੋ ਮੌਜੂਦਾ ਨਿਜ਼ਾਮ ਤੋਂ ਕੋਈ ਸੁਆਲ ਪੁੱਛਣਾ ਚਾਹੁੰਦਾ ਹੈ।

> **ਬੇਲਾ ਭਾਟੀਆ ਦਾ ਨਿਸ਼ਾਨੇ 'ਤੇ ਆਉਣਾ ਲੰਮੀ ਲੜੀ ਦੀ ਕੜੀ ਹੈ। ਫਰਵਰੀ ਵਿਚ ਸਕਰੋਲ ਵੈੱਬਸਾਈਟ ਨਾਲ ਕੰਮ ਕਰਦੀ ਮਾਲਿਨੀ ਸੁਬਰਾਮਨੀਅਮ ਨੂੰ ਬਸਤਰ ਖਿੱਤੇ ਵਿਚੋਂ ਬਾਹਰ ਜਾਣ ਲਈ ਮਜਬੂਰ ਕੀਤਾ ਗਿਆ। ਪੱਤਰਕਾਰ ਪ੍ਰਭਾਤ ਸਿੰਘ ਅਤੇ ਦੀਪਕ ਜੈਸਵਾਲ ਨੂੰ ਗ੍ਰਿਫ਼ਤਾਰ ਕੀਤਾ। ਪਹਿਲਾਂ ਸੋਨੀ ਸੋਰੀ 'ਤੇ ਰਸਾਇਣਕ ਹਮਲਾ ਹੋਇਆ। ਪਿਛਲੇ ਸਾਲ ਬਸਤਰ ਦੇ ਪੱਤਰਕਾਰ ਸੁਮਾਰੂ ਨਾਗ ਨੂੰ ਜੁਲਾਈ ਅਤੇ ਸੰਤੋਸ਼ ਯਾਦਵ ਨੂੰ ਸਤੰਬਰ ਵਿਚ ਗ੍ਰਿਫ਼ਤਾਰ ਕੀਤਾ ਗਿਆ।**

# ਹੁਣ ਵਿਰੋਧੀ ਧਿਰ ਅਸੀਂ ਵਿਦਿਆਰਥੀ ਹਾਂ...

**ਜੇ.ਐਨ.ਯੂ. ਦਿੱਲੀ ਦੇ ਜੁਝਾਰੂ ਵਿਦਿਆਰਥੀ, ਹਿੰਦੁਤਵੀ ਫਾਸ਼ੀਵਾਦ ਨੂੰ ਸਿੱਧੇ ਮੱਥੇ ਟੱਕਰ ਰਹੇ ਹਨ; ਨਾ ਸਿਰਫ਼ ਅਮਲੀ ਖੇਤਰ ਵਿਚ, ਸਗੋਂ ਬੌਧਿਕ ਖੇਤਰ ਵਿਚ ਵੀ। 'ਦੇਸ਼ ਧ੍ਰੋਹ' ਦੇ ਇਲਜ਼ਾਮਾਂ ਦਾ ਸਾਹਮਣਾ ਕਰਨ ਵਾਲੇ ਇਨ੍ਹਾਂ ਵਿਦਿਆਰਥੀਆਂ ਵਿਚੋਂ ਇਕ ਹੈ ਅਨਿਰਬਨ ਭੱਟਾਚਾਰੀਆ। ਆਪਣੇ ਹਾਲੀਆ ਪੇਪਰ ਵਿਚ ਅਨਿਰਬਨ ਨੇ ਰਾਸ਼ਟਰਵਾਦ ਬਨਾਮ ਦੇਸ਼ ਭਗਤੀ ਨੂੰ ਲੈ ਕੇ ਛਿੜੇ ਸੰਵਾਦ ਨੂੰ ਅੱਗੇ ਤੋਰਦਿਆਂ ਅਤੇ ਹਿੰਦੁਸਤਾਨੀ ਰਾਸ਼ਟਰਵਾਦ ਦੀਆਂ ਇਤਿਹਾਸਕ ਜੜ੍ਹਾਂ ਫਰੋਲਦਿਆਂ ਆਜ਼ਾਦੀ ਬਾਰੇ ਆਪਣੇ ਖ਼ਿਆਲ ਕਲਮਬੰਦ ਕੀਤੇ ਹਨ ਜੋ ਜੇ.ਐਨ.ਯੂ. ਵਿਚ 28 ਮਾਰਚ ਨੂੰ "ਆਜ਼ਾਦੀ ਦੇ ਕਈ ਮਾਅਨੇ" ਸੈਸ਼ਨ ਵਿਚ ਪੇਸ਼ ਕੀਤੇ ਗਏ। ਇਸ ਲਿਖਤ ਦਾ ਤਰਜਮਾ ਸਾਡੇ ਕਾਲਮਨਵੀਸ ਬੂਟਾ ਸਿੰਘ ਨੇ ਕੀਤਾ ਹੈ ਜੋ ਅਸੀਂ ਪਾਠਕਾਂ ਨਾਲ ਸਾਂਝੀ ਕਰ ਰਹੇ ਹਾਂ। -ਸੰਪਾਦਕ**

ਸਮਾਗਮ ਦਾ ਸਿਰਲੇਖ 'ਜਸ਼ਨ-ਏ-ਆਜ਼ਾਦੀ' ਆਜ਼ਾਦੀ ਦੇ ਉਸ ਨਾਅਰੇ ਦੀ ਨੁੱਕਦਾਰ ਗੂੰਜ ਦਾ ਭੁਲੇਖਾ ਪਾਉਂਦਾ ਹੈ ਜੋ 'ਜੇ.ਐਨ.ਯੂ. ਦਾ ਸਾਥ ਦਿਓ' ਦਾ ਤਰਾਨਾ ਬਣ ਚੁੱਕਾ ਹੈ। ਮਹਿਜ਼ ਜੇ.ਐਨ.ਯੂ. ਜਾਂ ਦਿੱਲੀ ਵਿਚ ਹੀ ਨਹੀਂ, ਸਗੋਂ ਪੂਰੇ ਹਿੰਦੁਸਤਾਨ ਅਤੇ ਕੁਲ ਆਲਮ ਵਿਚ। ਪ੍ਰਸ਼ਾਸਨਿਕ ਬਲਾਕ ਦਾ ਨਵਾਂ ਨਾਂ 'ਆਜ਼ਾਦੀ ਚੌਕ' ਸੱਚੀਂ ਹੀ ਜਸ਼ਨ-ਏ-ਆਜ਼ਾਦੀ ਦਾ ਕੇਂਦਰ ਬਣ ਗਿਆ। ਇਹ ਨਾਅਰਾ ਦਰਅਸਲ ਕਈ ਤਰ੍ਹਾਂ ਨਾਲ ਲਹਿਰ ਦੇ ਬੁਨਿਆਦੀ ਸਿਧਾਂਤਾਂ ਨੂੰ ਪਰਿਭਾਸ਼ਿਤ ਕਰਦਾ ਸੀ: ਵਿਚਾਰਾਂ ਦੀ ਆਜ਼ਾਦੀ, ਭੈਅ ਤੋਂ ਆਜ਼ਾਦੀ, ਯੂਨੀਵਰਸਿਟੀ ਦੀ ਆਜ਼ਾਦੀ ਜਾਂ ਖ਼ੁਦਮੁਖ਼ਤਾਰੀ, ਹਿੰਦੂਤਵੀ ਮੱਤ ਤੋਂ ਆਜ਼ਾਦੀ, ਬ੍ਰਾਹਮਣਵਾਦ, ਦਾਬੇ ਤੋਂ ਆਜ਼ਾਦੀ ਅਤੇ ਫਾਸ਼ੀਵਾਦ ਵਿਰੁੱਧ ਆਜ਼ਾਦੀ ਦਾ ਐਲਾਨਨਾਮਾ।

ਘੋਰ ਜ਼ਹਿਰੀਲੇ ਹਮਲੇ ਅਤੇ ਦਹਿਸ਼ਤ ਅੱਗੇ ਅਡੋਲ ਡਟੀਆਂ ਹੋਈਆਂ ਜੇ.ਐਨ.ਯੂ. ਦੇ ਅੰਦਰਲੀਆਂ ਅਤੇ ਬਾਹਰੋਂ ਇਕਮੁੱਠਤਾ ਪ੍ਰਗਟਾਉਣ ਵਾਲੀਆਂ ਜਮਹੂਰੀ ਤਾਕਤਾਂ ਦੇ

**ਅਨਿਰਬਨ ਭੱਟਾਚਾਰੀਆ**

ਸੰਘਰਸ਼ ਨੇ ਹਜ਼ਾਰਾਂ ਦੀ ਜ਼ਿੰਦਗੀ ਹੀ ਬਦਲ ਦਿੱਤੀ। ਜਿਵੇਂ ਲੈਨਿਨ ਨੇ ਕਿਹਾ ਸੀ, "ਐਸੇ ਦਹਾਕੇ ਹੁੰਦੇ ਹਨ ਜਦੋਂ ਕੁਝ ਨਹੀਂ ਵਾਪਰਦਾ; ਤੇ ਐਸੇ ਹਫ਼ਤੇ ਹੁੰਦੇ ਹਨ ਜੋ ਦਹਾਕੇ ਬਣ ਜਾਂਦੇ ਹਨ।" ਤਕਰੀਬਨ ਇਸੇ ਨੂੰ ਆਜ਼ਾਦੀ ਦੇ ਨਾਅਰਿਆਂ ਨੇ ਝੱਬਵਾਂ ਰੂਪ ਦਿੱਤਾ ਹੈ। ਇਸ ਸਿਲਸਿਲੇ ਦੇ ਇਕ ਸਿਰੇ 'ਤੇ ਆਜ਼ਾਦੀ ਸੀ, ਇਸ ਦੇ ਮੁਕਾਬਲੇ 'ਤੇ ਪੂਰੇ ਮੁਲਕ ਦੀ ਬਹਿਸ ਵਿਚ ਦੂਜਾ ਨਾਅਰਾ 'ਭਾਰਤ ਮਾਤਾ ਦੀ ਜੈ' ਪੇਸ਼ ਕੀਤਾ ਗਿਆ ਹੈ। ਇਤਿਹਾਸ ਦੇ ਵਿਦਿਆਰਥੀ ਜਾਣਦੇ ਹਨ ਕਿ ਕਿਵੇਂ ਹਰ ਨਾਅਰੇ ਦੀਆਂ ਜੜ੍ਹਾਂ ਇਤਿਹਾਸ ਵਿਚ ਹੁੰਦੀਆਂ ਹਨ, ਕਿਵੇਂ ਹਰ ਨਾਅਰਾ ਖ਼ਾਸ ਮਾਅਨਾ ਅਖ਼ਤਿਆਰ ਕਰਦਾ ਹੈ। ਨਾਅਰੇ ਸਮੇਂ ਅਤੇ ਸਥਾਨ ਵਿਚ ਵਿਚਰਦੇ ਹਨ ਅਤੇ ਇਕ ਖ਼ਾਸ ਸਮੇਂ 'ਤੇ ਇਕ ਖ਼ਾਸ ਦ੍ਰਿਸ਼ਟੀ ਨੂੰ ਝੱਬਵਾਂ ਰੂਪ ਦੇਣ ਲਈ ਇਸਤੇਮਾਲ ਕੀਤੇ ਜਾਂਦੇ ਹਨ। ਅਸ ਇਨ੍ਹਾਂ ਦੋ ਨਾਅਰਿਆਂ ਅਤੇ ਜਿਨ੍ਹਾਂ ਖ਼ਿਆਲਾਂ ਨੂੰ ਪ੍ਰਚਾਰਨ ਦਾ ਇਹ ਸੰਦ ਹਨ, ਉਨ੍ਹਾਂ ਨੂੰ ਖੋਲ੍ਹ ਕੇ ਅਤੇ ਤੁਲਨਾ 'ਚ ਪੇਸ਼ ਕਰਨ ਦਾ ਸਹੀ ਮੌਕਾ ਹੈ।

ਆਮ ਧਾਰਨਾ ਦੇ ਉਲਟ 'ਰਾਸ਼ਟਰ' ਦਾ ਖ਼ਿਆਲ ਇਤਿਹਾਸ ਦੀ ਪੈਦਾਵਾਰ ਹੈ। ਇਹ ਮੁੱਢ-ਕਦੀਮ ਤੋਂ ਮੌਜੂਦ ਚਲਿਆ ਆ ਰਿਹਾ ਪੂਰਵ-ਨਿਰਧਾਰਤ ਵਜੂਦ ਨਹੀਂ। ਬਸਤੀਵਾਦੀ ਅਨੁਭਵ, ਬਰਤਾਨਵੀ ਰਾਜ ਵਲੋਂ 19ਵੀਂ ਸਦੀ ਦੇ ਅਖ਼ੀਰ 'ਚ ਆਪਣੇ ਮਨੋਰਥ ਲਈ ਵਾਹੀਆਂ ਹੱਦਾਂ ਮੁੱਢਲੇ ਰਾਸ਼ਟਰ ਦੇ ਤਸੱਵਰ ਦਾ ਅਧਾਰ ਬਣੀਆਂ। 19ਵੀਂ ਸਦੀ ਦੇ ਆਖ਼ਰੀ ਦੋ ਦਹਾਕਿਆਂ ਵਿਚ, ਹਿੰਦੀ-ਉਰਦੂ ਵਿਵਾਦ, ਗਊ ਮਾਤਾ ਜਾਂ ਗਊ ਰੱਖਿਆ ਅੰਦੋਲਨ, ਮਸਜਿਦਾਂ ਅੱਗੇ ਸੰਗੀਤ ਵਜਾਉਣ ਵਰਗੇ ਮੁੱਦਿਆਂ ਦਰਮਿਆਨ, ਹਿੰਦੁਸਤਾਨੀ ਰਾਸ਼ਟਰਵਾਦ ਦੀਆਂ ਅਵਾਮ ਦੇ ਤਸੱਵਰ ਵਿਚ ਜੋ ਡੂੰਘੀਆਂ ਜੜ੍ਹਾਂ ਲੱਗੀਆਂ, ਉਸ ਸੀ ਹਿੰਦੀ-ਹਿੰਦੂ-ਹਿੰਦੁਸਤਾਨ। ਕਿਰਨ ਚੰਦਰ ਬੈਨਰਜੀ ਦੇ ਨਾਟਕ 'ਭਾਰਤ ਮਾਤਾ' (1873) ਜਾਂ ਬੰਕਿਮ ਚੰਦਰ ਚੱਟੋਪਾਧਿਆਏ ਦੇ ਨਾਵਲ 'ਆਨੰਦਮਠ' (1882) ਤੋਂ ਪ੍ਰੇਰਿਤ ਰਾਸ਼ਟਰਵਾਦ ਦੇ ਇਸ ਖ਼ਿਆਲ ਨੇ ਛੇਤੀ ਹੀ ਉਸ ਭਾਰਤ ਮਾਤਾ ਵਜੋਂ ਮਨੁੱਖ ਰੂਪੀ ਸ਼ਕਲ ਅਖ਼ਤਿਆਰ ਲਈ ਜੋ ਬਾਅਦ ਵਿਚ ਕੈਲੰਡਰਾਂ, ਪੋਸਟਰਾਂ ਵਗੈਰਾ ਜ਼ਰੀਏ ਹਰਮਨਪਿਆਰਾ ਹੋਇਆ। ਇਨ੍ਹਾਂ ਕੁੱਲ ਪੇਸ਼ਕਾਰੀਆਂ ਵਿਚ ਸਾਂਝਾ ਤੱਤ ਇਹ ਸੀ ਕਿ ਭਾਰਤ ਮਾਤਾ ਨੂੰ ਹਿੰਦੂ ਦੇਵੀ ਵਜੋਂ ਪੇਸ਼ ਕੀਤਾ ਗਿਆ ਸੀ ਅਤੇ ਇਸ ਨੂੰ ਸਰਵਵਿਆਪਕ ਹਿੰਦੂਵਾਦ ਅਤੇ ਨੇਸ਼ਨਹੁੱਡ ਦਾ ਇਜ਼ਹਾਰ ਮੰਨਿਆ ਜਾਂਦਾ ਹੈ।

ਆਰ.ਐਸ.ਐਸ. ਵਲੋਂ ਮਕਬੂਲ ਬਣਾਈ ਇਹ ਭਾਰਤ ਮਾਤਾ ਦੁਰਗਾ ਜਾਂ ਮਾਤਾ ਸ਼ੇਰਾਂ ਵਾਲੀ ਵਰਗੀ ਹੈ- ਗੋਰੀ, ਗਹਿਣਿਆਂ ਨਾਲ ਲੱਦੀ, ਜਿਸ ਦਾ ਝੰਡਾ ਅਫ਼ਗਾਨਿਸਤਾਨ ਨੂੰ ਛੂਹ ਰਿਹਾ ਹੈ, ਸਾੜ੍ਹੀ ਦਾ ਪੱਲਾ ਉਤਰ-ਪੂਰਬ ਤੋਂ ਹੁੰਦਾ ਹੋਇਆ ਮਿਆਂਮਾਰ ਤਕ ਫੈਲਿਆ ਹੋਇਆ ਹੈ, ਤਾਜ ਕਸ਼ਮੀਰ ਨੂੰ ਛੂਹ ਰਿਹਾ ਹੈ ਅਤੇ ਪੈਰ ਕੰਨਿਆਕੁਮਾਰੀ 'ਤੇ ਟਿਕੇ ਹੁੰਦੇ ਹਨ। ਤੇ ਉਸ ਦੇ ਨਾਲ ਜ਼ਰੂਰ ਹੀ ਸ਼ੇਰ ਹੁੰਦਾ ਹੈ। ਭਾਰਤ ਮਾਤਾ ਦੀ ਇਸ ਜਾਂ ਕਿਸੇ ਹੋਰ ਤਸਵੀਰ ਵਿਚ ਸਾਂਝੀ ਚੀਜ਼ ਇਹ ਹੈ ਕਿ ਇਹ ਖ਼ਾਸ ਬੁਰਜੂਆ ਸਤਿਕਾਰ ਵਾਲੀ ਭਾਰੂ ਜਾਤੀ, ਵੈਦਿਕ ਹਿੰਦੂ ਦੈਵੀਪਣ ਦੀ ਨੁਮਾਇੰਦਗੀ ਕਰਦੀਆਂ ਹਨ। ਸੰਖੇਪ ਵਿਚ, ਸਾਨੂੰ ਜੋ ਵੈਦਿਕ, ਆਰੀਆਕ੍ਰਿਤ, ਬ੍ਰਾਹਮਣਵਾਦੀ, ਸੰਭਵ ਤੌਰ 'ਤੇ ਉਤਰ ਹਿੰਦੁਸਤਾਨੀ, ਭਾਰੂ ਜਾਤ ਵਾਲੀ, ਅਮੀਰ ਤੇ ਸ਼ਾਹੀ, ਹਿੰਦੂ ਸ਼ਕਲ-ਸੂਰਤ ਪਰੋਸੀ ਜਾਂਦੀ ਹੈ, ਉਸ ਦੀ ਸ਼ਕਲ-ਸੂਰਤ ਦਲਿਤਾਂ, ਕਬਾਇਲੀਆਂ, ਮੁਸਲਮਾਨਾਂ, ਈਸਾਈਆਂ, ਸਿੱਖਾਂ, ਜਾਂ ਗ਼ਰੀਬਾਂ ਨਾਲ ਮੇਲ ਨਹੀਂ ਖਾ ਸਕਦੀ। ਵੀਹਵੀਂ ਸਦੀ ਦੇ ਸ਼ੁਰੂ ਵਿਚ, ਰਾਸ਼ਟਰਵਾਦ ਦਾ ਇਹ ਬਰੈਂਡ ਬਾਕੀਆਂ ਉਪਰ ਭਾਰੂ ਹੋ ਗਿਆ। ਹਸਰਤ ਮੋਹਾਨੀ ਦਾ ਇਨਕਲਾਬ ਜ਼ਿੰਦਾਬਾਦ ਜਿਸ ਨੂੰ ਪਹਿਲਾਂ ਭਗਤ ਸਿੰਘ ਤੇ ਉਨ੍ਹਾਂ ਦੇ ਸਾਥੀਆਂ ਅਤੇ ਫਿਰ ਕਈ ਵੰਨਗੀਆਂ ਦੇ ਆਜ਼ਾਦੀ ਘੁਲਾਟੀਆਂ ਨੇ ਅਪਣਾਇਆ, ਅਤੇ ਬੋਸ ਤੇ ਆਜ਼ਾਦ ਹਿੰਦ ਫ਼ੌਜ ਦਾ 'ਜੈ ਹਿੰਦ' ਭਾਰਤ ਮਾਤਾ ਦੇ ਇਸ ਖ਼ਾਸ ਬਹੁ-ਗਿਣਤੀਵਾਦੀ ਤਸੱਵਰ ਨੇ ਨਿਗਲ ਲਏ ਜਾਂ ਇਹ ਉਨ੍ਹਾਂ 'ਤੇ ਭਾਰੂ ਪੈ ਗਿਆ। ਮਸਲਨ, ਰੋਜ਼ਾਨਾ ਸ਼ਾਮ ਨੂੰ 6 ਵਜੇ ਤਿਹਾੜ ਜੇਲ੍ਹ 'ਭਾਰਤ ਮਾਤਾ ਦੀ ਜੈ' ਦੀਆਂ ਤਿੰਨ ਅਤੇ 'ਜੈ ਹਿੰਦ' ਦੀ ਇਕ ਸਲਾਮੀ ਨਾਲ ਬੰਦ ਹੁੰਦੀ ਹੈ। ਆਰ.ਐਸ.ਐਸ. ਵਲੋਂ ਅਪਣਾਇਆ ਹਿੰਦੂ ਭਾਰਤ ਦਾ ਇਹੋ ਤਸੱਵਰ ਜਾਂ ਦ੍ਰਿਸ਼ਟੀ ਸੀ ਜਿਸ ਦੀ ਅੰਬੇਡਕਰ ਨੇ ਜਮਹੂਰੀਅਤ ਨੂੰ ਸਭ ਤੋਂ ਵੱਡੇ ਖ਼ਤਰੇ ਵਜੋਂ ਸ਼ਨਾਖ਼ਤ ਕੀਤੀ ਸੀ। ਉਨ੍ਹਾਂ ਨੇ ਕਿਹਾ, "ਜੇ ਹਿੰਦੂ ਰਾਜ ਹਕੀਕਤ ਬਣਦਾ ਹੈ, ਇਹ ਨਿਸ਼ਚੇ ਹੀ ਇਸ ਮੁਲਕ ਲਈ ਸਭ ਤੋਂ ਵੱਡੀ ਆਫ਼ਤ ਹੋਵੇਗਾ। ਹਿੰਦੂ ਕੁਝ ਵੀ ਕਹਿਣ, ਹਿੰਦੂਵਾਦ ਮੁਕਤੀ, ਬਰਾਬਰੀ ਅਤੇ ਭਰੱਪਣ ਲਈ ਖ਼ਤਰਾ ਹੈ। ਇਸ ਲਿਹਾਜ਼ ਨਾਲ ਇਹ ਜਮਹੂਰੀਅਤ ਨਾਲ ਬੇਮੇਲ ਹੈ। ਹਿੰਦੂ ਰਾਜ ਨੂੰ ਹਰ ਹਾਲਤ ਵਿਚ ਰੋਕਣਾ ਜ਼ਰੂਰੀ ਹੈ।" ਅੰਬੇਡਕਰ ਜਾਂ ਪੇਰੀਆਰ ਜਾਂ ਬੋਸ ਵਲੋਂ ਤਸੱਵਰ ਕੀਤੇ ਰਾਸ਼ਟਰਵਾਦ ਦੇ ਬਾਵਜੂਦ, ਸੰਵਿਧਾਨ ਵਿਚ ਸ਼ਾਮਲ ਹਿੰਦੁਸਤਾਨ ਦੀ ਖ਼ਾਸ ਧਾਰਨਾ ਦੇ ਬਾਵਜੂਦ, ਅੰਤਮ ਤੌਰ 'ਤੇ ਇਹ ਰਾਸ਼ਟਰਵਾਦ ਦੀ ਭਗਵੀਂ ਅਤੇ ਡੂੰਘੇ ਰੂਪ 'ਚ ਬ੍ਰਾਹਮਣਵਾਦੀ ਵੰਨਗੀ ਸੀ ਜੋ ਰਾਜ-ਢਾਂਚੇ ਦੇ ਮਨਾਂ ਅਤੇ ਅੰਗਾਂ ਉਪਰ ਛਾ ਗਈ, ਕੇਂਦਰ ਵਿਚ ਰਾਜ ਚਾਹੇ ਕਿਸੇ ਦਾ ਵੀ ਰਿਹਾ।

ਜੇ ਵਿਰੋਧਤਾਈ ਦਾ ਇਕ ਪੱਖ ਇਹ ਸੀ, ਤਾਂ ਇਸ ਵਿਚੋਂ ਵੀ ਬਹੁਤ ਕੁਝ ਨਿਕਲਦਾ ਸੀ। ਦਰਅਸਲ ਸੰਵਿਧਾਨ ਦਾ ਤੁਆਰਫ਼ ਕਰਾਉਂਦੇ ਹੋਏ ਖ਼ੁਦ ਅੰਬੇਡਕਰ ਨੇ ਕਿਹਾ ਸੀ, "ਅਸੀਂ ਵਿਰੋਧਤਾਈਆਂ ਵਾਲੀਆਂ ਜ਼ਿੰਦਗੀ ਵਿਚ ਦਾਖ਼ਲ ਹੋਣ ਜਾ ਰਹੇ ਹਾਂ। ਸਾਡੀ ਸਿਆਸਤ ਵਿਚ ਤਾਂ ਬਰਾਬਰੀ ਹੋਵੇਗੀ, ਪਰ ਸਮਾਜੀ ਤੇ ਆਰਥਿਕ ਜ਼ਿੰਦਗੀ ਵਿਚ ਨਾਬਰਾਬਰੀ ਹੋਵੇਗੀ। ਅਸੀਂ ਵਿਰੋਧਤਾਈਆਂ ਵਾਲੀ ਇਸ ਜ਼ਿੰਦਗੀ ਨੂੰ ਕਿੰਨਾ ਕੁ ਵਕਤ ਢੋਂਦੇ ਰਹਾਂਗੇ? ਆਪਣੀ ਸਮਾਜੀ ਤੇ ਆਰਥਿਕ ਜ਼ਿੰਦਗੀ ਵਿਚ ਅਸੀਂ ਨਾਬਰਾਬਰੀ ਤੋਂ ਕਿੰਨਾ ਕੁ ਵਕਤ ਇਨਕਾਰੀ ਰਹਾਂਗੇ? ਜੇ ਅਸੀਂ ਲੰਮਾ ਵਕਤ ਇਸ ਤੋਂ ਇਨਕਾਰੀ ਰਹਿੰਦੇ ਹਾਂ, ਤਾਂ ਅਸੀਂ ਆਪਣੀ ਸਿਆਸੀ ਜਮਹੂਰੀਅਤ ਨੂੰ ਹੀ ਖ਼ਤਰੇ ਵਿਚ ਪਾ ਰਹੇ ਹੋਵਾਂਗੇ। ਸਾਨੂੰ ਛੇਤੀ ਤੋਂ ਛੇਤੀ ਇਸ ਵਿਰੋਧਤਾਈ ਨੂੰ ਦੂਰ ਕਰਨਾ ਹੋਵੇਗਾ, ਨਹੀਂ ਤਾਂ ਨਾਬਰਾਬਰੀ ਦੇ ਸਤਾਏ ਲੋਕ ਸਿਆਸੀ ਜਮਹੂਰੀਅਤ ਦੇ ਢਾਂਚੇ ਨੂੰ ਤਹਿਸ-ਨਹਿਸ ਕਰ ਦੇਣਗੇ ਜਿਸ ਨੂੰ ਇਸ ਵਿਧਾਨਸਾਜ਼ ਸਭਾ ਨੇ ਐਨੀ ਮਿਹਨਤ ਨਾਲ ਉਸਾਰਿਆ ਹੈ।" ਇਸ ਮੁਲਕ ਵਿਚ ਹਰ ਜਮਹੂਰੀ ਆਵਾਜ਼ ਦਾ ਨਿਸ਼ਾਨਾ, ਮਨੋਰਥ ਅਤੇ ਦ੍ਰਿਸ਼ਟੀ ਇਸ ਵਿਰੋਧਤਾਈ ਨੂੰ ਮੁਖ਼ਾਤਬ ਹੋਣ ਦਾ ਹੈ- ਇਸ ਵਧ ਰਹੇ ਪਾੜੇ ਨੂੰ ਪੂਰਨਾ, ਪਰ ਹਕੀਕਤ ਵਿਚ ਉਹੀ ਵਿਰੋਧਤਾਈ ਅਜੇ ਵੀ ਬਰਕਰਾਰ ਹੈ। ਅੱਜ ਅਪਰੇਸ਼ਨ ਗ੍ਰੀਨ ਹੰਟ ਦੇ ਨਾਂ ਹੇਠ ਆਦਿਵਾਸੀਆਂ ਵਿਰੁੱਧ ਜੰਗ ਛੇੜਨ ਦੀ ਕੀਮਤ 'ਤੇ ਮੁਲਕ ਦੇ ਵਸੀਲੇ ਵੇਚਣ ਵਾਲੇ; ਸਿਹਤ, ਸਿੱਖਿਆ ਦਾ ਨਿੱਜੀਕਰਨ ਕਰਨ ਵਾਲੇ ਅਤੇ ਮੁਲਕ ਦੇ ਕਾਨੂੰਨਾਂ ਨੂੰ ਦਰਕਿਨਾਰ ਕਰ ਕੇ ਵਿਸ਼ੇਸ਼ ਆਰਥਿਕ ਖੇਤਰਾਂ ਅੰਦਰ ਬਹੁ-ਕੌਮੀ ਕੰਪਨੀਆਂ ਨੂੰ ਖੁੱਲ੍ਹਾਂ ਦੇਣ ਵਾਲੇ ਖ਼ੁਦ ਨੂੰ ਮੁਲਕ ਦੀ ਪ੍ਰਭੂਸੱਤਾ ਦੇ ਰਖਵਾਲੇ ਦੱਸ ਰਹੇ ਹਨ। ਜੋ ਹਿੰਦੁਤਵ ਨੂੰ ਪ੍ਰਨਾਏ ਹੋਏ ਹਨ ਅਤੇ ਫਿਰਕੂ ਜ਼ਹਿਰ ਉਗਲ ਕੇ ਸੰਵਿਧਾਨ ਵਿਚ ਦਰਜ ਧਰਮ ਨਿਰਪੱਖਤਾ ਦੇ ਮੁੱਲਾਂ ਦੇ ਆਹੂ ਲਾਹ ਰਹੇ ਹਨ, ਉਹ ਸੰਵਿਧਾਨ ਦੀ ਸਹੁੰ ਖਾ ਰਹੇ ਹਨ ਅਤੇ ਬਾਕੀਆਂ ਨੂੰ "ਰਾਸ਼ਟਰ ਵਿਰੋਧੀ" ਕਰਾਰ ਦੇ ਰਹੇ ਹਨ। ਜਿਨ੍ਹਾਂ ਨੇ 1991 ਤੋਂ ਲੈ ਕੇ ਬੇਹਯਾਈ ਨਾਲ ਨਵ-ਉਦਾਰਵਾਦੀ ਨਿਜ਼ਾਮ ਲਾਗੂ ਕਰ ਕੇ ਸਮਾਜਵਾਦ ਦਾ ਖ਼ਿਆਲ ਹੀ ਦਫ਼ਨਾ ਦਿੱਤਾ, ਉਹ ਸੰਵਿਧਾਨ ਨੂੰ ਬੁਲੰਦ ਕਰਨ ਦੇ ਦਾਅਵੇਦਾਰ ਬਣੇ ਹੋਏ ਹਨ। ਅੰਬੇਡਕਰ ਨੇ ਜਿਸ ਵਿਰੋਧਤਾਈ ਵੱਲ ਧਿਆਨ ਦਿਵਾਇਆ ਸੀ, ਉਹ ਅੱਜ ਵੀ ਮੌਜੂਦ ਹੈ। ਅੱਜ ਜੋ ਲੋਕ ਸੰਵਿਧਾਨ ਵਿਚ ਜ਼ਾਮਨੀ ਦਿੱਤੇ ਹੱਕਾਂ ਬਾਰੇ ਬੇਬਾਕ, ਬਹੁਤ ਹੀ ਸੰਜੀਦਾ ਹਨ ਅਤੇ "ਅਸੀਂ ਭਾਰਤ ਦੇ ਲੋਕ" ਦੇ ਵਧੇਰੇ ਨੇੜੇ ਹਨ, ਉਨ੍ਹਾਂ ਉਪਰ "ਰਾਸ਼ਟਰ ਵਿਰੋਧੀ", "ਰਾਜ ਧ੍ਰੋਹੀ" ਅਤੇ "ਰਾਜ ਦੇ ਦੁਸ਼ਮਣ" ਹੋਣ ਦਾ ਠੱਪਾ ਲਾਇਆ ਜਾ ਰਿਹਾ ਹੈ। ਮਹਿਜ਼ ਇਕ ਕਿਤਾਬ ਦੀ ਸਹੁੰ ਖਾਣ ਜਾਂ ਭਾਰਤ ਮਾਤਾ ਦੀ ਜੈ ਕਹਿਣ ਵਾਲਿਆਂ ਨੂੰ ਫਟਾਫਟ ਸਭ ਤੋਂ ਵੱਧ "ਰਾਸ਼ਟਰਵਾਦੀ" ਦਾ ਸਰਟੀਫਿਕੇਟ ਦੇ ਦਿੱਤਾ ਜਾਂਦਾ ਹੈ।



**ਫਿਲਮ ਐਂਡ ਟੈਲੀਵਿਜ਼ਨ ਇੰਸਟੀਚਿਊਟ ਤੋਂ ਲੈ ਕੇ ਆਈ.ਆਈ.ਟੀ. ਮਦਰਾਸ ਤਕ, ਅਲਾਹਾਬਾਦ ਤੋਂ ਲੈ ਕੇ ਜਾਦਵਪੁਰ ਯੂਨੀਵਰਸਿਟੀ ਤਕ, ਹੈਦਰਾਬਾਦ ਯੂਨੀਵਰਸਿਟੀ ਤੋਂ ਲੈ ਕੇ ਜੇ.ਐਨ.ਯੂ. ਤਕ ਸਾਨੂੰ ਏਕਤਾ ਉਸਾਰਨੀ ਚਾਹੀਦੀ ਹੈ; ਕਿਉਂਕਿ, ਹੁਣ, ਵਿਰੋਧੀ ਧਿਰ ਅਸੀਂ ਵਿਦਿਆਰਥੀ ਹਾਂ।**

ਇਥੋਂ ਅਸੀਂ ਦੂਜੇ ਨਾਅਰੇ- ਸਾਡੇ ਆਜ਼ਾਦੀ ਦੇ ਨਾਅਰੇ- ਵੱਲ ਆਉਂਦੇ ਹਾਂ। ਇਸ ਨਾਅਰੇ ਦੀ ਵੀ ਆਪਣੀ ਕਹਾਣੀ ਹੈ। ਜੋ ਇਹ ਸੋਚਦੇ ਹਨ ਕਿ ਅਜੋਕੀ ਸ਼ਕਲ ਵਿਚ ਆਜ਼ਾਦੀ ਦੇ ਨਾਅਰੇ ਦੀ ਪੈਦਾਇਸ਼ ਕਸ਼ਮੀਰ ਵਿਚ ਹੋਈ, ਉਹ ਗ਼ਲਤ ਹਨ। ਮਜ਼ੇ ਦੀ ਗੱਲ ਇਹ ਹੈ ਕਿ ਇਹ ਨਾਅਰਾ ਮਰਦ-ਪ੍ਰਧਾਨ ਸੱਤਾ ਵਿਰੁੱਧ ਨਾਰੀਵਾਦੀ ਹੱਕ-ਜਤਾਈ 'ਚੋਂ ਪੈਦਾ ਹੋਇਆ ਸੀ। 1990ਵਿਆਂ ਦੇ ਸ਼ੁਰੂ ਵਿਚ ਪੂਰੇ ਦੱਖਣੀ ਏਸ਼ੀਆ ਦੀ ਨਾਰੀਵਾਦੀ ਲਹਿਰ ਵਿਚ ਇਸ ਨੂੰ ਉਭਾਰਨ ਤੇ ਹਰਮਨਪਿਆਰਾ ਬਣਾਉਣ ਵਾਲੀ ਮਸ਼ਹੂਰ ਨਾਰੀਵਾਦੀ ਕਾਰਕੁਨ ਕਮਲਾ ਭਸੀਨ ਹੈ। ਨਿਸ਼ਚੇ ਹੀ ਦੁਬਾਰਾ ਇਸ ਨੇ 2010 ਦੇ ਹੁਨਾਲ ਵਿਚ ਕਸ਼ਮੀਰ ਦੀਆਂ ਗਲੀਆਂ ਵਿਚ ਸਿਰਕੱਢਵੀਂ ਥਾਂ ਬਣਾ ਲਈ ਜਦੋਂ ਕਸ਼ਮੀਰ ਘਾਟੀ ਪੱਥਰਾਂ ਨਾਲ ਫ਼ੌਜ ਦਾ ਮੁਕਾਬਲਾ ਕਰ ਰਹੇ ਨੌਜਵਾਨਾਂ ਦੇ ਆਜ਼ਾਦੀ ਦੇ ਨਾਅਰਿਆਂ ਨਾਲ ਗੂੰਜ ਉਠੀ ਜਿਨ੍ਹਾਂ ਦੀ ਗੂੰਜ ਦਿੱਲੀ ਤੱਕ ਜਾ ਅੱਪੜੀ। ਇਹ ਜੇ.ਐਨ.ਯੂ. ਦੇ ਵਿਦਿਆਰਥੀਆਂ ਨੂੰ ਜਚ ਗਏ ਅਤੇ ਉਨ੍ਹਾਂ ਨੇ 16 ਦਸੰਬਰ 2012 ਦੇ ਅੰਦੋਲਨ ਦੌਰਾਨ ਔਰਤਾਂ ਲਈ ਆਜ਼ਾਦੀ ਦੀ ਮੰਗ ਕਰਦੇ ਹੋਏ ਇਨ੍ਹਾਂ ਨੂੰ ਮੁਹਾਰਤ ਨਾਲ ਅਤੇ ਉਸਾਰੂ ਤੌਰ 'ਤੇ ਢਾਲ ਲਿਆ। ਉਦੋਂ ਤੋਂ ਲੈ ਕੇ ਫਰਵਰੀ 2016 ਤਕ ਇਹ ਬ੍ਰਾਹਮਣਵਾਦੀ ਹਿੰਦੂਤਵੀ ਫਾਸ਼ੀਵਾਦੀ ਤਾਕਤਾਂ ਵਿਰੁੱਧ ਆਜ਼ਾਦੀ ਦਾ ਹਰਦਿਲ-ਅਜ਼ੀਜ਼ ਤਰਾਨਾ ਬਣ ਗਿਆ। ਲੇਕਿਨ ਅੱਜ ਜਦੋਂ ਅਸੀਂ ਕਿਸੇ ਵੀ ਖ਼ਿਆਲ ਜਾਂ ਮੁੱਦੇ- ਰਾਸ਼ਟਰਵਾਦ, ਜਾਤ-ਪਾਤ, ਲਿੰਗਕ ਸਵਾਲ ਤੋਂ ਲੈ ਕੇ ਵਿਕਾਸ ਤਕ- ਬਾਰੇ ਬਹਿਸ, ਵਿਚਾਰ-ਚਰਚਾ ਜਾਂ ਹਮਾਇਤ ਦੀ ਆਜ਼ਾਦੀ ਲਈ ਜੂਝ ਰਹੇ ਹਾਂ ਅਤੇ ਜਸ਼ਨ ਮਨਾ ਰਹੇ ਹਾਂ, ਅਸੀਂ ਇਕ ਮੁੱਦੇ ਬਾਰੇ ਅਜੇ ਵੀ ਚੁਕੰਨੇ ਹੋ ਕੇ ਗੱਲ ਕਰਦੇ ਹਾਂ। ਜਿਵੇਂ ਪੈਰੀ ਐਂਡਰਸਨ ਕਹਿੰਦਾ ਹੈ, ਇਸ 'ਜਮਹੂਰੀਅਤ' ਵਿਚ ਜੋ ਚੀਜ਼ਾਂ "ਇਜਾਜ਼ਤਯੋਗ" ਹਨ, ਉਨ੍ਹਾਂ ਦੀ ਦਰਜਾਬੰਦੀ ਵਿਚ ਇਸ ਦਾ ਦਰਜਾ ਸ਼ਾਇਦ ਸਭ ਤੋਂ ਹੇਠਾਂ ਹੈ, ਤੇ ਕੁਫ਼ਰ ਦੇ ਤੁਲ ਇਹ ਚੀਜ਼ ਕਸ਼ਮੀਰ ਬਾਰੇ ਗੱਲ ਕਰਨਾ ਹੈ।

325 ਈਸਵੀ ਵਿਚ ਸੁਲਤਾਨ ਕਾਂਸਤਾਂਚਿਨ ਨੇ ਈਸਾਈ ਧਰਮ ਦੀ ਪਹਿਲੀ ਸੰਸਾਰ ਕੌਂਸਲ ਬੁਲਾਈ। ਗੈਲਿਆਨੋ ਅਨੁਸਾਰ, ਵਾਹਵਾ ਵਿਚਾਰ-ਚਰਚਾ ਤੋਂ ਬਾਅਦ ਕੌਂਸਲ ਨੇ ਫ਼ੈਸਲਾ ਦਿੱਤਾ ਕਿ ਲਫ਼ਜ਼ "ਹਰਇਸੇ" ਜਿਸ ਦਾ ਮੂਲ ਯੂਨਾਨੀ "ਹਅਰਿਸਸਿ" ਹੈ, ਜਿਸ ਦਾ ਭਾਵ ਹੈ "ਪਸੰਦ"; ਹੁਣ ਤੋਂ ਇਸ ਦਾ ਮਾਅਨਾ "ਪਾਪ" ਹੋਵੇਗਾ। ਲਿਹਾਜ਼ਾ, ਜਦੋਂ ਅਸੀਂ ਕਹਿੰਦੇ ਹਾਂ ਕਿ ਹਿੰਦੁਸਤਾਨ ਅਤੇ ਪਾਕਿਸਤਾਨ, ਦੋਹਾਂ ਨੂੰ ਕਸ਼ਮੀਰ ਦੇ ਅਵਾਮ ਦੀ "ਪਸੰਦ" ਨੂੰ ਤਰਜੀਹ ਦੇਣੀ ਚਾਹੀਦੀ ਹੈ, ਤਾਂ ਅਸੀਂ "ਪਾਪ" ਕਰਦੇ ਹਾਂ। ਜਦੋਂ ਅਸੀਂ ਕਹਿੰਦੇ ਹਾਂ ਕਿ ਕੰਟਰੋਲ ਰੇਖਾ ਜਾਂ ਅਫਸਪਾ, ਜਾਂ "ਯੁੱਧਨੀਤਕ" ਭੂਗੋਲਿਕ ਖੇਤਰ ਦੀ ਥਾਂ ਮਸਲੇ ਦਾ ਹੱਲ ਕੱਢਣ ਵੇਲੇ ਹਿੰਦੁਸਤਾਨ ਅਤੇ ਪਾਕਿਸਤਾਨ ਦੋਹਾਂ ਨੂੰ ਕਸ਼ਮੀਰ ਦੇ ਲੋਕਾਂ ਨੂੰ ਕੇਂਦਰ ਵਿਚ ਰੱਖਣਾ ਚਾਹੀਦਾ ਹੈ, ਅਸੀਂ "ਪਾਪ" ਕਰਦੇ ਹਾਂ। ਜਦੋਂ ਅਸੀਂ ਲੋਕਾਂ ਨੂੰ ਚੇਤੇ ਕਰਾਉਂਦੇ ਹਾਂ ਕਿ ਸਾਡੇ ਪਹਿਲੇ ਪ੍ਰਧਾਨ ਮੰਤਰੀ ਨਹਿਰੂ ਨੇ ਸੰਯੁਕਤ ਰਾਸ਼ਟਰ ਵਿਚ ਕਸ਼ਮੀਰ ਦੇ ਲੋਕਾਂ ਨੂੰ ਇਸ "ਪਸੰਦ" ਜ਼ਰੀਏ ਰਾਇਸ਼ੁਮਾਰੀ ਕਰਾਉਣ ਦਾ ਜੋ ਵਚਨ ਦਿੱਤਾ ਸੀ, ਉਦੋਂ ਤੋਂ ਲੈ ਕੇ ਉਨ੍ਹਾਂ ਨਾਲ ਵਿਸਾਹਘਾਤ ਕੀਤਾ ਗਿਆ ਹੈ ਅਤੇ ਉਸ "ਪਸੰਦ" ਨੂੰ ਦਬਾਉਣ ਲਈ ਅਫਸਪਾ ਲਾਗੂ ਕੀਤਾ ਹੋਇਆ ਹੈ, ਤਾਂ ਅਸੀਂ "ਪਾਪ" ਕਰਦੇ ਹਾਂ। ਇਸ ਲਹੂ-ਲੁਹਾਣ ਮੁੱਦੇ ਦੀ ਹਿਮਾਲਿਆ ਜਿੱਡੀ ਕੀਮਤ ਪਹਿਲਾਂ ਹੀ ਚਾਲੀ ਲੱਖ ਕਸ਼ਮੀਰੀਆਂ ਦੀਆਂ ਜਾਨਾਂ ਲੈ ਚੁੱਕੀ ਹੈ, ਉਹ ਵੀ ਸੰਕੋਚਵੇਂ ਅੰਦਾਜ਼ੇ ਅਨੁਸਾਰ। ਜੇ ਉਚੇਰੇ ਅੰਦਾਜ਼ਿਆਂ 'ਤੇ ਯਕੀਨ ਕੀਤਾ ਜਾਵੇ ਤਾਂ ਇਹ ਅੰਕੜਾ ਦੁੱਗਣੇ ਤੋਂ ਵੀ ਵਧ ਜਾਂਦਾ ਹੈ। ਅੱਜ, ਦਹਾਕਿਆਂ ਦੀ ਲੜਾਈ ਅਤੇ ਮੁਰਦਾ "ਸ਼ਾਂਤੀ" ਤੋਂ ਬਾਅਦ, ਕਸ਼ਮੀਰ ਅਜੇ ਵੀ ਹਜ਼ਾਰਾਂ ਲਾਪਤਾ ਲੋਕਾਂ ਦੀਆਂ ਜਿਉਂਦੀਆਂ-ਜਾਗਦੀਆਂ ਯਾਦਾਂ ਨਾਲ, ਸੈਂਕੜੇ ਬੇਪਛਾਣ ਜਨਤਕ ਕਬਰਾਂ, ਜਬਰ-ਜਨਾਹਾਂ, ਤਸੀਹਿਆਂ ਅਤੇ ਫਰਜ਼ੀ ਮੁਕਾਬਲਿਆਂ ਦੀ ਯਾਦ ਨਾਲ ਧੁਖ ਰਿਹਾ ਹੈ। ਨਹਿਰੂ ਨੇ ਕਿਹਾ ਸੀ, "ਅਸੀਂ ਕੌਮਾਂਤਰੀ ਮੰਚ ਉਪਰ ਕਸ਼ਮੀਰ ਬਾਰੇ ਜੂਆ ਖੇਡਿਆ ਹੈ, ਤੇ ਅਸੀਂ ਇਸ ਨੂੰ ਗੁਆਉਣ ਦਾ ਜੋਖ਼ਮ ਨਹੀਂ ਲੈ ਸਕਦੇ। ਹੁਣ ਅਸੀਂ ਉਥੇ ਸੰਗੀਨ ਦੀ ਨੋਕ ਸਹਾਰੇ ਬੈਠੇ ਹਾਂ। ਜਦ ਤਕ ਮਾਹੌਲ ਨਹੀਂ ਸੁਧਰਦਾ, ਜਮਹੂਰੀਅਤ ਅਤੇ ਨੈਤਿਕਤਾ ਅਜੇ ਇੰਤਜ਼ਾਰ ਕਰਨਾ ਹੋਵੇਗਾ।" ਸੱਤ ਦਹਾਕੇ ਗੁਜ਼ਰ ਚੁੱਕੇ ਹਨ, ਜਮਹੂਰੀਅਤ ਅਤੇ ਨੈਤਿਕਤਾ ਅਜੇ ਵੀ ਅਫਸਪਾ ਦੇ ਬੂਹੇ 'ਤੇ ਬੈਠੀਆਂ ਇੰਤਜ਼ਾਰ ਕਰ ਰਹੀਆਂ ਹਨ।

ਅੰਬੇਡਕਰ ਜਿਸ ਨੂੰ ਹਥਿਆਉਣ ਲਈ ਅਖੌਤੀ ਰਾਸ਼ਟਰਵਾਦੀ ਤਾਹੂ ਹਨ ਅਤੇ ਜਿਸ ਦੀ ਉਹ ਸੰਵਿਧਾਨਸਾਜ਼ ਵਜੋਂ ਜੈ-ਜੈਕਾਰ ਕਰਦੇ ਨਹੀਂ ਥੱਕਦੇ, ਨੇ ਅਸਤੀਫ਼ਾ ਦਿੰਦੇ ਵਕਤ ਆਪਣੀ ਤਕਰੀਰ ਵਿਚ ਸਪਸ਼ਟ ਕਰ ਦਿੱਤਾ ਸੀ ਕਿ ਉਹ ਚਾਹੁੰਦਾ ਹੈ ਕਿ ਕਸ਼ਮੀਰ ਵਿਚ ਛੇਤੀ ਤੋਂ ਛੇਤੀ ਰਾਇਸ਼ੁਮਾਰੀ ਕਰਵਾਈ ਜਾਵੇ ਅਤੇ ਉਹ ਬਜਟ ਦਾ ਅੱਧੇ ਤੋਂ ਜ਼ਿਆਦਾ ਹਿੱਸਾ ਕਸ਼ਮੀਰ ਵਿਚ ਤਾਇਨਾਤ ਹਥਿਆਰਬੰਦ ਬਲਾਂ ਉਪਰ ਖ਼ਰਚਣ ਲਈ ਰਾਖਵਾਂ ਰੱਖਣ ਦੇ ਖ਼ਿਲਾਫ਼ ਹੈ। ਫਿਰ ਅੰਬੇਡਕਰ ਨੂੰ ਅਸੀਂ ਕੀ ਕਹਾਂਗੇ? "ਰਾਸ਼ਟਰ ਵਿਰੋਧੀ"? "ਰਾਜ ਧ੍ਰੋਹੀ"?

1947 ਵਿਚ ਗਾਂਧੀ ਨੇ ਨਾਗਾ ਵਫ਼ਦ ਨਾਲ ਮੁਲਾਕਾਤ ਵਕਤ ਕਿਹਾ ਸੀ, "ਤੁਸੀਂ ਆਜ਼ਾਦ ਹੋ ਸਕਦੇ ਹੋ। ਜਿਥੋਂ ਤਾਈਂ ਹਿੰਦੁਸਤਾਨ ਦਾ ਸਵਾਲ ਹੈ, ਤੁਸੀਂ ਮਹਿਫ਼ੂਜ਼ ਹੋ। ਹਿੰਦੁਸਤਾਨ ਨੇ ਆਜ਼ਾਦੀ ਲਈ ਲਹੂ ਵਹਾਇਆ ਹੈ। ਕੀ ਇਹ ਦੂਜਿਆਂ ਦੀ ਆਜ਼ਾਦੀ ਖੋਹਣ ਜਾ ਰਿਹਾ ਹੈ? ਜ਼ਾਤੀ ਤੌਰ 'ਤੇ, ਮੇਰਾ ਵਿਸ਼ਵਾਸ ਹੈ, ਤੁਸੀਂ ਸਾਰੇ ਮੇਰੇ ਆਪਣੇ, ਹਿੰਦੁਸਤਾਨ ਦੇ ਆਪਣੇ ਹੋ, ਪਰ ਜੇ ਤੁਸੀਂ ਕਹਿੰਦੇ ਹੋ, ਤੁਸੀਂ ਇਸ ਤਰ੍ਹਾਂ ਨਹੀਂ ਹੋ, ਕੋਈ ਤੁਹਾਨੂੰ ਮਜਬੂਰ ਨਹੀਂ ਕਰ ਸਕਦਾ।" ਐਸੀ ਸੋਚ ਨੂੰ ਅਸੀਂ ਕੀ ਕਹਾਂਗੇ? "ਰਾਜ ਧ੍ਰੋਹੀ"?

ਇਥੇ ਹਾਜ਼ਰੀਨ ਦੇ ਮੈਥੋਂ ਵੱਖਰੇ ਖ਼ਿਆਲ ਹੋ ਸਕਦੇ ਹਨ, ਪੁਰਜ਼ੋਰ ਵਿਰੋਧੀ ਵੀ ਹੋ ਸਕਦੇ ਹਨ। ਉਨ੍ਹਾਂ ਦੇ ਮਨ ਵਿਚ ਇਸ ਦਾ ਵੱਖਰਾ ਹੱਲ ਵੀ ਹੋ ਸਕਦਾ ਹੈ। ਅਸੀਂ ਪੁਰਜ਼ੋਰ ਦਲੀਲਬਾਜ਼ੀ ਕਰ ਸਕਦੇ ਹਾਂ। ਸਾਡੇ ਵਿਚੋਂ ਬਹੁਤ ਸਾਰਿਆਂ ਦੇ ਪ੍ਰੋਫ਼ੈਸਰ ਬਿਪਨ ਚੰਦਰ ਨਾਲ ਕਈ ਮੁੱਦਿਆਂ ਉਪਰ ਮਤਭੇਦ ਹੋ ਸਕਦੇ ਹਨ (ਮਸਲਨ, ਰਾਖਵੇਂਕਰਨ ਬਾਰੇ); ਪਰ ਘੱਟੋ-ਘੱਟ ਅਕਾਦਮਿਕ ਸਪੇਸ ਵਿਚ ਸਾਨੂੰ ਜਾਤ-ਪਾਤੀ ਤੇ ਲਿੰਗਕ ਵਿਤਕਰੇ, ਮਜ਼ਦੂਰ ਜਮਾਤ ਤੋਂ ਲੈ ਕੇ ਸਵੈ-ਨਿਰਣੇ ਦੇ ਹੱਕ ਤੱਕ ਤਰ੍ਹਾਂ-ਤਰ੍ਹਾਂ ਦੇ ਮੁੱਦਿਆਂ ਉਪਰ ਵਿਚਾਰ ਰੱਖਣ, ਬਹਿਸ-ਮੁਬਾਹਿਸਾ, ਵਿਚਾਰ-ਚਰਚਾ ਕਰਨ ਅਤੇ ਵੱਖਰੇ ਵਿਚਾਰ ਰੱਖਣ ਦੇ ਹੱਕ ਲਈ ਜ਼ਰੂਰ ਹੀ ਰਲ ਕੇ ਲੜਨਾ ਚਾਹੀਦਾ ਹੈ। ਕਿਉਂਕਿ, ਜਿਵੇਂ ਕਿਸੇ ਨੇ ਕਿਹਾ ਹੈ, "ਬੋਲਣਾ ਸੱਚਮੁੱਚ ਫਿਰ ਹੀ ਆਜ਼ਾਦ ਹੁੰਦਾ ਹੈ ਜਦੋਂ ਇਹ ਕਿਸੇ ਨੂੰ ਚੁਭਦਾ ਹੈ। ਜੇ 'ਕੋ' ਲਫ਼ਜ਼ ਵੀ ਲਿਆ ਜਾਵੇ- ਕਸ਼ਮੀਰ ਨੂੰ ਠਾਹ ਸੋਟਾ ਮਾਰ ਕੇ "ਰਾਜ ਧ੍ਰੋਹੀ" ਕਰਾਰ ਨਹੀਂ ਦੇ ਦੇਣਾ ਚਾਹੀਦਾ। ਸਾਡੇ ਮੁਤਾਬਿਕ ਆਜ਼ਾਦੀ ਇਸ ਹੱਦ ਤੀਕ ਹੋਣੀ ਚਾਹੀਦੀ ਹੈ। ਆਖ਼ਿਰਕਾਰ, "ਅਸੀਂ ਵੱਖਰੇ ਵਿਚਾਰ ਰੱਖਦੇ ਹਾਂ, ਇਸੇ ਲਈ ਅਸੀਂ ਹਾਂ"।

ਹੈਦਰਾਬਾਦ ਯੂਨੀਵਰਸਿਟੀ ਵਿਚ ਰੋਹਿਤ ਵੇਮੂਲਾ ਬ੍ਰਾਹਮਣਵਾਦ, ਫਿਰਕੂ ਫਾਸ਼ੀਵਾਦ ਤੋਂ ਆਜ਼ਾਦੀ ਦੀ ਮੰਗ ਕਰ ਰਿਹਾ ਸੀ ਜਿਸ ਦਾ ਮੁੱਲ ਉਸ ਨੂੰ ਆਪਣੀ ਜਾਨ ਦੇ ਕੇ ਚੁਕਾਉਣਾ ਪਿਆ। ਹੁਣ ਜਦੋਂ ਉਸ ਯੂਨੀਵਰਸਿਟੀ ਵਿਚ ਉਹੀ ਵਾਈਸ ਚਾਂਸਲਰ ਮੁੜ ਲਾ ਦਿੱਤਾ ਗਿਆ ਹੈ ਤਾਂ ਅਪਮਾਨ ਤੇ ਰੋਹ ਨਾਲ ਭਰੇ-ਪੀਤੇ ਅਧਿਆਪਕਾਂ ਤੇ ਵਿਦਿਆਰਥੀਆਂ ਦੇ ਵਿਰੋਧ ਨੂੰ ਦਬਾਉਣ ਲਈ ਲਾਠੀਚਾਰਜ ਕੀਤਾ ਗਿਆ ਅਤੇ ਉਨ੍ਹਾਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਇਸ ਨਾਲ ਵੀ ਆਜ਼ਾਦੀ ਕੈਦ ਨਹੀਂ ਹੋਵੇਗੀ। ਦਲਿਤਾਂ, ਆਦਿਵਾਸੀਆਂ ਦੀ ਜ਼ਮੀਨ, ਗੁਜ਼ਾਰੇ ਅਤੇ ਮਾਣ-ਸਨਮਾਨ ਦੀ ਲੜਾਈ ਉਨ੍ਹਾਂ ਦੀ ਆਜ਼ਾਦੀ ਦੀ ਲੜਾਈ ਵੀ ਹੈ। ਔਰਤਾਂ ਅਤੇ ਹੋਰ ਦੱਬੇ-ਕੁਚਲੇ ਜੈਂਡਰ ਅੱਜ ਆਪਣੇ ਸਵੈ-ਨਿਰਣੇ ਜਾਂ ਆਜ਼ਾਦੀ ਲਈ ਜੂਝ ਰਹੇ ਹਨ। ਯੂਨੀਅਨ ਬਣਾਉਣ ਦੇ ਹੱਕ ਲਈ ਲੜ ਰਹੇ ਮਜ਼ਦੂਰਾਂ ਜਾਂ ਵਿਦਰਭ ਦੇ ਕਿਸਾਨਾਂ ਦੀ ਆਜ਼ਾਦੀ ਨੂੰ ਲੈ ਕੇ ਆਪਣੀ ਸੋਚ ਹੈ, ਪਰ ਜੇ ਅਸੀਂ ਆਜ਼ਾਦੀ ਦੇ ਦਿਸਹੱਦੇ ਨੂੰ ਫੈਲਾਉਣਾ ਹੈ ਅਤੇ ਦਨਦਨਾ ਰਹੇ ਫਾਸ਼ੀਵਾਦ ਦੇ ਸਮਿਆਂ 'ਚ ਆਪਣੀਆਂ ਪ੍ਰਾਪਤੀਆਂ ਨੂੰ ਬਚਾਉਣਾ ਹੈ, ਸਾਨੂੰ ਲਾਜ਼ਮੀ ਹੀ ਸੰਘਰਸ਼ ਵਿਚ ਏਕਤਾ ਬਣਾਉਣੀ ਹੋਵੇਗੀ। ਜੇ ਅਸੀਂ ਅੱਜ ਵੀ ਲਾਲ, ਨੀਲੇ ਅਤੇ ਹਰੇ ਵਗੈਰਾ ਵਿਚ ਵੰਡੇ ਰਹਿੰਦੇ ਹਾਂ, ਫਿਰ ਫਾਸ਼ੀਵਾਦ ਇਹ ਯਕੀਨੀ ਬਣਾਏਗਾ ਕਿ ਕੱਲ੍ਹ ਨੂੰ ਕੋਈ ਵੀ ਬਾਕੀ ਨਾ ਰਹੇ। ਆਪਣੇ ਵਿਚਾਰਧਾਰਕ ਮਤਭੇਦ, ਆਪਣੇ ਰੰਗ ਬਰਕਰਾਰ ਰੱਖਦੇ ਹੋਏ, ਆਪਣੇ ਆਲੋਚਨਾ ਅਤੇ ਸਵੈ-ਆਲੋਚਨਾ ਦੇ ਸੰਦਾਂ ਨੂੰ ਸਾਣ 'ਤੇ ਲਾਉਂਦੇ ਹੋਏ, ਸਾਨੂੰ ਜ਼ਰੂਰ ਹੀ ਤੰਗਨਜ਼ਰੀ ਦਾ ਰਾਹ ਤਿਆਗਣਾ ਚਾਹੀਦਾ ਹੈ ਅਤੇ ਬ੍ਰਾਹਮਣਵਾਦੀ ਹਿੰਦੁਤਵੀ ਫਾਸ਼ੀਵਾਦੀ ਤਾਕਤਾਂ ਅਤੇ ਵੱਡੇ ਸਰਮਾਏ ਦੀਆਂ ਤਾਕਤਾਂ ਦੇ ਸਾਂਝੇ ਹਮਲੇ ਵਿਰੁੱਧ ਦੱਬੇ-ਕੁਚਲੇ ਲੋਕਾਂ ਦੀ ਖ਼ਰੀ ਏਕਤਾ ਉਸਾਰਨੀ ਚਾਹੀਦੀ ਹੈ। ਫਿਲਮ ਐਂਡ ਟੈਲੀਵਿਜ਼ਨ ਇੰਸਟੀਚਿਊਟ ਤੋਂ ਲੈ ਕੇ ਆਈ.ਆਈ.ਟੀ. ਮਦਰਾਸ ਤਕ, ਅਲਾਹਾਬਾਦ ਤੋਂ ਲੈ ਕੇ ਜਾਦਵਪੁਰ ਯੂਨੀਵਰਸਿਟੀ ਤਕ, ਹੈਦਰਾਬਾਦ ਯੂਨੀਵਰਸਿਟੀ ਤੋਂ ਲੈ ਕੇ ਜੇ.ਐਨ.ਯੂ. ਤਕ ਸਾਨੂੰ ਇਹ ਏਕਤਾ ਉਸਾਰਨੀ ਚਾਹੀਦੀ ਹੈ; ਕਿਉਂਕਿ, ਹੁਣ, ਵਿਰੋਧੀ ਧਿਰ ਅਸੀਂ ਵਿਦਿਆਰਥੀ ਹਾਂ।

# ਸੰਵੇਦਨਾ ਤੋਂ ਸੱਖਣਾ ਹੁੰਦਾ ਜਾ ਰਿਹਾ ਸਾਡਾ ਸਮਾਜ

ਸਿਆਸਤ ਦਾ ਪਿੜ



ਜਤਿੰਦਰ ਪਨੂੰ
ਫੋਨ: 91-98140-68455

ਇਹ ਗੱਲ ਬਹੁਤ ਪੁਰਾਣੀ ਹੋ ਗਈ ਹੈ ਕਿ ਸ਼ੀਸ਼ਾ ਝੂਠ ਨਹੀਂ ਬੋਲਦਾ। ਹੁਣ ਇਹੋ ਜਿਹੇ ਸ਼ੀਸ਼ੇ ਬਣਾਏ ਜਾਣ ਲੱਗ ਪਏ ਹਨ, ਜਿਹੜੇ ਸਾਰੀ ਤਸਵੀਰ ਬਦਲ ਕੇ ਮੋਟੇ ਬੰਦੇ ਨੂੰ ਪਤਲਾ ਅਤੇ ਪਤਲੇ ਨੂੰ ਮੋਟਾ ਪੇਸ਼ ਕਰਨ ਵਿਚ ਏਨੀ ਕਮਾਲ ਕਰ ਜਾਂਦੇ ਹਨ ਕਿ ਬੰਦੇ ਲਈ ਹਕੀਕਤ ਦੀ ਪਛਾਣ ਕਰਨੀ ਔਖੀ ਹੋ ਜਾਂਦੀ ਹੈ। ਸ਼ੀਸ਼ੇ ਵਾਂਗ ਇਸ ਤਰ੍ਹਾਂ ਦੀ ਕਰਾਮਾਤ ਹੁਣ ਕੈਮਰਾ ਵੀ ਕਰਨ ਲੱਗ ਪਿਆ ਹੈ, ਤੇ ਉਸ ਤੋਂ ਵੀ ਬਹੁਤ ਵੱਧ। ਦਿੱਲੀ ਵਿਚ ਜਵਾਹਰ ਲਾਲ ਨਹਿਰੂ ਯੂਨੀਵਰਸਿਟੀ ਦੇ ਵਿਦਿਆਰਥੀ ਆਗੂ ਕਨ੍ਹਈਆ ਕੁਮਾਰ ਦੇ ਕੇਸ ਵਿਚ ਜਿਸ ਤਰ੍ਹਾਂ ਇੱਕ ਸੀ ਡੀ ਬਣਾ ਕੇ ਕੁਝ ਗਿਣਵੇਂ ਟੀ ਵੀ ਚੈਨਲਾਂ ਤੋਂ ਪ੍ਰਸਾਰਤ ਕੀਤੀ ਗਈ ਤੇ ਫਿਰ ਇਹ ਪਤਾ ਲੱਗ ਗਿਆ ਕਿ ਦੋ ਵੱਖ-ਵੱਖ ਸੀਡੀਆਂ ਨੂੰ ਇਕ ਦੂਸਰੀ ਵਿਚ ਮਿਲਾ ਕੇ ਬਣਾਈ ਗਈ ਸੀ। ਅਜਿਹਾ ਕੁਝ ਕਈ ਵਾਰ ਹੁੰਦਾ ਹੈ। ਕਿਉਂਕਿ ਏਦਾਂ ਦੀਆਂ ਚੀਜ਼ਾਂ ਬਣ ਗਈਆਂ ਹਨ, ਜੋ ਨਿਰੇ ਝੂਠ ਦਾ ਗੁਤਾਵਾ ਕਰਦੀਆਂ ਹਨ, ਇਸ ਲਈ ਏਦਾਂ ਦੀਆਂ ਕਾਢਾਂ ਨੂੰ ਵਰਤਣ ਤੇ ਲੋਕਾਂ ਨੂੰ ਬੇਵਕੂਫ ਬਣਾਉਣ ਵਾਲੇ ਬੰਦੇ ਵੀ ਹੁਣ 'ਠੱਗ' ਦੀ ਬਜਾਏ 'ਤਕਨੀਕੀ ਮਾਹਰ' ਮੰਨੇ ਜਾਣ ਲੱਗ ਪਏ ਹਨ। ਨਤੀਜੇ ਵਜੋਂ ਜੋ ਕੁਝ ਸਾਡੇ ਸਾਹਮਣੇ ਹੁੰਦਾ ਹੈ, ਅਸੀਂ ਉਸ ਦਾ ਅਸਰ ਕਬੂਲਦੇ ਹਾਂ, ਪਰ ਜਦੋਂ ਇਹ ਪਤਾ ਲੱਗ ਜਾਵੇ ਕਿ ਇਹ ਸਾਰਾ ਕੁਝ ਝੂਠ ਸੀ, ਉਸ ਦੇ ਬਾਅਦ ਵੀ ਠੱਗਾਂ ਬਾਰੇ ਸੋਚਣ ਦਾ ਮੌਕਾ ਨਹੀਂ ਮਿਲਦਾ ਕਿ ਓਨੀ ਦੇਰ ਤੱਕ ਕੋਈ ਨਵਾਂ ਝੂਠ ਸਾਡੇ ਲੋਕਾਂ ਦੀ ਮੱਤ ਮਾਰਨ ਲਈ ਪੇਸ਼ ਹੋ ਜਾਂਦਾ ਹੈ। ਗੱਲ ਹੁਣ ਅਗਲਾ ਪੜਾਅ ਵੀ ਪਾਰ ਕਰ ਕੇ ਏਥੇ ਪਹੁੰਚ ਗਈ ਹੈ ਕਿ ਲੋਕਾਂ ਨੂੰ ਕਿਸੇ ਦੇ ਮਰੇ-ਜੰਮੇ ਦੀ ਪ੍ਰਵਾਹ ਹੀ ਨਹੀਂ ਜਾਪਦੀ ਤੇ ਉਹ ਸੰਵੇਦਨਾ ਦੀ ਘਾਟ ਕਾਰਨ ਵਿਗੜੇ ਹੋਏ ਮਾਨਸਿਕ ਵਹਿਣ ਵਿਚ ਵਗਦੇ ਦਿਖਾਈ ਦੇਣ ਲੱਗ ਪਏ ਹਨ।

ਇਸ ਵਰਤਾਰੇ ਦੀ ਗੱਲ ਕਰਨ ਲਈ ਸਾਨੂੰ ਕਈ ਸਾਲ ਪੁਰਾਣੀ ਇੱਕ ਘਟਨਾ ਦਾ ਜ਼ਿਕਰ ਕਰਨਾ ਪੈਣਾ ਹੈ, ਜਿਸ ਦਾ ਸਬੰਧ ਧਰਮ ਦੇ ਖੇਤਰ ਵਿਚ ਫਿਰਦੇ ਠੱਗਾਂ ਨਾਲ ਹੈ। ਸਿੱਖੀ ਦਾ ਪ੍ਰਚਾਰ ਕਰਨ ਵਾਲਾ ਇੱਕ ਸੰਤ ਕਈ ਸਾਲ ਪਹਿਲਾਂ ਕੈਨੇਡਾ ਵਿਚ ਕੈਂਸਰ ਦੇ ਰੋਗ ਤੋਂ ਪੀੜਤ ਇੱਕ ਬੀਬੀ ਦਾ ਕਰਾਮਾਤੀ ਇਲਾਜ ਕਰਨ ਦੇ ਬਹਾਨੇ ਉਸ ਪਰਿਵਾਰ ਦੀ ਸਾਰੀ ਜਾਇਦਾਦ ਉਸ ਤੋਂ ਆਪਣੇ ਨਾਂ ਲਿਖਾਉਣ ਵਿਚ ਕਾਮਯਾਬ ਹੋ ਗਿਆ। ਬੀਬੀ ਦਾ ਪਤੀ ਗੁਜ਼ਰ ਚੁੱਕਾ ਸੀ, ਬੱਚੇ ਹਾਲੇ ਨਾਬਾਲਗ ਸਨ। ਜਦੋਂ ਉਹ ਵੱਡੇ ਹੋਏ ਤਾਂ ਕੇਸ ਕਰ ਕੇ ਸੰਤ ਕਟਹਿਰੇ ਵਿਚ ਖੜਾ ਕਰ ਦਿੱਤਾ। ਜਾਇਦਾਦ ਵੀ ਮੋੜਨੀ ਪਈ, ਬਦਨਾਮੀ ਵੀ ਬਹੁਤ ਹੋ ਗਈ, ਉਸ ਸੰਤ ਉਤੇ ਉਸ ਦੇਸ਼ ਵਿਚ ਜਾਣ ਦੀ ਪਾਬੰਦੀ ਲੱਗ ਗਈ, ਪਰ ਖਾਸ ਫਰਕ ਨਹੀਂ ਸੀ ਪਿਆ, ਕਿਉਂਕਿ ਉਸ ਦੇ ਖਿਲਾਫ ਏਦਾਂ ਦੀਆਂ ਪਾਬੰਦੀਆਂ ਛੇ ਦੇਸ਼ਾਂ ਨੇ ਲਾ ਰੱਖੀਆਂ ਸਨ। ਉਹ ਇਨ੍ਹਾਂ ਦੇਸ਼ਾਂ ਵੱਲ ਜਾਣ ਦੀ ਥਾਂ ਹੋਰ ਦੇਸ਼ਾਂ ਦੇ ਲੋਕਾਂ ਦਾ 'ਪਾਰ-ਉਤਾਰਾ' ਕਰਨ ਲੱਗ ਪਿਆ ਸੀ। ਜਿੱਥੇ ਉਸ ਨੇ ਜਾਣਾ ਹੁੰਦਾ, ਓਥੇ ਵੱਡੀ ਇਸ਼ਤਿਹਾਰਬਾਜ਼ੀ ਪਹਿਲਾਂ ਕਰਵਾ ਦਿੱਤੀ ਜਾਂਦੀ ਤੇ ਕੁਝ ਬੀਬੀਆਂ ਉਸ ਦੇ ਪ੍ਰਚਾਰ ਲਈ ਉਚੇਚੀਆਂ ਐਡਵਾਂਸ ਪਾਰਟੀ ਵਜੋਂ ਭੇਜ ਦਿੱਤੀਆਂ ਜਾਂਦੀਆਂ। ਬਾਬੇ ਦੀ ਠੱਗੀ ਦਾ ਕਾਰੋਬਾਰ ਅਜੇ ਤੱਕ ਵੀ ਜਾਰੀ ਹੈ।

ਦੂਸਰਾ ਮਾਮਲਾ ਭਾਰਤੀ ਧਰਮ ਖੇਤਰ ਦੇ ਸਭ ਤੋਂ ਚਰਚਿਤ ਸਾਧੂ ਰਾਮਦੇਵ ਦਾ ਹੈ। ਕਈ ਤਰ੍ਹਾਂ ਦੇ ਦੋਸ਼ ਉਸ ਦੇ ਖਿਲਾਫ ਲੱਗਦੇ ਰਹੇ ਹਨ, ਤੇ ਅੱਜ ਵੀ ਲੱਗਦੇ ਹਨ, ਪਰ ਇਨ੍ਹਾਂ ਦੋਸ਼ਾਂ ਉਤੇ ਉਸ ਦੇ ਪ੍ਰਚਾਰ ਦਾ ਪਰਦਾ ਏਡਾ ਕੁ ਮੋਟਾ ਪਾ ਦਿੱਤਾ ਜਾਂਦਾ ਹੈ ਕਿ ਲੋਕਾਂ ਨੂੰ ਕੋਈ ਗੱਲ ਯਾਦ ਨਹੀਂ ਰਹਿੰਦੀ। ਪਿਛਲੀਆਂ ਲੋਕ ਸਭਾ ਚੋਣਾਂ ਵਿਚ ਰਾਮਦੇਵ ਨੇ ਆਪਣੇ ਇੱਕ ਚਹੇਤੇ ਨੂੰ ਰਾਜਸਥਾਨ ਦੀ ਇੱਕ ਸੀਟ ਲਈ ਭਾਜਪਾ ਟਿਕਟ ਦਿਵਾ ਦਿੱਤੀ। ਜਦੋਂ ਉਸ ਦੀ ਰੈਲੀ ਵਿਚ ਬੋਲਣ ਗਿਆ ਤਾਂ ਸਟੇਜ ਉਤੇ ਉਸ ਨੂੰ ਕਮਾਈ ਬਾਰੇ ਪੁੱਛਣ ਲੱਗ ਪਿਆ। ਦੋਵਾਂ ਦੀ ਸਾਰੀ ਗੱਲਬਾਤ ਅਗਲੇ ਦਿਨ ਟੀ ਵੀ ਚੈਨਲਾਂ ਨੇ ਸੁਣਾ ਦਿੱਤੀ, ਪਰ ਮਸਾਂ ਦੋ ਦਿਨ ਉਹ ਗੱਲ ਲੋਕਾਂ ਨੇ ਸੁਣੀ, ਤੀਸਰੇ ਦਿਨ ਤੱਕ ਮੀਡੀਏ ਵਿਚ ਉਸ ਗੱਲਬਾਤ ਦਾ ਜ਼ਿਕਰ ਨਹੀਂ ਸੀ ਲੱਭਦਾ, ਕਿਉਂਕਿ ਰਾਮਦੇਵ ਨੇ ਦਵਾਈਆਂ ਦੀ ਐਡ ਕਾਫੀ ਵਧਾ ਦਿੱਤੀ ਸੀ। ਫਿਰ ਪੱਛਮੀ ਬੰਗਾਲ ਦੇ ਇੱਕ ਭਾਜਪਾ ਐਮ ਪੀ ਨੇ ਕਿਸੇ ਥਾਂ ਦੱਸ ਦਿੱਤਾ ਕਿ ਮੇਰੇ ਨਾਲ ਦੀ ਸੀਟ ਉਤੇ ਜਹਾਜ਼ ਵਿਚ ਬੈਠਾ ਰਾਮਦੇਵ ਕਿਸੇ ਨਾਲ ਟਿਕਟ ਦਾ ਸੌਦਾ ਮਾਰਦਾ ਸੁਣ ਕੇ ਮੈਂ ਕਿਹਾ ਸੀ ਕਿ ਮੈਨੂੰ ਵੀ ਟਿਕਟ ਦਿਵਾ ਦੇਹ, ਵਰਨਾ ਜਹਾਜ਼ ਤੋਂ ਉਤਰਦੇ ਸਾਰ ਇਹ ਗੱਲ ਸਭ ਨੂੰ ਦੱਸ ਦਿਆਂਗਾ, ਤੇ ਨਤੀਜੇ ਵਜੋਂ ਭਾਜਪਾ ਟਿਕਟ ਮਿਲ ਗਈ ਸੀ। ਉਸ ਐਮ ਪੀ ਦੀ ਕਹੀ ਗੱਲ ਮਾੜੀ-ਮੋਟੀ ਮੀਡੀਏ ਵਿਚ ਆਈ ਤੇ ਫਿਰ ਅਣਗੌਲੀ ਹੋਣ ਨਾਲ ਉਹ ਕੇਂਦਰ ਸਰਕਾਰ ਵਿਚ ਮੰਤਰੀ ਵੀ ਬਣ ਗਿਆ। ਮਾਮਲਾ ਫਿਰ ਮਾਇਆ ਦੇ ਪ੍ਰਤਾਪ ਨਾਲ ਚੰਗੀ ਤਰ੍ਹਾਂ ਢਕ ਹੋ ਗਿਆ ਸੀ।

ਝੂਠ ਬੋਲਣਾ ਸਿੱਖ ਚੁੱਕੇ ਜਾਂ ਸਿੱਖਾ ਦਿੱਤੇ ਗਏ ਅੱਜ ਦੇ ਯੁੱਗ ਵਾਲੇ ਸ਼ੀਸ਼ੇ ਅਤੇ ਕੈਮਰੇ ਵਾਂਗ ਅਜੋਕਾ ਮੀਡੀਆ ਵੀ ਪੰਜਾਬੀ ਦੇ ਮੁਹਾਵਰੇ 'ਜਿਸ ਦਾ ਅੰਨ-ਪਾਣੀ, ਉਸ ਦਾ ਕੰਮ ਜਾਣੀ' ਵਾਲੀ ਸੋਚ ਤੋਂ ਸੇਧਤ ਹੋ ਚੁੱਕਾ ਹੈ। ਇਸ ਦਾ ਸੌਦਾ ਵੱਜ ਜਾਵੇ ਤਾਂ ਕਿਸੇ ਦੀ ਗੁੱਡੀ ਅਸਮਾਨੇ ਚਾੜ੍ਹ ਸਕਦਾ ਹੈ ਤੇ ਜਦੋਂ ਸੌਦੇ ਵਿਚ ਕੁਝ ਅੜਿੱਕਾ ਪੈ ਜਾਵੇ ਤਾਂ ਅਰਸ਼ ਤੋਂ ਫਰਸ਼ ਤੱਕ ਸੁੱਟਣ ਤੁਰ ਪੈਂਦਾ ਹੈ। ਬੰਦਾ ਕੋਈ ਚੰਗਾ ਹੋਵੇ ਜਾਂ ਮਾੜਾ, ਇਸ ਦਾ ਕੋਈ ਫਰਕ ਸਮਝਣ ਦੀ ਮੀਡੀਏ ਨੂੰ ਲੋੜ ਨਹੀਂ। ਅਗਲਾ ਬੰਦਾ ਚਰਚਿਤ ਹੋਣਾ ਚਾਹੀਦਾ ਹੈ, ਜਿਸ ਬਾਰੇ ਲੋਕ ਇਹੋ ਸੋਚ ਕੇ ਸੁਣਨ ਲੱਗ ਜਾਣ ਕਿ ਜਦੋਂ ਵੀ ਬੋਲਦਾ ਹੈ, ਕੋਈ ਨਵੇਂ ਤੋਂ ਨਵਾਂ ਸ਼ੋਸ਼ਾ ਛੱਡਦਾ ਹੁੰਦਾ ਹੈ। ਮੀਡੀਏ ਨੇ ਲੋਕਾਂ ਦਾ ਜ਼ਾਇਕਾ ਹੀ ਵਿਗਾੜ ਦਿੱਤਾ ਹੈ।

ਇੱਕ ਗੱਲ ਇੱਕ ਵਾਰੀ ਮਨਮੋਹਨ ਸਿੰਘ ਸਰਕਾਰ ਦੇ ਵਾਤਾਵਰਣ ਬਾਰੇ ਮੰਤਰੀ ਜੈਰਾਮ ਰਮੇਸ਼ ਨੇ ਆਖੀ ਸੀ ਕਿ ਭਾਰਤ ਦੇ ਲੋਕਾਂ ਨੂੰ ਧਾਰਮਿਕ ਸਥਾਨ ਬਣਾਉਣ ਤੋਂ ਪਹਿਲਾਂ ਹਰ ਘਰ



ਵਿਚ ਇੱਕ ਟਾਇਲੇਟ ਸੀਟ ਲਾਉਣ ਵਾਸਤੇ ਸੋਚਣਾ ਚਾਹੀਦਾ ਹੈ। ਉਸ ਦੇ ਖਿਲਾਫ ਮੀਡੀਏ ਵਿਚ ਤੂਫਾਨ ਖੜਾ ਕਰ ਦਿੱਤਾ ਗਿਆ ਸੀ। ਜਣਾ-ਖਣਾ ਕਹੀ ਜਾਂਦਾ ਸੀ ਕਿ ਇਸ ਬੰਦੇ ਨੇ ਗੰਦ ਸਾਂਭਣ ਵਾਲੀ ਸੀਟ ਨੂੰ ਧਰਮ ਸਥਾਨ ਦੇ ਬਰਾਬਰ ਤੋਲ ਕੇ ਬਹੁਤ ਵੱਡਾ ਪਾਪ ਕਰ ਦਿੱਤਾ ਹੈ। ਫਿਰ ਨਰਿੰਦਰ ਮੋਦੀ ਪ੍ਰਧਾਨ ਮੰਤਰੀ ਬਣ ਗਿਆ ਤੇ ਕੁਰਸੀ ਸਾਂਭਣ ਦੇ ਤਿੰਨ ਮਹੀਨੇ ਪਿੱਛੋਂ ਉਸ ਨੇ ਵੀ ਸੱਦਾ ਦੇ ਦਿੱਤਾ ਕਿ 'ਪਹਿਲਾਂ ਸ਼ੌਚਾਲਿਆ ਤੇ ਫਿਰ ਦੇਵਾਲਿਆ' ਬਣਾਉਣਾ ਚਾਹੀਦਾ ਹੈ। ਇਸ ਤਰ੍ਹਾਂ ਦੀ ਗੱਲ ਕਹਿਣ ਨਾਲ ਨਰਿੰਦਰ ਮੋਦੀ ਨੇ 'ਦੇਵਾਲਿਆ' ਯਾਨੀ ਕਿ ਧਰਮ-ਸਥਾਨ ਤੋਂ ਪਹਿਲਾਂ ਟਾਇਲੇਟ ਸੀਟ ਲਾਉਣ ਦੀ ਉਹੋ ਹੀ ਗੱਲ ਆਖੀ ਸੀ, ਜਿਸ ਦੇ ਕਾਰਨ ਕੁਝ ਸਮਾਂ ਪਹਿਲਾਂ ਕਾਂਗਰਸੀ ਆਗੂ ਜੈਰਾਮ ਰਮੇਸ਼ ਦਾ ਗੁੱਡਾ ਬੱਝਦਾ ਰਿਹਾ ਸੀ। ਜਿਹੜੇ ਸਾਧ ਅਤੇ ਸੰਤਣੀਆਂ ਜੈਰਾਮ ਰਮੇਸ਼ ਦੇ ਖਿਲਾਫ ਤੂਫਾਨ ਮਚਾਈ ਫਿਰਦੇ ਸਨ, ਉਹ ਨਰਿੰਦਰ ਮੋਦੀ ਦੇ ਸ਼ਬਦਾਂ ਉਤੇ ਅਮਲ ਕਰਾਉਣ ਲਈ 'ਸਵੱਛ ਭਾਰਤ' ਦਾ ਝੰਡਾ ਚੁੱਕ ਕੇ ਤੁਰ ਪਏ ਤੇ ਸਾਡਾ ਮੀਡੀਆ ਉਨ੍ਹਾਂ ਦਾ ਧੂਤੂ ਬਣ ਕੇ ਨਾਲ ਉਠ ਤੁਰਿਆ।

ਮੀਡੀਏ, ਸ਼ੀਸ਼ੇ ਅਤੇ ਕੈਮਰੇ ਦੇ ਰਾਹੀਂ ਹੁੰਦੀਆਂ ਸ਼ਰਾਰਤਾਂ ਨਾਲ ਸਾਡੇ ਆਮ ਲੋਕਾਂ ਦੀ ਮਾਨਸਿਕਤਾ ਵੀ ਲੀਹੋਂ ਲੱਥਦੀ ਜਾ ਰਹੀ ਹੈ। ਲੋਕ ਆਪਣੀ ਸੰਵੇਦਨਾ ਗੁਆਈ ਜਾਂਦੇ ਹਨ। ਕਈ ਵਾਰ ਉਹ ਕਿਸੇ ਬੜੀ ਵੱਡੀ ਦੁਖਾਂਤਕ ਘਟਨਾ ਵੇਲੇ ਵੀ ਇਸ ਮਾਨਸਿਕ ਵਿਗਾੜ ਦਾ ਵਿਖਾਲਾ ਕਰਨ ਤੋਂ ਨਹੀਂ ਰਹਿੰਦੇ। ਪਿਛਲੇਰੇ ਮਹੀਨੇ ਇੱਕ ਸੜਕ ਹਾਦਸੇ ਵਿਚ ਇੱਕ ਨੌਜਵਾਨ ਦੀ ਮੌਤ ਹੋ ਗਈ। ਬੰਗਲੌਰ ਨੇੜੇ ਜਦੋਂ ਸੜਕ ਉਤੇ ਪਿਆ ਹਰ ਕਿਸੇ ਨੂੰ ਮਦਦ ਕਰਨ ਦਾ ਤਰਲਾ ਮਾਰ ਰਿਹਾ ਸੀ, ਉਸ ਦੀ ਮਦਦ ਦੀ ਥਾਂ ਬਹੁਤ ਸਾਰੇ ਲੋਕ ਉਸ ਨਾਲ ਸੈਲਫੀ ਖਿੱਚਣ ਅਤੇ ਫੇਸਬੁੱਕ ਉਤੇ ਅਪਲੋਡ ਕਰਨ ਨੂੰ ਪਹਿਲ ਦੇ ਰਹੇ ਸਨ। ਇਹੋ ਹੁਣ ਕੋਲਕਾਤਾ ਵਿਚ ਹੁੰਦਾ ਵੇਖ ਲਿਆ ਹੈ। ਉਥੇ ਇੱਕ ਫਲਾਈ ਓਵਰ ਡਿੱਗ ਪਿਆ ਤੇ ਕਈ ਲੋਕ ਉਸ ਦੇ ਥੱਲੇ ਆ ਗਏ ਸਨ। ਬਚਾਅ ਕਰਮੀ ਉਨ੍ਹਾਂ ਨੂੰ ਮਲਬੇ ਹੇਠੋਂ ਕੱਢਣ ਲੱਗੇ ਹੋਏ ਸਨ ਅਤੇ ਆਮ ਲੋਕਾਂ ਵਿਚੋਂ ਬਹੁਤ ਸਾਰੇ ਲੋਕ ਫਲਾਈ ਓਵਰ ਦੇ ਹੇਠਾਂ ਫਸੇ ਟਰਾਲੇ ਤੇ ਕਾਰ ਵਿਚੋਂ ਕਿਸੇ ਤਰ੍ਹਾਂ ਦੀ ਮਦਦ ਲਈ ਝਾਕਦੇ ਲੋਕਾਂ ਨਾਲ ਸੈਲਫੀ ਖਿੱਚਣ ਦਾ ਕੰਮ ਕਰੀ ਜਾ ਰਹੇ ਸਨ। ਇੱਕ ਪੂਰਾ ਦਿਨ ਇਸ ਖਬਰ ਨਾਲ ਸਬੰਧਤ ਵੇਰਵੇ ਸਾਡਾ ਮੀਡੀਆ ਲੋਕਾਂ ਸਾਹਮਣੇ ਰੱਖਦਾ ਰਿਹਾ ਤੇ ਦੂਸਰਾ ਦਿਨ ਸ਼ੁਰੂ ਹੋਣ ਤੱਕ ਉਸ ਨੇ ਉਸੇ ਕੋਲਕਾਤਾ ਸ਼ਹਿਰ ਵਿਚ ਇਸ ਐਤਵਾਰ ਹੋਣ ਵਾਲੇ ਟੀ-ਟਵੰਟੀ ਕ੍ਰਿਕਟ ਵਰਲਡ ਕੱਪ ਦੇ ਸਬੰਧ ਵਿਚ ਲੋਕਾਂ ਦੀ ਰਾਏ ਪੇਸ਼ ਕਰਨ ਵਾਲਾ ਕੰਮ ਸ਼ੁਰੂ ਕਰ ਦਿੱਤਾ। ਕਿਸੇ ਨੂੰ ਯਾਦ ਹੀ ਨਹੀਂ ਕਿ ਇੱਕ ਦਿਨ ਪਹਿਲਾਂ ਇਸ ਸ਼ਹਿਰ ਵਿਚ ਕਿੰਨੇ ਲੋਕ ਇੱਕ ਪੁਲ ਦੇ ਹੇਠਾਂ ਦੱਬਣ ਕਾਰਨ ਮਾਰੇ ਗਏ ਸਨ ਅਤੇ ਉਨ੍ਹਾਂ ਦੇ ਪਰਿਵਾਰਾਂ ਦਾ ਕੀ ਬਣਿਆ ਹੈ? ਜਿਸ ਸ਼ਹਿਰ ਵਿਚ ਮੀਡੀਆ ਇੱਕ ਦਿਨ ਪਹਿਲਾਂ ਵਿਲਕਦੇ ਹੋਏ ਲੋਕ ਵਿਖਾ ਰਿਹਾ ਸੀ, ਉਥੇ ਹੀ ਕ੍ਰਿਕਟ ਦੇ ਖਿਡਾਰੀ ਨੱਚਦੇ ਵਿਖਾਉਣ ਲੱਗ ਪਿਆ।

ਅਸੀਂ ਕਈ ਹੋਰ ਦੇਸ਼ਾਂ ਵਿਚ ਵੀ ਏਦਾਂ ਦੀਆਂ ਬੇਹੂਦਗੀਆਂ ਹੁੰਦੀਆਂ ਸੁਣਦੇ ਹਾਂ। ਇਸ ਹਫਤੇ ਜਦੋਂ ਮਿਸਰ ਦਾ ਜਹਾਜ਼ ਅਗਵਾ ਹੋ ਗਿਆ ਸੀ, ਕੀਤਾ ਇਹ ਕਿਸੇ ਸਿਰ ਫਿਰੇ ਇਸ਼ਕ-ਪੱਟੇ ਨੇ ਸੀ, ਇੰਗਲੈਂਡ ਦਾ ਇੱਕ ਮੁਸਾਫਰ ਉਥੇ ਅਗਵਾਕਾਰ ਨਾਲ ਸੈਲਫੀ ਲੈਣ ਤੋਂ ਨਹੀਂ ਰਹਿ ਸਕਿਆ। ਇੱਕ ਵਾਰ ਦਹਿਸ਼ਤਗਰਦ ਜਦੋਂ ਭਾਰਤ ਦਾ ਜਹਾਜ਼ ਅਗਵਾ ਕਰ ਕੇ ਕੰਧਾਰ ਲੈ ਗਏ, ਉਨ੍ਹਾਂ ਨੇ ਇੱਕ ਸੱਜ ਵਿਆਹਿਆ ਨੌਜਵਾਨ ਮਾਰ ਦਿੱਤਾ ਸੀ, ਪਰ ਇਕ ਮੁਸਾਫਰ ਕੁੜੀ ਦਾ ਜਨਮ-ਦਿਨ ਪਤਾ ਲੱਗਣ ਉਤੇ ਉਸ ਲਈ ਕੇਕ ਤੇ ਤੋਹਫੇ ਵਿਚ ਸ਼ਾਲ ਭੇਟ ਕਰ ਦਿੱਤੀ। ਵਾਪਸੀ ਮੌਕੇ ਜਹਾਜ਼ ਵਿਚੋਂ ਉਸ ਮਾਰੇ ਗਏ ਸੱਜ-ਵਿਆਹੇ ਨੌਜਵਾਨ ਦੀ ਲਾਸ਼ ਵੀ ਨਿਕਲੀ, ਪਰ ਮੀਡੀਆ ਉਸ ਬਰਥ ਡੇਅ ਵਾਲੀ ਕੁੜੀ ਲਈ ਦਹਿਸ਼ਤਗਰਦਾਂ ਵੱਲੋਂ ਦਿੱਤੇ ਗਏ ਸ਼ਾਲ ਦੀਆਂ ਫੋਟੋਆਂ ਖਿੱਚਣ ਰੁੱਝਾ ਰਿਹਾ।

ਇਹ ਸੰਵੇਦਨਹੀਣਤਾ ਹੁਣ ਸਾਡੇ ਆਮ ਲੋਕਾਂ ਦੇ ਘਰਾਂ ਤੱਕ ਪਹੁੰਚਣ ਲੱਗੀ ਹੈ। ਕੁਝ ਹਫਤੇ ਪਹਿਲਾਂ ਕਿਸੇ ਦੇ ਘਰ ਇੱਕ ਮੌਤ ਹੋਣ ਉਤੇ ਸਾਨੂੰ ਅਫਸੋਸ ਕਰਨ ਜਾਣਾ ਪਿਆ। ਪਰਿਵਾਰ ਦੇ ਨਾਲ ਕਾਫੀ ਨੇੜਤਾ ਸੀ। ਅਸੀਂ ਮ੍ਰਿਤਕ ਦੀ ਪਤਨੀ ਕੋਲ ਅਫਸੋਸ ਕਰ ਰਹੇ ਸਾਂ ਤੇ ਉਸ ਪਰਿਵਾਰ ਵਾਲੇ ਬਾਕੀ ਲੋਕ ਨਾਲ ਦੇ ਕਮਰੇ ਵਿਚ ਕ੍ਰਿਕਟ ਦਾ ਮੈਚ ਵੇਖ ਰਹੇ ਸਨ। ਬਹੁਤ ਵੱਡਾ ਝਟਕਾ ਸਾਨੂੰ ਉਸ ਵੇਲੇ ਲੱਗਾ, ਜਦੋਂ ਪੰਜਾਹ ਸਾਲਾਂ ਤੋਂ ਵੀ ਛੋਟੀ ਉਮਰ ਵਿਚ ਮਾਰੇ ਗਏ ਉਸ ਵਿਅਕਤੀ ਦੀ ਪਤਨੀ ਨੇ ਕਿਸੇ ਨੂੰ ਇਹ ਕਿਹਾ ਕਿ ਸਕੋਰ ਵੇਖ ਕੇ ਆਵੇ। ਉਸ ਵਿਧਵਾ ਦਾ ਧਿਆਨ ਵੀ ਪਤੀ ਦੀ ਮੌਤ ਦਾ ਅਫਸੋਸ ਕਰਨ ਲਈ ਆਏ ਲੋਕਾਂ ਨਾਲੋਂ ਵੱਧ ਕ੍ਰਿਕਟ ਮੈਚ ਵੱਲ ਸੀ ਤੇ ਉਹ ਆਏ ਲੋਕ ਉਠ ਕੇ ਜਾਣ ਤੱਕ ਦੀ ਉਡੀਕ ਨਹੀਂ ਸੀ ਕਰਨਾ ਚਾਹੁੰਦੀ।

ਜਿਸ ਦੇਸ਼ ਵਿਚ ਆਮ ਲੋਕਾਂ ਦੀ ਸੰਵੇਦਨਸ਼ੀਲਤਾ ਦੀ ਘਾਟ ਇਸ ਹੱਦ ਤੱਕ ਪਹੁੰਚ ਜਾਵੇ, ਉਸ ਦੇਸ਼ ਵਿਚ ਰਾਜ ਕਰਨ ਵਾਲਿਆਂ ਨੂੰ ਲੋਕਾਂ ਦੇ ਮੂਡ ਦੀ ਚਿੰਤਾ ਕਰਨ ਦੀ ਲੋੜ ਨਹੀਂ ਰਹਿ ਜਾਂਦੀ। ਇਹ ਚਿੰਤਾ ਇਸ ਵੇਲੇ ਕਿਸੇ ਵੀ ਸਿਆਸੀ ਆਗੂ ਨੂੰ ਨਹੀਂ। ਸੰਵੇਦਨਸ਼ੀਲਤਾ ਤੋਂ ਸੱਖਣਾ ਇਹ ਸਮਾਜ ਆਖਰ ਹੋਰ ਕਿਹੜੀਆਂ ਨਿਵਾਣਾਂ ਤੱਕ ਡਿੱਗੇਗਾ? ਇਸ ਦੇ ਖਿਲਾਫ਼ ਕੋਈ ਜਾਗ੍ਰਿਤੀ ਦੀ ਲਹਿਰ ਕਦੋਂ ਉਠੇਗੀ?

# ਪੰਜਾਬ ਦੀ ਰਾਜਸੀ ਬੇਚੈਨੀ ਤੇ ਕੁਲਬੀਰ ਹੁੰਦਲ ਨੂੰ ਯਾਦ ਕਰਦਿਆਂ



ਪ੍ਰਿੰ. ਨਿਰੰਜਣ ਸਿੰਘ ਢੇਸੀ
ਫੋਨ: 317-672-7272

ਪੰਜਾਬ ਅੰਦਰ 20ਵੀਂ ਸਦੀ ਦੇ ਆਖਰੀ ਦਹਾਕਿਆਂ ਦੌਰਾਨ ਸਿੱਖਾਂ ਲਈ ਇਨਸਾਫ ਦੇ ਬੈਨਰ ਹੇਠ ਚਲਦੀ ਬੇਸਿਰ-ਪੈਰ ਹਿੰਸਕ ਲਹਿਰ ਨੇ ਅਵਤਾਰ ਪਾਸ਼, ਜੈਮਲ ਪੱਡਾ, ਰਵਿੰਦਰ ਰਵੀ ਅਤੇ ਦਰਸ਼ਨ ਸਿੰਘ ਕੈਨੇਡੀਅਨ ਵਰਗੇ ਸਾਡੇ ਅਨੇਕਾਂ ਬਹੁਤ ਹੀ ਸੁਹਿਰਦ ਸਾਥੀਆਂ ਅਤੇ ਸਾਹਿਤ ਕਰਮੀਆਂ ਦੀਆਂ ਜਾਨਾਂ ਲੈ ਲਈਆਂ। ਕੁਲਬੀਰ ਹੁੰਦਲ ਵੀ ਸਾਨੂੰ ਇਸੇ ਲੜੀ ਦਾ ਇਕ ਹੋਰ ਮਣਕਾ ਨਜ਼ਰ ਆਉਂਦਾ ਹੈ ਅਤੇ ਪੰਜਾਬ ਅੰਦਰ ਰਾਜਨੀਤਕ ਬੇਚੈਨੀ ਦੀ ਕੋਈ ਵੀ ਚੁਆਤੀ ਮੁੜ ਉਠਦਿਆਂ ਹੀ ਸਾਨੂੰ ਕੁਲਬੀਰ ਜਿਹੇ ਹੋਰਨਾਂ ਦੀ ਯਾਦ ਆ ਜਾਂਦੀ ਹੈ।

ਕੁਲਬੀਰ ਸਾਲ 1968 ਦੇ ਵਿਦਿਆਰਥੀ ਸੰਘਰਸ਼ ਦੌਰਾਨ ਲੋਕ ਪੱਖੀ ਸਿਆਸਤ ਵਿਚ ਸਰਗਰਮ ਹੋਇਆ ਅਤੇ ਪੂਰੇ 20 ਵਰ੍ਹੇ ਟਿਕਾ ਕੇ ਕੰਮ ਕੀਤਾ। ਸਾਲ 1983-84 ਦੌਰਾਨ ਜਦੋਂ ਅੰਦੋਲਨ ਨੇ ਫਿਰਕੂ ਅਤੇ ਪਿਛਾਖੜੀ ਕਰਵਟ ਲਈ ਤਾਂ ਉਹ ਉਦਾਸ ਰਹਿਣ ਲੱਗ ਪਿਆ ਕਿ ਉਨ੍ਹਾਂ ਦੇ ਸੰਗਰਾਮ ਦੇ ਵਰ੍ਹਿਆਂ ਦਾ ਇਹ ਕੀ ਬਣਿਆ ਹੈ? ਇਸ ਮਾਹੌਲ ਵਿਰੁਧ ਆਪਣੇ ਹੀ ਤਰੀਕੇ ਨਾਲ ਵਿਦਰੋਹ ਕਰਦਿਆਂ ਉਸ ਨੇ ਸਾਲ 1988 'ਚ ਗਲ ਫਾਹਾ ਪਾ ਕੇ ਆਤਮ ਹੱਤਿਆ ਕਰ ਲਈ

ਅੱਧੀ ਸਦੀ ਬੀਤ ਗਈ। ਮੇਰੀਆਂ ਯਾਦਾਂ ਨਾਲ ਜੁੜੇ ਕੁਝ ਖਾਸ ਚਿਹਰੇ ਮੈਨੂੰ ਵਿਸਰੇ ਨਹੀਂ। 1968-69 ਦਾ ਉਹ ਵਰ੍ਹਾ ਮੇਰੇ ਚੇਤੇ ਵਿਚ ਅੱਜ ਉਕਰਿਆ ਹੋਇਆ ਹੈ, ਜਦੋਂ ਮੇਰੀ ਮੁਲਾਕਾਤ ਕੁਲਬੀਰ ਹੁੰਦਲ ਨਾਲ ਹੋਈ। ਪਹਿਲੀ ਹੀ ਨਜ਼ਰੇ ਮੈਨੂੰ ਉਹ ਵਿਲੱਖਣ ਨਜ਼ਰ ਆਇਆ ਤੇ ਕਾਲਜ ਦੇ ਵਿਦਿਆਰਥੀ ਮਸਲਿਆਂ ਬਾਰੇ ਵਿਚਰਦਿਆਂ ਅਸੀਂ ਹੋਰ ਨੇੜੇ ਹੁੰਦੇ ਗਏ। ਪਤਾ ਲੱਗਾ ਕਿ ਉਹ ਹਰਭਜਨ ਸਿੰਘ ਹੁੰਦਲ, ਜਲੰਧਰ ਦੇ ਸਾਹਿਤਕ ਹਲਕਿਆਂ ਵਿਚ ਸ. ਸ. ਮੀਸ਼ਾ, ਜਗਤਾਰ, ਚੰਦ, ਹਸਰਤ, ਸੁਰਿੰਦਰ ਗਿੱਲ ਸਮੇਤ ਚਰਚਾ ਵਿਚ ਸੀ। ਕੁਲਬੀਰ ਦੀ ਆਪਣੀ ਠੋਸ ਪਛਾਣ ਸੀ। ਉਹ ਲੋਕ ਲਹਿਰਾਂ ਨੂੰ ਪ੍ਰਣਾਇਆ ਹੋਇਆ ਨੌਜਵਾਨ ਸੀ। ਕਾਲਜ ਵਿਚ ਉਹ ਮੇਰੇ ਤੋਂ ਇਕ ਸਾਲ ਸੀਨੀਅਰ ਸੀ। ਕੁਲਤਾਰ ਸੰਧੂ ਤੇ ਦਲਜੀਤ ਸੇਖੋਂ ਉਸ ਦੇ ਪੱਕੇ ਆੜੀ ਸਨ ਅਤੇ ਸਠਿਆਲਾ ਕਾਲਜ ਤੋਂ ਉਸ ਦਾ ਪੁਰਾਣਾ ਸਾਥੀ ਗੁਰਦਿਆਲ ਬੱਲ ਉਨ੍ਹੀਂ ਦਿਨੀਂ ਜਲੰਧਰ ਉਸ ਦੇ ਕੋਲ ਸੀ। ਅਸੀਂ ਨਿੱਤ ਨਵੇਂ ਪ੍ਰੋਗਰਮ ਉਲੀਕਦੇ ਤੇ ਕੁਲਬੀਰ ਹਮੇਸ਼ਾ ਪਹਿਲੀ ਕਤਾਰ ਵਿਚ ਹੁੰਦਾ। ਦਿੱਖ ਵਜੋਂ ਉਹ ਬੇਹੱਦ ਸੁਡੌਲ ਨੌਜਵਾਨ ਸੀ ਅਤੇ ਅੰਦਰੋਂ ਸੰਘਰਸ਼ਸ਼ੀਲ ਰਹਿਣ ਲਈ ਪ੍ਰਤੀਬੱਧ ਸੀ। ਉਨ੍ਹਾਂ ਦਿਨਾਂ ਵਿਚ ਸੁਰਿੰਦਰ ਗਿੱਲ, ਅਮਰਜੀਤ ਚੰਦਨ, ਬਲਦੇਵ ਦੂਹੜੇ ਤੇ ਚਿਰੰਜੀਵ ਸਿੰਘ ਵੀ ਉਥੇ ਸਨ। ਮਾਹੌਲ ਹਮੇਸ਼ਾ ਵਿਚਾਰ-ਚਰਚਾ ਵਾਲਾ ਤੇ ਜ਼ਿੰਦਗੀ ਦਾ ਰੁਖ ਬਦਲ ਕੇ ਲੋਕ ਹਿਤ ਵਿਚ ਕਰਨ ਲਈ ਯਤਨਸ਼ੀਲ ਰਹਿੰਦਾ। ਕੁਲਬੀਰ ਦੀ ਤਿੱਖੀ ਤੇ ਪ੍ਰਭਾਵਸ਼ਾਲੀ ਤਕਰੀਰ ਵਿਦਿਆਰਥੀਆਂ ਵਿਚ ਜੋਸ਼ ਭਰ ਦਿੰਦੀ। ਸਟੇਜ ਤੋਂ ਵੱਡੇ ਇਕੱਠਾਂ ਨੂੰ ਸੰਬੋਧਨ ਕਰਨ ਦੇ ਪੱਖ ਤੋਂ ਮੈਂ ਕੁਲਬੀਰ ਦੇ ਪਿਛੇ ਪਿਛੇ ਸਾਂ। ਜਦ ਉਹ ਬੋਲਦਾ, ਉਸ ਦੀਆਂ ਅੱਖਾਂ ਜੋਸ਼ ਵਿਚ ਮਘ ਉਠਦੀਆਂ ਅਤੇ ਚਿਹਰਾ ਜਿਵੇਂ ਲੋਹੇ ਦਾ ਬਣ ਜਾਂਦਾ। ਉਸ ਦੇ ਇਰਾਦੇ ਸਪਸ਼ਟ ਤੇ ਮਜ਼ਬੂਤ ਸਨ। ਮੈਨੂੰ ਉਸ ਦੀ ਬੇਬਾਕੀ, ਨਿਸ਼ੰਗਤਾ, ਦਲੇਰੀ ਅਤੇ ਸੁਹਿਰਦਤਾ ਬਹੁਤ ਟੁੰਬਦੀ ਸੀ। ਇਕ ਵੱਡੀ ਖੂਬੀ ਸੀ ਕਿ ਉਹ ਕਦੇ ਛੋਟੀ ਗੱਲ ਨਹੀਂ ਸੀ ਕਰਦਾ। ਨਾ ਹੀ ਵਿਰੋਧੀਆਂ ਨੂੰ ਘਟਾ ਕੇ ਵੇਖਦਾ ਸੀ ਤੇ ਨਾ ਵਧਾ ਕੇ। ਉਹ ਹਮੇਸ਼ਾ ਦਲੀਲ ਨਾਲ ਗੱਲ ਕਰਦਾ ਅਤੇ ਮੈਂ ਉਸ ਨੂੰ ਲੜਦਿਆਂ-ਝਗੜਦਿਆਂ ਨਹੀਂ ਸੀ ਵੇਖਿਆ।

ਬੀ.ਏ. ਕਰਨ ਤੋਂ ਬਾਅਦ ਉਹ ਡੀ.ਏ.ਵੀ. ਕਾਲਜ ਅੰਗਰੇਜ਼ੀ ਦੀ ਐਮ.ਏ. ਕਰਨ ਚਲਾ ਗਿਆ ਪਰ ਸਾਡਾ ਸੰਪਰਕ ਕਾਇਮ ਰਿਹਾ। ਡੀ.ਏ.ਵੀ. ਕਾਲਜ ਵਿਚ ਪ੍ਰਬੰਧਕਾਂ ਦੀਆਂ ਵਧੀਕੀਆਂ ਦੇ ਵਿਰੋਧ ਵਿਚ ਅਸੀਂ ਇਕੱਠੇ ਤੁਰਦੇ ਰਹੇ। ਉਨ੍ਹਾਂ ਦਿਨਾਂ ਵਿਚ ਉਥੇ ਹਰਿੰਦਰ ਸੋਹਲ ਵੀ ਸੀ ਜਿਹੜਾ ਪਿਛੋਂ ਕੈਨੇਡਾ ਆ ਕੇ ਅਸੰਬਲੀ ਮੈਂਬਰ ਬਣਿਆ। ਪਰਖ ਦੇ ਕਈ ਮੌਕੇ ਆਏ, ਕੁਲਬੀਰ ਸਦਾ ਮੂਹਰਲੀਆਂ ਸਫਾਂ ਵਿਚ ਰਿਹਾ। ਉਹ ਵਿਚਾਰਧਾਰਕ ਤੌਰ 'ਤੇ ਖੱਬੀ ਲਹਿਰ ਨਾਲ ਤਨੋਂ, ਮਨੋਂ ਜੁੜਿਆ ਹੋਇਆ ਸੀ। ਉਹ ਮੁਹੱਬਤੀ ਬੰਦਾ ਸੀ ਤੇ ਦੋਸਤੀਆਂ ਪਾਲਣੀਆਂ ਜਾਣਦਾ ਸੀ।

ਅਸੀਂ ਇਕ ਦੂਜੇ ਤੋਂ ਦੂਰ ਚਲੇ ਗਏ ਪਰ ਚੇਤੇ ਦੀਆਂ ਤਾਰਾਂ ਉਸੇ ਤਰ੍ਹਾਂ ਜੁੜੀਆਂ ਰਹੀਆਂ। ਮੈਂ ਕਾਲਜ ਵਿਚ ਪੜ੍ਹਾਉਣ ਲੱਗਾ ਤਾਂ ਉਸ ਦੇ



*ਕੁਲਬੀਰ ਹੁੰਦਲ*

ਭਤੀਜੇ-ਭਤੀਜੀ (ਹਰਭਜਨ ਸਿੰਘ ਹੁੰਦਲ ਦੇ ਬੱਚੇ) ਮੇਰੇ ਕੋਲ ਪੜ੍ਹਨ ਲੱਗੇ। ਸੁੱਖ ਸੁਨੇਹਾ ਮਿਲਦਾ ਰਹਿੰਦਾ। ਫੇਰ ਅਚਾਨਕ ਪਤਾ ਲੱਗਾ ਕਿ ਉਹ ਏਨੀ ਦੂਰ ਚਲਾ ਗਿਆ ਹੈ ਜਿਥੋਂ ਕੋਈ ਵਾਪਸ ਨਹੀਂ ਆਉਂਦਾ। ਕਈ ਸਾਲ ਬਾਅਦ ਉਸ ਦਾ ਪੁੱਤਰ ਰਣਬੀਰ ਹੁੰਦਲ ਮੇਰੇ ਕੋਲ ਐਮ.ਏ. ਵਿਚ ਦਾਖਲ ਹੋਇਆ। ਦੋ ਵਰ੍ਹੇ ਲਗਾਤਾਰ ਮੈਂ ਉਸ ਦੀ ਦਿੱਖ ਵਿਚ ਕੁਲਬੀਰ ਨੂੰ ਵੇਖਦਾ ਰਿਹਾ। ਉਹ ਤਕਰੀਬਨ ਹਰ ਰੋਜ਼ ਮੇਰੇ ਦਫਤਰ ਆਉਂਦਾ। ਸ਼ਾਇਦ ਹੀ ਕੋਈ ਅਜਿਹਾ ਦਿਨ ਹੋਵੇ, ਜਦ ਉਹ ਮੇਰੇ ਕੋਲ ਨਾ ਆਇਆ ਹੋਵੇ। ਜੇ ਕਦੇ ਉਸ ਨੂੰ ਗੱਲ ਵਿਸਰ ਗਈ ਹੁੰਦੀ ਤਾਂ ਮੈਂ ਆਪ ਉਸ ਨੂੰ ਬੁਲਾ ਲੈਂਦਾ। ਮੈਂ ਉਸ ਵਿਚੋਂ ਆਪਣੇ ਦੋਸਤ ਦਾ ਚਿਹਰਾ ਲੱਭਦਾ ਰਹਿੰਦਾ ਤੇ ਉਹ ਮੇਰੇ ਕੋਲੋਂ ਆਪਣੇ ਪਿਤਾ ਦੀਆਂ ਗੱਲਾਂ ਸੁਣਨ ਵਿਚ ਬੜੀ ਦਿਲਚਸਪੀ ਲੈਂਦਾ।

ਬੰਦੇ ਚਲੇ ਜਾਂਦੇ ਹਨ ਪਰ ਉਹ ਆਪਣੀਆਂ ਪੈੜਾਂ ਛੱਡ ਜਾਂਦੇ ਹਨ। ਕੁਝ ਬੰਦੇ ਐਸੇ ਹੁੰਦੇ ਹਨ ਜੋ ਚਲੇ ਜਾਣ ਬਾਅਦ ਵੀ ਤੁਹਾਡੇ ਅੰਗ-ਸੰਗ ਰਹਿੰਦੇ ਹਨ ਤੇ ਉਨ੍ਹਾਂ ਦੇ ਵਿਛੜ ਜਾਣ 'ਤੇ ਪੈਦਾ ਹੋਇਆ ਖਲਾਅ ਕਦੇ ਵੀ ਪੂਰਿਆ ਨਹੀਂ ਜਾ ਸਕਦਾ। ਉਹ ਆਪਣੇ ਪਰਿਵਾਰ ਵਿਚ ਜਿਉਂਦਾ ਹੈ, ਜੀਵਨ ਜਿਉਂ ਦਾ ਤਿਉਂ ਨਿਰੰਤਰ ਜਾਰੀ ਹੈ। ਬੀਬੀ ਦਾਤਾਰ ਕੌਰ ਨੇ ਉਸ ਤੋਂ ਬਿਨਾ ਗੁਜ਼ਾਰੇ ਵਰ੍ਹੇ ਭਗਤੀ ਤੋਂ ਲਈ ਸ਼ਕਤੀ ਨਾਲ ਗੁਜ਼ਾਰੇ ਹਨ। ਉਸ ਖੂਬਸੂਰਤ ਤੇ ਖੂਬਸੀਰਤ ਇਨਸਾਨ ਨੂੰ ਸਰੀਰਕ ਤੌਰ 'ਤੇ ਵੇਖਿਆ-ਲੱਭਿਆ ਨਹੀਂ ਜਾ ਸਕਦਾ ਪਰ ਆਪਣੇ ਵਿਚਾਰਾਂ ਕਰਕੇ ਉਹ ਸਾਡੇ ਅੰਗ-ਸੰਗ ਹੈ।

ਨਹੀਂ ਲੱਭਣੇ ਲਾਲ ਗੁਆਚੇ,
ਮਿੱਟੀ ਨਾ ਫਰੋਲ ਜੋਗੀਆ।

---

ਵਗਦੇ ਪਾਣੀਆਂ ਨੂੰ
ਮੁੱਠਾਂ ਵਿਚ ਫੜ੍ਹਿਆ ਨਾ ਕਰ।
ਐਵੇਂ ਪੌਣਾਂ ਦੇ ਘੋੜਿਆਂ 'ਤੇ
ਚੜ੍ਹਿਆ ਨਾ ਕਰ।

ੴ ਸਤਿਗੁਰ ਪ੍ਰਸਾਦਿ

ਦੇਗ ਤੇਗ ਫਤਿਹ

ਸੰਗਤੇ ਅਬਾਦ ਰਹੈਂ, ਆਵਤੈ ਪ੍ਰਸ਼ਾਦਿ ਰਹੈਂ, ਬੁੰਗੇ ਝਲਾ ਝਲ ਰਹੈਂ ਪੂਰੇ ਉਤਸ਼ਾਹ ਕੇ॥
ਲਾਗਤੇ ਦੀਵਾਨ ਰਹੈਂ, ਗਾਵਤੇ ਸੁਜਾਨ ਰਹੈਂ, ਝੂਲਤੇ ਨਿਸ਼ਾਨ ਰਹੈਂ ਸਾਚੇ ਪਾਤਸ਼ਾਹ ਕੇ॥

ਪੰਥ ਕੀ ਜੀਤ

# ਗੁਰਦੁਆਰਾ ਸਾਹਿਬ ਸੈਨ ਹੋਜ਼ੇ (ਕੈਲੀਫੋਰਨੀਆ)

# ਸਮੂਹ ਸੰਗਤ ਨੂੰ ਵਿਸਾਖੀ ਦੀ ਲੱਖ ਲੱਖ ਵਧਾਈ

ਗੁਰੂ ਪਿਆਰੀ ਸਾਧ ਸੰਗਤ ਜੀਓ, ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਿਹ॥ ਗੁਰਦੁਆਰਾ ਸੈਨ ਹੋਜ਼ੇ ਦੀਆਂ ਸੰਗਤਾਂ ਵਲੋਂ ਖਾਲਸਾ ਸਾਜਨਾ ਦਿਵਸ ਵਿਸਾਖੀ ਦਿਹਾੜੇ ਸਬੰਧੀ ਵਿਸ਼ੇਸ਼ ਸਮਾਗਮ ਹੇਠ ਲਿਖੇ ਪ੍ਰੋਗਰਾਮ ਅਨੁਸਾਰ ਕਰਵਾਏ ਜਾ ਰਹੇ ਹਨ। ਆਪ ਸਮੂਹ ਸੰਗਤਾਂ ਨੂੰ ਹੇਠ ਲਿਖੇ ਪ੍ਰੋਗਰਾਮ ਅਨੁਸਾਰ ਹਾਜ਼ਰੀਆਂ ਭਰਨ ਦੀ ਬੇਨਤੀ ਹੈ ਜੀ।

## ਪ੍ਰੋਗਰਾਮ ਦਾ ਵੇਰਵਾ

**ਗੁਰਦੁਆਰਾ ਸਾਹਿਬ ਦੀ ਬਿਲਡਿੰਗ ਦੇ ਦੂਜੇ ਫੇਜ਼ ਦੇ ਮੁਕੰਮਲ ਹੋਣ ਦੀ 5 ਸਾਲਾ ਵਰ੍ਹੇਗੰਢ ਸਬੰਧੀ ਸਮਾਗਮ**

**8 ਅਪਰੈਲ 2016 (ਸ਼ੁੱਕਰਵਾਰ)**
ਅਰੰਭ ਸ੍ਰੀ ਅਖੰਡ ਪਾਠ: ਸਵੇਰੇ 10 ਵਜੇ

**10 ਅਪਰੈਲ 2016 (ਐਤਵਾਰ)**
ਭੋਗ ਸ੍ਰੀ ਅਖੰਡ ਪਾਠ: ਸਵੇਰੇ 9.30 ਵਜੇ
ਕੀਰਤਨ ਅਤੇ ਕਥਾ ਪ੍ਰਵਾਹ: ਸਵੇਰੇ 4.30 ਤੋਂ ਰਾਤ 8 ਵਜੇ ਤੱਕ



ਗੁਰਦੁਆਰਾ ਸਾਹਿਬ ਦੀ ਸ਼ਾਨਦਾਰ ਇਮਾਰਤ

## ਵਿਸਾਖੀ ਸਬੰਧੀ ਵਿਸ਼ੇਸ਼ ਸਮਾਗਮ

**13 ਅਪਰੈਲ 2016 (ਬੁੱਧਵਾਰ)**
ਕੀਰਤਨ ਅਤੇ ਕਥਾ ਪ੍ਰਵਾਹ: ਸਵੇਰੇ 4.30 ਤੋਂ ਰਾਤ 9.30 ਵਜੇ ਤੱਕ

**ਅੰਮ੍ਰਿਤ ਸੰਚਾਰ 17 ਅਪਰੈਲ 2016**
(ਐਤਵਾਰ, ਸਵੇਰੇ 9 ਵਜੇ)
ਕੀਰਤਨ ਅਤੇ ਕਥਾ ਪ੍ਰਵਾਹ: ਸਵੇਰੇ 4.30 ਤੋਂ ਰਾਤ 8.30 ਵਜੇ ਤੱਕ

**ਦਸਤਾਰ ਦਿਵਸ**

**17 ਅਪਰੈਲ 2016** *ਸਵੇਰੇ 11 ਵਜੇ ਤੋਂ ਬਾਅਦ ਦੁਪਹਿਰ 2 ਵਜੇ ਤੱਕ*
(ਗੁਰਦੁਆਰਾ ਸਾਹਿਬ ਦੀ ਤਰਫੋਂ ਦਸਤਾਰਾਂ ਮੁਫਤ ਮੁਹੱਈਆ ਕਰਵਾਈਆਂ ਜਾਣਗੀਆਂ)

## ਕਥਾ-ਵਿਆਖਿਆ



ਕਥਾ-ਵਿਆਖਿਆ ਭਾਈ ਪਿੰਦਰਪਾਲ ਸਿੰਘ ਜੀ ਵਲੋਂ
**8 ਅਪਰੈਲ ਤੋਂ 17 ਅਪਰੈਲ 2016 ਤੱਕ**
(ਸੋਮਵਾਰ ਤੋਂ ਸਨਿਚਰਵਾਰ)
ਸਵੇਰੇ: 8.30 ਤੋਂ 9 ਵਜੇ ਤੱਕ
ਸ਼ਾਮ: 7.30 ਤੋਂ 8.45 ਵਜੇ ਤੱਕ
ਐਤਵਾਰ: ਦੁਪਹਿਰ 12 ਵਜੇ ਤੋਂ ਇਕ ਵਜੇ ਤੱਕ

## ਜਾਰੀ ਕਰਤਾ: ਗੁਰਦੁਆਰਾ ਪ੍ਰਬੰਧਕ ਕਮੇਟੀ ਸੈਨ ਹੋਜ਼ੇ

3636 Murillo Ave, San Jose CA 95148, ਗੁਰਦੁਆਰਾ ਸਾਹਿਬ ਦੀ ਵੈਬ-ਸਾਈਟ: www.sanjosegurdwara.org

# ਫਰਿਜ਼ਨੋ ਦੇ 16ਵੇਂ ਗਦਰੀ ਬਾਬਿਆਂ ਦੇ ਮੇਲੇ 'ਚ ਸ਼ਹੀਦਾਂ ਨੂੰ ਸ਼ਰਧਾਂਜਲੀ

**ਫਰਿਜ਼ਨੋ (ਬਿਊਰੋ):** ਇੰਡੋ ਅਮੈਰਿਕਨ ਹੈਰੀਟੇਜ ਫੋਰਮ ਵਲੋਂ ਕਰਵਾਇਆ ਗਿਆ 16ਵਾਂ 'ਮੇਲਾ ਗਦਰੀ ਬਾਬਿਆਂ' ਦੇਸ਼ ਦੀ ਆਜ਼ਾਦੀ ਦੇ ਸ਼ਹੀਦਾਂ ਦੀ ਬਾਤ ਪਾਉਂਦਾ ਸਮਾਪਤ ਹੋਇਆ। ਇਸ ਵਿਚ ਪਹੁੰਚੇ ਲੋਕਾਂ ਦੇ ਠਾਠਾਂ ਮਾਰਦੇ ਇਕੱਠ ਨੇ ਦੇਸ਼ ਦੀ ਆਜ਼ਾਦੀ ਦੇ ਸ਼ਹੀਦਾਂ ਦੀ ਸ਼ਹਾਦਤ ਨੂੰ



ਸਲਾਮ ਕਰਦਿਆਂ ਸਮੁੱਚੇ ਮੇਲੇ ਦੀ ਇਕ ਇਕ ਆਈਟਮ ਨੂੰ ਵੇਖਣ ਲਈ ਮੇਲੇ ਦੀ ਸ਼ੁਰੂਆਤ ਤੋਂ ਆਖਰ ਤੱਕ ਹਾਜ਼ਰੀ ਭਰੀ। ਮੇਲਾ ਦੂਜੇ ਲਾਹੌਰ ਸਾਜਿਸ਼ ਕੇਸ ਦੇ ਸ਼ਹੀਦਾਂ ਦੀ ਸ਼ਤਾਬਦੀ ਨੂੰ ਸਮਰਪਿਤ ਸੀ।



ਮੇਲੇ ਦੇ ਸ਼ੁਰੂ ਵਿਚ ਗਦਰੀ ਬਾਬਿਆਂ ਅਤੇ ਪਿਛਲੇ ਸਾਲ ਵਿਛੜ ਚੁੱਕੀਆਂ ਸ਼ਖਸੀਅਤਾਂ- ਏ. ਬੀ. ਬਰਧਨ, ਡਾ. ਰਣਧੀਰ ਸਿੰਘ, ਬੀਬੀ ਵੀਰਾਂ ਵਾਲੀ, ਚੈਨ ਸਿੰਘ ਚੈਨ ਅਤੇ ਸੰਸਾਰ ਵਿਚ ਵੱਖ ਵੱਖ ਥਾਂਵਾਂ 'ਤੇ ਹੋਈਆਂ ਅਤਿਵਾਦ ਘਟਨਾਵਾਂ ਵਿਚ ਮਾਰੇ ਗਏ ਬੇਕਸੂਰ ਲੋਕਾਂ ਨੂੰ ਸ਼ਰਧਾਂਜਲੀ ਭੇਂਟ ਕਰਨ ਲਈ ਸ਼ੋਕ ਮਤਾ ਪੇਸ਼ ਕੀਤਾ ਗਿਆ। ਪ੍ਰਧਾਨ ਗੁਰਦੀਪ ਸਿੰਘ ਗਿੱਲ ਅਤੇ ਪ੍ਰਧਾਨਗੀ ਮੰਡਲ ਦੀ ਪ੍ਰਧਾਨਗੀ ਹੇਠ ਮੇਲੇ ਦੀ ਸ਼ੁਰੂਆਤ ਹੋਈ। ਗੁਰਦੇਵ ਸਿੰਘ ਸਾਹੋਕੇ ਨੇ ਕਵੀਸ਼ਰੀ ਪੇਸ਼ ਕੀਤੀ। ਛੋਟੇ ਬੱਚਿਆਂ ਗੁਰਲੀਨ ਕੌਰ ਸਿੱਧੂ, ਹਰਵੀਰ ਸਿੰਘ ਧਾਲੀਵਾਲ, ਬਬਲੀਨ ਕੌਰ ਸਿੱਧੂ, ਇਕਬਾਲ ਸਿੰਘ ਸਿੱਧੂ, ਸੁਖਬੀਰ ਸੰਘਾ, ਜਸ਼ਨਪ੍ਰੀਤ ਸਿੰਘ ਅਤੇ ਹੋਰ ਬੱਚਿਆਂ ਨੇ ਗੀਤ, ਕਵਿਤਾ ਤੇ ਇਤਿਹਾਸ ਪੇਸ਼ ਕੀਤਾ।

ਇਸ ਮੌਕੇ ਬੁਲਾਰਿਆਂ ਮੁੱਖ ਮਹਿਮਾਨ ਡਾ. ਰਘੁਬੀਰ ਕੌਰ (ਸਕੱਤਰ ਦੇਸ਼ ਭਗਤ ਯਾਦਗਾਰ ਹਾਲ ਜਲੰਧਰ), ਸੁਰਿੰਦਰ ਸਿੰਘ ਸਿੱਧੂ (ਮੈਂਬਰ ਦੇਸ਼ ਭਗਤ ਯਾਦਗਾਰ ਹਾਲ ਕਮੇਟੀ), ਵੈਂਕਟਾਰਮਨ (ਇੰਡੀਅਨ ਕੌਂਸਲੇਟ ਆਫਿਸ), ਗੁਰਦੀਪ ਸਿੰਘ ਅਣਖੀ, ਅਮਨ ਧਾਲੀਵਾਲ ਅਦਾਕਾਰ (ਸਾਕਾ ਨਨਕਾਣਾ ਸਾਹਿਬ ਦੇ ਸ਼ਹੀਦ ਪੰਜਾਬੀ ਫਿਲਮ) ਆਦਿ ਨੇ ਸ਼ਹੀਦਾਂ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ।

ਇਸ ਉਪਰੰਤ ਵੱਖ ਵੱਖ ਆਈਟਮਾਂ ਵਿਚ ਇੰਡੋ ਅਮੈਰਿਕਨ ਹੈਰੀਟੇਜ ਫੋਰਮ ਦੀ ਸਿਮਰਨ ਹੇਅਰ ਵਲੋਂ ਤਿਆਰ ਗਿੱਧਾ ਟੀਮ ਨੇ ਖੂਬਸੂਰਤ ਗਿੱਧਾ ਪੇਸ਼ ਕੀਤਾ। ਰੂਹ ਪੰਜਾਬ ਦੀ ਟੀਮ ਨੇ ਸਕਿੱਟ 'ਸ਼ਹੀਦ ਭਗਤ ਸਿੰਘ' ਪੇਸ਼ ਕਰਕੇ ਖੂਬ ਪ੍ਰਸ਼ੰਸਾ ਖੱਟੀ। ਜੀ ਐਚ ਜੀ ਅਕੈਡਮੀ ਦੇ ਬੱਚਿਆਂ ਨੇ ਭੰਗੜਾ, ਕੋਰੀਓਗ੍ਰਾਫੀ ਪੇਸ਼ ਕਰਕੇ ਕਮਾਲ ਕੀਤੀ ਅਤੇ ਆਂਚਲ ਹੇਅਰ ਨੇ ਭਾਵਨਾਤਮਕ 'ਆਜ਼ਾਦੀ' ਆਈਟਮ ਪੇਸ਼ ਕਰਕੇ ਖੂਬ ਤਾੜੀਆਂ ਦੀ ਵਾਹ ਵਾਹ ਖੱਟੀ। ਬੱਚਿਆਂ ਨੇ ਵੱਖ ਵੱਖ ਵੰਨਗੀਆਂ ਪੇਸ਼ ਕਰਕੇ ਅਤੇ ਇਨਕਲਾਬ ਜ਼ਿੰਦਾਬਾਦ ਦੇ ਨਾਅਰਿਆਂ ਨਾਲ ਹਾਲ ਗੂੰਜਣ ਲਾ ਦਿੱਤਾ।

ਇਸ ਮੌਕੇ ਐਮਲੀ ਸਿੰਘ (ਬੇਟੀ ਗਦਰੀ ਬਾਬਾ ਸੰਤਾ ਸਿੰਘ ਲੋਹਕਾ), ਪਰਮਵੀਰ ਚੌਹਾਨ (ਸਪੋਰਟਸਮੈਨ), ਡਾ. ਰਘੁਬੀਰ ਕੌਰ, ਸੁਰਿੰਦਰ ਸਿੰਘ ਸਿੱਧੂ ਤੇ ਅਮਨ ਧਾਲੀਵਾਲ ਦਾ ਫੋਰਮ ਵਲੋਂ ਵਿਸ਼ੇਸ਼ ਸਨਮਾਨ ਕੀਤਾ ਗਿਆ। ਭਾਵੇਂ ਆਮ ਲੋਕਾਂ ਵਲੋਂ ਮੇਲੇ ਦੀ ਹਰ ਆਈਟਮ ਦਾ ਖੂਬ ਅਨੰਦ ਮਾਣਿਆ ਜਾ ਰਿਹਾ ਸੀ ਪਰ ਸਾਊਂਡ ਸਿਸਟਮ ਨੇ ਸਰੋਤਿਆਂ ਦਾ ਮਜਾ ਕਿਰਕਿਰਾ ਕੀਤਾ। ਵਿੱਦਿਆ ਦੇ ਖੇਤਰ ਵਿਚ 4.0 ਜੀ ਪੀ ਏ ਵਾਲੇ ਬੱਚਿਆਂ ਨੂੰ ਨਗਦ ਅਤੇ ਯਾਦਗਾਰੀ ਚਿੰਨ੍ਹਾਂ ਨਾਲ ਸਨਮਾਨਿਤ ਕੀਤਾ ਗਿਆ।

ਫੋਰਮ ਵਲੋਂ ਤਿਆਰ ਕੀਤਾ ਗਿਆ ਸਾਲਾਨਾ ਰੰਗਦਾਰ ਸੋਵੀਨਾਰ ਵੀ ਰਿਲੀਜ਼ ਕੀਤਾ ਗਿਆ ਅਤੇ ਨਾਲ ਹੀ ਬਾਬਾ ਹਰਨਾਮ ਸਿੰਘ ਸਾਹਰੀ (ਜਸਵੰਤ ਰਾਏ), ਦੇਵ ਘੋਲੀਆ ਦੇ ਗੀਤਾਂ ਦੀ ਕਿਤਾਬ 'ਢੋਲ ਪ੍ਰਦੇਸੀ' ਅਤੇ ਪ੍ਰੇਮ ਕੁਮਾਰ ਚੁੰਬਰ ਦਾ ਗਦਰ ਪਾਰਟੀ ਸਪੈਸ਼ਲ ਅੰਕ, ਕਿਤਾਬ ਅਤੇ ਫਿਲਮ 'ਸਾਕਾ ਨਨਕਾਣਾ ਸਾਹਿਬ ਦੇ ਸ਼ਹੀਦ' ਦਾ ਪੋਸਟਰ ਰਿਲੀਜ਼ ਕੀਤਾ ਗਿਆ। ਇਸ ਮੌਕੇ ਗਦਰੀ ਬਾਬਿਆਂ ਅਤੇ ਦੇਸ਼ ਦੇ ਸ਼ਹੀਦਾਂ ਦੀਆਂ ਤਸਵੀਰਾਂ ਦੀ ਪ੍ਰਦਰਸ਼ਨੀ ਵੀ ਖਾਸ ਖਿੱਚ ਦਾ ਕੇਂਦਰ ਰਹੀ। ਬੈਪਸੀ ਨੇ ਮੈਡੀਕਲ ਕੈਂਪ ਲਾਇਆ। ਹਾਲ ਵਿਚ ਫਰੀ ਸਾਹਿਤਕ ਪੁਸਤਕਾਂ ਵੀ ਵੰਡੀਆਂ ਗਈਆਂ। ਫੋਰਮ ਵਲੋਂ ਬੱਚਿਆਂ ਨੂੰ ਯਾਦਗਾਰੀ ਸਨਮਾਨ ਚਿੰਨ੍ਹ ਅਤੇ ਨਗਦ ਇਨਾਮ ਦਿੱਤੇ ਗਏ। ਫੋਰਮ ਦੇ ਇਸਤਰੀ ਵਿੰਗ ਨੇ ਮੇਲੇ ਨੂੰ ਕਾਮਯਾਬ ਕਰਨ ਵਿਚ ਅਹਿਮ ਭੂਮਿਕਾ ਨਿਭਾਈ। ਮੰਚ ਸੰਚਾਲਨ ਆਸ਼ਾ ਸ਼ਰਮਾ, ਸ਼ਾਇਰ ਹਰਜਿੰਦਰ ਢੇਸੀ, ਸੁਰਿੰਦਰ ਮੰਢਾਲੀ ਅਤੇ ਹਰਮਨ ਗਿੱਲ ਨੇ ਬਾਖੂਬੀ ਕੀਤਾ।





ਅਖੀਰ ਵਿਚ ਸਥਾਨਕ ਗਾਇਕ ਹਰਜੀਤ ਸਿੰਘ, ਧਰਮਵੀਰ ਸਿੰਘ ਥਾਂਦੀ ਅਤੇ ਜੀਤਾ ਗਿੱਲ ਨੇ ਗਾਇਕੀ ਰਾਹੀਂ ਮੇਲੇ ਨੂੰ ਸਿਖਰਾਂ 'ਤੇ ਪਹੁੰਚਾਇਆ ਅਤੇ ਸ਼ਹੀਦਾਂ ਨੂੰ ਗੀਤਾਂ ਰਾਹੀਂ ਸ਼ਰਧਾਂਜਲੀ ਭੇਟ ਕੀਤੀ। ਦਰਸ਼ਕਾਂ ਲਈ ਚਾਹ ਪਕੌੜਿਆਂ ਦੇ ਲੰਗਰ ਦਾ ਪ੍ਰਬੰਧ ਸੀ।

**ਤਸਵੀਰਾਂ: ਮੋਗਾ ਵੀਡੀਓ**



## ਪੰਜਾਬੀ ਸਾਹਿਤ, ਸਭਿਆਚਾਰ ਤੇ ਭਾਸ਼ਾ ਬਾਰੇ ਦੋ ਰੋਜ਼ਾ ਕੌਮਾਂਤਰੀ ਕਾਨਫਰੰਸ 4 ਜੂਨ ਤੋਂ

**ਫਰਿਜ਼ਨੋ (ਬਿਊਰੋ):** ਪੰਜਾਬੀ ਸਾਹਿਤ, ਸੱਭਿਆਚਾਰ ਅਤੇ ਭਾਸ਼ਾਈ ਸਰੋਕਾਰਾਂ ਬਾਰੇ ਕੌਮਾਂਤਰੀ ਕਾਨਫਰੰਸ 4 ਅਤੇ 5 ਜੂਨ ਨੂੰ ਕੈਲੀਫੋਰਨੀਆ ਸਟੇਟ ਯੂਨੀਵਰਸਿਟੀ, ਫਰਿਜ਼ਨੋ ਵਿਚ ਕਰਵਾਈ ਜਾ ਰਹੀ ਹੈ। ਇਸ ਦੀ ਤਿਆਰੀ ਲਈ ਇੱਕ ਮੀਟਿੰਗ ਸੈਂਟਰਲ ਵੈਲੀ ਦੇ ਉਦਮੀ ਸਮਾਜ ਸੇਵੀ ਚਰਨਜੀਤ ਸਿੰਘ ਬਾਠ ਦੀ ਪ੍ਰਧਾਨਗੀ



ਵਿਚ ਹੋਈ।

ਵਿਸ਼ਵ ਪੰਜਾਬੀ ਸਾਹਿਤ ਅਕੈਡਮੀ ਦੇ ਪ੍ਰਧਾਨ ਡਾ. ਗੁਰੂਮੇਲ ਸਿੱਧੂ ਨੇ ਇਸ ਦੋ ਰੋਜ਼ਾ ਕਾਨਫਰੰਸ ਦੀ ਰੂਪ-ਰੇਖਾ ਬਾਰੇ ਦੱਸਦਿਆਂ ਕਿਹਾ ਕਿ ਪੰਜਾਬੀ ਭਾਸ਼ਾ ਅਤੇ ਸਾਹਿਤ ਦੇ ਭਵਿੱਖ, ਪਰਵਾਸੀਆਂ ਵਿਚ ਪੰਜਾਬੀ ਸੱਭਿਆਚਾਰ ਦੀ ਸਲਾਮਤੀ, ਅਜੋਕੇ ਪੰਜਾਬੀ ਸਾਹਿਤ ਦੀ ਸਥਿਤੀ ਅਤੇ ਪੰਜਾਬੀ ਸਭਿਆਚਾਰ ਉਤੇ ਵਿਭਿੰਨ ਪੇਸ਼ਾਗਤ ਅਸਰਾਂ ਦੇ ਹਾਵਲੇ ਨਾਲ ਵਿਦਵਾਨ ਪੇਪਰ ਪੜ੍ਹਨਗੇ।

ਇਹ ਕਾਨਫਰੰਸ ਸਿੱਖ ਕੌਂਸਲ ਆਫ ਸੈਂਟਰਲ ਕੈਲੀਫੋਰਨੀਆ, ਚੜ੍ਹਦੇ ਪੰਜਾਬ ਤੋਂ ਡਾ. ਦੀਪਕ ਮਨਮੋਹਨ ਸਿੰਘ ਦੀ ਸ਼ਮੂਲੀਅਤ ਅਤੇ ਵਿਸ਼ਵ ਪੰਜਾਬੀ ਸਾਹਿਤ ਅਕੈਦਮੀ ਦੇ ਸਾਂਝੇ ਉਦਮ ਨਾਲ ਕੀਤੀ ਜਾ ਰਹੀ ਹੈ, ਜਿਸ ਨੂੰ ਚਰਨਜੀਤ ਸਿੰਘ ਬਾਠ ਸਪਾਂਸਰ ਕਰ ਰਹੇ ਹਨ। ਭਾਰਤ, ਕੈਨੇਡਾ, ਪਾਕਿਸਤਾਨ, ਆਸਟ੍ਰੇਲੀਆਂ ਤੋਂ ਇਲਾਵਾ, ਅਮਰੀਕਾ ਦੇ ਅਕਾਦਮਿਕ ਹਲਕਿਆਂ ਦੇ ਦੋ ਦਰਜਨ ਤੋਂ ਵੱਧ ਨਾਮਵਰ ਵਿਦਵਾਨ ਆਪਣੇ ਪੇਪਰ ਪੜ੍ਹਨਗੇ।

ਮੀਟਿੰਗ ਦੌਰਾਨ ਡਾ. ਪਿਸ਼ੌਰਾ ਸਿੰਘ ਢਿੱਲੋਂ ਨੇ ਕਿਹਾ ਕਿ ਉਹ 'ਸਿੱਖ ਪਛਾਣ, ਅਮਰੀਕੀ ਭਾਈਚਾਰੇ ਦਾ ਭੂਤ ਅਤੇ ਅੱਜ' ਵਿਸ਼ੇ 'ਤੇ ਪੇਪਰ ਪੜ੍ਹਨਗੇ। ਰੇਡੀਓ ਹੋਸਟ ਹਰਜਿੰਦਰ ਕੰਗ ਅਤੇ ਸੰਤੋਖ ਮਿਨਹਾਸ ਨੇ ਪੜ੍ਹੇ ਜਾਣ ਵਾਲੇ ਪੇਪਰਾਂ ਨੂੰ ਛਾਪ ਕੇ ਸਰੋਤਿਆਂ ਨੂੰ ਦਿੱਤੇ ਜਾਣ ਦੀ ਸਲਾਹ ਦਿੱਤੀ ਤਾਂ ਜੋ ਉਨ੍ਹਾਂ ਬਾਰੇ ਸੁਚਾਰੂ ਢੰਗ ਨਾਲ ਸੁਆਲ-ਜੁਆਬ ਦਾ ਸਿਲਸਿਲਾ ਚਲ ਸਕੇ। ਡਾ. ਸਿੱਧੂ ਨੇ ਕਿਹਾ ਕਿ ਵੀਜ਼ੇ ਦੀ ਹਰੀ ਝੰਡੀ ਤੋਂ ਬਾਅਦ ਸ਼ਿਰਕਤ ਕਰ ਰਹੇ ਵਿਦਵਾਨਾਂ ਦਾ ਨਾਮ ਅਗਲੀ ਮੀਟਿੰਗ ਵਿਚ ਦੱਸਿਆ ਜਾਵੇਗਾ।

ਪੰਜਾਬੀ ਮੁਆਸ਼ਰ ਵਿਚ ਬੌਧਿਕ ਚਰਚਾ ਛੇੜਨ ਵਾਲੀ ਇਸ ਪਹਿਲੀ ਕੌਮਾਂਤਰੀ ਕਾਨਫਰੰਸ ਦੀ ਤਿਆਰੀ ਮੀਟਿੰਗ ਵਿਚ ਚਰਨਜੀਤ ਸਿੰਘ ਬਾਠ, ਡਾ. ਗੁਰੂਮੇਲ ਸਿਧੂ ਤੋਂ ਇਲਾਵਾ, ਪਿਸ਼ੌਰਾ ਸਿੰਘ ਢਿਲੋਂ, ਹਰਜਿੰਦਰ ਕੰਗ, ਸੰਤੋਖ ਮਿਨਹਾਸ ਅਤੇ ਅਵਤਾਰ ਗੋਂਦਾਰਾ ਸ਼ਾਮਲ ਹੋਏ।

# ਗੈਰ-ਭਾਜਪਾਈ ਸਰਕਾਰਾਂ ਨੂੰ ਮੋਦੀ ਤੋਂ ਖਤਰਾ!

**ਨਵੀਂ ਦਿੱਲੀ:** ਦਿੱਲੀ ਵਿਚ ਆਮ ਆਦਮੀ ਪਾਰਟੀ (ਆਪ) ਦੀ ਸਰਕਾਰ ਵੀ ਖਤਰੇ ਵਿਚ ਹੈ। ਅਰੁਣਾਚਲ ਪ੍ਰਦੇਸ਼ ਤੇ ਉੱਤਰਾਖੰਡ ਵਿਚ ਵਾਪਰੇ ਸਿਆਸੀ ਘਟਨਾਕ੍ਰਮ ਮਗਰੋਂ ਅਰਵਿੰਦ ਕੇਜਰੀਵਾਲ ਸਰਕਾਰ ਦੀ ਪਰੇਸ਼ਾਨੀ ਵੀ ਵਧ ਗਈ



ਹੈ। ਕੇਜਰੀਵਾਲ ਨੇ ਖਦਸ਼ਾ ਜ਼ਾਹਿਰ ਕੀਤਾ ਹੈ ਕਿ ਨਰੇਂਦਰ ਮੋਦੀ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਦਿੱਲੀ ਵਿਚ ਵੀ ਗੜਬੜੀ ਪੈਦਾ ਕਰ ਸਕਦੀ ਹੈ।

ਉਨ੍ਹਾਂ ਕਿਹਾ ਕਿ ਦਿੱਲੀ ਸਰਕਾਰ ਨੂੰ ਵੀ ਡੇਗਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਕੇਜਰੀਵਾਲ ਨੇ ਵਿਧਾਨ ਸਭਾ ਵਿਚ ਇਹ ਬਿਆਨ ਦਿੱਤਾ ਹੈ। ਇਸ ਦੇ ਨਾਲ ਹੀ ਉਨ੍ਹਾਂ ਨੇ ਆਈ.ਬੀ. ਦੇ ਇਕ ਅਧਿਕਾਰੀ ਦੇ ਹਵਾਲੇ ਨਾਲ ਦਾਅਵਾ ਕੀਤਾ ਹੈ ਕਿ ਉੱਤਰਾਖੰਡ ਦੀ ਸਰਕਾਰ ਡੇਗਣ ਮਗਰੋਂ ਕੇਂਦਰ ਸਰਕਾਰ ਦਿੱਲੀ ਸਰਕਾਰ ਨੂੰ ਡੇਗਣਾ ਚਾਹੁੰਦੀ ਹੈ। ਉਨ੍ਹਾਂ ਨੇ ਇਥੋਂ ਤੱਕ ਦਾਅਵਾ ਕੀਤਾ ਕਿ 21 ਸੰਸਦੀ ਸਕੱਤਰਾਂ (ਵਿਧਾਇਕਾਂ) ਨੂੰ ਪਹਿਲਾਂ ਬਰਖਾਸਤ ਕੀਤਾ ਜਾਏਗਾ। ਇਸ ਤੋਂ ਬਾਅਦ 23 ਵਿਧਾਇਕਾਂ ਨੂੰ ਖਰੀਦਣ ਦੀ ਕੋਸ਼ਿਸ਼ ਕੀਤੀ ਜਾਏਗੀ। ਕੇਜਰੀਵਾਲ ਮੁਤਾਬਕ ਕਾਂਗਰਸ ਨੂੰ ਹੰਕਾਰ ਲੈ ਡੁੱਬਿਆ ਹੈ, ਲੋਕਾਂ ਨੇ ਚੋਣਾਂ ਵਿਚ ਬਦਲਾ ਲੈ ਲਿਆ। ਹੁਣ ਉਹੀ ਹੰਕਾਰ ਭਾਜਪਾ ਵਿਚ ਆ ਗਿਆ ਹੈ।

ਉਨ੍ਹਾਂ ਕਿਹਾ ਕਿ ਪਹਿਲਾਂ ਅਰੁਣਾਚਲ ਪ੍ਰਦੇਸ਼ ਦੀ ਸਰਕਾਰ ਤੋੜੀ, ਹੁਣ ਉੱਤਰਾਖੰਡ ਸਰਕਾਰ ਨੂੰ ਝਟਕਾ ਦਿੱਤਾ ਹੈ। ਉਨ੍ਹਾਂ ਕਿਹਾ ਕਿ ਬਗੈਰ ਖਰੀਦੋ-ਫਰੋਖਤ ਦੇ ਵਿਧਾਇਕ ਭਾਜਪਾ ਨਾਲ ਨਹੀਂ ਗਏ ਹੋਣਗੇ। ਕਾਬਲੇਗੌਰ ਹੈ ਕਿ ਅਸਾਮ ਦੇ ਮੁੱਖ ਮੰਤਰੀ ਤਰੁਣ ਗੋਗੋਈ ਨੇ ਵੀ ਦੋਸ਼ ਲਾਇਆ ਹੈ ਕਿ ਕੇਂਦਰ ਦੀ ਬੀ.ਜੇ.ਪੀ. ਸਰਕਾਰ ਰਾਜਪਾਲ ਨਾਲ ਮਿਲ ਕੇ ਉਨ੍ਹਾਂ ਦੀ ਸਰਕਾਰ ਨੂੰ ਡੇਗਣਾ ਚਾਹੁੰਦੀ ਹੈ। ਉਨ੍ਹਾਂ ਆਖਿਆ ਕਿ ਬਿਹਾਰ ਚੋਣਾਂ ਤੋਂ ਪਹਿਲਾਂ ਪੈਸਿਆਂ ਦੀ ਮਦਦ ਨਾਲ ਬੀ.ਜੇ.ਪੀ. ਨੇ ਸਰਕਾਰ ਡੇਗਣ ਦੀ ਕੋਸ਼ਿਸ਼ ਕੀਤੀ ਸੀ। ਇਸ ਲਈ ਉਸ ਨੇ ਕਾਂਗਰਸ ਦੇ ਵਿਧਾਇਕਾਂ ਨੂੰ ਖਰੀਦਣ ਦੀ ਚਾਲ ਵੀ ਚੱਲੀ ਸੀ, ਪਰ ਇਸ ਵਿਚ ਕਾਮਯਾਬ ਨਹੀਂ ਹੋਈ। ਯਾਦ ਰਹੇ ਕਿ ਅਰੁਣਾਚਲ ਪ੍ਰਦੇਸ਼ ਤੇ ਉੱਤਰਾਖੰਡ ਤੋਂ ਬਾਅਦ ਹਿਮਾਚਲ ਪ੍ਰਦੇਸ਼ ਦੇ ਮੁੱਖ ਮੰਤਰੀ ਵੀਰਭੱਦਰ ਸਿੰਘ ਨੇ ਦੋਸ਼ ਲਾਇਆ ਸੀ ਕਿ ਉਨ੍ਹਾਂ ਦੇ ਸੂਬੇ ਵਿਚ ਭਾਜਪਾ ਸਰਕਾਰ ਡੇਗਣਾ ਚਾਹੁੰਦੀ ਹੈ।

ੴ ਸਤਿਗੁਰ ਪ੍ਰਸਾਦਿ॥

# SIKH CENTER OF PACIFIC COAST, SELMA

# ਸਿੱਖ ਸੈਂਟਰ ਆਫ ਪੈਸਫਿਕ ਕੋਸਟ, ਸੈਲਮਾ

SIKH CENTER OF PACIFIC COAST, 2211 HIGHLAND AVE. SELMA, CA 93662, PHONE: 559 270 3272

ਖਾਲਸੇ ਦੇ ਜਨਮ ਦਿਹਾੜੇ ਵੈਸਾਖੀ ਦੇ ਪਵਿੱਤਰ ਤਿਓਹਾਰ ਨੂੰ ਸਮਰਪਿਤ

## 22ਵਾਂ ਮਹਾਨ ਨਗਰ ਕੀਰਤਨ

## 17 ਅਪ੍ਰੈਲ 2016, ਦਿਨ ਐਤਵਾਰ

ਨੂੰ ਸੰਗਤਾਂ ਦੇ ਸਹਿਯੋਗ ਨਾਲ ਬਹੁਤ ਹੀ ਸ਼ਰਧਾ ਭਾਵਨਾ ਨਾਲ ਸਜਾਇਆ ਜਾ ਰਿਹਾ ਹੈ









ਭਾਈ ਜੋਗਿੰਦਰ ਸਿੰਘ ਚੰਦਨ ਦਾ ਕੀਰਤਨੀ ਜਥਾ

### ਪ੍ਰੋਗਰਾਮ

ਅਰੰਭ ਸ੍ਰੀ ਅਖੰਡ ਪਾਠ ਸਾਹਿਬ ..... 15 ਅਪ੍ਰੈਲ ਸਵੇਰ 8:30 ਵਜੇ
ਸ੍ਰੀ ਨਿਸ਼ਾਨ ਸਾਹਿਬ ਦੀ ਸੇਵਾ .........16 ਅਪ੍ਰੈਲ ਸਵੇਰ 10:00 ਵਜੇ
ਭੋਗ ਸ੍ਰੀ ਅਖੰਡ ਪਾਠ ਸਾਹਿਬ..........17 ਅਪ੍ਰੈਲ ਸਵੇਰ 8:00 ਵਜੇ
ਨਗਰ ਕੀਰਤਨ ........17 ਅਪ੍ਰੈਲ ਸਵੇਰ 10:00 ਵਜੇ ਤੋਂ 1:30 ਵਜੇ ਤੱਕ

### Program

Arambh Sri Akhand Path Sahib....... 15th April, 8:30 am
Sewa Sri Nishan Sahib....................16th April, 10:00 am
Bhog Sri Akhand Path Sahib............17th April, 8:00 am
Nagar Kirtan.................... 17th April, 10:00am to 1:30 pm



ਕਥਾਵਾਚਕ ਭਾਈ ਸਰਬਜੀਤ ਸਿੰਘ ਧੂੰਦਾ

ਗੁਰੂ ਰੂਪ ਸੰਗਤ ਦੀ ਪੁਰਜ਼ੋਰ ਮੰਗ 'ਤੇ ਫਿਰ ਇਸ ਵਾਰ ਪੰਥ ਪ੍ਰਸਿੱਧ ਕਥਾਵਾਚਕ ਸਰਬਜੀਤ ਸਿੰਘ ਧੂੰਦਾਂ
15, 16 ਅਪ੍ਰੈਲ ਦੀ ਸ਼ਾਮ ਨੂੰ 7 ਤੋਂ 8:15 ਵਜੇ ਤੱਕ ਸੰਗਤਾਂ ਨੂੰ ਕਥਾ ਸਰਵਣ ਕਰਵਾਉਣਗੇ।
15 ਤੇ 16 ਅਪ੍ਰੈਲ ਨੂੰ 5 ਵਜੇ ਤੋਂ ਲੈ ਕੇ 7 ਵਜੇ ਤੱਕ ਕੀਰਤਨ ਦਿਵਾਨ ਸਜਾਏ ਜਾਣਗੇ।
ਇਸ ਦੌਰਾਨ ਵਿਚ ਪੰਥ ਪ੍ਰਸਿੱਧ ਕੀਰਤਨੀ ਜਥੇ ਤੇ ਕਥਾਵਾਚਕ ਸੰਗਤਾਂ ਨੂੰ ਗੁਰਬਾਣੀ ਗਿਆਨ ਨਾਲ ਨਿਹਾਲ ਕਰਨਗੇ।

### ਨਗਰ ਕੀਰਤਨ ਵਿਚ ਸਟਾਲਾਂ ਲਾਉਣ ਲਈ ਸੰਪਰਕ

ਸ਼ਿੰਦਰਪਾਲ ਸਿੰਘ ਸਹੋਤਾ ਵਾਈਸ ਪ੍ਰਧਾਨ.....559 269 1088
ਸੁਖਪਾਲ ਧਾਲੀਵਾਲ...........................559 994 0837
ਸੁਖਵਿੰਦਰ ਸਿੰਘ ਬੋਲਾ...................... 559 243 6836

Media Sponsor & Designed by: Hayermedia (ਕੁਲਵੀਰ ਸਿੰਘ ਹੇਅਰ)

## ਅੰਮ੍ਰਿਤ ਸੰਚਾਰ 16 ਅਪ੍ਰੈਲ 2016 ਸਵੇਰੇ 10:00

ਸੰਪਰਕ

ਭਾਈ ਅਮਰੀਕ ਸਿੰਘ ਹੈਡ ਗ੍ਰੰਥੀ ਫੋਨ 559 270 3272, ਦਵਿੰਦਰ ਸਿੰਘ ਸ਼ੇਰਗਿੱਲ 559 579 8295

### ਨਗਰ ਕੀਰਤਨ ਸਬੰਧੀ ਕਿਸੇ ਵੀ ਜਾਣਕਾਰੀ ਸਬੰਧੀ ਸੰਪਰਕ

ਰਾਜਬੀਰ ਸਿੰਘ ਪੰਨੂ ਪ੍ਰਧਾਨ .................559 994 9232
ਜਸਦੀਪ ਸਿੰਘ ਮਾਨ ਜਨਰਲ ਸਕੱਤਰ .......559 960 9156
ਹਰਨਿੰਦਰ ਗਿੱਲ ਸਕੱਤਰ .....................559 906 7411
ਮਹਿੰਦਰ ਸਿੰਘ ਸੰਧਾਵਾਲੀਆ ਸਕੱਤਰ .......559 355 4399
ਸੁਖਦੇਵ ਸਿੰਘ ਧਾਲੀਵਾਲ ਕੋਰਆਰਡੀਨੇਟਰ...559 355 3144

ਅੰਮ੍ਰਿਤ ਅਭਿਲਾਖੀਆਂ ਨੂੰ ਕਕਾਰ
ਗੁਰਦੁਆਰਾ ਸਾਹਿਬ ਵਲੋਂ ਦਿੱਤੇ ਜਾਣਗੇ।

ਤਿੰਨੇ ਦਿਨ ਗੁਰੂ ਕੇ ਲੰਗਰ ਅਤੁੱਟ ਵਰਤਾਏ ਜਾਣਗੇ।

# ਯੂਬਾ ਬ੍ਰਦਰਜ਼ ਦੀ ਟੀਮ ਨੇ ਜਿੱਤਿਆ ਵੱਡਾ ਇਨਾਮੀ ਹਾਕੀ ਕੱਪ

**ਸਟਾਕਟਨ (ਐਸ ਅਸ਼ੋਕ ਭੌਰਾ):** ਯੂਬਾ ਬ੍ਰਦਰਜ਼ ਫੀਲਡ ਹਾਕੀ ਕਲੱਬ ਅਤੇ ਗਦਰੀ ਬਾਬੇ ਸਪੋਰਟਸ ਕਲੱਬ ਵਲੋਂ ਪਹਿਲੀ ਤੋਂ ਤਿੰਨ ਅਪਰੈਲ ਤੱਕ ਯੂਨੀਵਰਸਿਟੀ ਆਫ ਪੈਸਿਫਕ ਸਟਾਕਟਨ ਦੀਆਂ ਐਸਟੋਟਰਫ ਗਰਾਊਂਡਾਂ ਵਿਚ ਕਰਵਾਏ ਗਏ ਛੇਵੇਂ ਫੀਲਡ ਹਾਕੀ ਟੂਰਨਾਮੈਂਟ ਵਿਚ ਪਹਿਲਾ 7100 ਡਾਲਰ ਦਾ ਇਨਾਮ ਅਤੇ ਚਮਕਦਾ ਜੇਤੂ ਕੱਪ ਯੂਬਾ ਬ੍ਰਦਰਜ਼ ਦੀ ਸੁਪਰ ਹਾਕੀ ਟੀਮ ਨੂੰ ਨਸੀਬ ਹੋਇਆ ਜਦੋਂਕਿ 3100 ਡਾਲਰ ਦਾ ਨਕਦ ਇਨਾਮ ਅਤੇ ਜੇਤੂ ਕੱਪ ਵੈਸਟ ਕੋਸਟ ਸਰੀ ਦੀ ਟੀਮ ਨੇ ਹਾਸਲ ਕੀਤਾ।

7100 ਡਾਲਰ ਦਾ ਪਹਿਲਾ ਇਨਾਮ ਅਮੋਲਕ ਸਿੰਘ ਗਾਖਲ, ਪਲਵਿੰਦਰ ਸਿੰਘ ਗਾਖਲ ਅਤੇ ਇਕਬਾਲ ਸਿੰਘ ਗਾਖਲ ਵਲੋਂ ਆਪਣੇ ਪਿਤਾ ਸਵਰਗੀ ਸ. ਨਸੀਬ ਸਿੰਘ ਗਾਖਲ ਦੀ ਯਾਦ ਵਿਚ ਦਿੱਤਾ ਗਿਆ ਜਦੋਂਕਿ ਦੂਜਾ 3100 ਡਾਲਰ ਦਾ ਇਨਾਮ ਵੈਨਕੋ ਟਰੱਕਿੰਗ ਦੇ ਮਲਕੀਤ ਸਿੰਘ ਬੋਪਾਰਾਏ ਨੇ ਦਿੱਤਾ।

ਹਾਕੀ ਦੇ ਦੂਸਰੇ ਵਰਗ ਦੇ ਸੋਸ਼ਲ ਮੁਕਾਬਲਿਆਂ ਵਿਚ ਸ਼ਹੀਦ ਬਾਬਾ ਦੀਪ ਸਿੰਘ ਸਪੋਰਟਸ ਕਲੱਬ ਨੂੰ ਪਹਿਲਾ ਅਤੇ ਯੂਬਾ ਬ੍ਰਦਰਜ਼ ਨੂੰ ਦੂਜਾ ਸਥਾਨ ਮਿਲਿਆ। ਇਸ ਟੂਰਨਾਮੈਂਟ ਵਿਚ ਜਿੱਥੇ ਦੀਪਕ ਠਾਕਰ, ਹਰਪ੍ਰੀਤ ਸਿੰਘ ਨਾਮਧਾਰੀ, ਹਰ ਸਾਹਿਬ ਸਿੰਘ (ਸਾਬਕਾ ਉਲੰਪੀਅਨ ਸ਼ੰਮੀ ਦਾ ਪੁੱਤਰ), ਰਣਜੋਤ ਸਿੰਘ ਸੰਘਾ, ਕਾਲਾ ਨਾਮਧਾਰੀ ਅਤੇ ਗੋਪੀ ਨਾਮਧਾਰੀ ਤੋਂ ਸਿਵਾ ਜਰਮਨੀ, ਅਰਜਨਟੀਨਾ, ਪਾਕਿਸਤਾਨ ਅਤੇ ਕੈਨੇਡਾ ਦੇ ਉਲੰਪੀਅਨ ਹਾਕੀ ਖਿਡਾਰੀ ਸ਼ਾਮਿਲ ਸਨ, ਉਥੇ ਸੈਨ ਹੋਜ਼ੇ ਖੇਡ ਕਲੱਬ, ਫਰੀਮਾਂਟ ਸਪੋਰਟਸ ਕਲੱਬ, ਲਾਸ ਏਂਜਲਸ ਟਾਈਗਰਜ਼, ਸ਼ਹੀਦ ਬਾਬਾ ਦੀਪ ਸਿੰਘ ਸਪੋਰਟਸ ਕਲੱਬ, ਯੂਬਾ ਬ੍ਰਦਰਜ਼, ਵੈਸਟ ਕੋਸਟ ਟੀਮ ਕਿੰਗ ਸਰੀ, ਟੋਰਾਂਟੋ ਹਾਕੀ ਕਲੱਬ ਸੁਪਰ ਮੁਕਾਬਲਿਆਂ ਲਈ ਅਤੇ ਸੋਸ਼ਲ ਮੁਕਾਬਲਿਆਂ ਵਿਚ ਸੈਨ ਹੋਜ਼ੇ ਖਾਲਸਾ ਕਲੱਬ, ਹੇਵਰਡ, ਸੈਕਰਾਮੈਂਟੋ, ਫੇਅਰਫੀਲਡ ਅਤੇ ਸਰੀ ਦੀਆਂ ਟੀਮਾਂ ਦਿਲਚਸਪ ਅਤੇ ਰੌਚਕ ਮੈਚਾਂ ਦੇ ਪ੍ਰਦਰਸ਼ਨ ਲਈ ਦਰਸ਼ਕਾਂ ਦੇ ਹਾਣ ਦੀਆਂ ਰਹੀਆਂ।







ਭਾਰਤ ਦੀ ਰਾਸ਼ਟਰੀ ਖੇਡ ਪ੍ਰਤੀ ਵਿਖਾਏ ਜਾਂਦੇ ਮੋਹ ਦਾ ਖੁਲਾਸਾ ਸੱਚੀਂ ਮੁੱਚੀਂ ਹੀ ਇਸ ਹਾਕੀ ਟੂਰਨਾਮੈਂਟ ਦੌਰਾਨ ਹੋਇਆ। ਭਾਵੇਂ ਇਹ ਕਹਿਣ ਵਿਚ ਕੋਈ ਝਿਜਕ ਨਹੀਂ ਹੋਵੇਗੀ ਕਿ ਹਾਕੀ ਨੂੰ ਵੇਖਣ ਵਾਲੇ ਦਰਸ਼ਕਾਂ ਦੀ ਗਿਣਤੀ ਬਹੁਤੀ ਨਹੀਂ ਸੀ ਪਰ ਅਮਰੀਕਾ ਦੀ ਧਰਤੀ ਉਤੇ ਹਾਕੀ ਨੂੰ ਪ੍ਰਫੁਲਿਤ ਕਰਨ ਲਈ ਇਨ੍ਹਾਂ ਸੰਸਥਾਵਾਂ ਦਾ ਯੋਗਦਾਨ ਬਹੁਤ ਹੀ ਸਲਾਹੁਣਯੋਗ ਹੈ। ਭਾਵੇਂ ਲੰਬੇ ਅਰਸੇ ਤੋਂ ਇਨ੍ਹਾਂ ਕਲੱਬਾਂ ਵਲੋਂ ਹਾਕੀ ਟੂਰਨਾਮੈਂਟ ਕਰਾਉਣ ਵਿਚ ਅਹਿਮ ਭੂਮਿਕਾ ਨਿਭਾਈ ਜਾਂਦੀ ਰਹੀ ਹੈ ਪਰ ਫਿਰ ਵੀ ਆਪਣੇ ਆਪ ਹੀ ਦੋ ਸੰਸਥਾਵਾਂ ਵਰਗੇ ਨਾਂ ਗੁਲਵਿੰਦਰ ਸਿੰਘ ਉਰਫ ਭਿੰਦਾ ਗਾਖਲ ਅਤੇ ਗੁਰਨੇਕ ਸਿੰਘ ਅਟਵਾਲ ਦੀ ਭੱਜ ਨੱਠ ਵੀ ਹਾਕੀ ਪ੍ਰਤੀ ਵਡਿਆਈ ਜਾਂਦੀ ਰਹੇਗੀ।

ਟੂਰਨਾਮੈਂਟ ਦੌਰਾਨ ਕਬੱਡੀ ਨੂੰ ਪ੍ਰੋਮੋਟ ਕਰਨ ਵਾਲੀ ਹਸਤੀ ਜੌਹਨ ਗਿੱਲ ਅਨੇਕਾਂ ਹੋਰ ਖੇਡ ਕਲੱਬਾਂ ਦੇ ਨੁਮਾਇੰਦੇ ਅਤੇ ਜਸਵੰਤ ਸਿੰਘ ਹੋਠੀ, ਹਰਦੁੱਮਣ ਸਿੰਘ ਬਿੱਲਾ ਸੰਘੇੜਾ, ਡਾ. ਪ੍ਰਿਤਪਾਲ ਸਿੰਘ, ਜਸਜੀਤ ਸਿੰਘ, ਸਰਬਜੀਤ ਸਿੰਘ ਮਾਹਲ, ਕਬੱਡੀ ਖਿਡਾਰੀ ਤੀਰਥ ਗਾਖਲ, ਸਤਨਾਮ ਸਿੰਘ ਨਿੱਝਰ, ਗਾਇਕ ਅਨੂਪ ਸਿੰਘ ਚੀਮਾ, ਅਮਰਜੀਤ ਦੁਲਾਈ, ਕਸ਼ਮੀਰ ਸਿੰਘ ਧੁੱਗਾ, ਮੁੱਖ ਪ੍ਰਬੰਧਕ ਗੁਲਵਿੰਦਰ ਸਿੰਘ ਭਿੰਦਾ ਗਾਖਲ ਅਤੇ ਨੇਕੀ ਅਟਵਾਲ, ਦੇਵ ਅਟਵਾਲ, ਸੁਰਜੀਤ ਸਿੰਘ ਨਿੱਝਰ, ਜੀਤੂ ਧਾਲੀਵਾਲ, ਮਨਜੀਤ ਸਿੰਘ ਉਪਲ ਅਤੇ ਜਸਵਿੰਦਰ ਸਿੰਘ ਬੋਪਾਰਾਏ, ਡਾ. ਸਨੀ ਬਡਿਆਲ ਹਾਜ਼ਰ ਸਨ।

*ਤਸਵੀਰਾਂ: ਗੁਰਿੰਦਰ ਸਿੰਘ (ਮੂਨਲਾਈਟ ਸਟੂਡੀਓ)*

ਜਸ ਪੰਜਾਬੀ ਅਤੇ ਗਲੋਬਲ ਪੰਜਾਬ ਟੀ ਵੀ ਦੀ ਟੀਮ ਵੀ ਪਹੁੰਚੀ ਹੋਈ ਸੀ।

ਪੈਸਿਫਿਕ ਯੂਨੀਵਰਸਿਟੀ ਆਫ ਸਟਾਕਟਨ ਦੀਆਂ ਗਰਾਊਂਡਾਂ ਨੂੰ ਤਿੰਨ ਦਿਨ ਭਾਗ ਲੱਗੇ ਰਹੇ, ਲੰਗਰ ਵੀ ਵਰਤਦਾ ਰਿਹਾ ਅਤੇ ਕਿਸੇ ਪਾਰਕਿੰਗ ਲਾਟ ਵਿਚ ਕਿਸੇ ਪੰਜਾਬੀ ਨੂੰ ਚੋਰੀ ਛੁਪੇ 'ਘੁੱਟ' ਲਾਉਂਦਾ ਵੀ ਨਹੀਂ ਵੇਖਿਆ ਗਿਆ।

ਮੰਚ ਸੰਚਾਲਨ ਡੈਲਸ ਤੋਂ ਪੁੱਜੇ ਉਘੇ ਰੇਡੀਓ ਹੋਸਟ ਅਮਰਜੀਤ ਸਿੰਘ ਢਿੱਲੋਂ ਨੇ ਬਾਖੂਬੀ ਕੀਤਾ ਜੋ ਖੁਦ ਵੀ ਚੰਗੀ ਹਾਕੀ ਖੇਡਦੇ ਰਹੇ ਹਨ।









# ਹਾਈ ਕੋਰਟ ਨੇ ਕੌਮਾਂਤਰੀ ਉਡਾਣਾਂ ਦੇ ਦਾਅਵੇ 'ਤੇ ਕੀਤਾ ਸਰਕਾਰ ਨੂੰ ਠਿੱਠ

**ਚੰਡੀਗੜ੍ਹ:** ਚੰਡੀਗੜ੍ਹ ਹਵਾਈ ਅੱਡੇ ਤੋਂ ਕੌਮਾਂਤਰੀ ਉਡਾਣਾਂ ਦੀ ਸ਼ੁਰੂਆਤ ਵਿਚ ਦੇਰੀ ਦੇ ਮਾਮਲੇ 'ਤੇ ਹਾਈ ਕੋਰਟ ਨੇ ਸਰਕਾਰ ਨੂੰ ਤਿੱਖੇ ਸਵਾਲ ਕੀਤੇ ਹਨ। ਹਾਈ ਕੋਰਟ ਦੇ ਡਵੀਜ਼ਨ ਬੈਂਚ ਨੇ ਮੌਖਿਕ ਟਿੱਪਣੀ ਕਰਦਿਆਂ ਕਿਹਾ ਕਿ ਜੇ ਕੌਮਾਂਤਰੀ ਉਡਾਣਾਂ ਸ਼ੁਰੂ ਹੀ ਨਹੀਂ ਕਰਨੀਆਂ ਸੀ ਤਾਂ 1400 ਕਰੋੜ ਰੁਪਏ ਖਰਚ ਕੇ ਕਿਉਂ ਨਵਾਂ ਏਅਰਪੋਰਟ ਬਣਵਾਇਆ ਗਿਆ। ਉਨ੍ਹਾਂ ਕਿਹਾ ਕਿ ਉਡਾਣਾਂ 'ਚ ਲਗਾਤਾਰ ਦੇਰੀ ਕਾਰਨ ਹੁਣ ਇਸ ਮਾਮਲੇ ਵਿਚੋਂ ਘੁਟਾਲੇ ਦੀ ਬਦਬੂ ਆਉਣ ਲੱਗੀ ਹੈ।

ਬੈਂਚ ਨੇ ਮੌਖਿਕ ਤੌਰ 'ਤੇ ਕਿਹਾ ਕਿ ਉਡਾਣਾਂ ਵਿਚ ਹੋ ਰਹੀ ਦੇਰੀ ਲਈ ਜ਼ਿੰਮੇਵਾਰ ਅਧਿਕਾਰੀਆਂ ਨੂੰ ਜੇਲ੍ਹ ਕਰ ਦੇਣੀ ਚਾਹੀਦੀ ਹੈ। ਬੈਂਚ ਨੇ ਕਿਹਾ ਕਿ ਅਜੇ ਵੀ ਨਵੇਂ ਕੌਮਾਂਤਰੀ ਹਵਾਈ ਅੱਡੇ ਤੋਂ ਉਹੀ ਉਡਾਣਾਂ ਉੱਡ ਰਹੀਆਂ ਹਨ, ਜੋ ਪੁਰਾਣੇ ਹਵਾਈ ਅੱਡੇ ਤੋਂ ਉਡਦੀਆਂ ਸਨ। ਹਾਈ ਕੋਰਟ ਨੇ ਕੇਂਦਰ ਤੇ ਅਥਾਰਟੀ ਨੂੰ ਫਟਕਾਰ ਪਾਉਂਦਿਆਂ ਕਿਹਾ ਕਿ ਇਹ ਸਿੱਧੇ ਤੌਰ 'ਤੇ 1400 ਕਰੋੜ ਰੁਪਏ ਦਾ ਘੁਟਾਲਾ ਹੈ। ਮਾਮਲੇ ਦੀ ਪਿਛਲੀ ਸੁਣਵਾਈ ਦੌਰਾਨ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਅਥਾਰਟੀ ਨੂੰ ਅਗਲੇ 10 ਦਿਨਾਂ ਵਿਚ ਕੌਮਾਂਤਰੀ ਉਡਾਣਾਂ ਦੀ ਸੂਚੀ, ਸਮਾਂ ਤੇ ਗਿਣਤੀ ਬਾਰੇ ਮੁਕੰਮਲ ਰਿਪੋਰਟ ਦਾਇਰ ਕਰਨ ਲਈ ਕਿਹਾ ਸੀ। ਅਥਾਰਟੀ ਨੇ ਹਾਈ ਕੋਰਟ ਨੂੰ ਦੱਸਿਆ ਕਿ 48 ਕੌਮਾਂਤਰੀ ਹਵਾਈ ਕੰਪਨੀਆਂ ਨਾਲ ਸੰਪਰਕ ਕੀਤਾ ਗਿਆ ਹੈ। ਕਈ ਦੇਸ਼ਾਂ ਨਾਲ ਸੰਪਰਕ ਨਹੀਂ ਹੋ ਰਿਹਾ। ਦੱਸਿਆ ਗਿਆ ਕਿ ਬੁਲਗਾਰੀਆ ਅਤੇ ਦੁੱਬਈ ਨਾਲ ਗੱਲਬਾਤ ਹੋਈ ਹੈ। ਇਸ 'ਤੇ ਹਾਈ ਕੋਰਟ ਨੇ ਟਿੱਪਣੀ ਕਰਦਿਆਂ ਕਿਹਾ ਕਿ ਜ਼ਿਆਦਾਤਰ ਲੋਕ ਕਾਰੋਬਾਰ ਅਤੇ ਪੜ੍ਹਾਈ ਲਈ ਕੈਨੇਡਾ, ਅਮਰੀਕਾ, ਇੰਗਲੈਂਡ ਤੇ ਆਸਟਰੇਲੀਆ ਜਾਂਦੇ ਹਨ। ਅਜਿਹੇ ਵਿਚ ਬੁਲਗਾਰੀਆ ਨਾਲ ਗੱਲਬਾਤ ਕਰਨ ਦੀ ਕੀ ਤੁਕ ਬਣਦੀ ਹੈ? ਹੁਣ ਬੈਂਚ ਨੇ ਇਸ ਮਾਮਲੇ ਵਿਚ ਜਵਾਬ ਦੇਣ ਲਈ ਆਖਰੀ ਮੌਕਾ ਦਿੰਦਿਆਂ ਸ਼ਹਿਰੀ ਹਵਾਬਾਜ਼ੀ ਵਿਭਾਗ ਦੇ ਡਾਇਰੈਕਟਰ ਜਨਰਲ ਤੇ ਏਅਰਪੋਰਟ ਅਥਾਰਟੀ ਆਫ ਇੰਡੀਆ ਨੂੰ ਮੀਟਿੰਗ ਕਰ ਕੇ ਕੌਮਾਂਤਰੀ ਉਡਾਣਾਂ ਬਾਰੇ ਫੈਸਲਾ ਲੈਣ ਲਈ ਕਿਹਾ ਹੈ। ਇਹ ਵੀ ਦੱਸ ਦਈਏ ਕਿ ਪਿਛਲੀ ਸੁਣਵਾਈ ਦੌਰਾਨ ਅਥਾਰਟੀ ਨੇ ਕਿਹਾ ਸੀ ਕਿ ਇਸ ਏਅਰਪੋਰਟ ਤੋਂ ਪਹਿਲੀ ਕੌਮਾਂਤਰੀ ਉਡਾਣ 27 ਮਾਰਚ ਨੂੰ ਇੰਡੀਗੋ ਦੀ ਫਲਾਈਟ ਭਰੇਗੀ, ਪਰ ਜਹਾਜ਼ਾਂ ਦੀ ਕਮੀ ਕਾਰਨ ਕੰਪਨੀ ਵੱਲੋਂ ਇਹ ਉਡਾਣ ਸ਼ੁਰੂ ਕਰਨ 'ਚ ਅਜੇ ਸਮਾਂ ਲਗੇਗਾ।

## *1400 ਕਰੋੜ ਰੁਪਏ ਖਰਚਣ ਬਾਰੇ ਚੁੱਕੇ ਸਵਾਲ*



## ਅੱਡੇ ਨੂੰ ਸ਼ਹੀਦ ਭਗਤ ਸਿੰਘ ਨਾਂ ਦੇਣ ਲਈ ਹਰਿਆਣਾ ਰਾਜ਼ੀ

**ਚੰਡੀਗੜ੍ਹ:** ਹਰਿਆਣਾ ਵਿਧਾਨ ਸਭਾ ਨੇ ਸਰਬਸੰਮਤੀ ਨਾਲ ਮਤਾ ਪਾਸ ਕਰ ਕੇ ਕਿਹਾ ਹੈ ਕਿ ਚੰਡੀਗੜ੍ਹ ਕੌਮਾਂਤਰੀ ਹਵਾਈ ਅੱਡੇ ਦਾ ਨਾਂ ਸ਼ਹੀਦ ਭਗਤ ਸਿੰਘ ਕੌਮਾਂਤਰੀ ਹਵਾਈ ਅੱਡਾ ਚੰਡੀਗੜ੍ਹ ਰੱਖਿਆ ਜਾਵੇ। ਸ਼ਹੀਦ ਦੇ ਨਾਮ 'ਤੇ ਅੱਡੇ ਦਾ ਨਾਂ ਰੱਖਣ ਲਈ ਮਤੇ ਦੀ ਇਕ ਕਾਪੀ ਕੇਂਦਰੀ ਸ਼ਹਿਰੀ ਹਵਾਬਾਜ਼ੀ ਮੰਤਰਾਲੇ ਨੂੰ ਭੇਜੀ ਜਾਵੇਗੀ।

ਹਰਿਆਣਾ ਵਿਧਾਨ ਸਭਾ ਬਜਟ ਸੈਸ਼ਨ ਦੇ ਆਖਰੀ ਦਿਨ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਨੇ ਕੌਮਾਂਤਰੀ ਹਵਾਈ ਅੱਡੇ ਦਾ ਨਾਂ ਸ਼ਹੀਦ ਭਗਤ ਸਿੰਘ ਕੌਮਾਂਤਰੀ ਹਵਾਈ ਅੱਡਾ ਚੰਡੀਗੜ੍ਹ ਰੱਖਣ ਲਈ ਮਤਾ ਪੇਸ਼ ਕੀਤਾ ਜਿਸ ਨੂੰ ਮੈਂਬਰਾਂ ਨੇ ਮੇਜ਼ ਥਪਥਪਾ ਕੇ ਪਾਸ ਕਰ ਦਿੱਤਾ।


HIGH QUALITY PICTURE
HD TVI, SDI, IP
We install anywhere in California
NEW TREND IN SECURITY SYSTEM
ULTRA HIGH DEFINITION
MOTORIZED LENS
Call Sukhpal for your next security solution purchase
2 YEAR WARRANTY
Vista
CCTV TECHNOLOGY
SOLUTION PROVIDER COMPANY
661-586-5080
commvision@sbcglobal.net


REGULAR
2.09 9/10
Diesel
EC Unleaded
888 9/10
2.09 9/10
GAS SIGN
MESSAGE BOARD
Box & Channel Letters SIGNS
We Install any where in California
ELECTRIC SIGN COMPANY
Call For More Info:
1-661-586-5080


H K TRANSPORT INC
Division of HK Incorporated
1401 West Ray St, Indianapolis, IN 46221
Ph: 317-408-3211, web: www.hktransportinc.com
HK Trans
ਓਨਰ ਅਪਰੇਟਰਾਂ ਅਤੇ ਡਰਾਈਵਰਾਂ ਦੀ ਲੋੜ ਹੈ
ਸਾਰੀਆਂ 48 ਸਟੇਟਾਂ ਲਈ, ਡਰਾਈ ਫਰੇਟ, 100% ਨੋ ਟੱਚ, ਬਰੈਂਡ ਨਿਊ ਟਰੱਕ/ਟਰੇਲਰ, ਡਾਇਰੈਕਟ ਡਿਪੋਜ਼ਿਟ, ਮੈਡੀਕਲ ਸਹੂਲਤਾਂ ਅਤੇ 5000 ਡਾਲਰ ਸਾਈਨ-ਇਨ ਬੋਨਸ
ਓਨਰ ਅਪਰੇਟਰਾਂ ਲਈ
*92% ਫਲੈਟ ਡਿਸਪੈਚ
*30 ਸੈਂਟ/ਗੈਲਨ ਤੱਕ ਫਿਊਲ ਡਿਸਕਾਊਂਟ
*ਬਰੈਂਡ ਨਿਊ ਟਰੇਲਰ
*ਨੈਸ਼ਨਲ ਟਾਇਰ ਰਿਬੇਟ ਪ੍ਰੋਗਰਾਮ
ਡਰਾਈਵਰਾਂ ਲਈ
*48 ਸੈਂਟ ਤੱਕ ਪ੍ਰਤੀ ਮੀਲ
*95% ਲੋਡ ਯਾਰਡ 'ਚ ਹੁੱਕ ਐਂਡ ਡਰਾਪ
*ਵਧੀਆ ਅਤੇ ਸਾਫ ਸੁਥਰੇ ਟਰੱਕ
ਡਰਾਈਵਰਾਂ ਅਤੇ ਓਨਰ ਅਪਰੇਟਰਾਂ ਲਈ ਡਾਇਰੈਕਟ ਡਿਪਾਜ਼ਿਟ ਅਤੇ ਵੀਕਲੀ ਪੇਅ
ਲੋੜੀਂਦੀ ਯੋਗਤਾ:
■ਕਲਾਸ ਏ ਸੀ ਡੀ ਐਲ ਅਤੇ ਸਾਫ-ਸੁਥਰਾ ਰਿਕਾਰਡ ਹੋਵੇ ■ਉਮਰ ਘੱਟੋ ਘੱਟ 23 ਸਾਲ ■ਘੱਟੋ ਘੱਟ 2 ਸਾਲ ਦਾ ਓ ਟੀ ਆਰ ਅਤੇ ਕੁਲ 5 ਸਾਲ ਦਾ ਤਸਦੀਕਯੋਗ ਤਜ਼ਰਬਾ ਹੋਵੇ।
ਤੁਸੀਂ ਸਾਡੇ 'ਲੀਜ਼ ਟੂ ਬਾਈ' ਪ੍ਰੋਗਰਾਮ ਦਾ ਲਾਭ ਵੀ ਉਠਾ ਸਕਦੇ ਹੋ
ਡਾਇਰੈਕਟ ਡਿਪਾਜ਼ਿਟ ਅਤੇ ਪੰਪ 'ਤੇ ਫਿਊਲ ਰਿਬੇਟ
ਸੰਪਰਕ ਕਰੋ: ਫੋਨ 317-408-3211
ਜਾਂ ਵੈਬ ਸਾਈਟ www.hktransportinc.com 'ਤੇ ਅਰਜੀ ਭਰੋ


AFJ
TRUCK DRIVING SCHOOL
ਏਅਰਪੋਰਟ ਤੋਂ ਪਿਕਅੱਪ ਤੇ ਡਰੌਪ ਆਫ ਦਾ ਵੀ ਖਾਸ ਪ੍ਰਬੰਧ ਹੈ।
deep@jfsinc.us
100% SATISFACTION GUARANTEED
ਵਾਜ਼ਿਬ ਰੇਟ, ਫਾਸਟ ਸਰਵਿਸ,
ਸਰਟੀਫਾਈਡ, ਤਜ਼ਰਬੇਕਾਰ ਇੰਸਟਰੱਕਟਰ,
ਰਿਹਾਇਸ਼ ਦਾ ਬਹੁਤ ਵਧੀਆ ਪ੍ਰਬੰਧ ਹੈ।
ਅਸੀਂ ਲਾਗ ਬੁੱਕ ਅਤੇ ਸੇਫਟੀ ਦੀ ਟ੍ਰੇਨਿੰਗ ਵੀ ਦਿੰਦੇ ਹਾਂ
ਲਾਇਸੰਸ ਦੀ ਗਾਰੰਟੀ • Experienced Instructors
3506 W. Nielsen Ave. Fresno CA 93706
Tel.: 559.266.4000 Cell : 559.217.5986

# ਸਫਲ ਰਿਹਾ ਫਰਿਜ਼ਨੋ ਵਾਲੀਬਾਲ ਕਮੇਟੀ ਦਾ ਸਭਿਆਚਾਰਕ ਤੇ ਖੇਡ ਮੇਲਾ

**ਫਰਿਜ਼ਨੋ:** ਸਥਾਨਕ ਵਾਲੀਬਾਲ ਕਮੇਟੀ ਵੱਲੋਂ ਤੀਸਰਾ ਸਾਲਾਨਾ ਵਾਲੀਬਾਲ ਟੂਰਨਾਮੈਂਟ ਇਥੇ ਬੰਬੇ ਬਿਜ਼ਨਸ ਪਾਰਕ ਵਿਚ ਕਰਵਾਇਆ ਗਿਆ। ਟੂਰਨਾਮੈਂਟ ਦਾ ਉਦਘਾਟਨ ਫਰਿਜ਼ਨੋ ਦੀ ਬਹੁ-ਪੱਖੀ ਸ਼ਖਸੀਅਤ ਰਾਮਾਕਾਂਤ ਡਾਬਰ ਅਤੇ ਨਾਜ਼ਰ ਸਿੰਘ ਸਹੋਤਾ ਨੇ ਅਰਦਾਸ ਪਿਛੋਂ ਆਪਣੇ ਕਰ ਕਮਲਾਂ ਨਾਲ ਕੀਤਾ।


ਟੂਰਨਾਮੈਂਟ ਵਿਚ ਹਿੱਸਾ ਲੈਣ ਲਈ ਵਾਲੀਬਾਲ ਦੀਆਂ ਬਾਰਾਂ ਟੀਮਾਂ ਅਮਰੀਕਾ ਅਤੇ ਕੈਨੇਡਾ ਦੇ ਵੱਖ ਵੱਖ ਸ਼ਹਿਰਾਂ ਤੋਂ ਪਹੁੰਚੀਆਂ ਹੋਈਆਂ ਸਨ। ਟੂਰਨਾਮੈਂਟ ਦੇ ਸਾਰੇ ਮੈਚ ਹੀ ਬੜੇ ਦਿਲਚਸਪ ਰਹੇ। ਟੀਮਾਂ ਨੇ ਵਧੀਆ ਖੇਡ ਦਾ ਪ੍ਰਦਰਸ਼ਨ ਕਰ ਕੇ ਦਰਸ਼ਕਾਂ ਦੀ ਵਾਹ ਵਾਹ ਖੱਟੀ। ਪਹਿਲਾ ਸੈਮੀ-ਫਾਈਨਲ ਮੈਚ ਫਰਿਜ਼ਨੋ ਤੇ ਐਬਟਸਫੋਰਡ ਵਿਚਾਲੇ ਹੋਇਆ। ਦਰਸ਼ਕ ਖਚਾਖਚ ਭਰੇ ਗਰਾਊਂਡ ਵਿਚ ਇਕੱਲੇ-ਇਕੱਲੇ ਪੁਆਇੰਟ 'ਤੇ ਖਿਡਾਰੀਆਂ ਦੀ ਤਾੜੀਆਂ ਦੀ ਗੂੰਜ ਨਾਲ ਹੌਸਲਾ ਅਫਜ਼ਾਈ ਕਰ ਰਹੇ ਸਨ। ਇਹ ਫਸਵਾਂ ਮੈਚ ਐਬਟਸਫੋਰਡ ਨੇ ਫਰਿਜ਼ਨੋ ਨੂੰ ਹਰਾ ਕੇ ਆਪਣੇ ਨਾਂ ਕੀਤਾ। ਦੂਜੇ ਸੈਮੀ ਫਾਈਨਲ ਵਿਚ ਕੈਲਗਰੀ ਨੂੰ ਹਰਾ ਕੇ ਸਰੀ 'ਏ' ਟੀਮ ਜੇਤੂ ਰਹੀ।

ਫਾਈਨਲ ਮੈਚ ਐਬਟਸਫੋਰਟ ਅਤੇ ਸਰੀ 'ਏ' ਵਿਚਾਲੇ ਖੇਡਿਆ ਗਿਆ। ਹਲਕੀ ਜਦੋ-ਜਹਿਦ ਮਗਰੋਂ ਸਰੀ 'ਏ' ਨੇ ਜੇਤੂ ਰਹੀ ਅਤੇ 2100 ਡਾਲਰ ਦਾ ਪਹਿਲਾਂ ਇਨਾਮ ਹਾਸਲ ਕੀਤਾ। ਦੂਸਰਾ, ਤੀਜੇ ਅਤੇ ਚੌਥੇ ਥਾਂ ਰਹੀ ਟੀਮ ਨੂੰ ਕ੍ਰਮਵਾਰ 1500 ਡਾਲਰ, 700 ਡਾਲਰ ਅਤੇ 500 ਡਾਲਰ ਦੇ ਇਨਾਮ ਦੇ ਕੇ ਸਨਮਾਨਿਤ ਕੀਤਾ ਗਿਆ। ਟੂਰਨਾਮੈਂਟ ਦੀ ਕੁਮੈਂਟਰੀ ਬਬਲਾ ਮਲੂਕਾ ਅਤੇ ਗੁਰਜਪਾਲ ਸਿੱਧੂ ਨੇ ਕੀਤੀ। ਦੋਵੇਂ ਦਿਨ ਲੰਗਰ ਅਤੁਟ ਵਰਤਿਆ। ਸ਼ਾਮ ਨੂੰ ਦਰਸ਼ਕਾਂ ਦੇ ਮਨੋਰੰਜਨ ਲਈ ਗਾਇਕੀ ਦਾ ਖੁਲ੍ਹਾ ਅਖਾੜਾ ਮਾਣਨ ਵਾਲਾ ਸੀ। ਗਾਇਕ ਧਰਮਵੀਰ ਥਾਂਦੀ, ਅਕਾਸ਼ਦੀਪ ਅਤੇ ਜੀਤਾ ਗਿੱਲ ਨੇ ਆਪਣੀ ਮਿਆਰੀ ਗਾਇਕੀ ਰਾਹੀ ਦਰਸ਼ਕਾਂ ਨੂੰ ਕੀਲੀ ਰੱਖਿਆ।

ਟੂਰਨਾਮੈਂਟ ਨੂੰ ਕਾਮਯਾਬ ਬਣਾਉਣ ਲਈ ਅਣਥੱਕ ਖੇਡ ਪ੍ਰੋਮੋਟਰ ਨਾਜ਼ਰ ਸਹੋਤਾ, ਹਾਕਮ ਸਿੰਘ ਢਿੱਲੋਂ, ਰਛਪਾਲ ਸਿੰਘ ਸਹੋਤਾ (ਪ੍ਰਾਈਮ ਟਰੱਕ ਡਰਾਈਵਿੰਗ ਸਕੂਲ), ਬਿੱਟੂ ਕੁਸਾ, ਦੇਵ (ਐਸ ਪੀ ਟਰਕਿੰਗ), ਪਾਲੀ ਥਾਂਦੀ ਅਤੇ ਸਮੂਹ ਵਾਲੀਬਾਲ ਕਮੇਟੀ ਦੇ ਮੈਂਬਰਾਂ ਨੇ ਭਰਵੀਂ ਮਿਹਨਤ ਕੀਤੀ।

































ਤਸਵੀਰਾਂ: ਮਾਛੀਕੇ-ਧਾਲੀਆਂ



# ਗੁਰਦੁਆਰਾ ਸਾਹਿਬ ਗੁਰੂ ਅੰਗਦ ਦਰਬਾਰ, ਬੇਕਰਸਫ਼ੀਲਡ

## 8100 Stine Rd. Bakersfield,CA

ਖਾਲਸਾ ਪੰਥ ਦੇ ਸਿਰਜਨਾ ਦਿਵਸ, ਧੰਨ ਸ਼੍ਰੀ ਗੁਰੂ ਅੰਗਦ ਦੇਵ ਜੀ ਦੇ ਅਤੇ ਧੰਨ ਸ਼੍ਰੀ ਗੁਰੂ ਤੇਗ ਬਹਾਦਰ ਜੀ ਦੇ ਪਾਵਨ ਪ੍ਰਕਾਸ਼ ਦਿਵਸ ਨੂੰ ਮੁੱਖ ਰਖਦੇ ਹੋਏ ਸਮੂਹ ਸੰਗਤਾਂ ਦੇ ਸਹਯੋਗ ਨਾਲ

# 13ਵਾਂ ਮਹਾਨ ਨਗਰ ਕੀਰਤਨ

## 24 ਅਪ੍ਰੈਲ ਨੂੰ ਹੋ ਰਿਹਾ ਹੈ।


ਭਾਈ ਵਰਿੰਦਰ ਸਿੰਘ ਜੀ ਵਾਰਸ ਅਤੇ ਸਾਥੀ


ਭਾਈ ਪਿੰਦਰਪਾਲ ਸਿੰਘ ਜੀ


ਭਾਈ ਹੀਰਾ ਸਿੰਘ (ਹਜ਼ੂਰੀ ਰਾਗੀ ਜੱਥਾ)


ਭਾਈ ਜਸਮੇਰ ਸਿੰਘ ਜੀ

ਭਾਈ ਪਿੰਦਰਪਾਲ ਸਿੰਘ ਜੀ 20 ਅਪ੍ਰੈਲ ਤੋਂ ਲੈਕੇ 24 ਅਪ੍ਰੈਲ ਤੱਕ ਸੰਗਤਾਂ ਨੂੰ ਗੁਰਬਾਣੀ ਕਥਾ ਰਾਹੀਂ ਨਿਹਾਲ ਕਰਣਗੇ

ਭਾਈ ਵਰਿੰਦਰ ਸਿੰਘ ਜੀ ਵਾਰਸ ਅਤੇ ਸਾਥੀ ਢਾਡੀ ਜੱਥਾ 18 ਅਪ੍ਰੈਲ ਥੋਂ ਲੈਕੇ 24 ਅਪ੍ਰੈਲ ਤੱਕ ਢਾਡੀ ਵਾਰਾਂ ਰਾਹੀਂ ਸੰਗਤਾਂ ਨੂੰ ਨਿਹਾਲ ਕਰਣਗੇ॥

23 ਅਪ੍ਰੈਲ ਦਿਨ ਸ਼ਨੀਵਾਰ ਨੂੰ 6 ਵਜੇ ਤੋਂ ਲੈਕੇ 10 ਵਜੇ ਤੱਕ ਦੀਵਾਨ ਸਜਣਗੇ ਅਤੇ 24 ਅਪ੍ਰੈਲ ਦਿਨ ਐਤਵਾਰ ਸਵੇਰ ਦੇ ਦੀਵਾਨ ਵਿਚ ਆਸਾ ਜੀ ਦੀ ਵਾਰ ਦਾ ਕੀਰਤਨ, ਕੀਰਤਨੀ ਜੱਥੇ, ਕਥਾਕਾਰ, ਢਾਡੀ ਅਤੇ ਪੰਥਕ ਬੁਲਾਰੇ ਅਪਣੇ ਵਿਚਾਰਾਂ ਨਾਲ ਸੰਗਤਾਂ ਨੂੰ ਨਿਹਾਲ ਕਰਣਗੇ॥

ਦੀਵਾਨ ਦੀ ਸਮਾਪਤੀ ਉਪਰੰਤ 12:30 ਵਜੇ ਨਗਰ ਕੀਰਤਨ ਦੀ ਅਰੰਭਤਾ ਹੋਵੇਗੀ ਜੀ

ਬੇਨਤੀ ਹੈ ਕਿ ਨਗਰ ਕੀਰਤਨ ਦੌਰਾਨ ਸੰਗਤ ਦੇ ਵਿੱਚ ਕਾਰਾਂ ਯਾਂ ਪਿੱਕਅਪ ਨਾ ਲਿਜਾਏ ਜਾਣ॥

**ਨਗਰ ਕੀਰਤਨ ਦਾ ਰੂਟ**

ਗੁਰਦੁਆਰਾ ਸਾਹਿਬ ਤੋਂ ਸਟਾਈਨ ਰੋਡ ਸੱਜੇ, ਹਾਸਕਿੰਗ ਰੋਡ ਸੱਜੇ, ਏਕਰਸ ਤੋਂ ਸੱਜੇ, ਮੈੱਕੀ ਤੋਂ ਸੱਜੇ, ਸਟਾਈਨ ਤੋਂ ਸੱਜੇ ਵਾਪਸ ਗੁਰਦੁਆਰਾ ਸਹਿਬ ਜੀ

ਨਗਰ ਕੀਰਤਨ ਬਾਰੇ ਕਿਸੇ ਵੀ ਕਿਸਮ ਦੀ ਜਾਣਕਾਰੀ ਲਈ ਕਾਲ ਕਰੋ:- ਗੁਰਪ੍ਰੀਤ ਸਿੰਘ ਰਾਏ 661-978-6333

**ਫਲੋਟ ਸਜਾਉਣ ਦੀ ਅਤੇ ਲਗਵਾਉਣ ਦੀ ਸੇਵਾ**
ਗੁਰਜੀਤ ਸਿੰਘ ਮਾਣਕ 661-444-7799
ਜਗਤਾਰ ਸਿੰਘ ਗਿੱਲ 661-900-7466

**ਲੰਗਰ ਸਟਾਲ ਦੀ ਸੇਵਾ**
ਗੁਰਪ੍ਰੀਤ ਸਿੰਘ ਰਾਏ 661-978-6333
ਗੁਰਜੀਤ ਸਿੰਘ ਮਾਣਕ 661-444-7799

**ਪੰਜ ਪਿਆਰਿਆਂ ਦੀ ਸੇਵਾ**
ਬਲਵੀਰ ਸਿੰਘ 661-444-3902
ਰਮਿੰਦਰ ਸਿੰਘ ਬਸਰਾ 661-903-5149

**ਗੁਰੂ ਕੇ ਲੰਗਰ ਦੀ ਸੇਵਾ**
ਸੁਖਬੀਰ ਸਿੰਘ ਸੰਧੂ 661-703-1842
ਮਨਜੀਤ ਸਿੰਘ ਜੌਹਲ 661-444-6635
ਸੇਵਾ ਸਿੰਘ ਰੰਧਾਵਾ 661-832-8412

**ਦਾਨੀ ਸੱਜਣ ਸੰਪਰਕ ਕਰਣ**
ਗੁਰਦੀਪ ਸਿੰਘ ਢੀਂਡਸਾ 661-444-7666
ਸ਼ਿੰਦਾ ਸਿੰਘ ਉਪਲ 661-303-6711
ਬਲਵੀਰ ਸਿੰਘ 661-444-3902

**ਦੁਕਾਨਾਂ ਦੀ ਸੇਵਾ**
ਕੁਲਵਿੰਦਰ ਸਿੰਘ 661-201-0777
ਰਮਿੰਦਰ ਸਿੰਘ ਬਸਰਾ 661-903-5149

**ਸਹਯੋਗ:** ਸਮੂਹ ਸੰਗਤ ਬੇਕਰਸਫ਼ੀਲਡ ਸਿੱਖ ਟੈਂਪਲ, ਪੀ. ਸਟ੍ਰੀਟ॥ ਗੁਰ ਨਾਨਕ ਮਿਸ਼ਨ ਸਿੱਖ ਸੈਂਟਰ॥ ਗੁਰਦਵਾਰਾ ਗੁਰ ਦਸਮੇਸ਼ ਦਰਬਾਰ, ਵਾਈਬਲ ਰੋਡ॥ ਸ਼ਹੀਦ ਬਾਬਾ ਦੀਪ ਸਿੰਘ ਜੀ ਖਾਲਸਾ ਦਰਬਾਰ ॥ ਪੰਜਾਬੀ ਅਮੇਰਿਕਨ ਸੀਨੀਅਰ ਸਿਟੀਜ਼ਨ ਸੈਂਟਰ ਆਫ ਬੇਕਰਸਫ਼ੀਲਡ। ਸਿੱਖ ਰਾਈਡਰਸ ਆਫ ਅਮੇਰਿਕਾ॥

NK SIGN INDUSTRY INC.661-978-7319

# ਅਬੀਰ ਹੱਕ ਦੀਆਂ ਲੰਮੀਆਂ ਵਾਟਾਂ




## ਕਲਾ ਪਰਿਕਰਮਾ


ਜਗਜੀਤ ਸਿੰਘ ਸੇਖੋਂ

ਅਮਰੀਕੀ ਮੁਟਿਆਰ ਅਬੀਰ ਹੱਕ ਦੀ ਸਵੈ-ਜੀਵਨੀ 'ਓਲਿਵ ਵਿੱਚ' (ਕੱਕੀ ਕਾਮਨੀ) ਹਾਲ ਹੀ ਵਿਚ ਪ੍ਰਕਾਸ਼ਿਤ ਹੋਈ ਹੈ। ਚੜ੍ਹਦੀ ਉਮਰ ਵਿਚ ਹੀ ਸਵੈ-ਜੀਵਨੀ ਦੀ ਰਚਨਾ ਕਰਨ ਕਰ ਕੇ ਉਸ ਨੂੰ ਸਵਾਲ-ਦਰ-ਸਵਾਲ ਹੋ ਰਹੇ ਹਨ। ਅਸਲ ਵਿਚ ਆਮ ਧਾਰਨਾ ਇਹੀ ਹੈ ਕਿ ਲੇਖਕ ਸਵੈ-ਜੀਵਨੀ ਉਮਰ ਦੇ ਆਖਰੀ ਪੜਾਅ ਉਤੇ ਲਿਖੇਗਾ। ਉਂਜ ਬਹੁਤ ਸਾਰੇ ਲੋਕਾਂ ਦਾ ਇਹ ਵਿਚਾਰ ਵੀ ਹੈ ਕਿ ਪਿਛਲੀ ਉਮਰ ਵਿਚ ਲੇਖਕ ਇਸ ਕਰ ਕੇ ਸਵੈ-ਜੀਵਨੀ ਵਰਗੀ ਰਚਨਾ ਕਰਦਾ ਹੈ, ਕਿਉਂਕਿ ਉਦੋਂ ਤੱਕ ਉਸ ਕੋਲ ਕਹਿਣ ਲਈ ਬਹੁਤਾ ਕੁਝ ਬਚਿਆ ਨਹੀਂ ਹੁੰਦਾ। ਇਹ ਦੋਵੇਂ ਗੱਲਾਂ ਅਬੀਰ ਉਤੇ ਲਾਗੂ ਨਹੀਂ ਹੁੰਦੀਆਂ। ਅਬੀਰ ਦੀਆਂ ਕਵਿਤਾਵਾਂ ਪੜ੍ਹੋ ਤਾਂ ਹਰ ਵਾਕ ਵਿਚੋਂ ਤਾਜ਼ਗੀ ਝਾਤੀਆਂ ਮਾਰਦੀ ਪ੍ਰਤੀਤ ਹੁੰਦੀ ਹੈ। ਉਹ ਅਜੇ ਬੁੱਢੀ ਨਹੀਂ ਹੋਈ ਅਤੇ 'ਓਲਿਵ ਵਿੱਚ' ਪੜ੍ਹ ਕੇ ਲਗਦਾ ਹੈ ਕਿ ਉਸ ਕੋਲ ਕਰਨ ਵਾਲੀਆਂ ਬਹੁਤ ਸਾਰੀਆਂ ਗੱਲਾਂ ਹਨ ਅਤੇ ਆਪਣੀ ਇਸ ਕਿਤਾਬ ਵਿਚ ਉਸ ਨੇ ਬਹੁਤ ਸਾਰੀਆਂ ਗੱਲਾਂ, ਉਹ ਵੀ ਪੂਰੀ ਮੜ੍ਹਕ ਨਾਲ ਕੀਤੀਆਂ ਹਨ।

ਅਬੀਰ ਅਸਲ ਵਿਚ ਮਸਤ ਮੁਟਿਆਰ ਹੈ। ਇੰਨੀ ਮਸਤ ਕਿ 2005 ਵਿਚ ਉਹ ਸਾਨ ਫਰਾਂਸਿਸਕੋ (ਅਮਰੀਕਾ) ਤੋਂ ਇਕ ਸਾਲ ਲਈ ਬੈਂਕਾਕ ਜਾਂਦੀ ਹੈ, ਪਰ ਪੂਰੇ ਸੱਤ ਸਾਲ ਇਹ ਸਫਰ ਮੁੱਕਿਆ ਹੀ ਨਾ! ਦੋ ਸਾਲ ਤਾਂ ਉਹ ਆਪਣੀਆਂ ਜੜ੍ਹਾਂ ਵਾਲੇ ਮੁਲਕ ਬੰਗਲਾ ਦੇਸ਼ ਅਤੇ ਭਾਰਤ ਵਿਚ ਮੰਡਰਾਉਂਦੀ ਰਹੀ। ਉਹਦੇ ਮਾਪਿਆਂ ਦਾ ਪਿਛੋਕੜ ਬੰਗਲਾ ਦੇਸ਼ ਦਾ ਹੈ। ਇਸ ਟੂਰ ਦੌਰਾਨ ਉਸ ਨੇ ਜੀਵਨ ਦਾ ਅਸਲ ਰੰਗ ਦੇਖਿਆ ਅਤੇ ਉਸ ਅੰਦਰ ਸ਼ਬਦ ਮੌਲਣ ਲੱਗ ਪਿਆ। ਇਨ੍ਹਾਂ ਸੱਤ ਸਾਲਾਂ ਦੌਰਾਨ ਉਸ ਨੇ ਪੰਜ ਮਹਾਂਦੀਪਾਂ ਦੇ ਤੀਹ ਤੋਂ ਵੀ ਵੱਧ ਮੁਲਕ ਗਾਹ ਮਾਰੇ। ਇਸ ਸਮੇਂ ਦੌਰਾਨ ਹੀ ਹੌਲੀ-ਹੌਲੀ ਸ਼ਬਦ ਅਤੇ ਸੋਚ ਦੇ ਸੁਮੇਲ ਵਿਚੋਂ ਕਿਤਾਬ ਦਾ ਜਨਮ ਹੋ ਗਿਆ। ਇਹ ਕਿਤਾਬ ਕਵਿਤਾਵਾਂ ਨਾਲ ਭਰੀ ਪਈ ਸੀ। ਉਸ ਨੇ ਕਿਤਾਬ ਦਾ ਨਾਂ ਰੱਖਿਆ- 'ਦਿ ਲੌਂਗ ਵੇਅ ਹੋਮ'। ਇਹ ਕਿਤਾਬ 2013 ਵਿਚ ਛਪੀ ਸੀ।

ਅਗਲੇ ਹੀ ਸਾਲ ਉਸ ਨੇ ਨਾਵਲ ਰਚਨਾ ਕੀਤੀ ਜਿਸ ਦਾ ਨਾਂ 'ਦਿ ਲਵਰਜ਼ ਐਂਡ ਦਿ ਲੀਵਰਜ਼' ਰੱਖਿਆ। ਇਸ ਨਾਵਲ ਦਾ ਦੂਜਾ ਅਡੀਸ਼ਨ 2015 ਵਿਚ ਛਪ ਗਿਆ। ਆਪਣੀ ਯਾਤਰਾ ਵਾਂਗ ਆਪਣੀਆਂ ਇਨ੍ਹਾਂ ਰਚਨਾਵਾਂ ਵਿਚ ਵੀ ਉਸ ਨੇ ਰੱਜ ਕੇ ਤਜਰਬਾ ਕੀਤਾ। ਨਾਵਲ ਛੋਟੀਆਂ-ਛੋਟੀਆਂ ਕਹਾਣੀਆਂ ਜੋੜ ਕੇ ਬਣਾਇਆ। ਉਂਜ ਇਹ ਕਹਾਣੀਆਂ ਆਪਸ ਵਿਚ ਇੰਨੀਆਂ ਜੁੜੀਆਂ ਹੋਈਆਂ ਹਨ ਕਿ ਇਨ੍ਹਾਂ ਨੂੰ ਵੱਖ ਕਰ ਸਕਣਾ ਬਹੁਤ ਔਖਾ ਜਾਪਦਾ ਹੈ। ਕਵਿਤਾਵਾਂ ਨਾਲ ਟੰਗੀ ਖੁਦ ਕੀਤੀ ਫੋਟੋਗ੍ਰਾਫੀ ਧਿਆਨ ਖਿੱਚਦੀ ਹੈ।

ਇਸ ਤੋਂ ਬਾਅਦ ਹੁਣ 'ਓਲਿਵ ਵਿੱਚ' ਦੀ ਵਾਰੀ ਸੀ। ਇਸ ਵਿਚ ਉਸ ਨੇ ਆਪਣੇ ਬਚਪਨ ਤੋਂ ਲੈ ਕੇ ਹੁਣ ਤੱਕ ਦੇ ਚੋਣਵੇਂ ਵੇਰਵੇ ਪਰੋਏ ਹਨ। ਉਹ ਨਾਇਜੀਰੀਆ ਵਿਚ ਜੰਮੀ ਸੀ ਅਤੇ ਉਦੋਂ ਸਿਰਫ 13 ਸਾਲ ਦੀ ਸੀ ਜਦੋਂ ਆਪਣੇ ਮਾਪਿਆਂ ਨਾਲ ਅਮਰੀਕਾ ਆ ਗਈ। ਅੱਜ ਕੱਲ੍ਹ ਉਹ ਫੋਟੋਗ੍ਰਾਫੀ ਕਰਦੀ ਹੈ, ਰੱਜ ਕੇ ਲਿਖਦੀ ਹੈ ਅਤੇ ਸੰਪਾਦਨ ਦਾ ਕੰਮ ਬਹੁਤ ਬਾਰੀਕੀ ਨਾਲ ਕਰਦੀ ਹੈ। ਇਹੀ ਉਸ ਦਾ ਕਸਬ ਹੈ। ਸੰਪਾਦਨ ਵਾਲੇ ਜ਼ਬਰਦਸਤ ਪੱਖ ਦੀਆਂ ਗਵਾਹ ਉਸ ਦੀਆਂ ਕਿਤਾਬਾਂ ਹਨ। -0-








*ਅਮਰੀਕੀ ਮੁਟਿਆਰ ਅਬੀਰ ਹੱਕ ਦੀ ਸਵੈ-ਜੀਵਨੀ 'ਓਲਿਵ ਵਿੱਚ' (ਕੱਕੀ ਕਾਮਨੀ) ਦਾ ਟਾਈਟਲ ਅਤੇ ਜੈਪੁਰ ਵਾਲੇ ਸਾਹਿਤ ਮੇਲੇ ਵਿਚ ਹਿੱਸਾ ਲੈਣ ਵੇਲੇ ਦੀਆਂ ਦੋ ਤਸਵੀਰਾਂ।*

# ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਇਕ-ਦੋ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। 'ਗਾਗਰ ਵਿਚ ਸਾਗਰ' ਭਰਨ ਵਾਲਿਆਂ ਨੂੰ ਪਹਿਲ ਮਿਲੇਗੀ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਜੇ ਤੁਹਾਡੇ ਪਾਸ ਪੰਜਾਬੀ ਸਭਿਆਚਾਰ ਨੂੰ ਦਰਸਾਉਂਦੀ ਕੋਈ ਵਧੀਆ ਤਸਵੀਰ ਹੈ ਤਾਂ ਤੁਸੀਂ ਉਹ ਵੀ ਇਸ ਕਾਲਮ ਲਈ ਭੇਜ ਸਕਦੇ ਹੋ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 16 ਅਪਰੈਲ 2016 ਹੈ। -ਸੰਪਾਦਕ*

## ਕੈਪਸ਼ਨ ਮੁਕਾਬਲਾ-216



*ਖੁਸ਼ ਆ ਭਜਨੋ ਦੇਸੀ ਚੁੱਲ੍ਹੇ ਉਤੇ ਫੁਲਕਾ ਲਾਹ ਕੇ।*
*ਨਾਲ ਦਹੀਂ ਦੇ ਤੁਰ ਜਾਊਗਾ, ਦਰਸ਼ਨ ਸਿਹੁੰ ਵੀ ਖਾਹ ਕੇ।*
*ਕਿਥੇ ਰੋਟੀ ਹੱਥ 'ਤੇ ਰੱਖ ਕੇ, ਪੈਰਾਂ ਭਾਰ ਕੋਈ ਖਾਂਦਾ ਏ।*
*ਯੁਗ ਬਚਦਾ ਜੋ ਮਾੜਾ ਮੋਟਾ, ਉਹ ਵੀ ਮੁੱਕਦਾ ਜਾਂਦਾ ਏ।*

## ਕੈਪਸ਼ਨ ਮੁਕਾਬਲਾ-214



ਹੱਥਾਂ ਦੇ ਵਿਚ ਚੁੱਕ ਮਸ਼ਾਲਾਂ
ਹਨੇਰਾ ਦੂਰ ਭਜਾਵਾਂਗੇ।
ਭਗਤ ਸਿੰਘ ਕੀ ਕਹਿੰਦਾ ਹੈ
ਲੋਕਾਂ ਨੂੰ ਸਮਝਾਵਾਂਗੇ।
ਕੀ ਹੋਇਆ ਹਾਲੇ ਛੋਟੇ ਹਾਂ
ਇੱਕ ਦਿਨ ਤਾਂ ਹੱਥ ਦਿਖਾਵਾਂਗੇ।

*-ਜਗਮੀਤ ਸਿੰਘ ਪੰਧੇਰ*
*ਫੋਨ: 91-98783-37222*

---

ਹਰ ਪਾਸੇ ਤਸ਼ੱਦਦ
ਹਰ ਪਾਸੇ ਲੁੱਟ ਖੋਹ।
ਹਨੇਰਗਰਦੀ, ਅਸਹਿਣਸ਼ੀਲਤਾ
ਨਿਘਰੀ ਹਾਲਤ ਲੋਕਾਂ ਦੀ।
ਰੇਤ, ਬਜਰੀ ਮੁਨਾਫੇ ਸਭ ਡੱਕਾਰੇ
ਇਹੋ ਹਕੂਮਤਾਂ ਦੇ ਕਾਰੇ।
ਕਸੌਟੀ ਹੈ ਇਤਿਹਾਸਕ ਭੌਤਕਵਾਦ
ਪਦਾਰਥਕ ਸੋਚ ਦੀ ਸਾਣ 'ਤੇ।
ਤਾਕਤ ਨੂੰ ਤਾਕਤ ਨਾਲ ਕੁਚਲੋ
ਇਹੋ ਭਗਤ ਸਿੰਘ ਦਾ ਰਾਹ।
ਭਗਤ ਸਿੰਘ ਦੀ ਕੁਰਬਾਨੀ
ਪ੍ਰੇਰਨਾ ਸਰੋਤ ਹੈ ਅੱਜ ਵੀ।
ਛੱਡ ਗਿਆ ਜੋ ਬੌਧਿਕ ਵਿਰਾਸਤ ਪਿਛੇ
ਦਿਓ ਹੋਕਾ ਘਰ ਘਰ,
ਫੜ੍ਹ ਉਸ ਦੇ ਨਾਮ ਦੀ ਮਸ਼ਾਲ
ਬੁਝਣ ਨਾ ਦਿਓ ਹੁਣ ਇਸ ਨੂੰ,
ਲਟ ਲਟ ਬਣੇ ਜੋ ਬਣੇ ਭਾਂਬੜ।

*-ਦਰਸ਼ਨਪਾਲ ਦੋਸਾਂਝ*

---

ਲੜ ਵਾਲੀ ਦਸਤਾਰ ਸਜਾ ਕੇ
ਸ਼ਹੀਦਾਂ ਦੀਆਂ ਕਸਮਾਂ ਖਾ ਕੇ।
ਹੱਥਾਂ ਵਿਚ ਮਸ਼ਾਲਾਂ ਫੜ੍ਹ ਕੇ
ਬੰਦੂਕਾਂ ਦੀ ਖੇਤੀ ਕਰ ਕੇ
ਸਿੰਘ ਕਰਨਗੇ ਭਗਤ ਸਿਹਾਂ
ਤੇਰੇ ਸੁਪਨੇ ਪੂਰੇ
ਫਾਂਸੀ ਪਿਛੋਂ ਛੱਡ ਗਿਆ
ਜੋ ਕੰਮ ਅਧੂਰੇ।

*-ਗੁਰਦਿਆਲ ਸਿੰਘ ਨੂਰਪੁਰੀ*
*ਫੋਨ: 408-204-7985*

---

ਪੱਗ ਬੰਨੇ ਕੇਸਰੀ ਮਨ ਕਿਤਾਬੀ ਰੱਖੇ
ਖੇਤਾਂ ਦੇ ਵਿਚ ਸੂਰਮਾ ਬੰਦੂਕਾਂ ਬੀਜੇ।
ਲੋੜ ਪੈਣ 'ਤੇ ਪਿਸਟਲ ਦਾ ਘੋੜਾ ਦੱਬੇ
ਨਾਅਰਾ ਇਨਕਲਾਬੀ ਦੇਸ਼ ਵਿਚ ਗੱਜੇ।
ਕਹਿੰਦੇ ਲੋਕ ਆਜ਼ਾਦੀ ਪਰ ਗੁਲਾਮੀ ਦੱਬੇ
ਸਾਰੇ ਲੋਚਣ ਸੂਰਮਾ ਪਰ ਗੁਆਂਢੇ ਜੰਮੇ।
ਪੱਗਾਂ ਬੰਨ ਕੇ ਕੇਸਰੀ ਨਾ ਫੁੱਕਰੀਆਂ ਮਾਰੋ
ਕੁਰਸੀ ਖਾਤਰ ਲੀਡਰੋ ਨਾ ਦੁਨੀਆਂ ਚਾਰੋ।
ਸ਼ਾਸਕ ਅੱਜ ਦੇ ਵੇਖ ਕੇ
ਸਾਰੀ ਦੁਨੀਆਂ ਕੰਬੇ
ਲੋੜ ਥਾਂਦੀ ਅੱਜ ਭਗਤ ਸਿੰਘ
ਘਰ ਘਰ ਜੰਮੇ।

*-ਸਤਵਿੰਦਰ ਥਾਂਦੀ ਦੌਲਤਪੁਰੀਆ*

# ਸਿੱਖ ਕੈਪਟਨ ਨੇ ਜਿੱਤੀ ਧਾਰਮਿਕ ਆਜ਼ਾਦੀ ਦੀ ਜੰਗ

**ਵਾਸ਼ਿੰਗਟਨ:** ਇਤਿਹਾਸਕ ਫੈਸਲੇ ਤਹਿਤ ਅਮਰੀਕੀ ਫੌਜ ਨੇ ਸਿੱਖ ਅਧਿਕਾਰੀ ਨੂੰ ਨੌਕਰੀ ਦੌਰਾਨ ਦਸਤਾਰ ਸਜਾਉਣ ਅਤੇ ਦਾੜ੍ਹੀ ਰੱਖਣ ਦੀ ਇਜਾਜ਼ਤ ਦੇ ਦਿੱਤੀ ਹੈ। ਸਿੱਖਾਂ ਵੱਲੋਂ ਲੰਬੇ ਸਮੇਂ ਤੋਂ ਦਸਤਾਰ ਬੰਨ੍ਹਣ ਅਤੇ ਦਾੜ੍ਹੀ ਰੱਖ ਕੇ ਫੌਜ ਵਿਚ ਸ਼ਾਮਲ ਕਰਨ ਦੀ ਮੰਗ ਕੀਤੀ ਜਾ ਰਹੀ ਸੀ। ਅਮਰੀਕੀ ਫੌਜ ਦੇ ਇਸ ਫੈਸਲੇ ਨਾਲ ਕੈਪਟਨ ਸਿਮਰਤਪਾਲ ਸਿੰਘ (28) ਪਹਿਲੇ ਸਿੱਖ ਜਵਾਨ ਬਣ ਗਏ ਹਨ ਜੋ ਡਿਊਟੀ 'ਤੇ ਤਾਇਨਾਤੀ ਦੌਰਾਨ ਦਸਤਾਰ ਅਤੇ ਦਾੜ੍ਹੀ ਵਿਚ ਸਜੇ ਰਹਿਣਗੇ।

ਕੈਪਟਨ ਸਿਮਰਤਪਾਲ ਸਿੰਘ ਨੇ ਪਿਛਲੇ ਮਹੀਨੇ ਰੱਖਿਆ ਮਹਿਕਮੇ ਨੂੰ ਅਦਾਲਤ 'ਚ ਘੜੀਸਦਿਆਂ ਆਖਿਆ ਸੀ ਕਿ ਦਸਤਾਰ ਅਤੇ ਦਾੜ੍ਹੀ ਰੱਖਣ ਕਰ ਕੇ ਉਸ ਨਾਲ ਕੁਝ ਮਾਮਲਿਆਂ ਵਿਚ ਵਿਤਕਰਾ ਕੀਤਾ ਜਾ ਰਿਹਾ ਹੈ। ਅਮਰੀਕੀ ਫੌਜ ਨੇ 31 ਮਾਰਚ ਦੇ ਆਪਣੇ ਫੈਸਲੇ 'ਚ ਉਸ ਨੂੰ ਲੰਬੇ ਸਮੇਂ ਤੱਕ ਧਾਰਮਿਕ ਸਹੂਲਤ ਦੀ ਪ੍ਰਵਾਨਗੀ ਦੇ ਦਿੱਤੀ ਜਿਸ ਤਹਿਤ ਪਗੜੀ ਬੰਨ੍ਹਣ ਅਤੇ ਦਾੜ੍ਹੀ ਰੱਖਣ ਤੇ ਅਕੀਦਤ ਨਾਲ ਸਬੰਧਤ ਵਸਤਾਂ ਨੂੰ ਧਾਰਨ ਕਰ ਕੇ ਦੇਸ਼ ਦੀ ਸੇਵਾ ਕਰਨ ਦੀ ਇਜਾਜ਼ਤ ਦਿੱਤੀ ਗਈ ਹੈ।



ਫੌਜ ਦੇ ਇਸ ਫੈਸਲੇ ਤੋਂ ਬਾਅਦ ਕੈਪਟਨ ਸਿਮਰਤਪਾਲ ਸਿੰਘ ਨੇ ਕਿਹਾ ਕਿ ਕਈ ਹੋਰ ਫੌਜੀਆਂ ਵਾਂਗ ਉਨ੍ਹਾਂ ਦਾ ਧਰਮ 'ਤੇ ਵਿਸ਼ਵਾਸ ਹੈ ਅਤੇ ਉਹ ਸ਼ੁਕਰਗੁਜ਼ਾਰ ਹਨ ਕਿ ਉਨ੍ਹਾਂ ਨੂੰ ਹੁਣ ਧਰਮ ਅਤੇ ਦੇਸ਼ ਦੀ ਸੇਵਾ ਵਿਚੋਂ ਕਿਸੇ ਇਕ ਨੂੰ ਨਹੀਂ ਚੁਣਨਾ ਪਏਗਾ।

## ਕੈਨੇਡਾ ਵਿਚ ਦਸਤਾਰਧਾਰੀ ਸਿੱਖ 'ਤੇ ਨਸਲੀ ਹਮਲਾ

**ਟੋਰਾਂਟੋ:** ਕੈਨੇਡਾ ਵਿਚ ਟੋਰਾਂਟੋ ਵਾਸੀ ਸੁਪਨਿੰਦਰ ਸਿੰਘ ਖਹਿਰਾ 'ਤੇ ਕਿਊਬਕ ਸਿਟੀ ਵਿਚ ਤਿੰਨ ਨੌਜਵਾਨਾਂ ਨੇ ਹਮਲਾ ਕਰ ਦਿੱਤਾ। ਹਮਲਾਵਰਾਂ ਨੇ ਸ. ਖਹਿਰਾ ਦੀ ਦਸਤਾਰ ਵੱਲ ਇਸ਼ਾਰਾ ਕਰਕੇ ਨਫਰਤ ਵਾਲੀਆਂ (ਅੰਗਰੇਜ਼ੀ ਅਤੇ ਫਰੈਂਚ ਵਿਚ) ਟਿੱਪਣੀਆਂ ਕੀਤੀਆਂ। ਕਾਰ ਸਵਾਰਾਂ ਨੇ ਸੜਕ ਦੇ ਦੂਜੇ ਪਾਸਿਓਂ ਆ ਕੇ ਟੈਕਸੀ ਲਈ ਸੜਕ 'ਤੇ ਖੜ੍ਹੇ ਸ. ਖਹਿਰਾ 'ਤੇ ਹਮਲਾ ਕੀਤਾ। ਕੈਨੇਡਾ ਵਿਚ ਸੀ.ਸੀ. ਟੀ.ਵੀ. 'ਤੇ ਜਾਰੀ ਹੋਈ ਘਟਨਾ ਦੀ ਵੀਡੀਓ ਵਿਚ ਤਿੰਨ ਹਮਲਾਵਰ ਸ. ਖਹਿਰਾ ਨੂੰ ਹੂਰੇ ਮਾਰ ਕੇ ਹੁੱਡੇ ਮਾਰ ਕੇ ਜ਼ਮੀਨ 'ਤੇ ਸੁੱਟਦੇ ਵਿਖਾਈ ਦਿੱਤੇ ਅਤੇ ਉਨ੍ਹਾਂ ਨੇ ਡਿੱਗੇ ਪਏ ਸ. ਖਹਿਰਾ ਨੂੰ ਕੁੱਟਣਾ ਜਾਰੀ ਰੱਖਿਆ। ਘਟਨਾ ਮੌਕੇ ਸ. ਖਹਿਰਾ ਦੀ ਦਸਤਾਰ ਵੀ ਉਤਰ ਗਈ। ਮੌਕੇ ਉਤੇ ਪੁੱਜੀ ਪੁਲਿਸ ਵੱਲੋਂ ਦੋ 20/22 ਕੁ ਸਾਲ ਦੇ ਹਮਲਾਵਰ ਫੜੇ ਗਏ ਸਨ ਜਿਨ੍ਹਾਂ ਵਿਚੋਂ ਇਕ ਛੱਡ ਦਿੱਤਾ ਗਿਆ। ਸ. ਖਹਿਰਾ ਨੇ ਕਿਹਾ ਕਿ ਇਸ ਘਟਨਾ ਤੋਂ ਉਹ ਘਬਰਾਏ ਨਹੀਂ, ਉਹ ਭਵਿੱਖ 'ਚ ਵੀ ਕਿਊਬਕ ਜਾਣਗੇ ਅਤੇ ਦਸਤਾਰ ਸਜਾਉਣ ਤੋਂ ਨਹੀਂ ਹਟਣਗੇ ਕਿਉਂਕਿ ਉਨ੍ਹਾਂ ਨੂੰ ਦਸਤਾਰ ਅਤੇ ਕੈਨੇਡਾ 'ਤੇ ਮਾਣ ਹੈ। ਇਸ ਘਟਨਾ 'ਤੇ ਦੁੱਖ ਦਾ ਪ੍ਰਗਟਾਵਾ ਕਰਦਿਆਂ ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਆਖਿਆ ਕਿ ਨਫਰਤ ਅਤੇ ਹਿੰਸਾ ਦੀ ਕੈਨੇਡੀਅਨ ਅਤੇ ਹੋਰ ਭਾਈਚਾਰਿਆਂ 'ਚ ਕੋਈ ਥਾਂ ਨਹੀਂ ਹੈ।

## ਭਾਰਤ ਦੌਰੇ 'ਤੇ ਆਉਣਗੇ ਜਸਟਿਨ ਟਰੂਡੋ

**ਟੋਰਾਂਟੋ:** ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਅਤੇ ਭਾਰਤ ਦੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੀ ਅੰਤਰਰਾਸ਼ਟਰੀ ਪਰਮਾਣੂ ਸੰਮੇਲਨ ਮੌਕੇ ਵਾਸ਼ਿੰਗਟਨ (ਅਮਰੀਕਾ) ਵਿਚ ਮੁਲਾਕਾਤ ਹੋਈ। ਇਸ ਸਦਭਾਵਨਾ ਮਿਲਣੀ ਦੌਰਾਨ ਸ੍ਰੀ ਮੋਦੀ ਨੇ ਜਸਟਿਨ ਟਰੂਡੋ ਨੂੰ ਭਾਰਤ ਆਉਣ ਦਾ ਸੱਦਾ ਦਿੱਤਾ। ਪ੍ਰਧਾਨ ਮੰਤਰੀ ਦੇ ਦਫਤਰ ਦੇ ਹਵਾਲੇ ਨਾਲ ਦੱਸਿਆ ਗਿਆ ਹੈ ਕਿ ਟਰੂਡੋ ਨੇ ਇਹ ਸੱਦਾ ਪ੍ਰਵਾਨ ਕਰ ਲਿਆ ਹੈ ਅਤੇ ਉਨ੍ਹਾਂ ਦੀ ਭਾਰਤ ਫੇਰੀ ਇਸ ਸਾਲ ਵਿਚ ਹੋਣ ਦੀ ਸੰਭਾਵਨਾ ਹੈ।

## ਭਾਰਤੀਆਂ ਲਈ ਸ਼ਾਕਾਹਾਰੀ ਭੋਜਨ ਖ਼ਤਰਨਾਕ!

**ਨਿਊ ਯਾਰਕ:** ਇਕ ਹੈਰਾਨ ਕਰ ਦੇਣ ਵਾਲੀ ਖੋਜ ਵਿਚ ਦਾਅਵਾ ਕੀਤਾ ਗਿਆ ਹੈ ਕਿ ਭਾਰਤੀ ਲੋਕਾਂ ਦੀ ਸਿਹਤ ਸ਼ਾਕਾਹਾਰੀ ਭੋਜਨ ਨਾਲ ਖਰਾਬ ਹੋ ਸਕਦੀ ਹੈ। ਖੋਜ ਮੁਤਾਬਕ ਲੰਬੇ ਸਮੇਂ ਤੱਕ ਸ਼ਾਕਾਹਾਰੀ ਭੋਜਨ ਕਰਨ ਨਾਲ ਜੈਵਿਕ ਬਦਲਾਅ ਆਉਂਦੇ ਹਨ ਜਿਨ੍ਹਾਂ ਨਾਲ ਕੈਂਸਰ ਅਤੇ ਦਿਲ ਦੇ ਰੋਗਾਂ ਦਾ ਖਤਰਾ ਵਧ ਸਕਦਾ ਹੈ। ਕੋਰਨੈੱਲ ਯੂਨੀਵਰਸਿਟੀ ਦੇ ਖੋਜੀਆਂ ਨੇ ਨਵੇਂ ਅਧਿਐਨ 'ਚ ਇਹ ਦਾਅਵਾ ਕੀਤਾ ਹੈ।

ਵਿਗਿਆਨੀਆਂ ਨੂੰ ਅਜਿਹੇ ਸਬੂਤ ਮਿਲੇ ਹਨ ਕਿ ਸ਼ਾਕਾਹਾਰੀ ਭੋਜਨ ਖਾਣ ਨਾਲ ਅਜਿਹੇ ਬਦਲਾਅ ਆਉਂਦੇ ਹਨ ਜਿਨ੍ਹਾਂ ਨਾਲ ਲੋਕਾਂ ਨੂੰ ਸੋਜਿਸ਼ ਅਤੇ ਜਲਨ ਹੋ ਸਕਦੀ ਹੈ ਅਤੇ ਇਸ ਨਾਲ ਦਿਲ ਦੇ ਰੋਗਾਂ ਅਤੇ ਕੋਲੋਨ ਕੈਂਸਰ ਦਾ ਖਤਰਾ ਵਧ ਸਕਦਾ ਹੈ। ਅਮਰੀਕਾ ਵਿਚ ਕੋਰਨੈੱਲ ਯੂਨੀਵਰਸਿਟੀ ਦੇ ਕੁਮਾਰ ਕੋਠਾਪਲੀ ਸਮੇਤ ਹੋਰ ਖੋਜਕਾਰਾਂ ਵੱਲੋਂ ਕੀਤੀ ਗਈ ਖੋਜ ਤੋਂ ਪਤਾ ਲੱਗਿਆ ਹੈ ਕਿ ਮਾਸ ਖਾਣ ਵਾਲੀ ਕਾਂਸਸ ਦੀ ਆਬਾਦੀ ਨਾਲੋਂ ਪੂਣੇ ਦੀ ਸ਼ਾਕਾਹਾਰੀ ਆਬਾਦੀ ਵਿਚ ਅਜਿਹੇ ਬਦਲਾਅ ਦੇ ਅੰਸ਼ ਵੱਧ ਮਿਲੇ ਹਨ। ਖੋਜੀਆਂ ਦਾ ਕਹਿਣਾ ਹੈ ਕਿ ਓਮੇਗਾ-6 ਤੋਂ ਓਮੇਗਾ-3 ਵਿਚ ਖਾਣ-ਪੀਣ ਦੇ ਤਵਾਜ਼ਨ 'ਚ ਵਿਗਾੜ ਕਾਰਨ ਕੁਝ ਵਿਕਾਸਸ਼ੀਲ ਮੁਲਕਾਂ ਵਿਚ ਪੁਰਾਣੀਆਂ ਬਿਮਾਰੀਆਂ ਉੱਭਰ ਕੇ ਸਾਹਮਣੇ ਆ ਜਾਂਦੀਆਂ ਹਨ।

# ਬਾਦਲ ਨੇ ਜਨਰਲ ਸੁਹਾਗ ਤੋਂ ਮੰਗੀਆਂ ਦੁਰਲਭ ਜੰਗੀ ਵਸਤਾਂ

**ਚੰਡੀਗੜ੍ਹ:** ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨਾਲ ਵਿਸ਼ੇਸ਼ ਮੁਲਾਕਾਤ ਦੌਰਾਨ ਭਾਰਤੀ ਥਲ ਸੈਨਾ ਦੇ ਮੁਖੀ ਜਨਰਲ ਦਲਬੀਰ ਸਿੰਘ ਸੁਹਾਗ ਨੇ ਅੰਮ੍ਰਿਤਸਰ ਵਿਚ ਬਣਾਈ ਜਾ ਰਹੀ ਜੰਗੀ ਯਾਦਗਾਰ ਅਤੇ ਮਿਊਜ਼ੀਅਮ ਵਾਸਤੇ ਦੁਰਲਭ ਜੰਗੀ ਵਸਤਾਂ ਮੁਹੱਈਆ ਕਰਵਾਉਣ ਅਤੇ ਸਹਿਯੋਗ ਦੇਣ ਦਾ ਭਰੋਸਾ ਦਿੱਤਾ ਹੈ।

ਮੁਲਾਕਾਤ ਦੌਰਾਨ ਸ. ਬਾਦਲ ਨੇ ਥਲ ਸੈਨਾ ਦੇ ਮੁਖੀ ਨੂੰ ਦੱਸਿਆ ਕਿ ਅੰਮ੍ਰਿਤਸਰ ਵਿਚ ਬਣਾਈ ਜਾ ਰਹੀ ਜੰਗੀ ਯਾਦਗਾਰ ਉਤੇ 130 ਕਰੋੜ ਰੁਪਏ ਖਰਚੇ ਜਾ ਰਹੇ ਹਨ ਅਤੇ ਇਸ ਯਾਦਗਾਰ ਵਿਚ ਮਹਾਨ ਪੰਜਾਬੀ ਫੌਜੀਆਂ ਦੇ 2000 ਸਾਲ ਦਾ ਇਤਿਹਾਸ ਪੇਸ਼ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਇਸ ਯਾਦਗਾਰ ਲਈ ਦੁਰਲਭ ਜੰਗੀ ਵਸਤਾਂ ਦੀ ਜ਼ਰੂਰਤ ਹੈ ਜੋ ਕਿ ਸੂਬਾ ਸਰਕਾਰ ਵੱਲੋਂ ਇਸ ਯਾਦਗਾਰ ਵਿਚ ਪ੍ਰਦਰਸ਼ਤ ਕੀਤੀਆਂ ਜਾਣਗੀਆਂ। ਸ. ਬਾਦਲ ਨੇ ਗੁਰੂ ਗੋਬਿੰਦ ਸਿੰਘ ਦੇ 350ਵੇਂ



ਜਨਮ ਦਿਵਸ ਸਬੰਧੀ ਸ੍ਰੀ ਅਨੰਦਪੁਰ ਸਾਹਿਬ ਦੇ ਨੇੜੇ-ਤੇੜੇ ਇਕ ਢੁਕਵਾਂ ਪ੍ਰਾਜੈਕਟ ਦੇਣ ਲਈ ਜਨਰਲ ਸੁਹਾਗ ਨੂੰ ਆਖਿਆ।

ਉਨ੍ਹਾਂ ਨੇ ਜਨਰਲ ਸੁਹਾਗ ਨੂੰ ਮਹਾਰਾਜਾ ਰਣਜੀਤ ਸਿੰਘ ਆਰਮਡ ਫੋਰਸਿਜ਼ ਪ੍ਰੈਪਰੇਟਰੀ ਅਕੈਡਮੀ ਅਤੇ ਮਾਈ ਭਾਗੋ ਆਰਮਡ ਫੋਰਸਿਜ਼ ਪ੍ਰੈਪਰੇਟਰੀ ਇੰਸਟੀਚਿਊਟ ਫਾਰ ਗਰਲਜ਼ ਦਾ ਦੌਰਾ ਕਰਨ ਦਾ ਸੱਦਾ ਦਿੱਤਾ।

ਸ. ਬਾਦਲ ਨੇ ਜਲੰਧਰ ਕੈਂਟ ਦੇ 15 ਤੋਂ ਵੱਧ ਪਿੰਡਾਂ ਦੇ ਵਸਨੀਕਾਂ ਨੂੰ ਲਾਂਘਾ ਦੇਣ ਦਾ ਵੀ ਮੁੱਦਾ ਉਠਾਇਆ ਜਿਨ੍ਹਾਂ ਨੂੰ ਫੌਜ ਵੱਲੋਂ ਚਾਰ-ਦੀਵਾਰੀ ਕਰਨ ਕਰ ਕੇ ਆਪਣੇ ਪਿੰਡਾਂ ਨੂੰ ਆਉਣ ਜਾਣ ਵਿਚ ਮੁਸ਼ਕਲ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਉਨ੍ਹਾਂ ਨੇ ਫੌਜ ਮੁਖੀ ਨੂੰ ਦੱਸਿਆ ਕਿ ਇਹ ਲੋਕ ਲੰਬੇ ਸਮੇਂ ਤੋਂ ਛਾਉਣੀ ਵਿਚ ਦੀ ਆਪਣੇ ਪਿੰਡਾਂ ਨੂੰ ਲੰਘਦੇ ਆ ਰਹੇ ਹਨ। ਜਨਰਲ ਸੁਹਾਗ ਨੇ ਭਰੋਸਾ ਦਿੱਤਾ ਕਿ ਇਹ ਸਾਰੇ ਮੁੱਦੇ ਹੱਲ ਕਰ ਲਏ ਜਾਣਗੇ।

# ਜੂਨ ਵਿਚ ਰਿਪੋਰਟ ਜਾਰੀ ਕਰੇਗਾ ਜਸਟਿਸ ਜ਼ੋਰਾ ਸਿੰਘ ਕਮਿਸ਼ਨ

**ਫਰੀਦਕੋਟ:** ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਤੋਂ ਬਾਅਦ ਵਾਪਰੇ ਬਹਿਬਲ ਕਲਾਂ ਕਾਂਡ ਦੀ ਜਾਂਚ ਲਈ ਗਠਿਤ ਕਮਿਸ਼ਨ ਦੇ ਚੇਅਰਮੈਨ ਜਸਟਿਸ ਜ਼ੋਰਾ ਸਿੰਘ ਦਾ ਦਾਅਵਾ ਹੈ ਕਿ ਮਾਮਲੇ ਦੀ ਜਾਂਚ ਆਪਣੀ ਪੂਰੀ ਰਫਤਾਰ ਵਿਚ ਚੱਲ ਰਹੀ ਹੈ ਅਤੇ ਇਸੇ ਸਾਲ ਜੂਨ ਮਹੀਨੇ ਵਿਚ ਰਿਪੋਰਟ ਜਾਰੀ ਕਰ ਦਿੱਤੀ ਜਾਵੇਗੀ। ਇਕ ਸਵਾਲ ਦੇ ਜਵਾਬ ਵਿਚ ਜਸਟਿਸ ਜ਼ੋਰਾ ਸਿੰਘ ਨੇ ਕਿਹਾ ਕਿ ਪੁਲਿਸ ਦੀ ਗੋਲੀ ਨਾਲ ਮਾਰੇ ਗਏ ਦੋ ਨੌਜਵਾਨਾਂ ਲਈ ਵਰਤੇ ਅਸਲੇ ਦੀ ਅਜੇ ਤੱਕ ਸ਼ਨਾਖਤ ਨਹੀਂ ਹੋ ਸਕੀ ਕਿਉਂਕਿ ਕਮਿਸ਼ਨ ਨੂੰ ਅਜੇ ਤੱਕ ਪੁਲਿਸ ਨੇ ਗੋਲੀਕਾਂਡ ਵਿਚ ਵਰਤੇ ਹਥਿਆਰ ਨਹੀਂ ਸੌਂਪੇ ਹਨ। ਹਥਿਆਰਾਂ ਦੀ ਸ਼ਨਾਖਤ ਲਈ ਉਹ ਇਥੇ ਆਏ ਹਨ ਅਤੇ ਪੁਲਿਸ ਤੋਂ ਇਸ ਬਾਰੇ ਜਾਣਕਾਰੀ ਇਕੱਤਰ ਕੀਤੀ ਜਾ ਰਹੀ ਹੈ।

ਉਨ੍ਹਾਂ ਕਿਹਾ ਕਿ ਜੂਨ 2016 ਤੱਕ ਜਾਂਚ ਰਿਪੋਰਟ ਪੰਜਾਬ ਸਰਕਾਰ ਨੂੰ ਸੌਂਪ ਦਿੱਤੀ ਜਾਵੇਗੀ। ਉਨ੍ਹਾਂ ਕਿਹਾ ਕਿ ਸੁਪਰੀਮ ਕੋਰਟ ਦੇ ਸਾਬਕਾ ਜੱਜ ਜਸਟਿਸ ਕਾਟਜੂ ਵਲੋਂ ਆਪਣੇ ਪੱਧਰ 'ਤੇ ਜਾਰੀ ਕੀਤੀ ਤੱਥ ਖੋਜ ਰਿਪੋਰਟ ਦਾ ਉਨ੍ਹਾਂ ਦੀ ਜਾਂਚ ਪੜਤਾਲ ਨਾਲ ਕੋਈ ਸਬੰਧ ਨਹੀਂ ਹੈ ਤੇ ਕਾਟਜੂ ਦੀ ਰਿਪੋਰਟ 'ਤੇ ਉਨ੍ਹਾਂ ਨੇ ਕਿਸੇ ਪ੍ਰਕਾਰ ਦੀ ਟਿੱਪਣੀ ਤੋਂ ਵੀ ਇਨਕਾਰ ਕੀਤਾ। ਉਨ੍ਹਾਂ ਕਿਹਾ ਕਿ ਬਹਿਬਲ ਕਾਂਡ ਬਾਰੇ ਹੁਣ ਤੱਕ ਉਨ੍ਹਾਂ ਕੋਲ 30 ਗਵਾਹਾਂ ਨੇ ਬਿਆਨ ਦਰਜ ਕਰਵਾਏ ਹਨ ਤੇ ਜਾਂਚ ਵਿਚ ਦੇਰੀ ਹੋਣ ਨਾਲ ਸਬੂਤਾਂ ਨਾਲ ਕਿਸੇ ਤਰ੍ਹਾਂ ਦੀ ਛੇੜਛਾੜ ਹੋਣ ਦੀ ਕੋਈ ਸੰਭਾਵਨਾ ਨਹੀਂ ਹੈ।

## ਤੀਹ ਮਣ ਕਣਕ ਬਦਲੇ ਬਲਾਤਕਾਰ ਕੇਸ ਨਿਬੇੜਿਆ

**ਇਸਲਾਮਾਬਾਦ:** ਪਾਕਿਸਤਾਨ ਵਿਚ ਸਿਆਣਿਆਂ ਨੇ ਇਕ ਬਲਾਤਕਾਰ ਕੇਸ 30 ਮਣ ਕਣਕ ਨਾਲ ਨਿਬੇੜ ਦਿੱਤਾ ਹੈ। ਸਿੰਧ ਸੂਬੇ ਦੇ ਉਮੇਰਕੋਟ ਜ਼ਿਲ੍ਹੇ ਦੇ ਗੁਲਾਮ ਨਬੀ ਸ਼ਾਹ ਇਲਾਕੇ ਦੀ 14 ਸਾਲਾ ਪੀੜਤ ਲੜਕੀ ਦੇ ਭਰਾ ਦੀ ਸ਼ਿਕਾਇਤ ਉਤੇ ਕੁਝ ਦਿਨ ਪਹਿਲਾਂ ਪੁਲਿਸ ਕੇਸ ਦਰਜ ਹੋਇਆ ਸੀ। ਪੀੜਤ ਕੁੜੀ ਦੇ ਪਿਤਾ ਨੇ ਦੱਸਿਆ ਕਿ ਸ਼ਿਕਾਇਤ ਬਾਅਦ ਮੁੱਖ ਮੁਲਜ਼ਮ ਨੂੰ ਪੁਲਿਸ ਨੇ ਗ੍ਰਿਫਤਾਰ ਕਰ ਲਿਆ ਸੀ, ਪਰ ਉਨ੍ਹਾਂ ਉਤੇ ਮੋਹਤਬਰਾਂ ਨੇ 'ਜਿਰਗਾ', ਕਬਾਇਲੀ ਰੀਤੀ-ਰਿਵਾਜ, ਮੁਤਾਬਕ ਇਹ ਮਸਲਾ ਕਰਨ ਲਈ ਦਬਾਅ ਪਾਇਆ। ਉਨ੍ਹਾਂ ਨੂੰ ਇਸ ਬਦਲੇ 30 ਮਣ ਕਣਕ ਦੇਣ ਦਾ ਭਰੋਸਾ ਦਿੱਤਾ ਗਿਆ ਹੈ। 'ਜਿਰਗਾ' ਇਲਾਕੇ ਦੇ ਮੋਹਤਬਰ ਜ਼ਿਮੀਂਦਾਰਾਂ ਦੀ ਹਾਜ਼ਰੀ ਵਿਚ ਹੁੰਦਾ ਹੈ।

# ਹਰਿਆਲੀ ਪੱਖੋਂ ਮਾਨਸਾ ਨੇ ਮਾਰੀ ਮੱਲ

**ਮਾਨਸਾ:** ਮਾਲਵਾ ਖੇਤਰ ਦੇ ਸਭ ਤੋਂ ਘੱਟ ਹਰਿਆਲੀ ਵਾਲੇ ਜ਼ਿਲ੍ਹਾ ਮਾਨਸਾ ਵਿਚ ਪਿਛਲੇ ਸਾਲ 30 ਅਕਤੂਬਰ ਨੂੰ 53 ਮਿੰਟਾਂ ਵਿਚ ਦੋ ਲੱਖ ਅੱਠ ਹਜ਼ਾਰ 751 ਬੂਟੇ ਲਗਾਉਣ ਦਾ ਵਿਸ਼ਵ ਰਿਕਾਰਡ ਹੁਣ ਗਿੰਨੀਜ਼ ਬੁੱਕ ਆਫ ਵਰਲਡ ਰਿਕਾਰਡਜ਼ ਵਿਚ ਦਰਜ ਹੋਇਆ ਹੈ। ਇਹ ਵਿਸ਼ਵ ਰਿਕਾਰਡ ਉੱਤਰੀ ਭਾਰਤ ਦੇ ਪ੍ਰਾਈਵੇਟ ਭਾਈਵਾਲੀ ਤਹਿਤ ਲੱਗੇ ਤਾਪ ਬਿਜਲੀ ਘਰ ਤਲਵੰਡੀ ਸਾਬੋ ਪਾਵਰ ਲਿਮਟਿਡ, ਬਣਾਂਵਾਲਾ ਵਿਖੇ ਵੇਦਾਂਤਾ ਕੰਪਨੀ ਦੇ ਚੀਫ ਅਪਰੇਟਿੰਗ ਅਫਸਰ ਫਲਿਪ ਚਾਕੋ ਦੀ ਅਗਵਾਈ ਵਿਚ ਬਣਾਇਆ ਗਿਆ ਸੀ।

ਇਸ ਵਿਚ 30 ਸਕੂਲਾਂ-ਕਾਲਜਾਂ, 23 ਪੰਚਾਇਤਾਂ, ਸਮਾਜ ਸੇਵੀਆਂ ਅਤੇ ਕਾਮਿਆਂ ਨੇ ਸਿੱਧੇ ਰੂਪ ਵਿਚ ਹਿੱਸਾ ਲਿਆ ਸੀ। ਕੰਪਨੀ ਵੱਲੋਂ ਇਕ ਘੰਟੇ ਵਿਚ ਦੋ ਲੱਖ ਬੂਟੇ ਲਾਉਣ ਦਾ ਟੀਚਾ ਮਿੱਥਿਆ ਗਿਆ ਸੀ, ਪਰ 5650 ਜਣਿਆਂ ਨੇ ਟੀਚਾ ਤੈਅ ਸਮੇਂ ਤੋਂ ਪਹਿਲਾਂ ਹੀ ਸਰ ਕਰ ਲਿਆ ਸੀ।

ਜ਼ਿਕਰਯੋਗ ਹੈ ਕਿ ਇਸ ਤੋਂ ਪਹਿਲਾਂ ਇਕ ਲੱਖ 450 ਬੂਟੇ ਲਾਉਣ ਦਾ ਵਿਸ਼ਵ ਰਿਕਾਰਡ ਆਸਟਰੇਲੀਆ ਦੇ ਸ਼ਹਿਰ ਪਰਥ ਵਿਚ ਸਾਲ 2014 ਵਿਚ 25 ਜੁਲਾਈ ਨੂੰ ਬਣਾਇਆ ਗਿਆ ਸੀ, ਜਿਸ ਵਿਚ 1100 ਜਣੇ ਸ਼ਾਮਲ ਹੋਏ ਸਨ ਤੇ ਉਸ ਤੋਂ ਪਹਿਲਾਂ 99 ਹਜ਼ਾਰ ਬੂਟੇ ਲਾਉਣ ਦਾ ਰਿਕਾਰਡ ਪੰਜਾਬ ਵਿਚ ਬਣਾਇਆ ਗਿਆ ਸੀ। ਕੰਪਨੀ ਦੇ ਲੋਕ ਸੇਵਾ ਅਧਿਕਾਰੀ ਵਿਸ਼ਾਲ ਅਗਰਵਾਲ ਨੇ ਦੱਸਿਆ ਕਿ ਤਲਵੰਡੀ ਸਾਬੋ ਪਾਵਰ ਪਲਾਂਟ ਵਿਚ ਇਸ ਤੋਂ ਪਹਿਲਾਂ ਵੀ 300 ਏਕੜ ਜ਼ਮੀਨ ਵਿਚ ਗਰੀਨ ਬੈਲਟ ਬਣਾਈ ਗਈ ਸੀ। ਹੁਣ ਇਹ ਖੇਤਰ 500 ਏਕੜ ਤੋਂ ਵੱਧ ਹੋ ਗਿਆ ਹੈ। ਉਨ੍ਹਾਂ ਕਿਹਾ ਕਿ ਇਹ ਕਦਮ ਜ਼ਿਲ੍ਹਾ ਮਾਨਸਾ ਲਈ ਅਹਿਮ ਹੈ। ਪੰਜਾਬ ਵਿਚ ਜੰਗਲਾਤ ਅਧੀਨ 50,362 ਵਰਗ ਕਿਲੋਮੀਟਰ ਇਲਾਕਾ ਹੈ। ਕੰਪਨੀ ਵੱਲੋਂ ਇਕੱਲੇ ਬੂਟੇ ਲਾਉਣ ਦਾ ਹੀ ਵਿਸ਼ਵ ਰਿਕਾਰਡ ਕਾਇਮ ਨਹੀਂ ਕੀਤਾ ਗਿਆ, ਸਗੋਂ ਇਨ੍ਹਾਂ ਬੂਟਿਆਂ ਲਈ ਖਾਦ, ਪਾਣੀ, ਦਵਾਈ ਦੇ ਪ੍ਰਬੰਧ ਕਰ ਕੇ ਇਨ੍ਹਾਂ ਦੀ ਤੰਦਰੁਸਤੀ ਵੱਲ ਹਮੇਸ਼ਾ ਗੌਰ ਕੀਤੀ ਜਾਵੇਗੀ।

# ਸਰਕਾਰੀ ਰਿਜ਼ੌਰਟਾਂ ਨੇ ਲਾਇਆ ਖਜ਼ਾਨੇ ਨੂੰ 202 ਕਰੋੜ ਦਾ ਰਗੜਾ

**ਬਠਿੰਡਾ:** ਪੰਜਾਬ ਸਰਕਾਰ ਵੱਲੋਂ ਸੈਰ-ਸਪਾਟੇ ਲਈ ਖੋਲ੍ਹੇ ਰਿਜ਼ੌਰਟਾਂ ਨੇ ਸਰਕਾਰੀ ਖਜ਼ਾਨੇ ਨੂੰ 202 ਕਰੋੜ ਦਾ ਵੱਡਾ ਰਗੜਾ ਲਾਇਆ ਹੈ। ਸੈਰ-ਸਪਾਟੇ ਵਾਲੇ ਚਾਰ ਸੂਬਿਆਂ ਵਿਚ ਬਣਾਏ ਗਏ ਇਹ ਰਿਜ਼ੌਰਟ (ਹਾਲੀਡੇਅ ਹੋਮਜ਼) ਖਜ਼ਾਨੇ ਲਈ ਘਾਟੇ ਦਾ ਸੌਦਾ ਬਣੇ ਹੋਏ ਹਨ। ਪੰਜਾਬ ਸਰਕਾਰ ਵੱਲੋਂ ਮਸੂਰੀ, ਜੈਪੁਰ ਤੇ ਧਰਮਸ਼ਾਲਾ ਵਿਚਲੇ ਸਾਲਾਂ ਤੋਂ ਬੰਦ ਪਏ ਰਿਜ਼ੌਰਟਾਂ ਉਤੇ ਹੀ ਸਾਲਾਨਾ ਔਸਤਨ 16 ਕਰੋੜ ਰੁਪਏ ਦਾ ਖਰਚਾ ਕੀਤਾ ਜਾ ਰਿਹਾ ਹੈ। ਚੌਥਾ, ਗੋਆ ਦਾ ਰਿਜ਼ੌਰਟ ਵੀ ਘਾਟੇ ਵਿਚ ਚੱਲ ਰਿਹਾ ਹੈ ਤੇ ਉਪਰੋਂ ਸਰਕਾਰ ਹੁਣ ਇਨ੍ਹਾਂ ਨੂੰ ਰੈਨੋਵੇਟ ਕਰਨ ਦੀ ਯੋਜਨਾ ਬਣਾ ਰਹੀ ਹੈ।

ਪੰਜਾਬ ਵਿਰਾਸਤ ਅਤੇ ਸੈਰ-ਸਪਾਟਾ ਵਿਕਾਸ ਬੋਰਡ ਤੋਂ ਆਰ.ਟੀ.ਆਈ. ਤਹਿਤ ਮਿਲੇ ਵੇਰਵਿਆਂ ਅਨੁਸਾਰ ਸੂਬਾ ਸਰਕਾਰ ਵੱਲੋਂ ਪੰਜਾਬ ਤੋਂ ਬਾਹਰ ਗੋਆ ਵਿਚ ਸੋਹਣੀ ਹਾਲੀਡੇਅ ਇੰਨ, ਮਸੂਰੀ ਵਿਚ ਸੈਪਲਿੰਗ ਅਸਟੇਟ ਹਾਲੀਡੇਅ ਰਿਜ਼ੌਰਟ, ਧਰਮਸ਼ਾਲਾ (ਹਿਮਾਚਲ ਪ੍ਰਦੇਸ਼) ਵਿਚ ਮਾਊਂਟ ਵਿਊ ਹਾਲੀਡੇਅ ਰਿਜ਼ੌਰਟ ਅਤੇ ਜੈਪੁਰ ਵਿਚ ਰਾਜ ਸਰਾਏ ਹਾਲੀਡੇਅ ਰਿਜ਼ੌਰਟ ਬਣਾਇਆ

## ਚਾਰ ਸੂਬਿਆਂ ਵਿਚ ਨੇ ਪੰਜਾਬ ਸਰਕਾਰ ਦੇ ਰਿਜ਼ੌਰਟ



ਗਿਆ ਸੀ। ਹੁਣ ਇਨ੍ਹਾਂ ਵਿਚੋਂ ਸਿਰਫ ਗੋਆ ਦਾ ਰਿਜ਼ੌਰਟ ਹੀ ਚੱਲ ਰਿਹਾ ਹੈ ਜਦੋਂ ਕਿ ਜੈਪੁਰ, ਮਸੂਰੀ ਤੇ ਧਰਮਸ਼ਾਲਾ ਦੇ ਰਿਜ਼ੌਰਟ ਬੰਦ ਹੋਣ ਮਗਰੋਂ ਵੀ ਸਰਕਾਰ ਇਨ੍ਹਾਂ 'ਤੇ 105 ਕਰੋੜ ਰੁਪਏ ਦਾ ਖਰਚ ਚੁੱਕੀ ਹੈ। ਗੋਆ ਦਾ ਰਿਜ਼ੌਰਟ ਸਾਲ 2009-10 ਤੋਂ ਦਸੰਬਰ 2015 ਤੱਕ 18.47 ਕਰੋੜ ਦੇ ਘਾਟੇ ਵਿਚ ਹੈ। ਇਸ ਰਿਜ਼ੌਰਟ ਦੇ ਆਮ ਕਮਰੇ ਦਾ ਪ੍ਰਤੀ ਦਿਨ ਕਿਰਾਇਆ 100 ਰੁਪਏ ਅਤੇ ਏਸੀ ਕਮਰੇ ਦਾ ਕਿਰਾਇਆ 250 ਰੁਪਏ ਨਿਰਧਾਰਤ ਹੈ। ਪੰਜਾਬ ਸਰਕਾਰ ਨੇ 31 ਜੁਲਾਈ, 1991 ਨੂੰ ਗੋਆ ਵਿਚ 22.70 ਲੱਖ ਰੁਪਏ ਦੀ ਜਾਇਦਾਦ ਖਰੀਦ ਕੇ ਰਿਜ਼ੌਰਟ ਬਣਾਇਆ ਸੀ।

ਮਸੂਰੀ ਦਾ ਰਿਜ਼ੌਰਟ 4 ਨਵੰਬਰ, 1987 ਨੂੰ 50.62 ਲੱਖ ਰੁਪਏ ਦੀ ਲਾਗਤ ਨਾਲ ਤਿਆਰ ਹੋਇਆ ਸੀ, ਜੋ 2003-04 ਤੋਂ ਬੰਦ ਪਿਆ ਹੈ। ਬੰਦ ਹੋਣ ਮਗਰੋਂ ਹੁਣ ਤੱਕ ਇਹ ਸਰਕਾਰੀ ਖਜ਼ਾਨੇ ਉਤੇ 50.79 ਕਰੋੜ ਰੁਪਏ ਦਾ ਬੋਝ ਪਾ ਚੁੱਕਾ ਹੈ। ਸਰਕਾਰ ਔਸਤਨ ਹਰ ਸਾਲ ਇਸ 'ਤੇ ਚਾਰ ਕਰੋੜ ਰੁਪਏ ਖਰਚ ਰਹੀ ਹੈ।

ਇਸੇ ਤਰ੍ਹਾਂ ਸਰਕਾਰ ਨੇ ਧਰਮਸ਼ਾਲਾ ਵਿਚ 9 ਅਪਰੈਲ, 1987 ਨੂੰ 54.74 ਲੱਖ ਦੀ ਲਾਗਤ ਨਾਲ ਰਿਜ਼ੌਰਟ ਬਣਾਇਆ ਸੀ ਜੋ ਸਾਲ 2004-05 ਤੋਂ ਬੰਦ ਹੋ ਚੁੱਕਾ ਹੈ। ਸਰਕਾਰ ਲੰਘੇ 12 ਵਰ੍ਹਿਆਂ ਦੌਰਾਨ ਇਸ 'ਤੇ 53.67 ਕਰੋੜ ਰੁਪਏ ਖਰਚ ਚੁੱਕੀ ਹੈ। ਜੈਪੁਰ ਦਾ ਰਿਜ਼ੌਰਟ 31 ਮਈ, 1990 ਵਿਚ ਇਕ ਕਰੋੜ ਦੀ ਲਾਗਤ ਨਾਲ ਤਿਆਰ ਹੋਇਆ ਸੀ ਤੇ ਇਹ ਸਾਲ 2006-07 ਤੋਂ ਬੰਦ ਪਿਆ ਹੈ। ਇਸ 'ਤੇ ਹੁਣ ਤੱਕ 52.35 ਕਰੋੜ ਰੁਪਏ ਖਰਚੇ ਜਾ ਚੁੱਕੇ ਹਨ। ਸੈਰ ਸਪਾਟਾ ਵਿਭਾਗ ਦੇ ਮੰਤਰੀ ਸੋਹਣ ਸਿੰਘ ਠੰਡਲ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਪੰਜਾਬ ਤੋਂ ਬਾਹਰਲੇ ਰਿਜ਼ੌਰਟਾਂ ਨੂੰ ਰੈਨੋਵੇਟ ਕਰਕੇ ਚਲਾਇਆ ਜਾਵੇਗਾ ਜਾਂ ਫਿਰ ਇਨ੍ਹਾਂ ਨੂੰ ਲੀਜ਼ 'ਤੇ ਦਿੱਤਾ ਜਾਵੇਗਾ।

# ਚੁਣੌਤੀ ਬਣ ਰਹੇ ਨੇ ਨਸ਼ਈ ਮਾਂਵਾਂ ਦੇ ਨਸ਼ਈ ਬੱਚੇ

ਪੰਜਾਬ ਦੇ ਸਿਹਤ ਤੇ ਪਰਿਵਾਰ ਭਲਾਈ ਮੰਤਰੀ ਸੁਰਜੀਤ ਕੁਮਾਰ ਜਿਆਣੀ ਨੇ ਇਕ ਬੜਾ ਹਾਸੋਹੀਣਾ ਬਿਆਨ ਦਿੱਤਾ ਸੀ ਕਿ ਸ਼ਰਾਬ ਸਿਹਤ ਲਈ ਕੋਈ ਨੁਕਸਾਨਦਾਇਕ ਨਹੀਂ। ਉਨ੍ਹਾਂ ਦੀ ਇਸ ਸਬੰਧੀ ਦਲੀਲ ਸੀ ਕਿ ਜੇ ਸ਼ਰਾਬ ਮਾੜੀ ਹੋਵੇ ਤਾਂ ਸ਼ਰਾਬ ਦੇ ਕਾਰਖਾਨੇ ਕਿਉਂ ਚਲ ਰਹੇ ਹਨ? ਪੰਜਾਬ ਸਰਕਾਰ ਨੇ ਸ਼ਰਾਬ ਦੇ ਠੇਕੇ ਕਿਉਂ ਖੋਲ੍ਹੇ ਹਨ? ਭਾਰਤ ਦਾ ਦੁਖਾਂਤ ਇਹੋ ਹੈ ਕਿ ਇੱਥੇ ਮੰਤਰੀਆਂ ਨੂੰ ਅਜਿਹੇ ਵਿਭਾਗ ਦਿੱਤੇ ਜਾਂਦੇ ਹਨ, ਜਿਨ੍ਹਾਂ ਬਾਰੇ ਉਨ੍ਹਾਂ ਨੂੰ ਕੋਈ ਜਾਣਕਾਰੀ ਨਹੀਂ ਹੁੰਦੀ। ਇਸ ਦੇ ਮੁਕਾਬਲੇ ਅਮਰੀਕਾ ਵਿਚ ਮਹਿਕਮੇ ਦੀ ਜਾਣਕਾਰੀ ਵਾਲੇ ਨੂੰ ਹੀ ਸਬੰਧਤ ਵਿਭਾਗ ਦਾ ਆਮ ਤੌਰ 'ਤੇ ਮੰਤਰੀ ਬਣਾਇਆ ਜਾਣਾ ਹੈ। ਇਸ ਸਮੇਂ ਅਮਰੀਕਾ ਦੇ ਵਿਦਿਆ ਮੰਤਰੀ ਤੇ



ਡਾ. ਚਰਨਜੀਤ ਸਿੰਘ ਗੁਮਟਾਲਾ
ਫੋਨ: 937-573-9812

ਉਪ ਵਿਦਿਆ ਮੰਤਰੀ ਪੀਐਚ. ਡੀ. ਹਨ ਤੇ ਉਹ ਇਕ ਸਮੇਂ ਸਕੂਲ ਵਿਚ ਅਧਿਆਪਕ ਸਨ।

ਜਿਆਣੀ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਗੁਜਰਾਤ ਵਿਚ ਪਿਛਲੇ ਲੰਮੇ ਸਮੇਂ ਤੋਂ ਸ਼ਰਾਬ 'ਤੇ ਪਾਬੰਦੀ ਹੈ। ਬਿਹਾਰ ਚੋਣਾਂ ਸਮੇਂ ਮਹਿਲਾ ਜਥੇਬੰਦੀਆਂ ਨੇ ਮੰਗ ਕੀਤੀ ਸੀ ਕਿ ਸਿਆਸੀ ਪਾਰਟੀਆਂ ਗੁਜਰਾਤ ਵਾਂਗ ਸ਼ਰਾਬਬੰਦੀ ਨੂੰ ਵੀ ਚੋਣ ਮੈਨੀਫੈਸਟੋ ਵਿਚ ਸ਼ਾਮਲ ਕਰਨ। ਸਿੱਟੇ ਵਜੋਂ ਹਾਕਮ ਪਾਰਟੀ ਨੇ ਇਸ ਨੂੰ ਸ਼ਾਮਲ ਕੀਤਾ ਤੇ ਹੁਣ ਨਤੀਸ਼ ਕੁਮਾਰ ਨੇ ਇਸ ਚੋਣ ਵਾਅਦੇ ਨੂੰ ਲਾਗੂ ਕਰ ਦਿੱਤਾ ਹੈ ਤੇ ਬਿਹਾਰ ਦੇਸ਼ ਦਾ ਦੂਸਰਾ ਨਸ਼ਾਮੁਕਤ ਸੂਬਾ ਹੈ।

ਪੰਜਾਬ ਦੀ ਬਦਕਿਸਮਤੀ ਹੈ ਕਿ ਅਸੀਂ ਬਾਕੀ ਸੂਬਿਆਂ ਵਾਂਗ ਪਿੰਡ ਪਿੰਡ ਲਾਇਬਰੇਰੀ ਨਹੀਂ ਖੋਲੀ ਤਾਂ ਜੋ ਲੋਕ ਪੜ੍ਹ ਲਿਖ ਕੇ ਸੂਝਵਾਨ ਬਣ ਜਾਣ। ਅਸੀਂ ਪਿੰਡ ਪਿੰਡ ਸ਼ਰਾਬ ਦੇ ਠੇਕੇ ਜ਼ਰੂਰ ਖੋਲ ਕੇ ਪੰਜਾਬ ਨੂੰ ਨਸ਼ਿਆਂ ਦਾ ਸੂਬਾ ਬਣਾ ਦਿੱਤਾ ਹੈ। ਭਾਰਤ ਦੇ ਜਿਨ੍ਹਾਂ ਸੂਬਿਆਂ ਵਿਚ ਸ਼ਰਾਬ ਦੇ ਠੇਕੇ ਹਨ, ਉਨ੍ਹਾਂ ਵਿਚੋਂ ਬਹੁਤਿਆਂ ਦੇ ਪਵਿੱਤਰ ਸ਼ਹਿਰਾਂ ਵਿਚ ਸ਼ਰਾਬ ਦੇ ਠੇਕੇ ਨਹੀਂ ਹਨ। ਗੁਆਂਢੀ ਸੂਬਾ ਹਰਿਆਣਾ ਇਸ ਦੀ ਉਦਾਹਰਣ ਹੈ। ਪਰ ਅਸੀਂ ਸਿੱਖੀ ਦੇ ਕੇਂਦਰ ਸ੍ਰੀ ਅੰਮ੍ਰਿਤਸਰ ਸ਼ਹਿਰ ਦੀ ਚਾਰਦੀਵਾਰੀ ਦੇ ਆਲੇ ਦੁਆਲੇ ਸ਼ਰਾਬ ਦੇ ਠੇਕੇ ਇਸ ਤਰ੍ਹਾਂ ਖੋਲੇ ਹਨ, ਜਿਵੇਂ ਸ਼ਰਾਬ ਅੰਮ੍ਰਿਤਸਰੀਆਂ ਦੀ ਮਨਭਾਉਂਦੀ ਖੁਰਾਕ ਹੋਵੇ।

ਪੰਜਾਬ ਦੇ ਨੌਜੁਆਨ ਮਹਿੰਗੇ ਨਸ਼ੇ ਛੱਡ ਕੇ ਸਸਤੀਆਂ ਗੋਲੀਆਂ ਜੋ ਕਿ ਆਮ ਮਿਲਦੀਆਂ ਹਨ, ਦੀ ਵਰਤੋਂ ਕਰਨ ਲੱਗ ਪਏ ਹਨ। ਜਿੱਥੇ ਹੈਰੋਇਨ ਲਈ 1500 ਰੁਪਏ ਤੋਂ 3000 ਰੁਪਏ ਪ੍ਰਤੀ ਗ੍ਰਾਮ ਖਰਚਣੇ ਪੈਂਦੇ ਹਨ, ਉੱਥੇ ਉਹ ਦਰਦ ਨਿਵਾਰਕ, ਖੰਘ ਦੂਰ ਕਰਨ ਦੀਆਂ ਦਵਾਈਆਂ ਥੋੜ੍ਹੇ ਪੈਸੇ ਖਰਚ ਕੇ ਵਰਤਣ ਲੱਗੇ ਹਨ। ਇਸ ਮਕਸਦ ਲਈ ਵਰਤੀ ਜਾਂਦੀ ਬਪਰੇਨੋਰਫਿਨ ਦੀ ਗੋਲੀ ਕਰੀਬ 7 ਰੁਪਏ ਦੀ ਮਿਲ ਜਾਂਦੀ ਹੈ। ਇਹ ਗੋਲੀ ਤਾਂ ਹੈ ਨਸ਼ਾ ਛੁਡਾਉਣ ਲਈ ਪਰ ਲੋਕ ਇਸ ਦੀ ਦੁਰਵਰਤੋਂ ਕਰਨ ਲੱਗੇ ਹਨ।

ਨਸ਼ਿਆਂ ਨੇ ਇਸ ਸਮੇਂ ਸਾਰੇ ਸੰਸਾਰ ਨੂੰ ਆਪਣੀ ਜਕੜ ਵਿਚ ਲਿਆ ਹੋਇਆ ਹੈ ਤੇ ਇਸ ਦੀ ਗ੍ਰਿਫ਼ਤ ਵਿਚੋਂ ਨਿਕਲਣ ਲਈ ਸਾਰੀ ਦੁਨੀਆਂ ਵਿਚ ਜਤਨ ਹੋ ਰਹੇ ਹਨ। ਨਸ਼ਿਆਂ ਦਾ ਸਭ ਤੋਂ ਮਾੜਾ ਅਸਰ ਗਰਭਵਤੀ ਔਰਤਾਂ 'ਤੇ ਪੈਂਦਾ ਹੈ। ਭਾਰਤ ਵਿਚ ਵੀ ਹੁਣ ਆਦਮੀਆਂ ਵੱਲ ਵੇਖ ਕੇ ਇਸਤਰੀਆਂ ਵੀ ਸ਼ਰਾਬ, ਸਿਗਰਟਾਂ, ਸਮੈਕ ਵਗੈਰਾ ਦੀ ਵਰਤੋਂ ਕਰਨ ਲੱਗੀਆਂ ਹਨ, ਜਿਸ ਨੂੰ ਫੌਰੀ ਠੱਲ੍ਹ ਪਾਉਣ ਦੀ ਲੋੜ ਹੈ।

ਜਿਹੜੀਆਂ ਔਰਤਾਂ ਗਰਭਵਤੀ ਹੋਣ ਦੇ ਬਾਵਜੂਦ ਨਸ਼ਿਆਂ ਦੀ ਵਰਤੋਂ ਜਾਰੀ ਰਖਦੀਆਂ ਹਨ, ਉਹ ਨਸ਼ਈ ਬੱਚੇ ਪੈਦਾ ਕਰ ਰਹੀਆਂ ਹਨ। ਨਸ਼ਈ ਬੱਚਿਆਂ ਨੂੰ ਜੰਮਣ ਤੋਂ ਹੀ ਡਾਕਟਰਾਂ ਨੂੰ ਸਾਂਭ



ਸੰਭਾਲ ਲਈ ਜੂਝਣਾ ਪੈਂਦਾ ਹੈ। ਗਰਭਵਤੀ ਔਰਤਾਂ ਵੱਲੋਂ ਦਰਦ ਦੂਰ ਕਰਨ ਵਾਲੀਆਂ ਕਈ ਤਰ੍ਹਾਂ ਦੀਆਂ ਦਵਾਈਆਂ ਜਿਵੇਂ ਕੋਕੀਨ, ਹਾਈਡਰੋਕੋਡੀਨ, ਮੈਥਾਡੋਨ, ਹਾਈਡਰੋਮਾਰਫੋਨ ਤੋਂ ਇਲਾਵਾ ਸਮੈਕ, ਹੈਰੋਇਨ ਆਦਿ ਦੀ ਵਰਤੋਂ ਵੀ ਕੀਤੀ ਜਾਂਦੀ ਹੈ ਜਿਸ ਕਰਕੇ ਨਸ਼ਈ ਬੱਚੇ ਪੈਦਾ ਹੋ ਰਹੇ ਹਨ। ਅਮਰੀਕਾ ਵਿਚ ਹਰ 25 ਮਿੰਟ ਬਾਅਦ ਨਸ਼ਈ ਬੱਚਾ ਪੈਦਾ ਹੁੰਦਾ ਹੈ, ਜਿਸ ਨੂੰ ਜੰਮਦਿਆਂ ਹੀ ਨਸ਼ਾ ਦੇਣਾ ਪੈਂਦਾ ਹੈ। ਅਮਰੀਕਾ ਦੇ ਓਹਾਇਓ ਸੂਬੇ ਵਿਚ ਅਜਿਹੇ ਬੱਚਿਆਂ ਦੀ ਗਿਣਤੀ 2004 ਵਿਚ 199 ਸੀ, ਜੋ 2013 ਵਿਚ ਵੱਧ ਕੇ 1691 ਹੋ ਗਈ। ਇਹ ਬੱਚੇ ਜੰਮਦਿਆਂ ਹੀ ਚੀਕ ਚਿਹਾੜਾ ਮਚਾਉਂਦੇ ਹਨ ਤੇ ਤੁਸੀਂ ਇਨ੍ਹਾਂ ਨੂੰ ਚੁੱਪ ਨਹੀਂ ਕਰਾ ਸਕਦੇ। ਇਨ੍ਹਾਂ ਦੀ ਸਾਂਭ ਸੰਭਾਲ ਲਈ ਵਿਸ਼ੇਸ਼ ਧਿਆਨ ਦੇਣਾ ਪੈਂਦਾ ਹੈ। ਜੰਮਣ ਦੇ 2 ਘੰਟੇ ਬਾਅਦ ਇਨ੍ਹਾਂ ਨੂੰ ਕਬਜ਼ ਹੋ ਜਾਂਦੀ ਹੈ, ਸੁਸਤੀ ਪਈ ਰਹਿੰਦੀ ਹੈ। ਜੰਮਦਿਆਂ ਹੀ ਦੁੱਧ ਪਿਆਉਣ ਪਿਛੋਂ ਇਨ੍ਹਾਂ ਦੀ ਤਿੰਨ ਤੋਂ ਚਾਰ ਘੰਟਿਆਂ ਪਿੱਛੋਂ 22 ਨੁਕਤਿਆਂ ਤੋਂ ਜਾਂਚ ਕੀਤੀ ਜਾਂਦੀ ਹੈ। ਇਨ੍ਹਾਂ ਵਿਚ ਦਿਮਾਗੀ ਅਵਸਥਾ, ਮਿਹਦਾ ਤੇ ਅੰਤੜੀਆਂ, ਆਮ ਸਿਹਤ ਆਦਿ ਸ਼ਾਮਲ ਹਨ। ਇਨ੍ਹਾਂ ਬੱਚਿਆਂ ਨੂੰ ਉਲਟੀਆਂ, ਦਸਤ, ਪਾਣੀ ਦੀ ਘਾਟ, ਨਸਾਂ ਬੰਦ ਹੋਣ ਵਰਗੀਆਂ ਅਲਾਮਤਾਂ ਨਾਲ ਦੋ ਚਾਰ ਹੋਣਾ ਪੈਂਦਾ ਹੈ। ਚੰਗੀ ਸਾਂਭ ਸੰਭਾਲ ਦੇ ਬਾਵਜੂਦ ਇਨ੍ਹਾਂ ਵਿਚੋਂ 80 ਪ੍ਰਤੀਸ਼ਤ ਨੂੰ ਨੀਂਦ ਲਿਆਉਣ ਤੇ ਦਰਦ ਦੂਰ ਕਰਨ ਵਾਲੀ ਦੁਆਈ ਦੇਣੀ ਪੈਂਦੀ ਹੈ। ਇਹ ਆਮ ਬੱਚਿਆਂ ਦੀ ਤਰ੍ਹਾਂ ਖਲੋ ਨਹੀਂ ਸਕਦੇ। ਇਸ ਤਰ੍ਹਾਂ ਦੀਆਂ ਹੋਰ ਅਨੇਕਾਂ ਸਮੱਸਿਆਵਾਂ ਨਾਲ ਇਨ੍ਹਾਂ ਨੂੰ ਜੂਝਣਾ ਪੈਂਦਾ ਹੈ। ਨਸ਼ਈ ਮਾਂਵਾਂ ਦੇ ਇਹ ਬੱਚੇ ਕਈ ਹਫਤੇ ਪਹਿਲਾਂ ਜਨਮ ਲੈ ਲੈਂਦੇ ਹਨ, ਜਿਸ ਕਾਰਨ ਉਨ੍ਹਾਂ ਨੂੰ ਹਸਪਤਾਲ ਵਿਚ ਜੰਮਦਿਆਂ ਹੀ ਆਕਸੀਜਨ ਦੇਣੀ ਪੈਂਦੀ ਹੈ ਤੇ ਅਕਸਰ ਘਰ ਵੀ ਆਕਸੀਜਨ ਲਗਾ ਕੇ ਲਿਆਉਣਾ ਪੈਂਦਾ ਹੈ। ਇਨ੍ਹਾਂ ਬੱਚਿਆਂ ਦੀ ਮਰਨ ਦਰ ਆਮ ਬੱਚਿਆਂ ਨਾਲੋਂ ਕਈ ਗੁਣਾ ਵੱਧ ਹੈ।

ਅਮਰੀਕਾ ਇਸ ਸਮੇਂ ਨਸ਼ਿਆਂ ਦੀ ਮਾਰ ਹੇਠ ਹੈ। ਅਮਰੀਕਾ ਦੇ ਨਾਮੀ ਅਖਬਾਰ 'ਦਾ ਇਕਾਨੋਮਿਸਟ' ਅਨੁਸਾਰ ਅੱਜ ਤੋਂ 50 ਸਾਲ ਪਹਿਲਾਂ ਹੈਰੋਇਨ ਕੇਵਲ ਪੁਰਸ਼ ਵਰਤਦੇ ਸਨ ਤੇ ਉਹ ਵੀ ਜਵਾਨ। ਉਨ੍ਹਾਂ ਵਿਚ ਵੀ ਕਾਲਿਆਂ ਦੀ ਗਿਣਤੀ ਜ਼ਿਆਦਾ ਹੁੰਦੀ ਸੀ। ਪਰ ਹੁਣ ਇਨ੍ਹਾਂ ਵਿਚ ਅੱਧੀਆਂ ਔਰਤਾਂ ਹਨ। ਪੁਰਸ਼ਾਂ ਵਿਚ 90 ਪ੍ਰਤੀਸ਼ਤ ਗੋਰੇ ਅਮਰੀਕੀ ਹਨ। ਸਾਲ 2007 ਵਿਚ 3 ਲੱਖ 70 ਹਜ਼ਾਰ ਵਿਅਕਤੀ ਹੈਰੋਇਨ ਵਰਤਦੇ ਸਨ। ਇਹ ਗਿਣਤੀ 2013 ਵਿਚ ਵਧ ਕੇ 6 ਲੱਖ 80 ਹਜ਼ਾਰ ਹੋ ਗਈ। ਜਿੱਥੇ ਕੋਕੀਨ ਦੀ ਅਮਰੀਕਾ ਵਿਚ ਵਰਤੋਂ ਵੱਧ ਰਹੀ ਹੈ, ਉੱਥੇ ਯੂਰਪ ਵਿਚ ਪਿਛਲੇ ਦਹਾਕੇ ਵਿਚ ਇਸ ਦੀ ਵਰਤੋਂ ਇਕ ਤਿਹਾਈ ਘਟੀ ਹੈ। ਅਮਰੀਕਾ ਵਿਚ ਹੈਰੋਇਨ ਦੀ ਮੰਗ ਬੜੀ ਤੇਜ਼ੀ ਨਾਲ ਵੱਧੀ ਹੈ। ਦੁਨੀਆਂ ਵਿਚ ਅਫ਼ੀਮ ਦੀ 80 ਪ੍ਰਤੀਸ਼ਤ ਪੈਦਾਵਾਰ ਅਫਗਾਨਿਸਤਾਨ ਵਿਚ ਹੁੰਦੀ ਹੈ, ਪਰ ਅਮਰੀਕਾ ਵਿਚ ਮੈਕਸੀਕੋ ਤੋਂ ਹੈਰੋਇਨ ਜਾਂਦੀ ਹੈ। ਅਫਗਾਨਿਸਤਾਨ ਤੇ ਮਾਇਨਮਾਰ ਤੋਂ ਬਾਅਦ ਮੈਕਸੀਕੋ ਅਫ਼ੀਮ ਪੈਦਾ ਕਰਨ ਵਾਲਾ ਤੀਸਰਾ ਵੱਡਾ ਦੇਸ਼ ਹੈ।

ਅਮਰੀਕਾ ਹੀ ਨਹੀਂ, ਸਾਰੀ ਦੁਨੀਆਂ ਇਸ ਦੀ ਮਾਰ ਹੇਠ ਹੈ। ਨਸ਼ਾ ਮੁਕਤ ਸਮਾਜ ਹੀ ਚੰਗਾ ਸਮਾਜ ਬਣ ਸਕਦਾ ਹੈ। ਸਮਾਜ ਸੇਵੀ ਸੰਸਥਾਵਾਂ ਇਸ ਦਿਸ਼ਾ ਵਿਚ ਚੰਗਾ ਕੰਮ ਕਰ ਰਹੀਆਂ ਹਨ ਪਰ ਸਰਕਾਰਾਂ ਨੂੰ ਵੀ ਇਸ ਬਾਰੇ ਉਸਾਰੂ ਤੇ




ਸਖਤ ਕਦਮ ਚੁਕਣ ਦੀ ਲੋੜ ਹੈ। ਅਫ਼ੀਮ ਦੀ ਪੈਦਾਵਾਰ ਉਨੀ ਹੀ ਕੀਤੀ ਜਾਵੇ ਜਿੰਨੀ ਕਿ ਦਵਾਈਆਂ ਲਈ ਲੋੜੀਂਦੀ ਹੈ। ਨਸ਼ਾ ਪੈਦਾ ਕਰਨ ਵਾਲੀਆਂ ਦਵਾਈਆਂ ਦੀ ਵਿਕਰੀ ਉਪਰ ਵੀ ਕੰਟਰੋਲ ਕਰਨ ਦੀ ਲੋੜ ਹੈ। ਜੇ ਮਾਤਾ-ਪਿਤਾ ਨਸ਼ੇ ਦੀ ਵਰਤੋਂ ਬੰਦ ਕਰ ਦੇਣ ਤਾਂ ਉਨ੍ਹਾਂ ਦੀ ਔਲਾਦ ਵੀ ਜ਼ਰੂਰ ਪ੍ਰਹੇਜ਼ ਕਰੇਗੀ। ਇਸ ਲਈ ਨਸ਼ਿਆਂ ਦੀ ਰੋਕਥਾਮ ਘਰ ਤੋਂ ਹੋਣੀ ਚਾਹੀਦੀ ਹੈ।

## ਸੰਪਾਦਕ ਦੀ ਡਾਕ

## ਨਵੀਂ ਗੁਲਾਮੀ ਵੱਲ ਵਧ ਰਿਹਾ ਭਾਰਤ

ਅਸੀਂ ਖਤਮ ਹੋ ਚੁਕੇ ਹਾਂ। ਜੋ ਰਾਮ ਰੌਲਾ ਅਸੀਂ ਪਾਈ ਬੈਠੇ ਹਾਂ, ਉਹ ਦਿਨ ਦੂਰ ਨਹੀਂ ਜਦੋਂ ਭਾਰਤ ਫਿਰ ਗੁਲਾਮ ਹੋ ਜਾਵੇਗਾ। ਨੈਤਿਕਤਾ ਖਤਮ ਹੋ ਚੁਕੀ ਹੈ। ਇਨਸਾਨੀ ਕਦਰਾਂ ਕੀਮਤਾਂ ਦਾ ਦਿਵਾਲਾ ਨਿਕਲ ਚੁਕਾ ਹੈ। ਸਹਿਨਸ਼ੀਲਤਾ ਨਾਂ ਦੀ ਚੀਜ਼ ਖੰਭ ਲਾ ਕੇ ਉਡ ਗਈ ਹੈ। ਮੈਂ 72 ਸਾਲਾਂ ਦਾ ਹਾਂ ਅਤੇ ਇਕ ਛੋਟੇ ਜਿਹੇ ਪਿੰਡ ਦਾ ਜਮਪਲ ਹਾਂ। ਮੈਨੂੰ ਯਾਦ ਹੈ, ਸਵੇਰੇ ਬਾਹਰ ਜਾਂਦੇ ਆਉਂਦੇ ਇਕ ਦੂਜੇ ਨੂੰ ਨਮਸਕਾਰ ਕਰਨੀ। ਹਿੰਦੂ ਨੇ ਸਿੱਖ ਨੂੰ ਸਤਿ ਸ੍ਰੀ ਅਕਾਲ ਕਹਿਣੀ ਅਤੇ ਸਿੱਖ ਨੇ ਹਿੰਦੂ ਨੂੰ ਰਾਮ ਰਾਮ ਕਹਿਣਾ। ਸੰਗਰਾਂਦ ਵਾਲੇ ਦਿਨ ਸਭ ਹਿੰਦੂ-ਸਿੱਖਾਂ ਨੇ ਗੁਰਦੁਆਰੇ ਆ ਜਾਣਾ, ਸਭ ਤਿਉਹਾਰ ਰਲ ਕੇ ਮਨਾਉਣੇ। ਵੱਡੇ ਛੋਟੇ ਦਾ ਸਤਿਕਾਰ ਹੋਣਾ।

ਪਹਿਲਾਂ ਬੋਲੀ ਦੀ ਵੰਡ ਹੋਈ, ਹੁਣ ਧਰਮ ਦੀ ਵੰਡ ਹੋ ਰਹੀ ਹੈ। ਰਾਖਵੇਂਕਰਣ ਨੇ ਸਾਨੂੰ ਬਿਲਕੁਲ ਤੋੜ ਕੇ ਰੱਖ ਦਿਤਾ ਹੈ। ਸਿੱਖੀ ਨੂੰ ਅਸਿੱਖੀ ਬਣਾ ਦਿਤਾ। ਹੁਣ ਕੋਈ ਵੀ ਗੁਰੂ ਦਾ ਸਿੱਖ ਨਹੀਂ ਹੈ, ਲੋੜ ਦਾ ਸਿੱਖ ਹੈ। ਸਿੱਖਾਂ ਦਾ ਕਿਰਦਾਰ ਖਤਮ ਹੋ ਗਿਆ ਹੈ। ਹਾਕਮ ਜਮਾਤ ਰਿਸ਼ਵਤ ਬਗੈਰ ਕੰਮ ਹੀ ਨਹੀਂ ਕਰਦੀ। ਬਾਬਾ ਤਾਂ ਕਹਿ ਗਿਆ, "ਕੋਈ ਬੋਲੈ ਰਾਮ ਰਾਮ ਕੋਈ ਖੁਦਾਇ॥" ਯਾਨਿ ਮਜ਼ਹਬ ਨਹੀਂ ਸਿਖਾਤਾ ਆਪਸ ਮੇਂ ਬੈਰ ਰਖਨਾ। ਅਸੀਂ ਵਾਹਿਗੁਰੂ, ਰਾਮ, ਰਹੀਮ ਅਤੇ ਅੱਲਾ ਨੂੰ ਇਕ ਤੋਂ ਅਨੇਕ ਕਰ ਕਰਕੇ ਇਕ ਦੂਜੇ ਦੇ ਦੁਸ਼ਮਣ ਬਣਾ ਦਿਤਾ ਹੈ। ਇਕ ਦੂਜੇ ਦੀਆਂ ਭਾਵਨਾਵਾਂ ਦਾ ਖਿਲਵਾੜ ਕਰ ਰਹੇ ਹਾਂ।

ਜਾਗੋ! ਜਾਗੋ! ਪਹਿਲਾਂ ਪੰਥ ਖਤਰੇ ਵਿਚ ਕਹਿ ਕੇ ਵੋਟਾਂ ਬਟੋਰੀਆਂ ਗਈਆਂ ਅਤੇ ਹੁਣ ਫਤਿਹ ਅਤੇ ਨਮਸਤੇ ਨੂੰ ਆਹਮੋ-ਸਾਹਮਣੇ ਖੜੇ ਕਰ ਦਿਤਾ ਹੈ। ਤ੍ਰਿਸੂਲ ਅਤੇ ਖੰਡੇ ਨੂੰ ਲੜਾਇਆ ਜਾ ਰਿਹਾ ਹੈ, ਅੰਮ੍ਰਿਤਧਾਰੀ ਅਤੇ ਸ਼ਿਵ ਸੈਨਿਕ ਨੂੰ ਇਕ-ਦੂਜੇ ਦੇ ਕੱਟੜ ਦੁਸ਼ਮਣ ਬਣਾ ਦਿਤਾ ਗਿਆ ਹੈ। ਇਹ ਕੌਣ ਕਰਵਾ ਰਿਹਾ ਹੈ? ਕੁਰਸੀ।

ਵਕਤ ਆ ਗਿਆ ਹੈ, ਕੁਰਸੀ ਉਪਰ ਸਹੀ ਰਾਜੇ ਦੇ ਬੈਠਣ ਦਾ। ਇਸ ਦੇਸ਼ ਨੂੰ ਕੋਈ ਬੁਧੀਮਾਨ ਜਰਨੈਲ ਹੀ ਬਚਾ ਸਕਦਾ ਹੈ। ਹੁਣ ਸਾਨੂੰ ਬਾਰਡਰ 'ਤੇ ਨਹੀਂ, ਗੁਰਦੁਆਰਿਆਂ, ਮੰਦਿਰਾਂ ਅਤੇ ਮਸਜਿਦਾਂ ਵਿਚ ਮਾਰਿਆ ਜਾਵੇਗਾ। ਜੋ ਕਾਲਾ ਧਨ ਬਾਹਰ ਦੀਆਂ ਬੈਂਕਾਂ ਵਿਚ ਹੈ, ਉਹ ਦੂਜੀਆਂ ਸਰਕਾਰਾਂ ਦੀਆਂ ਏਜੰਸੀਆਂ ਗੱਦਾਰ ਲੀਡਰਾਂ ਦੇ ਖਾਤਿਆਂ ਵਿਚ ਜਮਾਂ ਕਰਵਾਉਂਦੀਆਂ ਹਨ। ਕੁਝ ਲੀਡਰ ਅੰਬਾਨੀ ਵਰਗੇ ਧਨਾਢਾਂ ਕੋਲ ਵਿਕ ਜਾਂਦੇ ਹਨ। ਦਿੱਲੀ ਵਾਲਿਆਂ ਨੂੰ ਪਤਾ ਹੈ ਕਿ ਸਿੱਖ ਦੇਸ਼ ਭਗਤ ਹਨ, ਜੇ ਉਨ੍ਹਾਂ ਨੂੰ ਦੋ ਫੀਸਦੀ ਵੀ ਸ਼ੱਕ ਪਵੇ ਜਾਵੇ ਕਿ ਸਿੱਖ ਪਾਕਿਸਤਾਨ ਨਾਲ ਰਲ ਸਕਦੇ ਹਨ ਤਾਂ ਜੰਮੂ ਕਸ਼ਮੀਰ ਵਾਲਿਆਂ ਨੂੰ ਸਭ ਸਹੂਲਤਾਂ ਮਿਲ ਸਕਦੀਆਂ ਹਨ। ਫਿਰ ਬਾਦਲ ਨੂੰ ਦਿੱਲੀ ਝੋਲੀ ਅੱਡ ਕੇ ਮੰਗਣ ਜਾਣ ਦੀ ਲੋੜ ਨਹੀਂ। ਦਿੱਲੀ ਖੁਦ ਨੋਟਾਂ ਦੇ ਟਰੱਕ ਲੈ ਕੇ ਚੰਡੀਗੜ੍ਹ ਪਹੁੰਚੇਗੀ। ਨਹਿਰਾਂ ਦਾ ਪਾਣੀ, ਭਾਖੜੇ ਦੀ ਬਿਜਲੀ ਅਤੇ ਰਾਜਧਾਨੀ ਚੰਡੀਗੜ੍ਹ ਥਾਲੀ ਵਿਚ ਪਰੋਸ ਕੇ ਦਿੱਤਾ ਜਾਵੇਗਾ। ਇਹ ਮੇਰੇ ਨਿਜੀ ਵਿਚਾਰ ਹਨ, ਜੋ ਕਿਰਪਾਨ ਉਪਰ ਉਕਰੇ "ਜੈ ਮਾਤਾ ਦੀ" ਦੇ ਵਿਵਾਦ ਤੋਂ ਉਤਪਨ ਹੋਏ ਹਨ। ਇਹ ਕਮੀਨੀਆਂ ਚਾਲਾਂ ਕੌਣ ਅਤੇ ਕਿਉਂ ਚਲ ਰਿਹਾ ਹੈ? ਤੁਸੀਂ ਸਭ ਜਾਣਦੇ ਹੋ। ਮੁੱਦਾ ਫਿਰ ਪੰਥ ਖਤਰੇ 'ਚ ਹੈ' ਵਲ ਲਿਜਾਇਆ ਜਾ ਰਿਹਾ ਹੈ। ਪਰ ਹੁਣ ਭਾੜੂ ਮੰਡਲੀ ਇਨ੍ਹਾਂ ਦਾ ਸਫਾਇਆ ਕਰ ਹੀ ਦੇਵੇਗੀ।

*-ਚਰਨਜੀਤ ਸਿੰਘ ਸੰਧੂ, ਟੈਕਸਸ*
*ਫੋਨ: 281-999-7779*

## ਗਊਸ਼ਾਲਾ ਸੰਸਥਾਵਾਂ ਨੂੰ ਮੁਫਤ ਬਿਜਲੀ!

ਚੋਣ ਵਰ੍ਹਾ ਹੋਣ ਕਾਰਨ ਹੁਣ ਪੰਜਾਬ ਸਰਕਾਰ ਰਿਆਇਤ ਦਰ ਰਿਆਇਤ ਦੇਵੇਗੀ। ਰੁਕੇ ਵਾਅਦੇ ਪੂਰੇ ਹੋਣਗੇ। 22 ਮਾਰਚ ਨੂੰ ਬਿਆਨ ਛਪਿਆ ਹੈ ਕਿ ਕੀਮਤੀ ਲਾਲ ਭਗਤ ਦੀ ਮੁਫਤ ਬਿਜਲੀ ਦੀ ਮੰਗ ਪੂਰੀ ਹੋਏਗੀ। ਕੀਮਤੀ ਲਾਲ ਭਗਤ ਪੰਜਾਬ ਗਊ ਸੇਵਾ ਕਮਿਸ਼ਨ ਦੇ ਚੇਅਰਮੈਨ ਹਨ। ਇਕ ਪਾਸੇ ਤਾਂ ਸਰਕਾਰ ਪੈਸੇ ਦੀ ਤੰਗੀ ਦੀਆਂ ਦੁਹਾਈਆਂ ਦੇ ਰਹੀ ਹੈ ਤੇ ਦੂਜੇ ਪਾਸੇ ਇਸ ਨੇ ਕੀਮਤੀ ਲਾਲ ਦੀ ਤਨਖਾਹ 50 ਹਜ਼ਾਰ ਰੁਪਏ ਮਹੀਨਾ ਮਿਥੀ ਹੈ ਜੋ ਉਨ੍ਹਾਂ ਨੂੰ ਘੱਟ ਲੱਗੀ ਹੈ। ਉਹ ਇਕ ਲੱਖ ਰੁਪਏ ਦੀ ਮੰਗ ਕਰ ਰਹੇ ਹਨ।

ਸਰਕਾਰ ਗਊਆਂ ਪ੍ਰਤੀ ਹਮਦਰਦ ਹੈ ਤਾਂ ਕੀਮਤੀ ਲਾਲ ਭਗਤ ਨੂੰ ਵੀ ਤਨਖਾਹ ਅੱਵਲ ਤਾਂ ਲੈਣੀ ਨਹੀਂ ਚਾਹੀਦੀ, ਜੇ ਸਰਦਾ ਨਹੀਂ ਤਾਂ ਸਰਕਾਰ ਨੂੰ ਆਖਦੇ 50 ਨਹੀਂ 25 ਹਜ਼ਾਰ ਦਿਉ। ਉਨ੍ਹਾਂ ਵਲੋਂ ਕੀਤੀ ਸੇਵਾ ਦਾ ਪੁੰਨ ਲਗਦਾ। ਪਰ ਥੋੜ੍ਹੇ ਦਿਨ ਹੋਰ ਬੀਤਣ ਦਿਉ, ਇਕ ਲੱਖ ਰੁਪਏ ਮਹੀਨੇ ਦਾ ਐਲਾਨ ਹੋ ਜਾਵੇਗਾ। ਵਿਧਾਨ ਸਭਾ ਚੋਣਾਂ ਜੋ ਨੇੜੇ ਹੋਈਆਂ!

ਸਾਨੂੰ ਸਰਕਾਰ ਦੀ ਤੰਗ ਦਿਲੀ ਜਾਂ ਫਰਾਖ ਦਿਲੀ ਨਾਲ ਕੀ ਸਰੋਕਾਰ? ਅਸੀਂ ਤਾਂ ਇਹੋ ਅਰਜ ਕਰਨੀ ਹੈ ਕਿ ਅਵਾਰਾਂ ਗਊਆਂ ਤੇ ਸਾਨ੍ਹਾਂ ਨੂੰ ਖੇਤਾਂ ਅਤੇ ਸੜਕਾਂ ਉਪਰ ਫਿਰਨੋਂ ਰੋਕੋ। ਚਾਹੀਦਾ ਤਾਂ ਇਹ ਸੀ ਕਿ ਗਊ ਭਗਤ ਖੇਤਾਂ ਵਿਚਲੀਆਂ ਅਵਾਰਾ ਗਾਂਵਾਂ ਫੜ ਕੇ ਗਊਸ਼ਾਲਾ ਵਿਚ ਲੈ ਆਉਣ ਪਰ ਜਦੋਂ ਕਿਸਾਨ ਆਪ ਲੈ ਆਉਂਦੇ ਹਨ ਤਾਂ ਸੇਵਕ ਗਊਸ਼ਾਲਾ ਨੂੰ ਜੰਦਰਾ ਮਾਰ ਦਿੰਦੇ ਹਨ। ਹਿੰਸਕ ਝੜਪਾਂ ਹੋ ਚੁਕੀਆਂ ਹਨ। ਮੁਫਤ ਸਹੂਲਤਾਂ ਦੇਣ ਵਕਤ ਇਹ ਯਕੀਨੀ ਬਣਾਇਆ ਜਾਵੇ ਕਿ ਕੋਈ ਗਊ, ਸਾਨ੍ਹ ਅਵਾਰਾ ਨਾ ਫਿਰੇ। ਹਾਦਸਿਆਂ ਵਿਚ ਪਸ਼ੂਆਂ ਅਤੇ ਮਨੁਖਾਂ ਦੋਹਾਂ ਦੀਆਂ ਮੌਤਾਂ ਹੁੰਦੀਆਂ ਹਨ, ਉਹ ਅਪਾਹਜ ਹੁੰਦੇ ਹਨ।

*-ਡਾ. ਹਰਪਾਲ ਸਿੰਘ ਪੰਨੂ*
*ਪੰਜਾਬੀ ਯੂਨੀਵਰਸਿਟੀ, ਪਟਿਆਲਾ।*

## 16ਵੀਂ ਵਰ੍ਹੇਗੰਢ ਦੀ ਵਧਾਈ

ਪੰਜਾਬ ਟਾਈਮਜ਼ ਦੇ ਸਟਾਫ, ਕਾਲਮਨਵੀਸਾਂ, ਇਸ ਦੇ ਸਥਾਈ ਲੇਖਕਾਂ ਨੂੰ 16ਵੀਂ ਵਰ੍ਹੇਗੰਢ ਦੀ ਬਹੁਤ ਬਹੁਤ ਵਧਾਈ ਹੋਵੇ। ਸਾਡੀ ਕਾਮਨਾ ਹੈ ਕਿ ਸਭ ਦਾ ਮਨਪਸੰਦ ਇਹ ਅਖਬਾਰ ਹੋਰ ਤਰੱਕੀਆਂ ਕਰੇ, ਇਸ ਦੇ ਮਿਆਰ ਹੋਰ ਉੱਚੇ ਹੋਣ ਅਤੇ ਇਹ ਅੱਗੇ ਵਧਦਾ ਰਹੇ। ਪਿਛਲੇ ਕੁਝ ਹਫਤਿਆਂ ਤੋਂ ਦੁਪਾਲਪੁਰ ਨਜ਼ਰ ਨਹੀਂ ਆ ਰਹੇ, ਕਿਥੇ ਨੇ?

*-ਸਤਪਾਲ ਸਿੰਘ, ਨਿਊ ਯਾਰਕ*

## ਜੱਟ ਦਾ 'ਗਪੌੜ ਸੰਖ'

'ਪੰਜਾਬ ਟਾਈਮਜ਼' ਅਖਬਾਰ ਵਿਚ ਤਰਲੋਚਨ ਸਿੰਘ ਦੁਪਾਲਪੁਰ (ਅੰਕ 9, 26 ਫਰਵਰੀ) ਦਾ 'ਗਪੌੜ ਸੰਖ' ਪੜ੍ਹਿਆ, ਰੋਚਿਕ ਲੱਗਿਆ, ਪਰ ਇਸ 'ਸੰਖ' ਬਾਰੇ ਹੋਰ ਵੀ ਕਹਾਣੀ ਮਸ਼ਹੂਰ ਹੈ। ਕਿਸੇ ਗਰੀਬੜੇ ਜਿਹੇ ਭਗਤ ਬੰਦੇ ਕੋਲ ਥੋੜ੍ਹੀ ਪੈਲੀ ਅਤੇ ਹਲਟ ਵਾਲਾ ਖੂਹ ਸੀ। ਇਸ ਭਗਤ ਨੇ ਆਪਣੀ ਭਗਤੀ ਨਾਲ ਧੰਨੇ ਜੱਟ ਵਾਂਗ ਸੰਖ ਦੀ ਪੂਜਾ ਕਰ ਕੇ ਉਸ ਵਿਚੋਂ ਰੱਬ ਪਾ ਲਿਆ।

ਹੁਣ ਉਹ ਸੰਖ ਹੀ ਇਸ ਗਰੀਬ ਭਗਤ ਦੀ ਪੈਲੀ ਵਾਹੁਣ ਅਤੇ ਸਿੰਜਣ ਦਾ ਕੰਮ ਕਰਨ ਲੱਗਾ। ਕਿਸੇ ਨੂੰ ਕੁਝ ਨਜ਼ਰ ਨਹੀਂ ਸੀ ਆਉਂਦਾ ਕਿ ਇਸ ਗਰੀਬ ਦੀ ਫਸਲ ਕਿਵੇਂ, ਕਦੋਂ ਅਤੇ ਕਿਸ ਨੇ ਬੀਜੀ, ਸਿੰਜੀ ਜਾਂ ਵੱਢੀ ਹੈ। ਇਹ ਸਾਰਾ ਕੁਝ ਸਿਰਫ ਸੰਖ ਅਤੇ ਭਗਤ ਕਿਸਾਨ ਨੂੰ ਹੀ ਪਤਾ ਸੀ।

ਇਸ ਕਿਸਾਨ ਦਾ ਗੁਆਂਢੀ ਜੱਟ ਦੇਖ-ਦੇਖ ਸੜਦਾ। ਉਹ ਸੋਚਦਾ, ਉਹ ਤਾਂ ਕੜਕਦੀ ਧੁੱਪ, ਠੰਢ ਅਤੇ ਮੋਹਲੇਧਾਰ ਬਰਸਾਤ ਵਿਚ ਵੀ ਕੰਮ ਕਰਦਾ ਹੈ, ਫਸਲ ਫਿਰ ਵੀ ਘੱਟ ਅਤੇ ਸੋਕੇ ਤੋਂ ਬਗੈਰ ਰਹਿ ਜਾਂਦੀ ਹੈ, ਪਰ ਇਸ ਮਾੜਕੂ ਗੁਆਂਢੀ ਦਾ ਹਰ ਕੰਮ ਵੇਲੇ ਸਿਰ ਹੁੰਦਾ ਹੈ ਅਤੇ ਹੁੰਦਾ ਵੀ ਵਧੀਆ ਹੈ। ਇਸ ਤੋਂ ਉਪਰ ਗੱਲ ਇਹ ਕਿ ਇਹ ਬੈਠਾ ਵੀ ਤੂਤ ਦੀ ਛਾਂਵੇਂ ਰਹਿੰਦਾ ਹੈ। ਫਿਰ ਇਸ ਦੇ ਸਾਰੇ ਕੰਮ ਕੌਣ ਕਰੀ ਜਾਂਦਾ ਹੈ? ਭਲਾ ਪੁੱਛੀਏ ਤਾਂ ਸਹੀ!

ਉਸ ਹੱਟੇ-ਕੱਟੇ ਜੱਟ ਨੇ ਜਦੋਂ ਗਰੀਬੜੇ ਭਗਤ ਨੂੰ ਇਸ ਦਾ ਰਾਜ਼ ਪੁੱਛਿਆ ਤਾਂ ਉਸ ਦੇ ਦੱਸਣ ਤੋਂ ਕੁਝ ਝਿਜਕ ਦਿਖਾਉਣ 'ਤੇ ਤਕੜੇ ਜੱਟ ਨੇ ਉਸ ਨੂੰ ਢਾਹ ਲਿਆ। ਗੋਡਾ ਫੇਰਨ 'ਤੇ ਵਿਚਾਰਾ ਗਰੀਬ ਕਿਸਾਨ ਬੋਲ ਪਿਆ ਕਿ ਉਹ ਸਾਰਾ ਕੁਝ ਦੱਸ ਦੇਵੇਗਾ, ਪਰ ਉਸ ਨੂੰ ਥੱਲਿਓਂ ਕੱਢ ਦੇਵੇ।

ਖੈਰ, ਉਸ ਦੇ ਥੱਲਿਓਂ ਨਿਕਲਣ 'ਤੇ ਗਰੀਬ ਕਿਸਾਨ ਨੇ ਦੱਸ ਦਿੱਤਾ ਕਿ ਉਸ ਪਾਸ ਐਸਾ ਸੰਖ ਹੈ ਜੋ ਉਸ ਦੇ ਸਾਰੇ ਕੰਮ ਕਰਦਾ ਹੈ। ਤਕੜੇ ਜੱਟ ਨੇ ਕਿਹਾ ਕਿ ਉਹ ਸੰਖ ਉਸ ਨੂੰ ਦੇ ਦੇਵੇ। ਗਰੀਬ ਭਗਤ ਨੂੰ ਫਿਕਰ ਪੈ ਗਿਆ ਕਿ ਹੁਣ ਕਿਵੇਂ ਹੋਊ, ਜੇ ਸੰਖ ਦੇ ਦਿੱਤਾ ਤਾਂ ਉਸ ਦੇ ਕੰਮ ਕੌਣ ਕਰੇਗਾ! ਡਾਢੇ ਜੱਟ ਦੇ ਦਬਕਣ 'ਤੇ ਗਰੀਬ ਨੂੰ ਤਰਕੀਬ ਸੁੱਝੀ। ਉਸ ਨੇ ਸੋਚਿਆ ਕਿ ਉਸ ਪਾਸ ਸੰਖ ਤਾਂ ਹੋਰ ਵੀ ਪਏ ਹਨ ਜੋ ਕੰਮ ਨਹੀਂ ਕਰਦੇ, ਇਸ ਨੂੰ ਇਨ੍ਹਾਂ ਵਿਚੋਂ ਇਕ ਦੇ ਦੇਵਾਂਗਾ।

ਗਰੀਬ ਨੇ ਜੱਟ ਨੂੰ ਅਗਲੇ ਦਿਨ ਸੰਖ ਦੇ ਦਿੱਤਾ ਤੇ ਕਿਹਾ ਕਿ ਇਸ ਨੂੰ ਕੱਪੜੇ ਵਿਚ ਲਪੇਟ ਕੇ ਘਰ ਲੈ ਜਾਵੇ। ਫਿਰ ਇਸ ਨੂੰ ਨੁਹਾ-ਧੁਆ ਕੇ ਧੂਫ ਬੱਤੀ ਕਰ ਕੇ ਜੋ ਮੰਗਣਾ ਹੈ, ਮੰਗ ਲਵੇ।

ਜੱਟ ਨੇ ਇਵੇਂ ਹੀ ਕੀਤਾ ਤੇ ਸੋਚਿਆ ਕਿ ਆਪਾਂ ਇਸ ਪਾਸੋਂ ਖੇਤ ਕਿਉਂ ਵਹਾਉਣੇ ਹਨ, ਜਾਂ ਹਲਟ ਕਿਉਂ ਗਿੜਵਾਉਣਾ ਹੈ- ਸਿੱਧੇ ਪੈਸੇ ਹੀ ਮੰਗ ਲੈਂਦੇ ਹਾਂ।

ਜੱਟ: ਸੰਖ ਜੀ, ਮੈਨੂੰ 50 ਰੁਪਏ ਦਿਓ।
ਸੰਖ: ਜੱਟਾ, ਤੂੰ 100 ਰੁਪਏ ਲੈ।
ਜੱਟ: ਸੰਖ ਜੀ, ਮੈਨੂੰ 100 ਰੁਪਏ ਦਿਓ।
ਸੰਖ: ਜੱਟਾ, ਤੂੰ 200 ਲੈ।
ਜੱਟ: ਸੰਖਾ, ਤੂੰ ਮੈਨੂੰ 200 ਰੁਪਏ ਦੇ (ਹੁਣ ਜੱਟ ਕੁਝ ਗੁੱਸੇ ਵਿਚ ਆ ਗਿਆ)।
ਸੰਖ: ਜੱਟ ਜੀ, ਤੁਸੀਂ 400 ਰੁਪਏ ਲਓ ਜੀ।
ਜੱਟ: ਸੰਖਾ, ਮੈਨੂੰ 400 ਰੁਪਏ ਦੇ।
ਸੰਖ: ਜੱਟ ਜੀ, ਤੁਸੀਂ 800 ਲਓ ਜੀ।
ਹੁਣ ਜੱਟ ਦਾ ਸਬਰ ਟੁੱਟ ਗਿਆ।
ਜੱਟ: ਸੰਖਾ, ਤੂੰ ਮੈਨੂੰ 800 ਰੁਪਏ ਦਿੰਨਾਂ ਵੀ ਆਂ!
ਸੰਖ: ਜੱਟਾ, ਤੂੰ ਰੁਪਏ ਲੈਨਾਂ ਵੀ ਆਂ!
ਜੱਟ: ਸੰਖਾ, ਲਵਾਂ ਕਿੱਥੋਂ?
ਸੰਖ: ਤੇ ਜੱਟਾ, ਦੇਵਾਂ ਕਿੱਥੋਂ?

*-ਕਮਲਜੀਤ ਸਿੰਘ ਧਾਮੀ*
*ਫਰੀਮਾਂਟ, ਕੈਲੀਫੋਰਨੀਆ*
*ਫੋਨ: 510-284-7106*

# ਜ਼ਿੰਦਗੀ ਦੇ ਵਿਰਾਨ 'ਟੇਸ਼ਨਾਂ ਤੋਂ ਲੰਘਦੀਆਂ ਮਾਲ ਗੱਡੀਆਂ

## ਨੋਕ-ਝੋਕ



**ਐਸ. ਅਸ਼ੋਕ ਭੌਰਾ**
**ਫੋਨ: 510-415-3315**

*ਜਦੋਂ ਦਿਲ ਵੱਡੇ ਤੇ ਬੂਹੇ ਖੁੱਲ੍ਹੇ ਹੁੰਦੇ ਸਨ, ਉਦੋਂ ਦਰਵਾਜ਼ੇ ਲਾਉਣ ਦੀ ਜ਼ਰੂਰਤ ਹੀ ਨਹੀਂ ਪੈਂਦੀ ਸੀ, ਫਿਰ 'ਜੀ ਆਇਆਂ ਨੂੰ' ਲਿਖ ਕੇ ਤਖਤੀ ਕਿੱਥੇ ਲਾਉਣੀ ਸੀ? ਉਦੋਂ ਵਿਹੜੇ 'ਚ ਦਿਨ ਚੜ੍ਹੇ ਤੱਕ ਲੱਗੀਆਂ ਮੱਛਰਦਾਨੀਆਂ ਇਤਫਾਕ ਤੇ ਮੁਹੱਬਤ ਦੇ ਤੰਬੂ ਲੱਗਦੇ ਸਨ, ਹੁਣ ਬਿਜਲੀ 'ਤੇ ਚੱਲਦੇ 'ਆਲ ਆਊਟ' ਅਤੇ 'ਕਛੂਆ ਛਾਪ' ਦੀਆਂ ਬੱਤੀਆਂ ਜਲਾ ਕੇ ਵੀ ਮੱਛਰ ਬੰਦੇ ਦੇ ਕੰਨ 'ਚ ਪੁੱਛੀ ਜਾਂਦੇ ਹਨ, 'ਹੁਣ ਤੂੰ ਕਿਤੇ ਮਲੇਰੀਏ ਤੋਂ ਬਚ ਜਾਊਂ?' ਇਸੇ ਕਰਕੇ ਸਿਆਸੀ ਲੋਕਾਂ ਵਾਂਗ ਉਹ ਵੀ ਚਿੱਟੇ ਲੀੜੇ ਪਾ ਕੇ 'ਚਿੱਟਾ ਮੱਛਰ' ਬਣ ਦਲ ਬਦਲੀ ਫਿਰਦਾ 'ਡੇਂਗੂ' ਦੇ ਚੋਣ ਨਿਸ਼ਾਨ ਨਾਲ ਪ੍ਰਚਾਰ ਕਰ ਰਿਹਾ ਹੈ। ਅੱਜ ਦੇ ਯੁੱਗ ਵਿਚ ਧਨ, ਮਨ ਦੀ ਮੌਜ ਨਾਲ ਜੁੜਨ ਹੀ ਨਹੀਂ ਦਿੰਦਾ। ਇਸ ਕਰਕੇ ਕਈ ਸ਼ਰੀਫ ਬੰਦਿਆਂ ਦੀ ਵੀ ਜਦੋਂ ਜੇਬ ਭਾਰੀ ਹੋਈ ਤਾਂ ਉਹ ਪਰਿਵਾਰ ਫੂਕ ਕੇ ਤਨ ਦਾ ਸ਼ਿਕਾਰ ਖੇਡਣ ਲਈ ਨਿਕਲ ਤੁਰਦੇ ਹਨ। ਇਹ ਬੰਦੇ ਆਪਣੇ ਚਿੱਤੋਂ ਤਾਂ ਹੱਥ ਮਿਲਾਉਣ ਦਾ ਯਤਨ ਕਰ ਰਹੇ ਹੁੰਦੇ ਨੇ ਪਰ ਵਕਤ ਇਨ੍ਹਾਂ ਕੋਲੋਂ ਹੱਥ ਵੀ ਖਿੱਚ ਰਿਹਾ ਹੁੰਦਾ ਹੈ ਤੇ ਮੂੰਹ ਵੀ ਦੂਜੇ ਪਾਸੇ ਕਰ ਲੈਂਦਾ ਹੈ। 'ਕੋਠੇ' 'ਤੇ ਬੈਠੀ ਔਰਤ ਨੂੰ ਇਕ ਭਲੇਮਾਣਸ ਨੇ ਪੁੱਛਿਆ, 'ਤੂੰ ਇਹ ਕੀ ਕਰ ਰਹੀ ਏਂ?' ਉਹ ਤਪੀ ਪਈ ਦੰਦੀਆਂ ਪੀਹ ਕੇ ਬੋਲੀ, 'ਕੁੱਤੇ ਹੁਣ ਸਿਰਫ ਹੱਡਾ ਰੋੜੀ ਹੀ ਨਹੀਂ ਜਾਂਦੇ, ਰੱਬ ਦਿਆ ਬੰਦਿਆ!' ਵਿਚਾਰੇ ਨੂੰ ਇਓਂ ਲੱਗਾ ਜਿਵੇਂ ਆਪਣਾ ਹੀ ਹੱਥ ਥੱਪੜ ਬਣ ਕੇ ਆਪਣੇ ਹੀ ਮੂੰਹ 'ਤੇ ਜਾ ਵੱਜਿਆ ਹੋਵੇ। ਚਲੋ ਪੈਸੇ ਟਕੇ ਦਾ ਲਾਲਚ ਤਾਂ ਬਹੁਤ ਕਰਦੇ ਦੇਖੇ ਨੇ ਪਰ ਕਈ ਐਸੇ ਲੋਭੀ ਟੱਕਰੇ ਜਿਹੜੇ ਵੱਸਣ ਤੋਂ ਪਹਿਲਾਂ ਹੀ ਉਜੜ ਗਏ। ਮਾੜੇ ਇਰਾਦਿਆਂ ਨਾਲ ਚੰਗੇ ਕਾਰਜ ਕਰਨ ਦਾ ਯਤਨ ਸਿਆਣੇ ਲੋਕਾਂ ਦਾ ਹੋ ਹੀ ਨਹੀਂ ਸਕਦਾ। ਕਈਆਂ ਦੇ ਦੰਦ ਤਾਂ ਮੂੰਹ ਵਿਚ ਇਕ ਵੀ ਨਹੀਂ ਰਿਹਾ ਪਰ ਬੇਸ਼ਰਮੀ ਦਾ ਪੀਹਣ ਪੀਹਣੋਂ ਉਹ ਫਿਰ ਵੀ ਨਹੀਂ ਹਟੇ। ਕਈਆਂ ਨੇ ਕਰਤੂਤਾਂ ਤਾਂ ਕਰ ਲਈਆਂ, ਇਸ ਕਰਕੇ ਉਹ ਸੋਚਦੇ ਸਨ ਕਿ 'ਕਿਹੜਾ ਕਿਸੇ ਨੂੰ ਪਤਾ ਲੱਗਣੈ?' ਪਰ ਅੱਜ ਕੱਲ ਮੀਡੀਆ ਇਨ੍ਹਾਂ ਨੂੰ ਨਸ਼ਰ ਕਰਨ ਤੇ ਭੰਡਣ ਦੀ ਚੰਗੀ ਭੂਮਿਕਾ ਨਿਭਾਉਣ ਲੱਗ ਪਿਆ ਹੈ। ਕਈਆਂ ਦਾ ਨਾਂ ਤਾਂ ਤਾਰਾ ਸੀ ਪਰ ਚੜ੍ਹਾਉਣ ਚੰਦ ਲੱਗ ਪਏ ਜਿਵੇਂ...!*

ਬੁਢਾਪੇ ਤੋਂ ਪਹਿਲਾਂ ਔਰਤ ਲਈ ਵਿਧਣਾ ਹੋਣਾ ਸੰਤਾਪ ਹੀ ਬਹੁਤ ਵੱਡਾ ਹੁੰਦਾ ਹੈ। ਉਹ ਜਿਊਣਾ ਜਾਣਦੀ ਵੀ ਹੋਵੇ, ਮਜਬੂਰੀਆਂ ਤੇ ਮਰਦ ਦੀਆਂ ਸ਼ੈਤਾਨੀਆਂ ਉਹਦੀ ਚਿੱਟੀ ਚੁੰਨੀ ਦਾ ਲੜ ਖਿਚ ਹੀ ਲੈਂਦੀਆਂ ਹਨ। ਅਕਸਰ ਇਉਂ ਵਾਪਰਦਾ ਵੇਖਿਆ ਹੈ, ਜਿਹਦੇ 'ਤੇ ਦੁੱਖ ਤੇ ਸੰਤਾਪ ਲਗਾਤਾਰ ਹਮਲੇ ਕਰ ਰਹੇ ਹੋਣ ਉਨ੍ਹਾਂ ਦੀ ਜਾਨ ਵੀ ਨਹੀਂ ਨਿਕਲਦੀ ਤੇ ਦੂਜੇ-ਚੌਥੇ ਬਹਿਮਾਤਾ ਵੀ 'ਕੀ ਹਾਲ ਚਾਲ ਹੈ?' ਪੁੱਛ ਕੇ ਅੱਗੇ ਤੁਰ ਜਾਂਦੀ ਹੈ। ਕਈ ਪਿੰਡ ਵੇਖਣ ਨੂੰ ਤਾਂ ਘੁੱਗ ਵਸਦੇ ਹੁੰਦੇ ਹਨ ਪਰ ਚੀਕਾਂ ਚੁੱਪ ਕਰਕੇ ਵੱਜ ਰਹੀਆਂ ਹੁੰਦੀਆਂ ਹਨ।

ਕਰੀਬ ਅੱਠ ਸਾਲਾਂ ਪਿੱਛੋਂ ਕਾਂ ਤੋਂ ਬਗਲਾ ਯਾਨਿ ਕੱਚੇ ਤੋਂ ਪੱਕਾ ਹੋ ਕੇ ਅਮਰੀਕਾ ਤੋਂ ਪਰਤੇ ਪੁੱਤਰ ਰਣਜੀਤ ਨੂੰ ਜਦੋਂ ਬਾਪੂ ਤਾਰਾ ਸਿੰਘ ਦਿੱਲੀ ਦੇ ਹਵਾਈ ਅੱਡੇ ਤੋਂ ਲੈ ਕੇ ਤੁਰਿਆ ਤਾਂ ਚਿਹਰੇ 'ਤੇ ਉਕਰਿਆ ਇਕ ਸਵਾਲ ਖੁਸ਼ੀ ਦੇ ਚਾਵਾਂ ਨਾਲ ਹੱਥੋਪਾਈ ਹੋ ਰਿਹਾ ਸੀ। ਹਾਲਾਂਕਿ ਰਣਜੀਤ ਨੇ ਕਈ ਵਾਰ ਪੁੱਛਿਆ ਵੀ ਸੀ ਕਿ 'ਡੈਡੀ ਤੂੰ ਕੁਝ ਕਹਿਣਾ ਚਾਹੁੰਨੈ ਕਿ ਪੁੱਛਣਾ?' ਤਾਰਾ ਸਿੰਘ 'ਨਹੀਂ ਊਂ ਈ ਮਨ ਬਾਗੋ ਬਾਗ ਹੋਇਆ ਸ਼ੈਦਾਈ ਕਰੀ ਜਾਂਦੈ' ਕਹਿ ਕੇ ਚੁੱਪ ਹੋ ਜਾਂਦਾ। 'ਹੁਣ ਕਰਦਾਂ ਗੱਲ, ਹੁਣ ਕਰਦਾਂ ਗੱਲ' ਸੋਚਦਾ ਉਹ ਅੱਧੀ ਰਾਤ ਨੂੰ ਪੁੱਤਰ ਨੂੰ ਲੈ ਕੇ ਪਿੰਡ ਜਾ ਪੁੱਜਿਆ। ਪਿੰਡ 'ਚ ਰਣਜੀਤ ਦੇ ਆਉਣ ਦੀ ਕਿਸੇ ਨੂੰ ਵੀ ਬਿੜਕ ਜਾਂ ਭਿਣਕ ਹੀ ਨਹੀਂ ਸੀ। ਦੋਹਾਂ ਦੇ ਅੰਦਰ ਵੜਦਿਆਂ ਲੁੱਡੀਆਂ ਪਾਈਆਂ, ਜਿਵੇਂ ਵਿਆਹ ਤੋਂ ਬਿਨਾਂ ਹੀ ਵਾਜਾ ਵੱਜਣ ਲੱਗ ਪਿਆ ਹੋਵੇ, ਕਿਉਂਕਿ ਘਰ 'ਚ ਤਾਰਾ ਸਿੰਘ ਤੋਂ ਸਿਵਾ ਕਿਸੇ ਨੂੰ ਪਤਾ ਹੀਂ ਨਹੀਂ ਸੀ ਰਣਜੀਤ ਦੇ ਆਉਣ ਬਾਰੇ।

'ਚੱਲ ਸਵੇਰੇ ਗੱਲ ਕਰਾਂਗੇ, ਕਿਹੜਾ ਮੂੰਹ ਨ੍ਹੇਰੇ ਉਠ ਪਵੇਗਾ' ਸੋਚਦਾ ਤਾਰਾ ਸਿੰਘ ਲੇਟ ਗਿਆ। ਮਨ 'ਚ ਖਿਆਲ ਉਠਦਾ ਤੇ ਇਹ ਖਿਆਲ ਉਹਨੂੰ ਘੂਰਦਾ ਵੀ, "ਮਨਾ ਬਲਕਾਰ ਸੀ ਤਾਂ ਮੇਰਾ ਯਾਰ...ਦੇਸ਼ ਲਈ ਕੁਰਬਾਨ ਹੋ ਗਿਆ। ਚਾਰ ਪੈਸੇ ਜਿਹੜੇ ਮਿਲੇ ਸਨ, ਉਹ ਮੇਰੇ ਆਖੇ ਪੁੱਤਰ ਬਾਹਰ ਤੋਰਨ 'ਤੇ ਲਾ ਦਿੱਤੇ ਉਹਦੀ ਘਰਵਾਲੀ ਬੰਸੋ ਨੇ...ਕਿਤੇ ਰਣਜੀਤ ਨੂੰ ਸਾਡੇ ਬਾਰੇ ਪਤਾ ਨਾ ਲੱਗ ਜਾਵੇ।" ਅੱਖ ਲੱਗ ਹੀ ਗਈ ਇਹ ਸੋਚਦਿਆਂ ਸੋਚਦਿਆਂ।

ਤਾਰਾ ਸਿੰਘ ਨੇ ਪੀਤੇ ਤਾਂ ਪੰਜ ਸੱਤ ਪੈਗ ਸਨ ਪਰ ਚੜ੍ਹੇ ਨ੍ਹੀਂ।

ਦਿਨ ਚੜ੍ਹਿਆ, ਰਣਜੀਤ ਸੁੱਤਾ ਪਿਆ ਸੀ, ਕਚਹਿਰੀ ਦੀ ਤਾਰੀਖ ਯਾਦ ਆ ਗਈ ਤਾਰਾ ਸਿੰਘ ਨੂੰ। ਫਟਾ ਫਟ ਸਕੂਟਰ ਚੱਕਿਆ, ਤੁਰਨ ਲੱਗੇ ਨੇ ਘਰ ਵਾਲੀ ਨੂੰ ਕਿਹਾ, "ਬਚਨੀਏ ਜੀਤੇ ਨੂੰ ਆਖੀਂ ਅੱਜ ਕਿਸੇ ਦੇ ਘਰ ਨਾ ਜਾਵੇ, ਕੱਲ ਘੁਮਾਵਾਂਗਾ ਪਿੰਡ... ਅਰਾਮ ਕਰ ਲਵੇ ਅੱਜ।"

ਦਸ ਕੁ ਵਜੇ ਰਣਜੀਤ ਉਠਿਆ, ਮੂੰਹ ਧੋਤਾ ਤੇ ਚਾਹ ਪੀਤੇ ਬਿਨਾਂ ਹੀ ਮਾਂ ਬਚਨੀ ਦੇ ਵਾਜਾਂ ਮਾਰਦਿਆਂ ਵੀ 'ਮਾਂ ਹੁਣ ਮੈਂ ਨਿਆਣਾ ਨ੍ਹੀਂ ਹੈਗਾ' ਕਹਿ ਕੇ ਘਰੋਂ ਬਾਹਰ ਨਿਕਲ ਗਿਆ। ਮੂਹਰੇ ਟੱਕਰ ਗਿਆ ਭੋਲੂਆਂ ਦਾ ਭਜਨਾ ਲੰਬੜ।

"ਓ ਬੱਲੇ ਓ ਮੁੰਡਿਆ, ਤੂੰ ਕਦੋਂ ਆਇਆ?" ਕਹਿੰਦਿਆਂ ਭਜਨੇ ਨੇ ਰਣਜੀਤ ਨੂੰ ਘੁੱਟ ਕੇ ਜੱਫੀ ਪਾ ਲਈ। "ਸਹੁਰੀ ਦਿਆ ਦੱਸਿਆ ਈ ਨ੍ਹੀਂ?" ਨਾਲ ਹੀ ਦੂਜਾ ਸੁਆਲ ਕਰ'ਤਾ।

"ਤਾਇਆ ਬੱਸ ਏਦਾਂ ਈ ਆ ਗਿਆ ਕਾਹਲੀ 'ਚ।"

"ਹੋਰ ਸੁਣਾ। ਬਲਜੀਤ ਜੇਲ੍ਹ 'ਚ ਹੀ ਵਿਚਾਰਾ ਕਿ ਛੱਡ'ਤਾ ਅਮਰੀਕਾ ਵਾਲਿਆਂ ਨੇ?"

"ਤਾਇਆ ਬਲਜੀਤ ਕਿਹੜਾ?"

"ਤੇਰੇ ਨਾਲ ਤੋਰਿਆ ਤੀ ਜਿਹੜਾ ਬਲਕਾਰ ਸਿਹੁੰ ਦਾ ਪੁੱਤ...ਵਿਚਾਰੀ ਬੰਸੋ ਅੱਧੀ ਨ੍ਹੀਂ ਰਹੀ ਉਹਦੀ ਉਡੀਕ 'ਚ... ਊਂ ਤੇਰਾ ਪਿਓ ਉਥੇ ਹੀ ਵੜਿਆ ਰਹਿੰਦੈ।"

"ਵੜਿਆ ਰਹਿੰਦੈ... ਡੈਡੀ ਨੇ ਉਹਨੂੰ ਦੱਸਿਆ ਨ੍ਹੀਂ ਕੁਝ?"

"ਵੜਿਆ ਕਹਿ ਹੋ ਗਿਆ... ਖਿਆਲ ਬਾਹਲਾ ਰੱਖਦੇ ਬੰਸੋ ਦਾ। ਨਾ ਦੱਸਿਆ ਕੀ ਨ੍ਹੀਂ ਪੁੱਤਰਾ?"

"ਤਾਇਆ ਪਤਾ ਨੀਂ ਥੋਨੂੰ ਬਲਜੀਤ ਦਾ?"

"ਕੀ ਹੋਇਆ ਉਹਨੂੰ?"

"ਉਹ ਤਾਂ ਜਾਂਦਿਆਂ ਰਾਹ 'ਚ ਹੀ ਮਰ ਗਿਆ ਸੀ। ਡੈਡੀ ਨੂੰ ਮੈਂ ਉਦੋਂ ਹੀ ਦੱਸ ਦਿੱਤਾ ਸੀ, ਉਹਨੇ ਓਹਲਾ ਕਿਉਂ ਰੱਖਿਆ?"

"ਜੀਤਿਆ ਮੁੱਠ ਘੁੱਟ ਲੈ, ਇਕ ਦਮ ਨਾ ਪਟਾਕਾ ਪਾ ਦਈਂ ਕਿਤੇ। ਬੰਸੋ ਬੌਰੀ, ਸ਼ੁਦੈਣ ਹੋ ਜੂ। ਨਾ ਆਏਂ ਦੱਸ ਬਲਜੀਤ ਚੰਗਾ ਭਲਾ ਤੀਗਾ... ਹੋਇਆ ਕੀ ਤੀ...ਦੱਸ ਤਾਂ ਜ਼ਰਾ?"

"ਤਾਇਆ ਢਿੱਲਾ ਮੱਠਾ ਤਾਂ ਉਹ ਐਥੇ ਈ ਰਹਿੰਦਾ ਸੀ। ਜਿੱਦਣ ਅਸੀਂ ਤੁਰੇ, ਉਦਣ ਵੀ ਭੂਆ ਕਰਤਾਰੀ ਦਿਓਂ ਲੈ ਕੇ ਆਂਦਾ। ਦਿੱਲੀ ਤਾਂ ਬੁਖਾਰ ਨੇ ਮੱਤ ਮਾਰੀ ਰੱਖੀ।"

"ਨਾ ਬੁਖਾਰ ਨਾਲ ਮਰ ਗਿਆ?"

"ਤਾਇਆ ਸੁਣ ਤਾਂ ਲੈ। ਲੈ ਗਿਆ ਏਜੰਟ ਸਾਨੂੰ ਦਿੱਲੀਓਂ ਚੜ੍ਹਾ ਕੇ, ਕਦੇ ਕਿਤੇ, ਕਦੇ ਕਿਤੇ। ਕਿਤੇ ਕਾਲਿਆਂ ਦਾ ਮੁਲਕ, ਕਿਤੇ ਫੀਨਿਆਂ ਦਾ। ਅੱਗੇ ਤੁਰ ਕੇ ਅਮਰੀਕਾ ਵੜਨ ਨੂੰ ਛੇ ਰਾਤਾਂ ਲੱਗਣੀਆਂ ਸਨ।"

"ਫੇਰ?"

"ਲੈ ਤਾਇਆ ਤੈਨੂੰ ਸਹੀ ਸਹੀ ਦੱਸਦਾਂ। ਪਤਾ ਤਾਂ ਉਦੋਂ ਮੈਨੂੰ ਵੀ ਨਹੀਂ ਸੀ ਕਿ ਕੀ ਹੋਣਾ, ਅਸੀਂ ਅੱਠ ਜਣੇ ਹੋਟਲ 'ਚ ਠਹਿਰੇ ਹੋਏ ਸਾਂ।ਅੱਧੀ ਰਾਤ ਨੂੰ ਉਠਾ ਲਿਆ ਸਾਨੂੰ, ਪਈ ਚਲੋ ਅਮਰੀਕਾ ਨੂੰ। ਚਾਅ ਨਾ ਸਾਂਭ ਹੋਵੇ।"

"ਤੂੰ ਜੀਤਿਆ, ਬਲਜੀਤ ਦੀ ਦੱਸ, ਚਿੱਤ ਕਾਹਲਾ ਪਈ ਜਾਂਦੈ।"

"ਤਾਇਆ ਸਾਰਿਆਂ ਨੂੰ ਇਕ ਕਾਰ 'ਚ ਤੂੰਨ ਕੇ ਬਿਠਾ ਲਿਆ। ਦੋ ਤਿੰਨ ਘੰਟੇ ਲੱਗ ਗਏ ਹੋਣੇ, ਫਿਰ ਜੰਗਲ ਆ ਗਿਆ। ਕਾਰ ਦੀਆਂ ਬੱਤੀਆਂ ਬੰਦ। ਘੰਟਾ ਕੁ ਨ੍ਹੇਰੇ 'ਚ ਹੀ ਕਾਰ ਦੌੜਦੀ ਰਹੀ। ਮੂਹਰੇ ਗਏ ਤਾਂ ਇਕ ਬੰਦਾ ਖੜਾ 'ਤੇ ਇਕ ਤੀਵੀਂ। ਗੱਡੀ ਆਲਾ ਛੱਡ ਕੇ ਚਲਾ ਗਿਆ।"

"ਉਹ ਤੀਵੀਂ-ਆਦਮੀ ਕੌਣ ਸਨ?"

"ਡੌਂਕਰ, ਬਾਰਡਰ ਲੰਘਾਉਣ ਵਾਲੇ ਚੋਰੀ। ਅੱਠ ਨੌਂ ਫੁੱਟ ਉਚੀ ਕੰਧ ਟਪਾਈ ਸਾਰਿਆਂ ਤੋਂ। ਬੋਲੀ ਉਹਦੀ ਸਮਝ ਨਾ ਆਵੇ। ਇਸ਼ਾਰਿਆਂ ਨਾਲ ਪੁੱਛਣ ਲੱਗਾ ਕਿ ਪੈਦਲ ਜਾਣਾ ਕਿ ਕਿਸ਼ਤੀ 'ਚ?... ਅਸੀਂ ਤਾਂ ਪੈਦਲ ਹੀ ਹਾਂ ਕਰ'ਤੀ।"

"ਚੰਗਾ ਕੀਤਾ! ਕਿਸ਼ਤੀਆਂ ਤਾਂ ਡੁੱਬਦੀਆਂ ਬਹੁਤ ਆ ਜੁਆਨਾ...ਫੇਰ।"

"ਤੋਰ ਲਿਆ ਸਾਨੂੰ ਮਗਰ ਮਗਰ। ਬਲਜੀਤ ਵਿਚਾਰਾ ਸੀ ਤਾਂ ਬਿਮਾਰ ਠੁਮਾਰ, ਦਿਨ ਨੂੰ ਲੁਕ ਜਾਣਾ ਰਾਤ ਨੂੰ ਤੁਰਨਾ। ਉਹ ਜੋੜੀ ਤਾਂ ਖਾਣ ਪੀਣ ਦਾ ਪ੍ਰਬੰਧ ਨਾਲ ਲੈ ਕੇ ਗਈ ਸੀ।"

"ਡੌਂਕਰ?"

"ਆਹੋ ਤਾਇਆ! ਫਿਰ ਕਹਿੰਦੇ ਸਖਤੀ ਹੋ ਗਏ, ਹੁਣ ਨ੍ਹੀ ਚਾਰ ਦਿਨ ਤੁਰਨਾ। ਗਰਮੀ ਲੱਗੇ, ਪੀਣ ਨੂੰ ਘੁੱਟ ਪਾਣੀ ਨਾ ਮਿਲੇ।"

"ਬਾਹਲੇ ਈ ਔਖੇ ਹੋਏ ਫਿਰ ਤਾਂ ਜੁਆਨਾ?"

"ਤਾਇਆ ਪਿਸ਼ਾਬ ਪੀਤਾ ਇਕ ਦੂਜੇ ਦਾ!"

"ਹੈਂ! ਤੁਹਾਡਾ ਬੇੜਾ ਬਹਿ ਜਾਏ, ਪਿਸ਼ਾਬ! ਉਹ ਕਾਹਤੋਂ।"

"ਤਾਇਆ ਪਾਣੀ ਤਾਂ ਘੁੱਟ ਹੈ ਹੀਂ ਨਹੀਂ ਸੀ ਕਿਸੇ ਕੋਲ, ਨਾ ਕਿਤੇ ਉਜਾੜ ਬੀਆਬਾਨ 'ਚ ਪਾਣੀ ਕਿਤੇ ਨਜ਼ਰੀਂ ਪੈਂਦਾ ਸੀ।... ਕੋਈ ਪਿਸ਼ਾਬ ਵੀ ਕਰਦਾ ਨਹੀਂ ਸੀ। ਇਕ ਦੂਜੇ ਲਈ ਸਾਂਭ ਸਾਂਭ ਰੱਖਦੇ ਸਨ। ਜਦੋਂ ਕਿਸੇ ਨੂੰ ਤ੍ਰੇਹ ਲੱਗਦੀ ਤਾਂ ਇਕ ਦੋ ਬੂੰਦਾਂ ਅੰਦਰ ਲੰਘਾ ਲੈਂਦੇ। ਸਾਰੇ ਜੰਗਲ 'ਚ ਹੀ ਭੁੱਖੇ ਲੁਕੇ ਰਹੇ। ਤਾਇਆ, ਬਈ ਬਲਜੀਤ ਦੀ ਹਾਲਤ ਵਿਗੜ ਗਈ। ਉਹ ਤਾਂ ਕੰਬੇ, ਬੁਖਾਰ ਤੋਬਾ ਤੋਬਾ। ਓਦਣ ਦੀ ਆਖਰੀ ਰਾਤ ਸੀ ਵੜਨ ਦੀ, ਬਲਜੀਤ ਤਾਂ ਪੈਰ ਨਾ ਪੁੱਟੇ।"

"ਜੀਤਿਆ ਫੇਰ?"

"ਡੌਂਕਰ, ਤਾਇਆ ਇਸ਼ਾਰੇ ਨਾਲ ਹੀ ਸਮਝਾ ਗਿਆ ਕਿ ਇਹਨੂੰ ਇੱਥੇ ਹੀ ਰਹਿਣ ਦਿਓ ਬਾਅਦ 'ਚ ਲੈ ਜਾਵਾਂਗੇ।"

"ਕੱਲਾ ਈ ਛੱਡ'ਤਾ ਜੰਗਲ 'ਚ?"

"ਕੀ ਕਰਦੇ ਤਾਇਆ? ਰੱਬ ਦੀ ਮਰਜ਼ੀ। ਚੰਗੀ ਕਿਸਮਤ ਨੂੰ ਉਦਣ ਤੇਰਵ੍ਹੀਂ ਰਾਤੇ ਅਸੀਂ ਅਮਰੀਕਾ ਜਾ ਹੀ ਵੜੇ।"

"ਤੇ ਬਲਜੀਤ?"

"ਉਹੀ ਤਾਂ ਦੱਸਣ ਲੱਗਾਂ...ਮੂਹਰੇ ਲੈਣ ਆਏ ਬੰਦੇ ਨੇ ਡੌਂਕਰ ਤੇ ਉਹਦੇ ਨਾਲ ਦੀ ਨੂੰ ਦੋਹਾਂ ਹੱਥਾਂ ਦੀਆਂ ਚਾਰ ਚਾਰ ਉਂਗਲਾਂ ਖੜੀਆਂ ਕਰਕੇ ਪੁੱਛਿਆ, ਬੰਦੇ ਅੱਠ ਹੋਣੇ ਚਾਹੀਦੇ ਸਨ...ਹੈਗੇ ਸੱਤ?"

"ਉਹ ਰਹਿ ਗਿਆ ਉਥੇ ਈ ਬਲਜੀਤ?"

"ਤਾਇਆ, ਉਹ ਡੌਂਕਰ ਉਹਨੂੰ ਪਿਸਤੌਲ ਕੱਢ ਕੇ ਸਮਝਾਉਣ ਲੱਗਾ, 'ਠਾਹ ਮਾਰ'ਤੀ ਉਹਦੇ ਗੋਲੀ।' ਇਸ਼ਾਰਿਆਂ 'ਚ ਦੱਸੇ, ਫਿਰ ਇਹ ਵੀ ਨਾ ਆਉਂਦੇ ਜੇ ਉਹਨੂੰ ਨਾਲ ਖਿੱਚਦੇ।"

"ਤੇਰਾ ਮਤਲਬ ਬਲਜੀਤ ਨੂੰ ਡੌਂਕਰ ਨੇ ਗੋਲੀ ਮਾਰ'ਤੀ?"

"ਤਾਇਆ ਇਹੀ ਤਾਂ ਮੈਂ ਡੈਡੀ ਨੂੰ ਜਾਂਦਿਆਂ ਦੱਸ ਦਿੱਤਾ ਸੀ।"

"ਨਾ ਇਹ ਤਾਂ ਬੰਸੋ ਨੂੰ ਕਹਿੰਦਾ ਰਿਹਾ ਤੇਰਾ ਬਲਜੀਤ ਜੇਲ੍ਹ 'ਚ ਆ, ਉਹਨੂੰ ਅਮਰੀਕਾ ਵਾਲੇ ਜੇਲ੍ਹ 'ਚ ਮਿਲਣ ਨ੍ਹੀਂ ਦਿੰਦੇ। ਬੱਸ ਸਜ਼ਾ ਪੂਰੀ ਹੋ ਕੇ ਬਾਹਰ ਨਿਕਲਦਿਆਂ ਹੀ ਪੱਕਾ ਹੋਜੂ।"

"ਫਿਰ ਹੁਣ ਤਾਇਆ?"

"ਤਾਰਾ ਸਿਹੁੰ ਕਿਥੇ ਆ?"

"ਉਹ ਕਚਹਿਰੀ ਕੋਈ ਤਰੀਕ ਸੀ, ਉਥੇ ਗਿਆ ਹੋਇਆ।"

"ਸੁੱਝਦਾ ਤਾਂ ਮੈਨੂੰ ਵੀ ਕੁਝ ਨ੍ਹੀਂ? ਕਰੀਏ ਤਾਂ ਕੀ ਕਰੀਏ? ਗੱਲ ਔਖੀ ਹੋ ਜੂ...ਬਲਕਾਰ ਦੇਸ਼ ਲਈ ਤੁਰ ਗਿਆ, ਪੈਸਾ ਤਾਰਾ ਸਿਹੁੰ ਨੇ ਏਜੰਟ ਨੂੰ ਦੁਆ'ਤਾ ਜਿਹੜਾ ਪੰਦਰਾਂ-ਵੀਹ ਲੱਖ ਮਿਲਿਆ ਤੀ...ਤੇ ਪੁੱਤ!"

"ਪਰ ਤਾਇਆ ਹੁਣ ਇਹਦੇ 'ਚ ਮੇਰਾ ਜਾਂ ਡੈਡੀ ਦਾ ਕੀ ਕਸੂਰ ਹੈ?"

"...ਹੈ ਤਾਂ ਤੇਰੀ ਗੱਲ ਠੀਕ, ਪਰ...?"

"ਲੈ ਤੇਰੀ ਤਾਈ ਵੀ ਆ ਗਈ, ਇਹਦੇ ਨਾਲ ਕਰਦੈਂ ਗੱਲ?"

"ਤਾਈ ਮੱਥਾ ਟੇਕਦੈਂ।"

"ਜਿਊਂਦਾ ਰਹਿ, ਕਦੋਂ ਆਇਆ ਮੇਰਾ ਪੁੱਤ?"

"ਰਾਤੀਂ। ਚੱਲ ਤਾਈ ਮੈਂ ਸ਼ਾਮੀਂ ਫਿਰ ਗੇੜਾ ਮਾਰੂੰ।"

"ਆਹੋ ਨਾਲੇ ਬੰਸੋ ਨੂੰ ਨ੍ਹੀਂ ਪਤਾ ਹੋਣਾ, ਉਹ ਤਾਂ ਕੱਲ ਦੀ ਪੇਕਿਆਂ ਨੂੰ ਗਈ ਹੋਈ ਐ...।"

"ਠਾਕਰੀਏ ਬਹਿ ਜਾ ਕਰਦੇ ਆਂ ਗੱਲ।" ਭਜਨੇ ਲੰਬੜ ਨੇ ਉਹਨੂੰ ਅੰਦਰ ਲਿਜਾ ਹੌਲੀ ਹੌਲੀ ਦੱਸੀ ਸਾਰੀ ਗੱਲ।

ਠਾਕਰੀ ਤਾਂ ਹੋ ਗਈ ਕੱਪੜਿਓਂ ਬਾਹਰ, "ਲੈ ਆ ਗਈ ਔਖ ਤਾਰਾ ਸਿਹੁੰ ਦੀ...ਬੰਸੋ ਤਾਂ ਅੰਦਰੋਂ ਅੱਗੇ ਈ ਤਪੀ ਪਈ ਐ।"

"ਕੋਈ ਹੋਰ ਗੱਲ ਐ?"

"ਤੂੰ ਲੰਬੜ ਬਣਿਆ ਫਿਰਦੈਂ! ਪਤਾ ਸਾਰਿਆਂ ਨੂੰ ਈ ਹੈ, ਪਿੰਡ ਵਾਲਾ ਕੋਈ ਬੋਲਦਾ ਨ੍ਹੀਂ। ਬੂਹਾ ਢੋਅ ਲੈ, ਦੱਸਦੀ ਆਂ ਤੈਨੂੰ ਤਾਰਾ ਸਿਹੁੰ ਦੀਆਂ ਕਰਤੂਤਾਂ... ਮੇਰੇ ਨਾਲ ਕਰ ਲੈਂਦੀ ਆ ਸਾਰੀ ਦਿਲ ਦੀ ਗੱਲ ਬੰਸੋ...ਆਹ ਸੁਣ ਕੇ ਤਾਂ ਪਿੱਟਣੇ ਪਵਾ ਦਊ...।"

"ਨਾ ਠਾਕਰੀਏ! ਕੀ ਦੱਸਦੀ ਸੀ ਬੰਸੋ ਤੈਨੂੰ?"

"ਸੁਨੱਖੀ ਤਾਂ ਰੱਜ ਕੇ ਸੀ ਫੌਜੀ ਬਲਕਾਰ ਸਿੰਘ ਦੀ ਬੰਸੋ। ਤੁਰ ਗਿਆ ਵਿਚਾਰਾ...ਸੀ ਤਾਂ ਤਾਰਾ ਸਿਹੁੰ ਉਹਦਾ ਯਾਰ ਬਣਿਆ ਫਿਰਦਾ...ਅੱਖ ਮਾੜੀ ਰੱਖਦਾ ਸੀ ਬੰਸੋ 'ਤੇ। ਜਿੱਦਣ ਬਾਰਡਰ ਤੋਂ ਮਾੜੀ ਖਬਰ ਆਈ, ਉਹਦੇ ਮਰਨ ਦੀ, ਇਹ ਕੁੱਤਾ ਖੁਸ਼ ਸੀ ਅੰਦਰੋਂ। ਪੈਸੇ ਚਾਰ ਮਿਲੇ ਸੀ ਵਿਚਾਰੀ ਨੂੰ ਇਹਨੇ ਕੰਜਰ ਨੇ ਬਲਜੀਤ ਨੂੰ ਬਾਹਰ ਭੇਜਣ ਦੇ ਬਹਾਨੇ ਏਜੰਟ ਦੇ ਮੂੰਹ ਤੁੰਨ'ਤੇ। ਪਤਾ ਜਿੱਦਣ ਮੁੰਡਾ ਘਰੋਂ ਤੁਰਿਆ, ਕੀ ਕਹਿੰਦਾ ਸੀ...ਬੀਬਾ ਬਣਿਆ ਫਿਰਦਾ ਜਿਹੜਾ?"

"ਕੀ ਆਂਦਾ 'ਤੀ?"

"ਬਲਜੀਤ ਗਿਆ ਸੀ ਆਪਣੀ ਵੱਡੀ ਭੂਆ ਦੇ ਲਹਿਣੇ ਆਲੀ ਕਰਤਾਰੀ ਦੇ। ਇਹ ਉਹਨੂੰ ਜਾ ਕੇ ਕਹਿੰਦਾ, ਹੁਣੇ ਬੁਲਾ, ਕੱਲ ਨੂੰ ਦਿੱਲੀਓਂ ਫਲੈਟ ਆ। ਨਾਲੇ ਦੋ ਹਜ਼ਾਰ ਡਾਲਰ ਚਾਹੀਦੇ ਆ ਕੋਲ...ਉਹਨੇ ਬੇਵੱਸ ਨੇ ਤਰਲਾ ਕੀਤਾ ਕਿ ਘਰ ਤਾਂ ਕੌਡੀ ਨ੍ਹੀਂ। ਅੱਗੋਂ ਇਹ ਲੁੱਚਾ, ਕੰਜਰ ਤਾਰਾ ਸਿਹੁੰ ਪਤਾ ਕੀ ਬੋਲਿਆ?"

"ਕੀ?"

"ਕਹਿੰਦਾ, ਉਹ ਤਾਂ ਚੱਲ ਮੈਂ ਔਖਾ ਸੌਖਾ ਹੱਲ ਕਰ ਦਿੰਨੈ, ਤੂੰ ਫਿਰ ਮੇਰਾ ਵੀ ਖਿਆਲ ਰੱਖੀਂ। ਦੰਦਾਂ 'ਚ ਹੱਸਦਾ ਸੀ ਮੀਸਣਾ।"

"ਬਲਜੀਤ ਨੂੰ ਜੇਲ੍ਹ 'ਚ ਰਣਜੀਤ ਸੰਭਾਲਦਾ ਆ, ਫਿਕਰ ਨਾ ਕਰ। ਛੇਤੀ ਬਾਹਰ ਆ ਜੂ ਪੱਕਾ ਹੋ ਕੇ। ਉਹ ਅਬਲਾ...ਵਿਧਵਾ ਇਹਦਾ ਜ਼ੁਲਮ, ਪਾਪ... ਤੇ ਸਿਤਮ ਸਹਿੰਦੀ ਰਹੀ।"

"ਹੁਣ ਕਰੀਏ ਕੀ ਫਿਰ? ਪਿੰਡ 'ਚ ਤਾਂ ਸੱਚੀਂ ਪਰਲੋ ਆ ਜੂ?... ਬਾਹਰ ਭਲਾ ਵਾਜਾਂ ਕਾਹਦੀਆਂ ਆਉਂਦੀਆਂ?"

"ਵੇ ਲੰਬੜਦਾਰਾ! ਬਾਹਰ ਨਿਕਲ। ਦੇਖ ਆਹ ਕੀ ਹੋ ਗਿਆ, ਆੜ 'ਚ ਮੂਧਾ ਪਿਆ ਤਾਰਾ ਸਿਹੁੰ...ਲਹੂ ਲੁਹਾਣ। ਬੰਸੋ ਨੂੰ ਪਤਾ ਨ੍ਹੀਂ ਕੀ ਹੋ ਗਿਆ, ਸਿਰ 'ਚ ਕੁਹਾੜੀ ਮਾਰੀ ਆ ਤੇ ਦਾਤੀ ਨਾਲ ਧੂਹ ਲਈਆਂ ਆਂਦਰਾਂ।"

"ਭੱਜ ਉਹ ਲੰਬੜਦਾਰਾ।" ਠਾਕਰੀ ਅਤੇ ਭਜਨਾ ਵੀ ਦੌੜ ਪਏ।

"ਠਾਕਰੀਏ ਲੱਗਦਾ ਰਣਜੀਤ ਸਿੱਧਾ ਬੰਸੋ ਦੇ ਘਰ ਈ ਚਲਾ ਗਿਆ ਹੋਣੈ...ਤਾਂ ਹੀ ਪਏ ਆ ਪਿੱਟਣੇ।"

"ਤੇ ਆਪਣੀ ਹੱਥੀਂ ਲੀਰਾਂ ਲੀਰਾਂ ਕਰ ਰਹੀ ਚੁੰਨੀ ਤਾਰਾ ਸਿਹੁੰ ਦੇ ਮੂੰਹ 'ਤੇ ਵਗਾਹ ਕੇ ਮਾਰਦਿਆਂ ਬੰਸੋ ਚੀਕਾਂ ਮਾਰ ਰਹੀ ਸੀ, 'ਮੇਰੀ ਪੱਤ ਲੁੱਟਣ ਵਾਲਿਆ ਮੇਰਾ ਪੁੱਤਰ ਵੀ ਨਿਗਲ ਗਿਐਂ। ਪੈਸਾ ਤਾਂ ਲੁੱਟ ਲਿਆ ਹੀ ਸੀ, ਮੈਂ ਤਨ ਲੁਟਾ ਕੇ ਵੀ ਪੁੱਤ ਦੇ ਅਮਰੀਕਾ ਤੋਂ ਆਉਣ ਦੀ ਉਡੀਕ ਕਰਦੀ ਰਹੀ। ਲੁੱਚਿਆ, ਪੁੱਤ ਦੇ ਸਿਹਰੇ ਬੱਝਦੇ ਤੇਰੇ ਵੀ ਨਸੀਬ ਨਾ ਹੋਣ ਦਊਂ।"

ਪੁਲਿਸ ਦੇ ਸਾਇਰਨ ਵੱਜਣ ਲੱਗ ਪਏ ਸਨ ਪਰ ਬੌਰੀ ਹੋਈ ਬੰਸੋ ਲਾਸ਼ ਪਿੰਡ ਵੱਲ ਨੂੰ ਘੜੀਸਣ ਲੱਗ ਪਈ ਸੀ।

"ਬੰਸੋ ਕਾਹਨੂੰ ਤਾਰਾ ਸਿਹੁੰ ਨੂੰ ਨਿੱਤ ਘਰੇ ਵਾੜੀ ਰੱਖਦੀ ਐ!" ਕਹਿਣ ਵਾਲਾ ਪਿੰਡ ਅੱਜ ਸਮਝ ਗਿਆ ਸੀ ਕਿ ਔਰਤ ਦੀ ਲਾਚਾਰੀ ਤੇ ਬੇਵੱਸੀ ਦਾ ਮੁੱਲ ਮਹਿੰਗੇ ਭਾਅ ਈ ਮੋੜਨਾ ਪੈਂਦੈ।

ਬੇਸ਼ਰਮ ਕਈ ਵਾਰ ਮੰਚ ਤੋਂ ਦੋਸ਼ਾਲਾ ਗਲ 'ਚ ਪੁਆ ਕੇ ਉਤਰ ਰਹੇ ਹੁੰਦੇ ਹਨ ਪਰ ਲੋਕ 'ਫਿੱਟ ਲਾਹਣਤ' ਦਾ ਯਾਦ ਚਿੰਨ੍ਹ ਦੇਣ ਨੂੰ ਕਾਹਲੇ ਪਏ ਹੁੰਦੇ ਹਨ। ਹਾਲਾਤ ਬਦਤਰ ਉਦੋਂ ਹੁੰਦੇ ਨੇ ਜਦੋਂ ਤੁਸੀਂ ਸਾਰਿਆਂ ਨਾਲ ਬੋਲੋਂ ਪਰ ਤੁਹਾਡੇ ਨਾਲ ਕੋਈ ਵੀ ਨਾ ਬੋਲੇ।

## ਖੇਡ

"ਬਾਪੂ ਇਹ ਲੀਡਰ ਅਤੇ ਟੀ.ਵੀ. ਵਾਲੇ ਕਹਿੰਦੇ ਰਹਿੰਦੇ ਹਨ ਕਿ ਖੇਡਾਂ ਦੋਵਾਂ ਦੇਸ਼ਾਂ ਵਿਚਾਲੇ ਆਪਸੀ ਪਿਆਰ ਤੇ ਭਾਈਚਾਰਾ ਵਧਾਉਂਦੀਆਂ ਹਨ।" ਮੁੰਡੇ ਨੇ ਆਪਣੇ ਬਾਪੂ ਨੂੰ ਕਿਹਾ।

"ਅੱਛਾ! ਫਿਰ?" ਉਸ ਦੇ ਬਾਪੂ ਨੇ ਪੁਛਿਆ।

"ਬਾਪੂ ਮੈਨੂੰ ਤਾਂ ਲੱਗਦਾ ਨਹੀਂ। ਜਦੋਂ ਵੀ ਦੋਵਾਂ ਦੇਸ਼ਾਂ ਵਿਚਾਲੇ ਕ੍ਰਿਕਟ ਦਾ ਮੈਚ ਹੁੰਦਾ ਹੈ ਤਾਂ ਦੋਵੇਂ ਪਾਸੇ ਨਫਰਤ ਤੇ ਗੁੱਸਾ ਲੋਕਾਂ ਵਿਚ ਘਟਣ ਦੀ ਬਜਾਏ ਵਧਦਾ ਹੀ ਹੈ। ਲੋਕ ਇੱਕ ਦੂਜੇ ਦੇਸ਼ ਪ੍ਰਤੀ ਗਲਤ ਬੋਲਦੇ ਹਨ, ਝੰਡੇ ਸਾੜਦੇ ਹਨ ਤੇ ਮੈਚ ਹਾਰਨ ਉਤੇ ਟੀ.ਵੀ. ਭੰਨ ਦਿੰਦੇ ਹਨ।" ਮੁੰਡੇ ਨੇ ਗੰਭੀਰ ਹੁੰਦਿਆਂ ਕਿਹਾ।

"ਪੁੱਤਰਾ! ਇਹ ਖੇਡਾਂ ਖਿਡਾਰੀਆਂ ਦੀਆਂ ਨਹੀਂ ਹਨ, ਇਹ ਤਾਂ ਸਿਆਸਤਦਾਨਾਂ ਦੀਆਂ ਹਨ। ਇਹ ਖੇਡਾਂ ਮੈਦਾਨਾਂ ਵਿਚ ਘੱਟ ਤੇ ਬੰਦ ਕਮਰਿਆਂ ਤੇ ਬਾਰਡਰਾਂ 'ਤੇ ਵੱਧ ਖੇਡੀਆਂ ਜਾਂਦੀਆਂ ਹਨ। ਇਨ੍ਹਾਂ ਵਿਚ ਸਿਅਸਤਦਾਨਾਂ ਦੀ ਸਦਾ ਜਿੱਤ ਤੇ ਲੋਕਾਂ ਦੀ ਹਾਰ ਹੀ ਹੁੰਦੀ ਏ।" ਬਾਪ ਨੇ ਹਾਉਕਾ ਜਿਹਾ ਲੈਂਦਿਆਂ ਆਪਣੇ ਲੜਕੇ ਨੂੰ ਕਿਹਾ ਅਤੇ ਉਸ ਦਾ ਮਨ ਭਰ ਆਇਆ। ਕਿਉਂਕਿ ਉਸ ਦਾ ਵੱਡਾ ਮੁੰਡਾ ਫੌਜ ਵਿਚ ਸੀ ਜੋ ਬਾਰਡਰ ਉਤੇ ਗੋਲੀ ਲੱਗਣ ਕਾਰਨ ਸ਼ਹੀਦ ਹੋ ਚੁੱਕਾ ਸੀ।

**-ਸਤਵਿੰਦਰ ਥਾਂਦੀ**
**ਦੌਲਤਪੁਰੀਆ।**

## ਗੱਲ ਬਣੀ ਕਿ ਨਹੀਂ

*-ਐਸ. ਅਸ਼ੋਕ ਭੌਰਾ*

### ਆਹ ਵੇਖ ਸਾਈਆਂ!

**ਆਦਤ ਕਈਆਂ ਦੀ ਸੱਚੀਂ ਕਮਾਲ ਹੁੰਦੀ, ਫੇਰ ਜਾਂਦੇ ਸਫਾਈ ਨਾਲ ਹੱਥ ਸਾਈਆਂ।**
**ਵਾਧ ਘਾਟ ਦੀ ਨਹੀਂ ਪਰਵਾਹ ਕਰਦੇ, ਭਾਵੇਂ ਕਿੰਨੀ ਵੀ ਹੋਵੇ ਕੁਪੱਤ ਸਾਈਆਂ।**
**ਲੋਕੀਂ ਸਮਝਦੇ ਸ਼ਾਬਾਸ਼ੀ ਦੇਣ ਲੱਗੇ, ਜ਼ਖਮ ਛਿੱਲ ਕੇ ਪਰ੍ਹੇ ਹੋ ਜਾਂਵਦੇ ਨੇ,**
**ਹੁੰਦੇ ਓਸ ਭੂਤਰੇ ਸਾਨ੍ਹ ਵਰਗੇ, ਪਾਉਣੀ ਕਠਿਨ ਹੈ ਜਿਸ ਦੇ ਨੱਥ ਸਾਈਆਂ।**
**ਉਤੋਂ ਰੰਗ ਦੇ ਬੜੇ ਨੇ ਸਾਫ ਲੱਗਦੇ, ਨੈਣ ਨਕਸ਼ ਵੀ ਵੇਖਣ ਨੂੰ ਜਚਦੇ ਨੇ,**
**ਗੱਲ ਕਰਕੇ ਕਾਲਜਾ ਫੂਕ ਸੁੱਟਦੇ, ਇੱਕੋ ਕੰਧ 'ਤੇ ਪਾਉਂਦੇ ਨੇ ਛੱਤ ਸਾਈਆਂ।**
**ਕਈ ਸੱਠਾਂ ਨੂੰ ਲੰਘੇ ਕਈ ਸੱਤਰਾਂ ਨੂੰ, ਅਕਲ ਕੋਲੋਂ ਦੀ ਲੰਘੀ ਨਾ ਮੂਰਖਾਂ ਦੇ,**
**ਇਨ੍ਹਾਂ ਬੋਹੜ ਤੇ ਪਿੱਪਲ ਹੀ ਛਾਂਗ ਸੁੱਟੇ, ਕਰ ਛੱਡੀ ਵਿਰਾਨ ਹੀ ਸੱਥ ਸਾਈਆਂ।**
**ਅੱਗੇ ਲੋਕ ਟਟੀਹਰੀ ਨੂੰ ਕੋਸਦੇ ਸੀ, ਐਵੇਂ ਸਿਰ 'ਤੇ ਚੁੱਕੀ ਹੈ ਅਸਮਾਨ ਫਿਰਦੀ,**
**ਹੁਣ ਲੋਕ ਭਗਵਾਨ ਨੂੰ ਕੋਸਦੇ ਨੇ, ਤੋੜ ਦਿੱਤੀ ਟਟੀਹਰੀ ਦੀ ਲੱਤ ਸਾਈਆਂ।**
**ਬੰਦੇ ਹਟ ਗਏ ਕਰਨ ਤੋਂ ਰਾਜਨੀਤੀ, ਆਈਆਂ ਚੋਣਾਂ ਤੇ ਵੋਟਾਂ ਦੀ ਧਰੀ ਖਿਚੜੀ,**
**ਇਹ ਭਗਵਿਆਂ ਨੂੰ ਫਿਰਦੇ ਪੂਜਦੇ ਨੇ, ਚੁੱਕੀ ਸਾਧਾਂ ਨੇ ਜਦੋਂ ਦੀ ਅੱਤ ਸਾਈਆਂ।**
**ਜਦੋਂ ਜੰਗਲ 'ਚੋਂ ਸ਼ੇਰ ਦਾ ਰਾਜ ਮੁੱਕ ਜੂ, ਗਿੱਦੜ ਪਾਉਣਗੇ ਬੁਲਟ ਪਰੂਫ ਲੀੜੇ,**
**'ਭੌਰੇ' ਕੁੱਤਿਆਂ ਨੇ ਡੇਲੇ ਕੱਢਣੇ ਨੇ, ਜਿੱਦਣ ਰਿੱਛ ਦੇ ਰਹੀ ਨਾ ਜੱਤ ਸਾਈਆਂ।**

ਗੁਰਮਤਿ ਵਿਚਾਰ

# ਆਪੋ ਆਪਣੇ ਮਤਿ ਸਭਿ ਗਾਵੈ



ਡਾ. ਗੁਰਨਾਮ ਕੌਰ, ਕੈਨੇਡਾ

ਪਿਛਲੇ ਲੇਖ ਵਿਚ ਜ਼ਿਕਰ ਕੀਤਾ ਸੀ ਕਿ ਭਾਈ ਗੁਰਦਾਸ ਆਪਣੀ ਪਹਿਲੀ ਵਾਰ ਦੀਆਂ ਮੁਢਲੀਆਂ ਪਉੜੀਆਂ ਵਿਚ ਗੁਰੂ ਨਾਨਕ ਆਗਮਨ ਤੋਂ ਪਹਿਲਾਂ ਹਿੰਦੁਸਤਾਨ ਵਿਚ ਪ੍ਰਚਲਿਤ ਵਿਚਾਰਾਂ ਅਤੇ ਹਾਲਾਤ ਦਾ ਜ਼ਿਕਰ ਕਰਦੇ ਹਨ। ਹਰ ਪਉੜੀ ਦੀ ਅਖੀਰਲੀ ਪੰਕਤੀ ਵਿਚ ਉਹ ਆਪਣਾ ਵਿਚਾਰ ਜਾਂ ਨਿਚੋੜ ਪੇਸ਼ ਕਰਦੇ ਹਨ। ਸਿਰਲੇਖ ਵਾਲੀ ਪੰਕਤੀ ਪਹਿਲੀ ਵਾਰ ਦੀ ਅਠਵੀਂ ਪਉੜੀ ਦੀ ਅਖੀਰਲੀ ਪੰਕਤੀ ਹੈ ਜਿਸ ਵਿਚ ਉਹ ਨਤੀਜਾ ਇਹ ਕੱਢਦੇ ਹਨ ਕਿ ਹਿੰਦੂ ਧਰਮ ਦੇ ਛੇ ਸ਼ਾਸਤਰ ਆਪਣੀ ਆਸਥਾ ਵੇਦਾਂ ਵਿਚ ਪਰਗਟ ਕਰਦੇ ਹਨ ਅਰਥਾਤ ਅੰਤਮ ਪ੍ਰਮਾਣ ਵੇਦਾਂ ਨੂੰ ਮੰਨਦੇ ਹਨ ਪਰ ਇਸ ਦੇ ਬਾਵਜੂਦ, ਇੱਕ ਸੋਮਾ ਹੋਣ 'ਤੇ ਵੀ ਹਰ ਇੱਕ ਸ਼ਾਸਤਰ ਦਾ ਆਪੋ ਆਪਣਾ ਦਰਸ਼ਨ, ਆਪੋ ਆਪਣੀ ਵਿਚਾਰਧਾਰਾ ਹੈ।

ਭਾਈ ਗੁਰਦਾਸ ਦੱਸਦੇ ਹਨ ਕਿ ਚਾਰੇ ਵੇਦਾਂ ਵਿਚ ਦਿੱਤੇ ਹੋਏ ਧਰਮ ਅਰਥਾਤ ਮਨੁੱਖ ਲਈ ਦੱਸੇ ਹੋਏ ਫਰਜ਼ ਹਨ, ਜਿਨ੍ਹਾਂ 'ਤੇ ਵਿਚਾਰ ਕਰਕੇ ਰਿਸ਼ੀਆਂ ਨੇ ਛੇ ਸ਼ਾਸਤਰ ਬਣਾਏ (ਨਿਆਂ, ਮੀਮਾਂਸਾ, ਵੇਦਾਂਤ, ਸਾਂਖ ਸ਼ਾਸਤਰ, ਵੈਸ਼ੇਸ਼ਕ ਅਤੇ ਯੋਗ ਸ਼ਾਸਤਰ)। ਬ੍ਰਹਮਾ (ਹਿੰਦੂ ਸ਼ਾਸਤਰਾਂ ਅਨੁਸਾਰ ਉਤਪਤੀ ਦਾ ਦੇਵਤਾ ਜਿਸ ਨੂੰ ਹਰ ਰਚਨਾ ਕਾਲ ਸਮੇਂ ਵੇਦ ਸੌਂਪੇ ਜਾਂਦੇ ਹਨ) ਅਤੇ ਹੋਰ ਦੇਵਤਿਆਂ, ਸਨਕ, ਸਨੰਦਨ, ਸਨਾਤਨ ਅਤੇ ਸਨਤ ਕੁਮਾਰ ਆਦਿ ਵਲੋਂ ਜੋ ਕੁਝ ਲੋਕਾਂ ਨੂੰ ਦੱਸਿਆ ਜਾਂਦਾ, ਉਹ ਹੀ ਲੋਕ ਉਚਾਰਦੇ ਜਾਂ ਗਾਉਂਦੇ ਹਨ।

ਭਾਈ ਗੁਰਦਾਸ ਦੱਸਦੇ ਹਨ ਕਿ ਅਨੇਕਾਂ ਲੋਕ ਪੜ੍ਹਦੇ ਅਤੇ ਵਿਚਾਰਦੇ ਹਨ ਪਰ ਲੱਖਾਂ-ਕਰੋੜਾਂ ਵਿਚੋਂ ਕੋਈ ਵਿਰਲਾ ਹੀ ਗਤਿ ਨੂੰ ਜਾਣ ਸਕਦਾ ਹੈ ਅਰਥਾਤ ਕੋਈ ਕੋਈ ਹੀ ਸਮਝਦਾ ਹੈ ਕਿ ਅਸਲੀਅਤ ਕੀ ਹੈ। ਮਨ ਵਿਚ ਇਹ ਅਸਚਰਜਤਾ ਪੈਦਾ ਹੁੰਦੀ ਹੈ ਕਿ ਪੜ੍ਹਨ ਨਾਲ, ਵਿਚਾਰਨ ਨਾਲ ਵੀ ਇਹ ਭੇਦ ਸਮਝ ਕਿਉਂ ਨਹੀਂ ਆਉਂਦਾ ਕਿ ਵੇਦਾਂ ਵਿਚ ਹਰ ਇੱਕ ਯੁੱਗ ਦਾ ਇੱਕੋ ਵਰਨ ਅਰਥਾਤ ਇੱਕੋ ਰੰਗ (ਜਾਤ) ਦੱਸਿਆ ਹੈ (ਜਿਸ ਦਾ ਜ਼ਿਕਰ ਭਾਈ ਸਾਹਿਬ ਦੇ ਹਵਾਲੇ ਨਾਲ ਪਿਛਲੇ ਲੇਖ ਵਿਚ ਕੀਤਾ ਹੈ) ਫਿਰ ਕਲਿਯੁਗ ਵਿਚ ਕਿਉਂ ਬਹੁਤੇ ਵਰਨ (ਜਾਤਾਂ) ਦੱਸੇ ਹਨ। ਤਿੰਨਾਂ ਯੁਗਾਂ ਵਿਚ ਦੱਸਿਆ ਹੋਇਆ ਧਰਮ (ਫਰਜ਼) ਲੋਕਾਂ ਨੇ ਛੱਡ ਦਿੱਤਾ ਹੈ, ਇਸ ਬਾਰੇ ਸਭ ਪੜ੍ਹਦੇ ਅਤੇ ਸੁਣਦੇ ਹਨ ਫਿਰ ਵੀ ਉਨ੍ਹਾਂ ਦੇ ਮਨ ਵਿਚੋਂ ਭੁਲੇਖਾ ਅਤੇ ਭਰਮ ਦੂਰ ਨਹੀਂ ਹੁੰਦਾ। ਜੋ ਕੁਝ ਚਾਰੇ ਵੇਦਾਂ ਵਿਚ ਪ੍ਰਭਾਸ਼ਿਤ ਕੀਤਾ ਗਿਆ ਹੈ, ਛੇ ਸ਼ਾਸਤਰਾਂ ਵਿਚ ਵੀ ਉਸੇ ਦੀ ਵਿਆਖਿਆ ਕੀਤੀ ਹੋਈ ਮਿਲਦੀ ਹੈ। ਇਸ ਤਰ੍ਹਾਂ ਵੇਦਾਂ ਨੂੰ ਪੜ੍ਹ-ਸੁਣ ਕੇ ਸ਼ਾਸਤਰਾਂ ਨੇ ਆਪਣਾ ਆਪਣਾ ਨਜ਼ਰੀਆ ਪੇਸ਼ ਕਰ ਦਿੱਤਾ ਅਤੇ ਆਪੋ ਆਪਣੇ ਮੱਤ ਦੀ ਵਿਆਖਿਆ ਕੀਤੀ:

ਚਹੁੰ ਬੇਦਾਂ ਕੇ ਧਰਮ ਮਥਿ ਖਟਿ ਸਾਸਤ੍ਰ<br>
ਕਥਿ ਰਿਖਿ ਸੁਣਾਵੈ।<br>
ਬ੍ਰਹਮਾਦਿਕ ਸਨਕਾਦਿਕਾ ਜਿਉ ਤਿਹਿ ਕਹਾ<br>
ਤਿਵੈ ਜਗੁ ਗਾਵੈ।<br>
ਗਾਵਨਿ ਪੜਨਿ ਬਿਚਾਰਿ ਬਹੁ ਕੋਟਿ<br>
ਮਧੇ ਵਿਰਲਾ ਗਤਿ ਪਾਵੈ।<br>
ਇਹਿ ਅਚਰਜੁ ਮਨ ਆਵਦੀ ਪੜਤਿ<br>
ਗੁਣਤਿ ਕਛੁ ਭੇਦੁ ਨ ਪਾਵੈ।<br>
ਜੁਗ ਜੁਗ ਏਕੋ ਵਰਨ ਹੈ<br>
ਕਲਿਜੁਗ ਕਿਉ ਬਹੁਤੇ ਦਿਖਲਾਵੈ।<br>
ਜੰਦ੍ਰੇ ਵਜੇ ਤ੍ਰਿਹੁ ਜੁਗੀ ਕਥਿ ਪੜ੍ਹਿ ਰਹੈ<br>
ਭਰਮੁ ਨਹਿ ਜਾਵੈ।<br>
ਜਿਉ ਕਰਿ ਕਥਿਆ ਚਾਰਿ ਬੇਦਿ ਖਟਿ<br>
ਸਾਸਤ੍ਰਿ ਸੰਗਿ ਸਾਖਿ ਸੁਣਾਵੈ।<br>
ਆਪੋ ਆਪਣੇ ਮਤਿ ਸਭਿ ਗਾਵੈ।

ਵੈਦਿਕ ਦਰਸ਼ਨ ਪਰੰਪਰਾ ਵਿਚ ਛੇ ਦਰਸ਼ਨ ਬਹੁਤ ਪ੍ਰਸਿੱਧ ਹੋਏ ਹਨ। ਇਨ੍ਹਾਂ ਦਰਸ਼ਨਾਂ ਵਿਚ ਪਿੱਛੋਂ ਭਾਵੇਂ ਹੋਰ ਰਿਖੀਆਂ ਨੇ ਵੀ ਆਪਣੀਆਂ ਰਚਨਾਵਾਂ ਸ਼ਾਮਲ ਕਰਕੇ ਵਾਧਾ ਕੀਤਾ ਪਰ ਮੂਲ ਰੂਪ ਵਿਚ ਇਨ੍ਹਾਂ ਦਰਸ਼ਨਾਂ ਨੂੰ ਇਨ੍ਹਾਂ ਦੇ ਬਾਨੀ ਰਿਖੀਆਂ ਦੇ ਨਾਂਵਾਂ ਨਾਲ ਹੀ ਜਾਣਿਆ ਜਾਂਦਾ ਹੈ, ਜਿਸ ਦਾ ਜ਼ਿਕਰ ਭਾਈ ਗੁਰਦਾਸ ਨੇ ਵੀ ਕੀਤਾ ਹੈ; ਮਹਾਂਰਿਖੀ ਗੌਤਮ ਦਾ ਨਿਆਇ ਸ਼ਾਸਤਰ, ਕਣਾਦ ਦਾ ਵੈਸ਼ੇਸ਼ਕ, ਕਪਿਲ ਰਿਖੀ ਦਾ ਸਾਂਖ, ਪਾਤੰਜਲੀ ਦੁਆਰਾ ਰਚਿਤ ਯੋਗ ਸ਼ਾਸਤਰ, ਜੈਮਿਨੀ ਰਿਖੀ ਦਾ ਪੂਰਬ-ਮੀਮਾਂਸਾ ਅਤੇ ਵਾਦਰਾਇਣ ਦਾ ਉਤਰ-ਮੀਮਾਂਸਾ ਜਾਂ ਵੇਦਾਂਤ ਸ਼ਾਸਤਰ। ਇਨ੍ਹਾਂ ਸਾਰੇ ਸ਼ਾਸਤਰਾਂ ਨੂੰ ਵੈਦਿਕ ਦਰਸ਼ਨ ਕਿਹਾ ਜਾਂਦਾ ਹੈ ਕਿਉਂਕਿ ਇਹ ਵੇਦਾਂ ਨੂੰ ਪ੍ਰਮਾਣ ਮੰਨਦੇ ਹਨ। ਵੇਦਾਂ ਦੀ ਪ੍ਰਮਾਣਿਕਤਾ ਨੂੰ ਮੰਨਣ ਕਰਕੇ ਇਨ੍ਹਾਂ ਛੇ ਸ਼ਾਸਤਰਾਂ ਨੂੰ ਆਸਤਿਕ ਵੀ ਕਿਹਾ ਜਾਂਦਾ ਹੈ ਅਤੇ ਜੋ ਦਰਸ਼ਨ ਵੇਦਾਂ ਵਿਚ ਆਸਥਾ ਨਹੀਂ ਰੱਖਦੇ ਜਿਵੇਂ ਬੁੱਧ ਦਰਸ਼ਨ, ਜੈਨ ਅਤੇ ਚਾਰਵਾਕ ਆਦਿ ਉਨ੍ਹਾਂ ਨੂੰ ਨਾਸਤਿਕ ਕਿਹਾ ਜਾਂਦਾ ਹੈ। ਕਿਸੇ ਦਰਸ਼ਨ ਦਾ ਆਸਤਿਕ ਜਾਂ ਨਾਸਤਿਕ ਹੋਣਾ ਪਰਮਾਤਮਾ ਦੀ ਹੋਂਦ ਨੂੰ ਮੰਨਣ ਜਾਂ ਨਾ ਮੰਨਣ ਨਾਲ ਸਬੰਧਤ ਨਾ ਹੋ ਕੇ ਵੇਦਾਂ ਦੀ ਪ੍ਰਮਾਣਿਕਤਾ ਨੂੰ ਮੰਨਣ ਜਾਂ ਨਾ ਮੰਨਣ ਨਾਲ ਹੈ।

ਅਗਲੀਆਂ ਪਉੜੀਆਂ ਵਿਚ ਛੇ ਦਰਸ਼ਨਾਂ ਦਾ ਚਾਰ ਵੇਦਾਂ ਨਾਲ ਸਬੰਧ ਦੱਸਿਆ ਹੈ ਕਿ ਕਿਹੜੇ ਵੇਦ ਨਾਲ ਕਿਸ ਸ਼ਾਸਤਰ ਦਾ ਸਬੰਧ ਹੈ। ਸਭ ਤੋਂ ਪਹਿਲਾਂ ਨੌਵੀਂ ਪਉੜੀ ਵਿਚ ਗੌਤਮ ਰਿਸ਼ੀ ਦੁਆਰਾ ਰਚਿਤ ਨਿਆਇ ਸ਼ਾਸਤਰ ਦਾ ਜ਼ਿਕਰ ਕੀਤਾ ਹੈ ਅਤੇ ਉਸ ਦਾ ਸਬੰਧ ਰਿਗ ਵੇਦ ਨਾਲ ਦੱਸਿਆ ਹੈ। ਪਰੰਪਰਾ ਅਨੁਸਾਰ ਹਰ ਇੱਕ ਵੇਦ ਦੇ ਚਾਰ ਭਾਗ ਹਨ: ਵੇਦ ਸੰਹਿਤਾ ਅਰਥਾਤ ਵੇਦਾਂ ਦਾ ਮੰਤਰ ਭਾਗ, ਬ੍ਰਹਮਾਨਕ ਗ੍ਰੰਥ, ਆਰਣਿਯਕ ਗ੍ਰੰਥ ਅਤੇ ਉਪਨਿਸ਼ਦ। ਵੇਦ ਸੰਹਿਤਾ ਵੇਦਾਂ ਦਾ ਮੰਤਰ ਭਾਗ ਹਨ ਜਿਸ ਵਿਚ ਦੇਵਤਿਆਂ ਨਾਲ ਸਬੰਧਤ ਮੰਤਰ, ਰੀਤਾਂ-ਰਸਮਾਂ ਅਤੇ ਪੂਜਾ ਵਿਧੀਆਂ ਸ਼ਾਮਲ ਹਨ। ਦੂਸਰਾ ਭਾਗ ਬ੍ਰਾਹਮਣ ਗ੍ਰੰਥ ਹਨ ਜਿਨ੍ਹਾਂ ਵਿਚ ਗਲਪ-ਰੂਪ ਵਿਚ ਮੰਤਰਾਂ, ਪੂਜਾ, ਯੱਗ ਵਿਧਾਨ, ਰੀਤਾਂ ਅਤੇ ਰਸਮਾਂ ਦੀ ਵਿਸਥਾਰ ਵਿਚ ਕੀਤੀ ਹੋਈ ਵਿਆਖਿਆ ਸ਼ਾਮਲ ਹੈ। ਵੇਦਾਂ ਦਾ ਤੀਸਰਾ ਭਾਗ ਆਰਣਿਯਕ ਗ੍ਰੰਥ ਹਨ ਜਿਨ੍ਹਾਂ ਦੀ ਰਚਨਾ ਵਾਣ-ਪ੍ਰਸਤ ਆਸ਼ਰਮ ਸਮੇਂ ਜੰਗਲਾਂ ਵਿਚ ਤਪੱਸਵੀਆਂ ਵੱਲੋਂ ਕੀਤੀ ਹੋਈ ਮੰਨੀ ਜਾਂਦੀ ਹੈ। ਜੰਗਲ ਦੇ ਏਕਾਂਤ ਵਾਸ ਵਿਚ ਸੀਮਤ ਸਾਧਨ ਹੋਣ ਕਰਕੇ ਉਹ ਧਾਰਮਕ ਰੀਤਾਂ-ਰਸਮਾਂ ਜਿਵੇਂ ਹੋਮ-ਯੱਗ ਆਦਿ ਨੂੰ ਪੂਰਨ ਰੂਪ ਵਿਚ ਨਹੀਂ ਸੀ ਕਰ ਸਕਦੇ। ਇਸ ਲਈ ਇਨ੍ਹਾਂ ਨੂੰ ਚਿੰਨ੍ਹਾਤਮਕ ਰੂਪ ਵਿਚ ਨਿਭਾਉਣ ਲਈ ਆਰਣਿਯਕ ਗ੍ਰੰਥਾਂ ਦੀ ਰਚਨਾ ਕੀਤੀ ਗਈ।

ਉਪਨਿਸ਼ਦ, ਵੇਦਾਂ ਦਾ ਅੰਤਿਮ ਭਾਗ ਹਨ, ਇਸ ਲਈ ਇਨ੍ਹਾਂ ਨੂੰ ਵੇਦਾਂਤ ਵੀ ਕਿਹਾ ਜਾਂਦਾ ਹੈ। ਇਹ ਵੇਦਾਂ ਦਾ ਦਰਸ਼ਨ ਭਾਗ ਹਨ ਅਰਥਾਤ ਇਹ ਫਿਲਾਸਫੀ ਅਤੇ ਅਧਿਆਤਮਕਤਾ ਨਾਲ ਸਬੰਧਤ ਹਨ। ਹਰ ਇੱਕ ਵੇਦ ਦੇ ਆਪਣੇ ਸੰਹਿਤਾ ਅਰਥਾਤ ਮੰਤਰ ਭਾਗ, ਆਪਣੇ ਬ੍ਰਾਹਮਣ ਗ੍ਰੰਥ, ਆਰਣਿਯਕ ਗ੍ਰੰਥ ਅਤੇ ਆਪਣੇ ਉਪਨਿਸ਼ਦ ਹਨ। ਵੇਦਾਂ ਦਾ ਦਾਰਸ਼ਨਿਕ ਪੱਖ ਉਪਨਿਸ਼ਦਾਂ ਵਿਚ ਮਿਲਦਾ ਹੈ। ਉਪਨਿਸ਼ਦਾਂ ਦੀ ਗਿਣਤੀ ਬਹੁਤ ਹੈ ਪਰ ਪ੍ਰਮੁੱਖ ਉਪਨਿਸ਼ਦ ਚੌਵੀ ਦੇ ਕਰੀਬ ਮੰਨੇ ਗਏ ਹਨ। ਰਿਗ ਵੇਦ ਨਾਲ ਸਬੰਧਤ ਪ੍ਰਮੁੱਖ ਉਪਨਿਸ਼ਦ ਕੌਸ਼ੀਤਕੀ ਅਤੇ ਐਤਰੀਯ ਉਪਨਿਸ਼ਦ ਹਨ। ਰਿਗ ਵੇਦ ਦਾ ਦਰਸ਼ਨ ਜਾਂ ਫਲਸਫਾ ਇਨ੍ਹਾਂ ਦੋਵਾਂ ਉਪਨਿਸ਼ਦਾਂ ਵਿਚ ਪ੍ਰਾਪਤ ਹੈ।

ਭਾਈ ਗੁਰਦਾਸ ਦਾ ਕਥਨ ਹੈ ਕਿ ਗੌਤਮ ਰਿਖੀ ਨੇ ਰਿਗ ਵੇਦ ਦੇ ਸਿਧਾਂਤਾਂ ਨੂੰ ਘੋਖ ਕੇ ਨਿਆਇ ਸ਼ਾਸਤਰ ਦੀ ਰਚਨਾ ਕੀਤੀ। ਭਾਈ ਗੁਰਦਾਸ ਦਾ ਇਹ ਕਥਨ ਬਹੁਤ ਹੱਦ ਤੱਕ ਦਰੁਸਤ ਹੈ। ਉਹ ਸੰਸਕ੍ਰਿਤ ਦੇ ਬਹੁਤ ਅੱਛੇ ਵਿਦਵਾਨ ਵੀ ਸਨ। ਕਮਾਲ ਦੀ ਗੱਲ ਇਹ ਹੈ ਕਿ ਭਾਈ ਗੁਰਦਾਸ ਤੋਂ ਪਹਿਲਾਂ, ਜਿਵੇਂ ਉਪਰ ਜ਼ਿਕਰ ਆਇਆ ਹੈ, ਵੇਦਾਂ ਦੇ ਵੱਖ ਵੱਖ ਗ੍ਰੰਥਾਂ ਦਾ ਉਲੇਖ ਕੀਤਾ ਤਾਂ ਮਿਲਦਾ ਹੈ ਪਰ ਕਿਸ ਸ਼ਾਸਤਰ ਦਾ ਕਿਸ ਵੇਦ ਨਾਲ ਸਬੰਧ ਹੈ, ਇਸ ਦਾ ਜ਼ਿਕਰ ਕਿਧਰੇ ਨਹੀਂ ਮਿਲਦਾ। ਜੇ ਬਾਰੀਕੀ ਨਾਲ ਘੋਖਿਆ ਜਾਵੇ ਤਾਂ ਅਸੀਂ ਦੇਖ ਸਕਦੇ ਹਾਂ ਕਿ ਨਿਆਇ ਸ਼ਾਸਤਰ ਦੇ ਬੀਜ ਸਾਨੂੰ ਰਿਗ ਵੇਦ ਦੇ ਅੰਤਿਮ ਭਾਗ ਕੌਸ਼ੀਤਕੀ ਉਪਨਿਸ਼ਦ ਤੇ ਐਤਰੀਯ ਉਪਨਿਸ਼ਦ ਵਿਚ ਮਿਲਦੇ ਹਨ; ਬੇਸ਼ੱਕ ਉਨ੍ਹਾਂ ਦੀ ਵਿਆਖਿਆ ਗੌਤਮ ਰਿਖੀ ਨੇ ਆਪਣੇ ਢੰਗ ਨਾਲ ਕੀਤੀ ਹੈ। ਭਾਈ ਗੁਰਦਾਸ ਇਸ ਕਥਨ ਨਾਲ ਸਹਿਮਤ ਹਨ ਕਿ ਛੇ ਸ਼ਾਸਤਰਾਂ ਦੇ ਰਚਨ ਵਾਲੇ ਰਿਖੀਆਂ ਨੇ ਵੇਦਾਂ ਦੇ ਸਿਧਾਂਤਾਂ ਨੂੰ ਆਪਣੀ ਵਿਚਾਰਧਾਰਾ ਅਨੁਸਾਰ ਪੇਸ਼ ਕੀਤਾ।

ਨਿਆਇ ਸ਼ਾਸਤਰ ਦਾ ਅਰਥ ਹੈ ਧਰਮ-ਸ਼ਾਸਤਰਾਂ ਅਤੇ ਇੰਦਰੀਆਂ ਦੁਆਰਾ ਪ੍ਰਾਪਤ ਗਿਆਨ ਦੀ ਸਮੱਗਰੀ ਦੀ ਤਾਰਕਿਕ ਛਾਣਬੀਣ ਕਰਨਾ। ਨਿਆਇਕਾਂ ਅਨੁਸਾਰ ਉਹ ਸਭ ਸਤਿ ਹੈ ਜੋ ਤਰਕ ਦੀ ਕਸੌਟੀ 'ਤੇ ਪੂਰਾ ਉਤਰ ਸਕਦਾ ਹੈ। ਵਾਤਸਾਇਨ ਰਿਖੀ ਅਤੇ ਉਧੋਤਕਰ ਦਾ ਵਿਚਾਰ ਹੈ ਕਿ ਜੇ ਨਿਆਇ ਦਰਸ਼ਨ ਕੇਵਲ ਜੀਵ-ਆਤਮਾ ਅਤੇ ਉਸ ਦੀ ਮੁਕਤੀ ਦਾ ਹੀ ਬਿਆਨ ਕਰਦਾ ਤਾਂ ਉਪਨਿਸ਼ਦਾਂ ਅਤੇ ਨਿਆਇ-ਸ਼ਾਸਤਰ ਵਿਚ ਕੋਈ ਫਰਕ ਨਹੀਂ ਸੀ ਹੋਣਾ, ਕਿਉਂਕਿ ਉਪਨਿਸ਼ਦ ਵੀ ਇਨ੍ਹਾਂ ਸਮੱਸਿਆਵਾਂ ਦਾ ਹੀ ਵਿਵੇਚਨ ਕਰਦੇ ਹਨ। ਨਿਆਇ ਸ਼ਾਸਤਰ ਦੀ ਵਿਸ਼ੇਸ਼ਤਾ ਇਹ ਹੈ ਕਿ ਇਹ ਅਧਿਆਤਮਕ ਸਮੱਸਿਆਵਾਂ ਦਾ ਵਿਵੇਚਨ ਤਾਰਕਿਕ ਨਜ਼ਰੀਏ ਤੋਂ ਕਰਦਾ ਹੈ।

ਭਾਈ ਗੁਰਦਾਸ ਦਾ ਕਥਨ ਹੈ ਕਿ ਗੌਤਮ ਰਿਖੀ ਦੇ ਨਿਆਇ ਸ਼ਾਸਤਰ ਅਨੁਸਾਰ ਜਗਤ ਦੀ ਸਾਰੀ ਕਾਰ ਪਰਮਾਤਮਾ ਦੇ ਅਖ਼ਤਿਆਰ ਵਿਚ ਹੈ, ਸਭ ਕੁਝ ਨਿਯੰਤੇ (ਪਰਮਾਤਮਾ) ਦੀ ਆਗਿਆ ਵਿਚ ਵਾਪਰ ਰਿਹਾ ਹੈ। ਹੋਰ ਕੋਈ ਦੂਸਰੀ ਸ਼ਕਤੀ ਉਸ ਦੇ ਕੰਮਾਂ ਵਿਚ ਦਖਲ ਨਹੀਂ ਦੇ ਸਕਦੀ। ਨਿਆਇ ਸ਼ਾਸਤਰ ਵਿਚ ਕਿਹਾ ਗਿਆ ਹੈ ਕਿ ਈਸ਼ਵਰ ਕਰਮ-ਫਲ ਦਾ ਦਾਤਾ ਹੈ। ਫਲ ਦੀ ਪ੍ਰਾਪਤੀ ਲਈ ਯਤਨਸ਼ੀਲ ਜੀਵ ਉਤੇ ਈਸ਼ਵਰ ਕਿਰਪਾ ਕਰਦਾ ਹੈ। ਜੇ ਉਸ ਦੀ ਨਜ਼ਰ ਹੋ ਜਾਵੇ ਤਾਂ ਫਲ ਦੀ ਪ੍ਰਾਪਤੀ ਹੁੰਦੀ ਹੈ, ਨਹੀਂ ਤਾਂ ਨਹੀਂ। ਈਸ਼ਵਰ ਵਿਚ ਅੱਠ ਸਿੱਧੀਆਂ ਹਨ। ਉਹ ਕਰਨ ਅਤੇ ਨਾ-ਕਰਨ ਦੇ ਸਮਰੱਥ ਹੈ ਭਾਵ ਉਹ ਸਭ ਕੁਝ ਕਰਨ-ਕਰਾਵਣਹਾਰ ਹੈ। ਉਹ ਸ੍ਰਿਸ਼ਟੀ ਨੂੰ ਗਤੀ ਦਿੰਦਾ ਹੈ ਅਤੇ ਜਗਤ ਦਾ ਨਿਰਮਾਣ ਕਰਦਾ ਹੈ। ਇਸ ਤੋਂ ਸੱਪਸ਼ਟ ਹੁੰਦਾ ਹੈ ਕਿ ਬ੍ਰਹਿਮੰਡ ਦੀ ਸਾਰੀ ਕਾਰ ਪਰਮਾਤਮਾ ਦੇ ਵਸ ਵਿਚ ਹੈ। ਪਰਮਾਤਮਾ ਦੁਨੀਆਂ ਦੇ ਆਦਿ ਵਿਚ ਵੀ ਹੈ, ਅੰਤ ਵਿਚ ਵੀ ਹੈ ਪਰ ਉਹ ਦੁਨੀਆਂ ਤੋਂ ਨਿਆਰਾ ਹੈ। ਉਹ ਆਪਣੀ ਰਚਨਾ ਆਪ ਹੀ ਹੈ। ਉਹ ਕਣ ਕਣ ਵਿਚ ਸਮਾਇਆ ਹੋਇਆ ਹੈ ਪਰ ਉਹ ਨਿਰੰਜਨ ਹੈ, ਆਪਣੀ ਰਚਨਾ ਦੇ ਅਸਰਾਂ ਤੋਂ ਨਿਰਲੇਪ। ਪਰਮਾਤਮਾ ਨੇ ਕੁਦਰਤ ਦੀ ਰਚਨਾ ਵਿਚ ਮਾਇਆ-ਰੂਪੀ ਭਰਮ ਦਾ ਪੜਦਾ ਪਾਇਆ ਹੋਇਆ ਹੈ ਜਿਸ ਕਾਰਨ ਉਹ ਨਜ਼ਰ ਨਹੀਂ ਆਉਂਦਾ।

ਭਾਈ ਗੁਰਦਾਸ ਨੇ ਬ੍ਰਹਮ ਅਤੇ ਮਾਇਆ ਸਬੰਧੀ ਜੋ ਇਹ ਵਿਆਖਿਆ ਨਿਆਇ ਸ਼ਾਸਤਰ ਅਨੁਸਾਰ ਕੀਤੀ ਹੈ, ਇਹ ਸਿੱਧੇ ਰੂਪ ਵਿਚ ਨਿਆਇ ਦਾ ਵਿਚਾਰ ਤਾਂ ਨਹੀਂ ਆਖੀ ਜਾ ਸਕਦੀ ਪਰ ਇਸ ਨੂੰ ਵੇਦਾਂਤ ਦੀ ਵਿਆਖਿਆ ਆਖ ਲੈਣਾ ਅਤਿ-ਕਥਨੀ ਨਹੀਂ ਹੋਵੇਗੀ। ਬ੍ਰਹਮ ਅਤੇ ਮਾਇਆ ਸਬੰਧੀ ਇਹ ਵਿਚਾਰ ਸਾਨੂੰ ਵੇਦਾਂਤ ਵਿਚ ਮਿਲਦੇ ਹਨ। ਇਸੇ ਤਰ੍ਹਾਂ ਭਾਈ ਸਾਹਿਬ ਦੀ ਨਿਆਇ ਸ਼ਾਸਤਰ ਦੀ ਵਿਆਖਿਆ ਅਨੁਸਾਰ ਕਿ ਬ੍ਰਹਮ ਨੇ ਆਪਣੇ ਆਪ ਨੂੰ ਹੀ ਸ੍ਰਿਸ਼ਟੀ ਦੀ ਰਚਨਾ ਅੰਦਰ ਪਾਇਆ ਹੋਇਆ ਹੈ। ਸਾਨੂੰ ਨਿਆਇ ਸ਼ਾਸਤਰ ਵਿਚ ਸਿੱਧੇ ਰੂਪ ਵਿਚ ਤਾਂ ਨਹੀਂ ਮਿਲਦਾ ਪਰ ਨਿਆਇ ਸ਼ਾਸਤਰ ਅਨੁਸਾਰ ਈਸ਼ਵਰ ਸ੍ਰਿਸ਼ਟੀ ਦਾ ਨਮਿਤ ਕਾਰਨ ਜ਼ਰੂਰ ਹੈ। ਈਸ਼ਵਰ ਆਤਮਾ ਵਿਚ ਨਿਵਾਸ ਕਰਦਾ ਹੈ ਪਰ ਉਹ ਆਤਮਾ ਤੋਂ ਉਪਰ ਹੈ। ਜਗਤ ਦਾ ਨਿਰਮਾਣ ਈਸ਼ਵਰ ਆਪਣੇ ਆਪ ਤੋਂ ਹੀ ਕਰਦਾ ਹੈ। ਈਸ਼ਵਰ ਜਗਤ ਦਾ ਪਿਤਾ ਹੈ। ਜਿਸ ਤਰ੍ਹਾਂ ਪਿਤਾ ਪੁੱਤਰ ਵਿਚ ਨਿਵਾਸ ਕਰਦਾ ਹੈ, ਇਸੇ ਤਰ੍ਹਾਂ ਈਸ਼ਵਰ ਜੀਵ-ਆਤਮਾ ਵਿਚ ਨਿਵਾਸ ਕਰਦਾ ਹੈ। ਇਹ ਨਿਆਇਕਾਂ ਦਾ ਮੱਤ ਹੈ।

ਭਾਈ ਗੁਰਦਾਸ ਵੱਲੋਂ ਕੀਤੀ ਨਿਆਇ ਸ਼ਾਸਤਰ ਦੀ ਵਿਆਖਿਆ ਅਨੁਸਾਰ ਉਸ ਕਰਤੇ ਨੂੰ ਕਿਸੇ ਨੇ ਨਹੀਂ ਦੇਖਿਆ। ਲੋਕ ਕੁਦਰਤ ਦੇ ਮਾਇਆਵੀ ਪਸਾਰੇ ਵਿਚ ਹੀ ਮਸਰੂਫ ਹੋਏ ਭੁਲੇਖਿਆਂ ਵਿਚ ਭੁੱਲੇ ਫਿਰਦੇ ਹਨ। ਨਿਆਇਕਾਂ ਅਨੁਸਾਰ ਪਰਮਾਤਮਾ ਨੂੰ ਬੁੱਧੀ-ਗੁਣਾਂ ਰਾਹੀਂ ਦਰਸਾਉਣ ਤੋਂ ਬਿਨਾ ਹੋਰ ਕੋਈ ਢੰਗ ਨਹੀਂ ਹੈ ਜਿਸ ਰਾਹੀਂ ਉਸ ਨੂੰ ਬਿਆਨ ਕੀਤਾ ਜਾ ਸਕੇ। ਈਸ਼ਵਰ ਨਿਰੂਪ ਹੈ ਅਤੇ ਪਰਤੱਖ ਅਨੁਮਾਨ ਅਤੇ ਅਗਮ ਪ੍ਰਮਾਣਾਂ ਤੋਂ ਅਤੀਤ ਹੈ। ਭਾਈ ਗੁਰਦਾਸ ਦੀ ਵਿਆਖਿਆ ਅਨੁਸਾਰ ਬ੍ਰਹਮ ਸੋਹੰ ਹੈ ਜਿਸ ਦਾ ਅਰਥ ਹੈ ਕਿ ਉਹ ਆਪਣੇ ਆਪ ਤੋਂ ਹੈ ਅਤੇ ਸਭ ਵਿਚ ਨਿਵਾਸ ਕਰ ਰਿਹਾ ਹੈ। ਉਪਰ ਦਿੱਤੀ ਨਿਆਇਕਾਂ ਦੀ ਵਿਆਖਿਆ ਅਨੁਸਾਰ ਪਰਮਾਤਮਾ ਅਤੇ ਆਤਮਾ ਦਾ ਉਹੀ ਰਿਸ਼ਤਾ ਹੈ ਜੋ ਪਿਤਾ ਅਤੇ ਪੁੱਤਰ ਦਾ ਹੁੰਦਾ ਹੈ। 'ਸੋਹੰ ਬ੍ਰਹਮ' ਦਾ ਸੰਕਲਪ ਕੌਸ਼ੀਤਕੀ ਉਪਨਿਸ਼ਦ ਵਿਚ ਪ੍ਰਾਪਤ ਹੈ ਜਿਥੇ ਗੁਰੂ ਅਤੇ ਚੇਲੇ ਵਿਚ ਚੱਲ ਰਹੀ ਵਾਰਤਾ ਵਿਚ ਦੱਸਿਆ ਹੈ, "ਤੂੰ ਤੇ ਮੈਂ ਇੱਕ ਹਾਂ। ਜੋ ਤੂੰ ਹੈਂ, ਉਹੀ ਮੈਂ ਹਾਂ। ਮੈਂ ਕੀ ਹਾਂ? ਤੂੰ ਸਤਿ ਹੈਂ, ਸਤਿ ਸਭ ਕੁਝ ਹੈ।" ਅਰਥਾਤ ਗੁਰੂ ਤੇ ਚੇਲੇ, ਸਭ ਵਿਚ ਇੱਕ ਆਤਮਾ ਨਿਵਾਸ ਕਰਦਾ ਹੈ। ਉਹ ਆਤਮਾ ਸਤਿ ਹੈ, ਬ੍ਰਹਮ ਹੈ ਜੋ ਸਭ ਤੋਂ ਉਪਰ ਹੈ।

ਭਾਈ ਗੁਰਦਾਸ ਇਸ ਨਤੀਜੇ 'ਤੇ ਪਹੁੰਚਦੇ ਹਨ ਕਿ ਨਿਆਇ ਸ਼ਾਸਤਰ ਵਿਚ ਵੀ ਪਰਮਾਤਮਾ ਬਾਰੇ ਇਹ ਸੰਕਲਪ ਹੈ ਕਿ ਉਹ ਸਰਬਗ ਹੈ, ਸਰਵ-ਵਿਆਪਕ ਹੈ, ਘਟ ਘਟ ਵਿਚ ਵੱਸਦਾ ਹੈ ਪਰ ਭਰਮ ਕਾਰਨ ਨਜ਼ਰ ਨਹੀਂ ਆਉਂਦਾ ਆਦਿ ਸਿਧਾਂਤ ਭਲੀ ਭਾਂਤ ਵਿਦਮਾਨ ਹੈ। ਰਿਗ ਵੇਦ ਵਿਚ ਵੀ ਦੱਸਿਆ ਗਿਆ ਹੈ ਕਿ ਬ੍ਰਹਮ ਸਭਨੀ ਥਾਂਈਂ ਆਪ ਹੀ ਆਪ ਹੈ, ਭਾਵ ਸਭ ਕੁਝ ਉਹ ਆਪ ਹੀ ਆਪ ਹੈ, ਕੋਈ ਦਵੈਤ ਨਹੀਂ। ਨਿਆਇ ਸ਼ਾਸਤਰ ਅਤੇ ਵੇਦ ਨੇ ਦਾਰਸ਼ਨਿਕ ਪੱਖ ਤਾਂ ਦਿੱਤਾ ਹੈ ਪਰ ਉਸ ਇੱਕ ਨੂੰ ਪਾਉਣ ਦਾ ਰਸਤਾ ਕੀ ਹੈ? ਇਸ ਬਾਰੇ ਕੋਈ ਸਿੱਧਾ ਤੇ ਸਪੱਸ਼ਟ ਸੁਝਾਅ ਨਹੀਂ ਦਿੱਤਾ। ਪ੍ਰੰਤੂ ਭਾਈ ਗੁਰਦਾਸ ਜੋ ਕਿ ਬਾਣੀ ਦੀ ਰੌਸ਼ਨੀ ਵਿਚ ਗੱਲ ਕਰਦੇ ਹਨ, ਇਸ ਉਲਝਣ ਵਿਚੋਂ ਨਿਕਲਣ ਦਾ ਰਸਤਾ ਜਗਿਆਸੂ ਨੂੰ ਸੁਝਾ ਕੇ ਆਪਣੇ ਪ੍ਰਗਟਾਅ ਨੂੰ ਹੋਰ ਵੀ ਸ਼ਕਤੀਸ਼ਾਲੀ ਅਤੇ ਕਲਿਆਣਕਾਰੀ ਬਣਾ ਦਿੰਦੇ ਹਨ। ਭਾਈ ਸਾਹਿਬ ਅਨੁਸਾਰ ਇਸ ਸੰਸਾਰਕ ਝੰਜਟ ਨੂੰ ਪਾਰ ਕਰਨ ਦਾ ਰਸਤਾ ਜ਼ਰੂਰੀ ਹੈ ਜਿਸ ਦੀ ਸੋਝੀ ਗੁਰੂ ਬਿਨਾ ਨਹੀਂ ਆ ਸਕਦੀ। ਗੁਰੂ ਹੀ ਇੱਕ ਅਜਿਹਾ ਸਾਧਨ ਹੈ ਜਿਸ ਰਾਹੀਂ ਪਰਮਾਤਮਾ ਨੂੰ ਪਾਉਣ ਦਾ ਰਸਤਾ ਪਤਾ ਲਗਦਾ ਹੈ, ਉਸ ਨੂੰ ਪਾ ਸਕੀਦਾ ਹੈ, ਪਛਾਣ ਸਕੀਦਾ ਹੈ, ਉਸ ਤੱਕ ਪਹੁੰਚ ਸਕੀਦਾ ਹੈ; ਅਨੁਭਵ ਕਰਕੇ ਆਪਣੇ ਅੰਤਰ-ਆਤਮੇ ਵਸਾ ਸਕੀਦਾ ਹੈ:

ਗੋਤਮਿ ਤਪੇ ਬਿਚਾਰਿ ਕੈ<br>
ਰਿਗਿ ਵੇਦ ਕੀ ਕਥਾ ਸੁਣਾਈ।<br>
ਨਿਆਇ ਸਾਸਤ੍ਰਿ ਕੋ ਮਥਿ ਕਰਿ<br>
ਸਭਿ ਬਿਧਿ ਕਰਤੇ ਹਥਿ ਜਣਾਈ।<br>
ਸਭ ਕੁਛੁ ਕਰਤੇ ਵਸਿ ਹੈ<br>
ਹੋਰਿ ਬਾਤਿ ਵਿਚਿ ਚਲੇ ਨ ਕਾਈ।<br>
ਦੁਹੀ ਸਿਰੀ ਕਰਤਾਰੁ ਹੈ<br>
ਆਪਿ ਨਿਆਰਾ ਕਰਿ ਦਿਖਲਾਈ।<br>
ਕਰਤਾ ਕਿਨੈ ਨ ਦੇਖਿਆ<br>
ਕੁਦਰਤਿ ਅੰਦਰਿ ਭਰਮਿ ਭੁਲਾਈ।<br>
ਸੋਹੰ ਬ੍ਰਹਮੁ ਛਪਾਇ ਕੈ<br>
ਪੜਦਾ ਭਰਮੁ ਕਰਤਾਰੁ ਸੁਣਾਈ।<br>
ਰਿਗਿ ਕਹੈ ਸੁਣਿ ਗੁਰਮੁਖਹੁ<br>
ਆਪੇ ਆਪਿ ਨ ਦੂਜੀ ਰਾਈ।<br>
ਸਤਿਗੁਰ ਬਿਨਾ ਨ ਸੋਝੀ ਪਾਈ।੯।

ਭਾਈ ਗੁਰਦਾਸ ਬਾਰੇ ਅਸੀਂ ਕਹਿ ਸਕਦੇ ਹਾਂ ਕਿ ਉਹ ਸਿੱਖ ਧਰਮ ਦੇ ਸੁਲਝੇ ਹੋਏ ਤੇ ਸਿੱਖਿਅਤ ਪ੍ਰਚਾਰਕ ਸਨ ਅਤੇ ਇਹ ਸੰਭਵ ਨਹੀਂ ਕਿ ਉਨ੍ਹਾਂ ਨੇ ਛੇ ਦਰਸ਼ਨਾਂ ਦਾ ਡੂੰਘਾ ਅਧਿਐਨ ਕੀਤੇ ਬਿਨਾ ਹੀ ਇਨ੍ਹਾਂ ਬਾਰੇ ਆਪਣੇ ਵਿਚਾਰ ਦੇ ਦਿੱਤੇ ਹੋਣ। ਨਿਆਇ ਸ਼ਾਸਤਰ ਦਾ ਵੀ ਜ਼ਰੂਰ ਉਨ੍ਹਾਂ ਨੇ ਡੂੰਘਾ ਅਧਿਐਨ ਕੀਤਾ ਹੋਵੇਗਾ।

# ਗੁਰ ਸੇਵਾ ਜੁਗ ਚਾਰੇ ਹੋਈ

ਗੁਰਮਤਿ ਗਿਆਨ

**ਗਉੜੀ ਗੁਆਰੇਰੀ ਮਹਲਾ ੩**

ਗੁਰ ਸੇਵਾ ਜੁਗ ਚਾਰੇ ਹੋਈ॥<br>
ਪੂਰਾ ਜਨੁ ਕਾਰ ਕਮਾਵੈ ਕੋਈ॥<br>
ਅਖੁਟੁ ਨਾਮ ਧਨੁ ਹਰਿ ਤੋਟਿ ਨ ਹੋਈ॥<br>
ਐਥੈ ਸਦਾ ਸੁਖੁ ਦਰਿ ਸੋਭਾ ਹੋਈ॥੧॥<br>
ਏ ਮਨ ਮੇਰੇ ਭਰਮੁ ਨ ਕੀਜੈ॥<br>
ਗੁਰਮੁਖਿ ਸੇਵਾ<br>
ਅੰਮ੍ਰਿਤ ਰਸੁ ਪੀਜੈ॥੧॥ ਰਹਾਉ<br>
ਸਤਿਗੁਰੁ ਸੇਵਹਿ ਸੇ ਮਹਾਪੁਰਖ ਸੰਸਾਰੇ॥<br>
ਆਪਿ ਉਧਰੇ ਕੁਲ ਸਗਲ ਨਿਸਤਾਰੇ॥<br>
ਹਰਿ ਕਾ ਨਾਮੁ ਰਖਹਿ ਉਰ ਧਾਰੇ॥<br>
ਨਾਮਿ ਰਤੇ ਭਉਜਲ ਉਤਰਹਿ ਪਾਰੇ॥੨॥<br>
ਸਤਿਗੁਰੁ ਸੇਵਹਿ ਸਦਾ ਮਨਿ ਦਾਸਾ॥<br>
ਹਉਮੈ ਮਾਰਿ ਕਮਲੁ ਪਰਗਾਸਾ॥<br>
ਅਨਹਦੁ ਵਾਜੈ ਨਿਜ ਘਰਿ ਵਾਸਾ॥<br>
ਨਾਮਿ ਰਤੇ ਘਰ ਮਾਹਿ ਉਦਾਸਾ॥੩॥<br>
ਸਤਿਗੁਰੁ ਸੇਵਹਿ ਤਿਨ ਕੀ ਸਚੀ ਬਾਣੀ॥<br>
ਜੁਗੁ ਜੁਗੁ ਭਗਤੀ ਆਖਿ ਵਖਾਣੀ॥<br>
ਅਨਦਿਨੁ ਜਪਹਿ ਹਰਿ ਸਾਰੰਗਪਾਣੀ॥<br>
ਨਾਨਕ ਨਾਮਿ ਰਤੇ<br>
ਨਿਹਕੇਵਲ ਨਿਰਬਾਣੀ॥੪॥

ਹੇ ਭਾਈ! ਗੁਰੂ ਦੀ ਦੱਸੀ ਸੇਵਾ ਕਰਨ ਦਾ ਨਿਯਮ ਤਾਂ ਚਹੁੰ ਜੁਗਾਂ ਤੋਂ ਹੀ ਚਲਿਆ ਆ ਰਿਹਾ ਹੈ। ਕੋਈ ਪੂਰਾ ਜਨ, ਭਾਵ ਪੂਰਨ ਮਨੁੱਖ ਹੀ ਗੁਰੂ ਦੀ ਦੱਸੀ ਕਾਰ ਪੂਰੀ ਸ਼ਰਧਾ ਨਾਲ ਕਰਦਾ ਹੈ। ਜਿਹੜਾ ਮਨੁੱਖ ਗੁਰੂ ਦੀ ਦੱਸੀ ਹੋਈ ਸੇਵਾ ਭਗਤੀ ਨੂੰ ਪੂਰੀ ਸ਼ਰਧਾ ਅਤੇ ਸਤਿਕਾਰ ਨਾਲ ਕਰਦਾ ਹੈ, ਉਹ ਕਦੇ ਵੀ ਨਾ ਮੁੱਕਣ ਵਾਲਾ ਨਾਮ ਧਨ ਦਾ ਖਜ਼ਾਨਾ ਇਕੱਠਾ ਕਰ ਲੈਂਦਾ ਹੈ। ਉਸ ਧਨ ਵਿਚ ਕਦੀ ਤੋਟ ਨਹੀਂ ਆਉਂਦੀ, ਨਾਮ ਧਨ ਇਕੱਠਾ ਕਰਨ ਵਾਲਾ ਜੀਵ ਜਗਤ ਵਿਚ ਅਨੰਦ ਮਾਣਦਾ ਹੈ ਅਤੇ ਅੱਗੇ ਸੋਭਾ ਪਾਉਂਦਾ ਹੈ।

ਏ ਮਨ ਮੇਰੇ ਭਰਮੁ ਨ ਕੀਜੈ॥<br>
ਗੁਰਮੁਖਿ ਸੇਵਾ<br>
ਅੰਮ੍ਰਿਤ ਰਸੁ ਪੀਜੈ॥੧॥ ਰਹਾਉ

ਤੀਸਰੇ ਸਤਿਗੁਰੂ ਸਾਹਿਬ ਸ੍ਰੀ ਗੁਰੂ ਅਮਰਦਾਸ ਉਪਦੇਸ਼ ਕਰਦੇ ਹੋਏ ਆਪਣੇ ਮਨ ਨੂੰ ਮੁਖਾਤਬ ਹੁੰਦੇ ਹਨ, ਹੇ ਮੇਰੇ ਮਨ! ਗੁਰੂ ਦੀ ਦੱਸੀ ਹੋਈ ਸਿੱਖਿਆ ਉਤੇ ਭਰਮ, ਸ਼ੰਕਾ ਨਾ ਕਰ। ਇਹ ਭਰਮ-ਭੁਲੇਖੇ ਤੇਰੇ ਕਿਸੇ ਕੰਮ ਨਹੀਂ ਆਉਣੇ, ਤੂੰ ਗੁਰੂ ਦੀ ਮੱਤ ਲੈ ਅਤੇ ਉਸ ਮੱਤ ਉਤੇ ਤੁਰ। ਗੁਰੂ ਦੀ ਦੱਸੀ ਹੋਈ ਸੇਵਾ ਅਤੇ ਭਗਤੀ ਕਰ ਕੇ ਸਹਿਜ ਅਵਸਥਾ, ਭਾਵ ਉਚਾ ਜੀਵਨ ਦੇਣ ਵਾਲਾ ਹਰਿਨਾਮ ਰਸ ਪੀ।

ਸਤਿਗੁਰੁ ਸੇਵਹਿ ਸੇ ਮਹਾਪੁਰਖ ਸੰਸਾਰੇ॥<br>
ਆਪਿ ਉਧਰੇ ਕੁਲ ਸਗਲ ਨਿਸਤਾਰੇ॥<br>
ਹਰਿ ਕਾ ਨਾਮੁ ਰਖਹਿ ਉਰ ਧਾਰੇ॥<br>
ਨਾਮਿ ਰਤੇ ਭਉਜਲ ਉਤਰਹਿ ਪਾਰੇ॥੨॥

ਗੁਰਦੇਵ ਪਿਤਾ ਜੀ ਆਖਦੇ ਹਨ, ਹੇ ਭਾਈ! ਜਿਹੜੇ ਮਨੁੱਖ ਸਤਿਗੁਰੂ ਦੀ ਸ਼ਰਨ ਜਾ ਪੈਂਦੇ ਹਨ, ਉਹ ਇਸ ਸੰਸਾਰ ਵਿਚ ਮਹਾਂ ਪੁਰਖ ਮੰਨੇ ਜਾਂਦੇ ਹਨ; ਉਹ ਮਹਾਂ ਪੁਰਖ ਸੰਸਾਰ ਸਮੁੰਦਰ ਤੋਂ ਆਪ ਪਾਰ ਲੰਘ ਜਾਂਦੇ ਹਨ ਅਤੇ ਆਪਣੀਆਂ ਕੁਲਾਂ ਨੂੰ ਵੀ ਪਾਰ ਲੰਘਾ ਲੈਂਦੇ ਹਨ। ਉਹ ਮਹਾਂ ਪੁਰਖ ਮਿਹਰਬਾਨ ਪ੍ਰਭੂ ਦਾ ਨਾਮ ਸਦਾ ਆਪਣੇ ਹਿਰਦੇ ਵਿਚ ਸੰਭਾਲ ਕੇ ਰੱਖਦੇ ਹਨ, ਪ੍ਰਭੂ ਨਾਮ ਵਿਚ ਰੰਗੇ ਜੀਵ ਭਵਜਲ ਤੋਂ ਪਾਰ ਲੰਘ ਜਾਂਦੇ ਹਨ।

ਸਤਿਗੁਰੁ ਸੇਵਹਿ ਸਦਾ ਮਨਿ ਦਾਸਾ॥<br>
ਹਉਮੈ ਮਾਰਿ ਕਮਲੁ ਪਰਗਾਸਾ॥<br>
ਅਨਹਦੁ ਵਾਜੈ ਨਿਜ ਘਰਿ ਵਾਸਾ॥<br>
ਨਾਮਿ ਰਤੇ ਘਰ ਮਾਹਿ ਉਦਾਸਾ॥੩॥

ਸਤਿਗੁਰੂ ਪਿਤਾ ਜੀ ਆਖਦੇ ਹਨ, ਹੇ ਭਾਈ! ਜਿਹੜੇ ਮਨੁੱਖ ਗੁਰੂ ਦੀ ਸ਼ਰਨ ਜਾ ਪੈਂਦੇ ਹਨ, ਉਹ ਆਪਣੇ ਮਨ ਵਿਚ ਸਭਨਾਂ ਦੇ ਦਾਸ ਬਣੇ ਰਹਿੰਦੇ ਹਨ। ਉਹ ਆਪਣੇ ਹਿਰਦੇ ਵਿਚੋਂ ਹਉਮੈ ਨੂੰ ਮਾਰ ਦਿੰਦੇ ਹਨ ਅਤੇ ਉਨ੍ਹਾਂ ਦਾ ਹਿਰਦਾ ਸਦਾ ਹੀ ਕਮਲ ਫੁੱਲ ਵਾਂਗ ਖਿੜਿਆ ਰਹਿੰਦਾ ਹੈ। ਉਨ੍ਹਾਂ ਗੁਰੂ ਦੇ ਪਿਆਰਿਆਂ ਅੰਦਰ ਪ੍ਰਭੂ ਦੀ ਸਿਫਤਿ ਸਾਲਾਹ ਦਾ ਇਕ ਰਸ ਵਚਨ ਵਾਲਾ ਅਨਹਦ ਵਾਜਾ ਸਦਾ ਹੀ ਵੱਜਦਾ ਰਹਿੰਦਾ ਹੈ। ਸੁਰਤ ਪ੍ਰਭੂ ਵਿਚ ਟਿਕ ਜਾਂਦੀ ਹੈ ਤੇ ਨਾਮ ਰੰਗ ਵਿਚ ਰੰਗੇ ਉਹ ਗ੍ਰਿਹਸਥ ਵਿਚ ਵੀ ਮੋਹ ਤੋਂ ਨਿਰਲੇਪ ਰਹਿੰਦੇ ਹਨ।

ਸਤਿਗੁਰੁ ਸੇਵਹਿ ਤਿਨ ਕੀ ਸਚੀ ਬਾਣੀ॥<br>
ਜੁਗੁ ਜੁਗੁ ਭਗਤੀ ਆਖਿ ਵਖਾਣੀ॥<br>
ਅਨਦਿਨੁ ਜਪਹਿ ਹਰਿ ਸਾਰੰਗਪਾਣੀ॥<br>
ਨਾਨਕ ਨਾਮਿ ਰਤੇ<br>
ਨਿਹਕੇਵਲ ਨਿਰਬਾਣੀ॥੪॥

ਸ਼ਬਦ ਦੇ ਅਖੀਰ ਵਿਚ ਗੁਰਦੇਵ ਆਖਦੇ ਹਨ, ਜੋ ਗੁਰੂ ਦੀ ਸ਼ਰਨ ਵਿਚ ਰਹਿੰਦੇ ਹਨ, ਪ੍ਰਭੂ ਦੀ ਸਿਫਤ ਵਿਚ ਉਚਾਰੀ ਹੋਈ ਉਨ੍ਹਾਂ ਦੀ ਬਾਣੀ ਸਦਾ ਲਈ ਅਟੱਲ ਹੋ ਜਾਂਦੀ ਹੈ। ਹੇ ਭਾਈ! ਹਰ ਜੁਗ ਵਿਚ ਹਮੇਸ਼ਾ ਹੀ ਭਗਤ ਜਨ ਬਾਣੀ ਉਚਾਰ ਕੇ ਹੋਰਨਾਂ ਨੂੰ ਵੀ ਸੁਣਾਉਂਦੇ ਹਨ, ਉਹ ਵਡਭਾਗੇ ਹਰ ਰੋਜ਼ ਸਾਰੰਗ ਪਾਣੀ ਪ੍ਰਭੂ ਦਾ ਨਾਮ ਜਪਦੇ ਰਹਿੰਦੇ ਹਨ, ਹੇ ਨਾਨਕ! ਜੋ ਜੀਵ ਗੁਰੂ ਦੀ ਸ਼ਰਨ ਪੈ ਕੇ ਪ੍ਰਭੂ ਨਾਮ ਰੰਗ ਵਿਚ ਰੰਗੇ ਜਾਂਦੇ ਹਨ, ਉਨ੍ਹਾਂ ਦਾ ਜੀਵਨ ਪਵਿੱਤਰ ਹੋ ਜਾਂਦਾ ਹੈ, ਉਹ ਵਾਸ਼ਨਾ ਤੋਂ ਰਹਿਤ ਹੋ ਜਾਂਦੇ ਹਨ।

-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ<br>
ਫੋਨ: 916-687-3536

# ਬਰਖੁਰਦਾਰ ਦਾ ਜਨਮ

ਸ਼ਬਦ ਝਰੋਖਾ



ਬਲਜੀਤ ਬਾਸੀ
ਫੋਨ: 734-259-9353

ਪੰਜਾਬੀ 'ਚ ਬਰਖੁਰਦਾਰ ਸ਼ਬਦ ਆਮ ਤੌਰ 'ਤੇ ਵੱਡੀ ਉਮਰ ਦੇ ਬੰਦੇ ਵਲੋਂ ਛੋਟੀ ਉਮਰ ਵਾਲੇ ਲਈ ਸੰਬੋਧਨ ਵਜੋਂ ਵਰਤਿਆ ਜਾਂਦਾ ਹੈ। ਇਸ ਸ਼ਬਦ 'ਚ ਆਸ਼ੀਰਵਾਦ, ਵਾਤਸਲ, ਲਿਹਾਜਦਾਰੀ, ਮਿਹਰਬਾਨੀ, ਪਿਆਰ ਆਦਿ ਦੇ ਭਾਵ ਛੁਪੇ ਹੋਏ ਹਨ। ਕੁਝ ਇਸੇ ਤਰ੍ਹਾਂ ਬੀਬਾ, ਪਿਆਰਾ, ਕਾਕਾ, ਅਜ਼ੀਜ਼, ਭੁਚੰਗੀ ਆਦਿ ਸ਼ਬਦ ਵਰਤੇ ਜਾਂਦੇ ਹਨ। ਇਕ ਕਹਾਣੀ ਦੇ ਇਸ ਸੰਵਾਦ ਤੋਂ ਇਸ ਸ਼ਬਦ ਦੀ ਥਾਹ ਪੈਂਦੀ ਹੈ, "ਫੇਰ ਕੀ? ਉਹਦੇ ਚਰਨ ਫੜੀ ਖੜ੍ਹਾ! ਅਖੇ ਜੀ ਸਾਡੇ ਘਰੇ ਬਰਖੁਰਦਾਰ ਨੇ ਪਧਾਰਨੈ-ਮੈਨੂੰ ਤੇਜੀ ਐ! ਸਾਲ਼ਾ ਨਿਆਣਾ ਜੰਮਣ ਨੂੰ 'ਬਰਖੁਰਦਾਰ ਪਧਾਰਨਾ' ਈ ਦੱਸੇ!" ਬਰਖੁਰਦਾਰ ਸ਼ਬਦ ਕੁਝ ਤਾਅਨੇ ਅਤੇ ਵਿਅੰਗ ਨਾਲ ਵੀ ਵਰਤਿਆ ਜਾਂਦਾ ਹੈ। ਵੰਸ਼ਕ ਰਾਜਨੀਤੀ ਦੀ ਪ੍ਰਵਿਰਤੀ ਦੇ ਅਜੋਕੇ ਦੌਰ ਵਿਚ ਬਰਖੁਰਦਾਰਾਂ ਦੀ ਖੂਬ ਚੜ੍ਹਾਈ ਹੈ: ਸੋਨੀਆ ਦਾ ਰਾਹੁਲ, ਪ੍ਰਕਾਸ਼ ਦਾ ਸੁਖਬੀਰ, ਫਾਰੂਕ ਦਾ ਉਮਰ, ਮੁਲਾਇਮ ਦਾ ਅਖਿਲੇਸ,...ਕਿਸ ਕਿਸ ਦੇ ਬਰਖੁਰਦਾਰ ਦੀ ਗੱਲ ਕਰੀਏ, ਲਾਲੂ ਨੇ ਤਾਂ ਦੋ ਬਰਖੁਰਦਾਰਾਂ ਨੂੰ ਗੱਦੀ 'ਤੇ ਵੀ ਬੈਠਾ ਦਿੱਤਾ ਹੈ। ਪੁਸ਼ਟੀ ਲਈ ਇਕ ਕਾਵਿ ਟੋਟੇ ਦੀ ਮਦਦ ਲੈਂਦੇ ਹਾਂ,

ਕੁਰਸੀ ਛੱਡਣ ਲਈ ਨਹੀਂ ਤਿਆਰ ਕੋਈ,
ਰਹਿਣਾ ਚਾਹੁੰਦੇ ਵਿਚ ਸਰਕਾਰ ਮੀਆਂ।
ਬਾਪੂ ਚਾਹੁੰਦਾ ਪ੍ਰਧਾਨਗੀ ਪਾਰਟੀ ਦੀ,
ਚੇਅਰਮੈਨ ਹੋਵੇ ਬਰਖੁਰਦਾਰ ਮੀਆਂ।

ਪੰਜਾਬ ਦੀ ਰਾਜਨੀਤੀ ਦੇ ਪ੍ਰਸੰਗ ਵਿਚ ਬਰਖੁਰਦਾਰ ਦੇ ਹੋਰ ਰੰਗ ਦੇਖੋ, "ਜਾ ਚੜ੍ਹਿਆ ਦੁਸ਼ਮਣਾਂ ਦੇ ਹੱਥੀਂ ਮਨਪ੍ਰੀਤ, ਬਥੇਰਾ ਚਾਚੇ ਸਮਝਾਇਆ, 'ਬਰਖੁਰਦਾਰਾ, ਐਵੇਂ ਖਰੂਦ ਨਹੀਂ ਕਰੀਦਾ', ਪਰ 'ਬਾਲਕ' ਹੱਠ ਤੋਂ ਨਾ ਹਟਿਆ ਤਾਂ ਐਸੀ ਭਟਕਣੀ ਦਿੱਤੀ ਚਾਚੇ ਨੇ, ਵੋਟਾਂ ਤਾਂ ਪੰਜਾਬ 'ਚੋਂ ਸੱਚ ਹੱਕ ਦੇ ਨਾਮ ਉਤੇ 7 ਪ੍ਰਤੀਸ਼ਤ ਲੈ ਗਿਆ, ਪਰ ਸੀਟ ਕੋਈ ਨਾ ਹੱਥ ਲੱਗਣ ਦਿੱਤੀ।"

ਪਰ ਬਰਖੁਰਦਾਰ ਪਦ ਦੇ ਅਸਲੀ ਹੱਕਦਾਰ ਕੌਣ ਹਨ? ਬਕੌਲ ਕਰਨੈਲ ਸਿੰਘ ਪਾਰਸ,

ਕਿਸ਼ਨ ਸਿੰਘ ਦੇ ਗ੍ਰਿਹਿ ਵਿਖੇ,
ਤੇ ਭਗਤ ਸਿੰਘ ਸਰਦਾਰ।
ਭਾਰਤ ਮਾਂ ਦਾ ਅਸਲ ਪੁੱਤ,
ਤੇ ਜਨਮਿਆ ਬਰਖੁਰਦਾਰ।
ਚਾਚੇ-ਤਾਇਓਂ ਜਿਨ੍ਹਾਂ ਦਾ,
ਸੀ ਦੇਸ਼ ਭਗਤ ਪਰਿਵਾਰ।
ਇੱਕ ਦਿਨ ਜਿਸ ਦਾ ਨਾਮ ਸੁਣ,
ਤੇ ਕੰਬੂਗੀ ਸਰਕਾਰ।

ਗੁਰੂ ਅਰਜਨ ਦੇਵ ਨੇ ਵੀ ਇਹ ਸ਼ਬਦ 'ਭਲੇ ਬੱਚੇ' ਦੇ ਅਰਥਾਂ ਵਿਚ ਵਰਤਿਆ ਹੈ, "ਖੁਦਾਇ ਏਕੁ ਬੁਝਿ ਦੇਵਹੁ ਬਾਂਗਾਂ ਬੁਰਗੂ ਬਰਖੁਰਦਾਰ ਖਰਾ॥" ਅਰਥਾਤ ਇਹ ਸਮਝ ਬਣਾ ਕਿ ਰੱਬ ਇਕ ਹੈ, ਰੱਬ ਦਾ ਨੇਕ ਪੁੱਤਰ ਬਣ, ਤੇਰਾ ਇਹ ਕਰਮ ਹੀ ਸਿੰਙੀ ਵਜਾਉਣ ਦੇ ਤੁੱਲ ਹੈ। ਉਰਦੂ ਦੇ ਜ਼ਮਾਨੇ ਵਿਚ ਤਾਂ ਸਾਡੇ ਬਜ਼ੁਰਗ ਖਤ ਲਿਖਦੇ ਹੋਏ ਆਮ ਹੀ ਇਸ ਤਰ੍ਹਾਂ ਤਮਾਮ ਕਰਦੇ ਸਨ, "ਬਰਖੁਰਦਾਰ ਇਸ ਥੋੜੇ ਲਿਖੇ ਨੂੰ ਬਹੁਤਾ ਸਮਝੀਂ ਔਰ ਅਪਣੀ ਖੈਰੀਅਤ ਤਫਸੀਲ ਨਾਲ ਲਿਖੀਂ।" ਚਲੋ ਉਰਦੂ ਵਿਚੋਂ ਵੀ ਇਕ ਵੰਨਗੀ ਦੇਖਦੇ ਹਾਂ। ਮਿਰਜ਼ਾ ਗਾਲਿਬ ਦੇ ਕਿਸੇ ਜਵਾਹਰ ਸਿੰਘ ਜੌਹਰ ਨਾਮੀਂ ਵਾਕਿਫ ਨੂੰ ਲਿਖੇ ਇਕ ਖਤ ਦੇ ਅਰੰਭਲੇ ਸ਼ਬਦ ਇਸ ਪ੍ਰਕਾਰ ਹਨ,

"ਬਰਖ਼ੁਰਦਾਰ, ਕਾਮਗਾਰ, ਸਆਦਤ-ਇਕਬਾਲ ਨਿਸ਼ਾਨ ਮੁੰਸ਼ੀ ਜਵਾਹਰ ਸਿੰਹ ਜੌਹਰ ਕੋ ਬਲਭਗੜ੍ਹ ਕੀ ਤਹਸੀਲਦਾਰੀ ਮੁਬਾਰਕ ਹੋ। 'ਪੀਪਲੀ' ਸੇ 'ਨੂਹ' ਆਏ, 'ਨੂਹ' ਸੇ 'ਬਲਭਗੜ੍ਹ' ਗਏ? ਅਬ 'ਬਲਭਗੜ੍ਹ' ਸੇ ਦਿੱਲੀ ਆਓਗੇ, ਇੰਸ਼ਾ ਅੱਲਾ। ਸੁਨੋ ਸਾਹਿਬ, ਹਕੀਮ ਮਿਰਜ਼ਾ ਜਾਨ ਖ਼ਲਫੁਲਸਿਦਕ ਹਕੀਮ ਆਗਾ ਜਾਨ ਸਾਹਿਬ ਕੇ, ਤੁਮ੍ਹਾਰੇ ਇਲਾਕਾ-ਏ-ਤਹਸੀਲਦਾਰੀ ਮੇਂ ਬ-ਸੀਗ਼ਾ-ਏ-ਤਬਾਬਤ ਮੁਲਾਜ਼ਿਮ ਸਰਕਾਰ ਅੰਗ੍ਰੇਜੀ ਹੈਂ। ਇਨਕੇ ਵਾਲਿਦ ਮਾਜਿਦ ਮੇਰੇ ਪਚਾਸ ਬਰਸ ਕੇ ਦੋਸਤ ਹੈਂ। ਉਨਕੋ ਅਪਨੇ ਭਾਈ ਕੇ ਬਰਾਬਰ ਜਾਨਤਾ ਹੂੰ। ਇਸ ਸੂਰਤ ਮੇਂ ਹਕੀਮ ਮਿਰਜਾ ਜਾਨ ਮੇਰੇ ਭਤੀਜੇ ਔਰ ਤੁਮ੍ਹਾਰੇ ਭਾਈ ਹੂਏ...।"

ਇਕ ਬੁਝਾਰਤ ਹੈ, "ਇੱਕ ਘੋੜਾ, ਤੀਹ ਸਵਾਰ; ਦੇਖਣ ਵਾਲਾ ਬਰਖੁਰਦਾਰ" ਜਿਸ ਦਾ ਜਵਾਬ ਹੈ 'ਰਹਲ 'ਤੇ ਸੁਸ਼ੋਭਤ ਕੁਰਾਨ।' ਰਹਲ ਨੂੰ ਘੋੜਾ ਕਿਹਾ ਗਿਆ ਹੈ ਤੇ ਕੁਰਾਨ ਨੂੰ ਤੀਹ ਸਵਾਰ ਕਿਉਂਕਿ ਇਸ ਦੇ ਤੀਹ ਜੁਜ਼ (ਕਾਂਡ) ਹਨ। ਇਕ ਬਾਲ ਕਵਿਤਾ ਵੀ ਚੇਤੇ ਕਰ ਲਈਏ, "ਚਾਚਾ ਤੇਰਾ ਹਫਤ-ਹਜ਼ਾਰੀ, ਬਾਬਾ ਮਨਸਬਦਾਰ; ਅੰਮਾ ਤੇਰੀ ਸਦਾ ਸੁਹਾਗਣ, ਬੱਚੇ ਬਰਖੁਰਦਾਰ।" ਸਾਡੇ ਜ਼ਮਾਨੇ ਵਿਚ ਫਿਲਮੀ ਖਲਨਾਇਕ ਵਜੋਂ ਪ੍ਰਾਣ ਦੀ ਬੜੀ ਗੁੱਡੀ ਸੀ। ਉਸ ਦਾ ਤਾਂ ਤਕੀਆ ਕਲਾਮ ਹੀ 'ਬਰਖੁਰਦਾਰ' ਸੀ, ਵਿਲੇਨ ਦੂਜਿਆਂ ਨੂੰ ਕੀ ਸਮਝਦੇ ਹਨ, ਆਪਣੇ ਤੋਂ ਛੋਟੇ ਤੇ ਤੁੱਛ ਹੀ।

ਬਰਖੁਰਦਾਰ ਸ਼ਬਦ ਮੁਸਲਮਾਨਾਂ ਦੇ ਖਾਸ ਨਾਮਾਂ ਵਿਚ ਵੀ ਆਮ ਹੀ ਵਰਤਿਆ ਜਾਂਦਾ ਹੈ। ਪੰਜਾਬੀ ਕਿੱਸਾਕਾਰ ਹਾਫਿਜ਼ ਬਰਖੁਰਦਾਰ ਦਾ ਨਾਂ ਬਥੇਰਿਆਂ ਨੇ ਸੁਣਿਆ ਹੋਵੇਗਾ, ਮੀਆਂ ਮੁਹੰਮਦ ਬਖ਼ਸ਼ ਉਨ੍ਹਾਂ ਬਾਰੇ ਲਿਖਦਾ ਹੈ, "ਹਾਫਿਜ਼ ਬਰਖੁਰਦਾਰ ਮੁਸੱਨਿਫ, ਗੋਰ ਜਿਨ੍ਹਾਂ ਦੀ ਚਿੱਟੀ, ਹਰ ਹਰ ਬੈਂਤ ਉਹਦਾ ਭੀ ਡਿੱਠਾ ਜਿਉਂ ਮਿਸਰੀ ਦੀ ਖਿਟੀ।" (ਚਿੱਟੀ ਤੋਂ ਭਾਵ ਚਿੱਟੀ ਸ਼ੇਖਾਂ ਸਿਆਲਕੋਟ ਤੋਂ ਹੈ)। ਬਰਖੁਰਦਾਰ ਕੁਰਾਨ ਮਜੀਦ ਦਾ ਹਾਫ਼ਿਜ਼ ਸੀ, ਇਸੇ ਲਈ ਉਹ ਹਾਫਿਜ਼ ਬਰਖੁਰਦਾਰ ਕਰਕੇ ਮਸ਼ਹੂਰ ਹੋ ਗਿਆ।

ਭਾਵੇਂ ਬਰਖੁਰਦਾਰ ਤੋਂ ਬਣੇ ਬਰਖੁਰਦਾਰੀ ਦਾ ਅਰਥ ਬਰਖੁਰਦਾਰਪੁਣਾ ਹੈ ਪਰ ਉਰਦੂ ਵਿਚ ਇਸ ਦੇ ਅਰਥ ਹਨ, ਬਾਲ-ਬੱਚੇ, ਔਲਾਦ, ਸਤੌਲ ਵਾਧਾ। ਇਸ ਤਰ੍ਹਾਂ 'ਨੇਸਤੀ ਔਰ ਬਰਖੁਰਦਾਰੀ' ਕਹਾਵਤ ਦਾ ਮਤਲਬ ਹੋਇਆ ਘਰ 'ਚ ਭੰਗ ਭੁਜਦੀ ਹੋਣ ਦੇ ਬਾਵਜੂਦ ਬੱਚਿਆਂ ਦੀ ਹੇੜ ਹੋਣਾ।

ਉਪਰੋਕਤ ਚਰਚਾ ਤੋਂ ਪਤਾ ਲਗਦਾ ਹੈ ਕਿ ਪੰਜਾਬੀ ਵਿਚ ਇਹ ਸ਼ਬਦ ਆਮ ਤੌਰ 'ਤੇ



ਮਾਣਯੋਗ, ਪਿਆਰਯੋਗ ਅਤੇ ਗੱਦੀ 'ਤੇ ਬੈਠਾਉਣਯੋਗ ਬੱਚਿਆਂ ਦੇ ਅਰਥ ਲਈ ਵੀ ਵਰਤਿਆ ਜਾਂਦਾ ਹੈ। ਪਰ ਸਵਾਲ ਇਹ ਹੈ ਕਿ ਇਸ ਸ਼ਬਦ ਦੇ ਇਹ ਅਰਥ ਕਿਵੇਂ ਨਿਕਲਦੇ ਹਨ? ਇਸ ਦੀ ਵਿਆਖਿਆ ਕਈ ਤਰ੍ਹਾਂ ਕੀਤੀ ਜਾਂਦੀ ਹੈ। ਸਭ ਤੋਂ ਪਹਿਲਾਂ ਇਹ ਜਾਣਨਾ ਜ਼ਰੂਰੀ ਹੈ ਕਿ ਇਹ ਸ਼ਬਦ ਫਾਰਸੀ ਵਲੋਂ ਉਰਦੂ ਅਤੇ ਪੰਜਾਬੀ ਵਿਚ ਆਇਆ ਹੈ। ਡਾ. ਅਮਰਵੰਤ ਸਿੰਘ ਨੇ ਆਪਣੀ ਪੁਸਤਕ 'ਫਾਰਸੀ-ਅਰਬੀ ਕੋਸ਼ ਤੋਂ ਉਤਪੰਨ ਪੰਜਾਬੀ ਸ਼ਬਦਾਵਲੀ' ਵਿਚ ਇਸ ਸ਼ਬਦ ਦੇ ਅਰਥ ਇਸ ਪ੍ਰਕਾਰ ਕੀਤੇ ਹਨ, 'ਖੁਸ਼ਹਾਲ, ਸੁਭਾਗਾ, ਉਨਤੀ ਵਾਲਾ, ਖੁਸ਼ਕਿਸਮਤ, ਰੱਜਿਆ-ਪੁੱਜਿਆ, ਫਲਦਾ-ਫੁਲਦਾ, ਪ੍ਰਸੰਨ ਚਿੱਤ, ਬਖ਼ਤਾਵਰ, ਬੇਟਾ, ਜਿਗਰ ਦਾ ਟੋਟਾ, ਲੰਬੀ ਉਮਰ ਹੋਵੇ, ਸਹੀ ਸਲਾਮਤ ਰਹੋ।' ਕੋਸ਼ ਵਿਚ ਅਰਥ ਵਜੋਂ ਵਰਤੇ ਗਏ ਥੋੜੇ ਜਿਹੇ ਸ਼ਬਦ ਹੀ ਮੈਂ ਗਿਣਾਏ ਹਨ। ਸਾਡੇ ਕੋਸ਼ਾਂ 'ਚ ਫਜ਼ੂਲ ਭਰਤੀ ਬਹੁਤ ਮਿਲਦੀ ਹੈ। ਬੇਲੋੜੀ ਵਿਦਵਤਾ ਦਾ ਦਿਖਾਵਾ ਅਤੇ ਕੋਸ਼ ਨੂੰ ਮੋਟਾ ਕਰਨ ਦਾ ਇਰਾਦਾ ਸਪਸ਼ਟ ਝਲਕਦਾ ਹੈ।

ਉਪਰੋਕਤ ਸ਼ਬਦਾਵਲੀ ਨੇ ਫਾਰਸੀ ਦੇ ਇਕ ਹੋਰ ਕੋਸ਼ 'ਫਰਹੰਗ-ਏ-ਆਸਫੀਯਾ' ਦਾ ਹਵਾਲਾ ਦਿੱਤਾ ਹੈ ਜਿਸ ਅਨੁਸਾਰ ਬਰਖੁਰਦਾਰ ਸ਼ਬਦ ਨੂੰ ਤਿੰਨ ਘਟਕਾਂ ਤੋਂ ਬਣਿਆ ਸੰਯੁਕਤ ਸ਼ਬਦ ਬਿਆਨਿਆ ਗਿਆ ਹੈ ਭਾਵ ਬਰ= ਫਾਰਸੀ ਕਿਰਿਆ ਬੁਰਦਨ ਆਗਿਆਵਾਚਕ ਲੈ ਜਾ (ਨੇਕੀ)+ਖੁਰ=ਫਾਰਸੀ ਕਿਰਿਆ ਖੁਰ ਤੋਂ ਆਗਿਆਵਾਚਕ ਅਰਥਾਤ ਖਾ ਜਾ (ਦੁਨੀਆਂ ਦੀ ਨਿਆਮਤ)+ਦਾਰ ਫਾਰਸੀ ਕਿਰਿਆ ਦਾਸਤਨ ਤੋਂ ਆਗਿਆਵਾਚਕ ਅਰਥਾਤ ਰੱਖ ਜਾ (ਵਿਰਸਾ)। ਸੋ ਸਮੁੱਚਾ ਅਰਥ ਹੋਇਆ ਨੇਕੀ ਖਾ ਜਾ। ਬੜੀ ਅਜੀਬ ਜਿਹੀ ਵਿਆਖਿਆ ਹੈ। ਖੁਦ ਡਾਕਟਰ ਅਮਰਵੰਤ ਸਿੰਘ ਨੇ ਇਸ 'ਤੇ ਸੰਦੇਹ ਜਤਾਉਂਦਿਆਂ ਆਪਣੇ ਵਲੋਂ ਇਹ ਸੁਝਾਅ ਦਿੱਤਾ ਹੈ, "ਮੇਰੇ ਅਨੁਸਾਰ ਇਸ ਸ਼ਬਦ ਦਾ ਮੂਲ ਹੈ ਬਰਖ਼ੁਰਦਨ= ਫਲ ਖਾਣਾ। ਬਰਖੁਰਦਨ ਤੋਂ ਪੂਰਨ ਭੂਤਕਾਲ ਦਾ ਇਕ ਵਚਨ ਅਨਯ ਪੁਰਖ ਹੈ ਬਰਖ਼ੁਰਦ=ਉਸ ਨੇ ਫਲ ਖਾਧਾ। ਬਰਖ਼ੁਰਦ+ ਆਰ= ਬਰਖ਼ੁਰਦਾਰ= ਫਲ ਖਾਣ ਵਾਲਾ। 'ਆਰ' ਫਾਰਸੀ ਪਿਛੇਤਰ ਹੈ ਜਿਵੇਂ ਖਰੀਦਣ>ਖਰੀਦਣਾ+ ਆਰ=ਖਰੀਦਾਰ+ ਖਰੀਦਣ ਵਾਲਾ। ਨਮੂਦਨ=ਪ੍ਰਗਟ ਹੋਣਾ> ਨਮੂਦ+ਆਰ= ਨਮੂਦਾਰ=ਪਰਗਟ ਹੋਣ ਵਾਲਾ।" ਡਾਕਟਰ ਸਾਹਿਬ 'ਖੁਰਦਨ' ਸ਼ਬਦ ਦਾ ਅਰਥ ਦੇਣਾ ਭੁਲ ਗਏ ਹਨ। ਇਸ ਫਾਰਸੀ ਸ਼ਬਦ ਦਾ ਅਰਥ ਹੈ, ਖਾਣਾ। 'ਖੋਰ' (ਜਿਵੇਂ ਆਦਮਖੋਰ) ਸ਼ਬਦ ਇਸੇ ਤੋਂ ਬਣਿਆ। ਉਂਜ ਸਮੁੱਚੇ ਤੌਰ 'ਤੇ ਭਾਵੇਂ ਬਰਖੁਰਦਾਰ ਦੀ ਇਹ ਵਿਆਖਿਆ ਦਰੁਸਤ ਜਾਪਦੀ ਹੈ ਪਰ ਇਹ ਸਪੱਸ਼ਟ ਨਹੀਂ ਕੀਤਾ ਕਿ ਬਰਖੁਰਦਾਰ ਦੇ 'ਫਲ ਖਾਣ ਵਾਲਾ' ਵਜੋਂ ਅਰਥਾਪਣ ਦੇ ਭਾਵ ਬੇਟਾ, ਬੀਬਾ, ਜਿਗਰ ਦਾ ਟੋਟਾ ਆਦਿ ਵਜੋਂ ਕਿਵੇਂ ਨਮੂਦਾਰ ਹੁੰਦੇ ਹਨ?

ਪਹਿਲਾਂ ਇਹ ਜਾਣ ਲਈਏ ਕਿ ਫਾਰਸੀ ਸ਼ਬਦ 'ਬਰ' ਦੇ ਕਈ ਅਰਥ ਹਨ ਜਿਵੇਂ 1. ਪੁਰ, ਉਤੇ। ਇਹ ਪੰਜਾਬੀ 'ਪੁਰ' ਜਾਂ 'ਉਪਰ' ਦਾ ਹੀ ਸੁਜਾਤੀ ਹੈ; 2. ਸੀਨਾ, ਛਾਤੀ; 3. ਚੌੜਾਈ, ਪਨਾਂ, ਅਰਜ਼। 'ਬਰ ਮਿਚਣਾ' ਮੁਹਾਵਰਾ ਏਥੋਂ ਬਣਿਆ; 3. ਫਲ। ਬਰ ਸ਼ਬਦ ਦਾ ਇਹ 'ਫਲ' ਵਾਲਾ ਅਰਥ ਹੀ 'ਬਰਖੁਰਦਾਰ' ਵਿਚ ਢੁਕਦਾ ਹੈ। ਇਸੇ ਤੋਂ 'ਬਰ ਆਉਣਾ' ਮੁਹਾਵਰੇ ਦੇ ਅਰਥ ਸਮਝ ਆਉਂਦੇ ਹਨ ਅਰਥਾਤ ਫਲ ਦੀ ਪ੍ਰਾਪਤੀ ਹੋਣੀ, ਬੂਰ ਪੈਣਾ। ਇਸੇ ਤਰ੍ਹਾਂ ਮਿਹਨਤ ਬਰ ਆਉਣੀ, ਮੰਨਤ ਬਰ ਆਉਣੀ। ਬਰ ਸ਼ਬਦ ਬਾਰੇ ਕਿਸੇ ਵੇਲੇ ਅਲੱਗ ਤੌਰ 'ਤੇ ਲਿਖਿਆ ਜਾਵੇਗਾ।

ਦਰਅਸਲ 'ਬਰਖੁਰਦ' ਸ਼ਬਦ ਦੇ ਲਫਜ਼ੀ ਮਾਅਨੇ ਬਣਦੇ ਹਨ, ਫਲ ਖਾਣਾ ਜਾਂ ਫਲ ਦਾ ਅਨੰਦ ਮਾਣਨਾ। ਇਸ ਤੋਂ ਇਸ ਦੇ ਲਾਖਣਿਕ ਅਰਥ ਬਣਦੇ ਹਨ, ਮਿਹਨਤ ਜਾਂ ਜ਼ਿੰਦਗੀ ਦੇ ਫਲ ਖਾਣਾ, ਜ਼ਿੰਦਗੀ ਮਾਣਨਾ, ਫਲਣਾ-ਫੁਲਣਾ, ਉਨਤੀ ਕਰਨਾ, ਖੁਸ਼ਹਾਲ ਹੋਣਾ, ਖਾਹਿਸ਼ਾਂ ਪੂਰੀਆਂ ਹੋਣਾ। ਇਸੇ ਤੋਂ ਅੱਗੇ ਬਰਖੁਰਦਾਰ ਦੇ ਅਰਥ ਬਣਦੇ ਹਨ, ਖੁਸ਼ਹਾਲ, ਸਫਲ, ਖੁਸ਼, ਉਨਤ, ਜ਼ਿੰਦਗੀ ਮਾਣਦਾ। ਧਿਆਨ ਦਿਓ 'ਸਫਲ' ਸ਼ਬਦ ਵਿਚ ਵੀ ਫਲ ਦਾ ਦਖਲ ਹੈ। ਸੋ ਜਦ ਕਿਸੇ ਬੱਚੇ ਜਾਂ ਜਵਾਨ ਨੂੰ ਬਰਖੁਰਦਾਰ ਕਿਹਾ ਜਾਵੇ ਤਾਂ ਇਸ ਦਾ ਅਰਥ ਇਹ ਨਹੀਂ ਕਿ 'ਤੂੰ ਫਲ ਖਾਹ' ਬਲਕਿ ਆਸ਼ੀਰਵਾਦ ਵਜੋਂ 'ਸਫਲ ਹੋ, ਵਧ ਫੁੱਲ, ਜਵਾਨੀਆਂ ਮਾਣ' ਆਦਿ ਹੋਵੇਗਾ। ਇਹ ਸ਼ਬਦ ਪਹਿਲਾਂ ਪਹਿਲਾਂ ਆਗਿਆਵਾਚਕ ਬਣਿਆ, ਫਿਰ ਸੰਬੋਧਨੀ ਤੇ ਅੰਤ ਵਿਚ ਬੱਚਾ, ਜਵਾਨ, ਫਰਜ਼ੰਦ ਆਦਿ ਦੇ ਅਰਥਾਂ ਵਿਚ ਨਾਂਵ ਹੀ ਬਣ ਗਿਆ। ਅਜਿਹਾ ਵਿਕਾਸ ਉਰਦੂ ਵਿਚ ਹੀ ਹੋਇਆ, ਇਸ ਲਈ ਉਰਦੂ ਵਿਚ ਹੀ ਇਕ ਦ੍ਰਿਸ਼ਟਾਂਤ ਪੇਸ਼ ਕਰਦੇ ਹਾਂ:

ਬਰਖੁਰਦਾਰ ਯੂਸਫ,
ਕਈ ਦਿਨੋਂ ਬਾਅਦ ਤੁਮਾਰਾ ਖ਼ਤ ਮਿਲਾ।
ਇਸ ਦਾ ਅਨੁਵਾਦ ਇੰਜ ਨਹੀਂ ਹੋਵੇਗਾ:
ਫਲ ਖਾਣ ਵਾਲੇ ਯੂਸਫ
ਕਈ ਦਿਨਾਂ ਬਾਅਦ ਤੇਰਾ ਖਤ ਮਿਲਿਆ।
ਬਲਕਿ ਇਸ ਤਰ੍ਹਾਂ ਹੋਵੇਗਾ:
ਯੂਸਫ ਤੂੰ ਸਫਲ ਹੋਵੇਂ
(ਜਾਂ ਤੇਰੀ ਸਫਲ ਜ਼ਿੰਦਗੀ ਦੀ ਕਾਮਨਾ)
ਕਈ ਦਿਨਾਂ ਬਾਅਦ ਤੇਰਾ ਖਤ ਮਿਲਿਆ।

ਆਪ ਤੋਂ ਛੋਟਿਆਂ ਨੂੰ ਸੰਬੋਧਨ ਕਰਨ ਲੱਗਿਆਂ ਆਸ਼ੀਰਵਾਦੀ ਸ਼ਬਦ ਬੋਲਣਾ ਸਾਡੀ ਮਰਿਆਦਾ ਹੈ। ਸੋ ਏਹੀ ਸ਼ਬਦ ਬਾਅਦ ਵਿਚ ਬੱਚਾ, ਜਵਾਨ, ਕਾਕਾ, ਬੀਬਾ, ਭੁਚੰਗੀ ਦੇ ਅਰਥਾਂ ਵਜੋਂ ਰੂੜ ਹੋ ਗਿਆ। ਖੈਰ! ਤੋੜਾ ਇਥੇ ਹੈ ਕਿ ਸਾਡੀ ਵੰਸ਼ਮੁਖੀ ਰਾਜਨੀਤੀ 'ਚ ਬਰਖੁਰਦਾਰ ਆਪਣੇ ਬਾਪ-ਦਾਦੇ ਦੇ ਕਰਮਾਂ ਦਾ ਫਲ ਖਾਣ ਲੱਗ ਪਏ ਹਨ!

# ਪੰਜਾਬੀ ਲੋਕ-ਕਾਵਿ: ਸੁਹਾਗ ਗੀਤ

ਸੁਖਦੇਵ ਮਾਦਪੁਰੀ
ਫੋਨ: 91-94630-34472

ਪੰਜਾਬੀ ਸਮਾਜ ਮੁੱਖ ਤੌਰ 'ਤੇ ਕਿਸਾਨੀ ਅਧਾਰਤ ਸਮਾਜ ਹੈ, ਜਿਸ ਵਿਚ ਮੁੰਡੇ ਦੇ ਜਨਮ ਅਤੇ ਵਿਆਹ ਦੀ ਵਿਸ਼ੇਸ਼ ਮਹੱਤਤਾ ਰਹੀ ਹੈ। ਇਹ ਦੋਨੋਂ ਮੌਕੇ ਸਮੁੱਚੇ ਪੇਂਡੂ ਭਾਈਚਾਰੇ ਲਈ ਖੁਸ਼ੀਆਂ ਮਾਣਨ ਅਤੇ ਮਨਾਉਣ ਦੇ ਹੁੰਦੇ ਹਨ। ਇਸ ਲਈ ਸਮੂਹ ਪੰਜਾਬੀ ਵਿਆਹ ਦੇ ਮੌਕੇ ਨੂੰ ਬੜੀ ਤੀਬਰਤਾ ਨਾਲ ਉਡੀਕਦੇ ਹਨ। ਸੁਹਾਗ ਅਤੇ ਘੋੜੀਆਂ ਵਿਆਹ ਦੇ ਮੁੱਖ ਲੋਕ-ਗੀਤ ਹਨ। ਧੀ ਵਾਲੇ ਘਰ ਸੁਹਾਗ ਗਾਏ ਜਾਂਦੇ ਹਨ ਅਤੇ ਮੁੰਡੇ ਵਾਲੇ ਘਰ ਘੋੜੀਆਂ ਗਾਉਣ ਦੀ ਰੀਤ ਹੈ।

ਸੁਹਾਗ ਔਰਤਾਂ ਦੇ ਮਨੋਭਾਵਾਂ ਦੀ ਤਰਜਮਾਨੀ ਕਰਨ ਵਾਲੇ ਗੀਤ ਹਨ। ਮਰਦ ਦੀ ਸਰਦਾਰੀ ਕਾਰਨ ਔਰਤ ਸਦੀਆਂ ਤੋਂ ਦਬੀ ਰਹੀ ਹੈ। ਵਿਆਹ ਮੌਕੇ ਗਾਏ ਜਾਂਦੇ ਸੁਹਾਗ ਗੀਤ ਉਸ ਨੂੰ ਆਪਣੇ ਦਿਲ ਦੀ ਦਾਸਤਾਨ ਬਿਆਨ ਕਰਨ ਦਾ ਮੌਕਾ ਦਿੰਦੇ ਹਨ। ਇਨ੍ਹਾਂ ਦੀ ਸਿਰਜਣਾ ਔਰਤ ਨੇ ਆਪ ਕੀਤੀ ਹੈ। ਇਹ ਸੰਬੋਧਨੀ ਗੀਤ ਹਨ ਜਿਨ੍ਹਾਂ ਵਿਚ ਧੀ ਆਪਣੇ ਮਨ ਦੀ ਗੱਲ ਕਹਿਣ ਲਈ ਆਪਣੀ ਮਾਂ ਜਾਂ ਦਾਦੀ ਨੂੰ ਸੰਬੋਧਿਤ ਹੁੰਦੀ ਹੈ ਅਤੇ ਆਪਣੇ ਵਰ, ਸਹੁਰਾ ਪਰਿਵਾਰ, ਦਾਜ-ਦਹੇਜ ਅਤੇ ਹੋਰ ਲਾਭ-ਯੁਕਤ ਕਾਰਜਾਂ ਲਈ ਆਪਣੇ ਦਾਦੇ, ਬਾਬਲ, ਭਰਾ ਅਤੇ ਮਾਮੇ ਨੂੰ ਮੁਖ਼ਾਤਿਬ ਹੋ ਕੇ ਆਪਣੀਆਂ ਭਾਵਨਾਵਾਂ ਪ੍ਰਗਟਾਉਂਦੀ ਹੈ।

ਪੁਰਾਣੇ ਸਮਿਆਂ ਵਿਚ ਪੰਜਾਬ ਦੀ ਆਰਥਿਕ ਹਾਲਤ ਬਹੁਤੀ ਚੰਗੀ ਨਹੀਂ ਸੀ ਅਤੇ ਇਸ ਕਾਰਨ ਧੀਆਂ ਦੀ ਪਰਵਰਿਸ਼ ਵੱਲ ਬਹੁਤਾ ਧਿਆਨ ਨਹੀਂ ਸੀ ਦਿੱਤਾ ਜਾਂਦਾ। ਜਦੋਂ ਧੀ ਰੁਲ-ਖੁਲ਼ ਕੇ ਮੁਟਿਆਰ ਹੋ ਜਾਣੀ, ਮਾਪਿਆਂ ਨੂੰ ਉਹਨੂੰ ਦਰੋਂ ਤੋਰਨ ਦਾ ਸੰਸਾ ਲੱਗ ਜਾਣਾ। ਦਾਜ-ਦਹੇਜ ਤੇ ਬਰਾਤ ਦੀ ਸਾਂਭ-ਸੰਭਾਲ ਦੇ ਖ਼ਰਚੇ ਦਾ ਫ਼ਿਕਰ ਉਨ੍ਹਾਂ ਦੀ ਨੀਂਦ ਉਡਾ ਦਿੰਦਾ। ਧੀ ਲਈ ਵਰ ਦੀ ਭਾਲ ਸ਼ੁਰੂ ਹੋ ਜਾਂਦੀ। ਧੀਆਂ ਦੀ ਕੋਈ ਰਾਏ ਨਹੀਂ ਸੀ ਲੈਂਦਾ। ਦਾਦਾ, ਬਾਬਲ, ਭਰਾ ਤੇ ਮਾਮਾ ਜਿਹੋ ਜਿਹੇ ਪਰਿਵਾਰ ਦਾ ਮਾੜਾ-ਚੰਗਾ ਵਰ ਲੱਭ ਲੈਂਦੇ, ਉਨ੍ਹਾਂ ਦੀ ਚੋਣ ਅੱਗੇ ਆਪਣੀ ਧੌਣ ਨਿਵਾ ਦੇਂਦੀਆਂ। ਧੀਆਂ ਦੇ ਵੀ ਆਪਣੇ ਅਰਮਾਨ ਹਨ, ਭਾਵਨਾਵਾਂ ਹਨ ਭਾਵੇਂ ਉਹ ਖੁਲ੍ਹ ਕੇ ਆਪਣੇ ਦਿਲ ਦੀ ਗੱਲ ਨਹੀਂ ਸੀ ਕਰ ਸਕਦੀਆਂ ਪਰੰਤੂ ਉਹ ਆਪਣੇ ਵਰ ਅਤੇ ਸਹੁਰੇ ਪਰਿਵਾਰ ਦੀ ਚੋਣ ਸਬੰਧੀ ਚਾਹਤ ਦਾ ਪ੍ਰਗਟਾਵਾ ਸੁਹਾਗ ਗੀਤਾਂ ਦੇ ਮਾਧਿਅਮ ਰਾਹੀਂ ਕਰ ਲੈਂਦੀਆਂ ਸਨ:

ਵਰ ਜੁ ਟੋਲਣ ਚੱਲਿਆ ਪਿਓ ਮੇਰਿਆ
ਪੱਲੇ ਬੰਨ੍ਹ ਲੈ ਬਾਬਲਾ ਦੰਮ ਵੇ
ਚੋਪੜ ਖੇਲਦੇ ਦੋ ਜਣੇ
ਪਿਓ ਮੇਰਿਆ ਰਾਜੇ ਬੰਸੀਆ ਵੇ।
ਇਕੋ ਜੇਹੀੜੇ ਛੈਲ ਵੇ।
ਇਕ ਦੇ ਹੱਥ ਬੰਸਰੀ, ਦੂਜੇ ਹੱਥ ਮੋਰ ਵੇ।
ਬੱਜਣ ਲੱਗੀ ਬੰਸਰੀ,
ਕੂਕਣ ਲੱਗੇ ਮੋਰ ਵੇ।
ਗੋਰਾ ਗੋਰਾ ਮੈਂ ਵਰਾਂ,
ਕਾਲੇ ਜੇਹੀੜੇ ਕੋਈ ਹੋਰ ਵੇ।

ਗੋਰੇ ਤੇ ਛੈਲ ਛਬੀਲੇ ਵਰ ਦੀ ਚਾਹਤ ਉਪਰੰਤ ਹਰ ਮੁਟਿਆਰ ਚਾਹੁੰਦੀ ਹੈ ਕਿ ਉਸ ਦਾ ਸਹੁਰਾ ਪਰਿਵਾਰ ਰੱਜਿਆ-ਪੁੱਜਿਆ ਹੋਵੇ। ਉਹ ਇਹ ਵੀ ਲੋਚਦੀ ਹੈ ਕਿ ਉਹਦਾ ਸਹੁਰਾ ਪਿੰਡ ਉਹਦੇ ਪੇਕੇ ਪਿੰਡ ਤੋਂ ਬਹੁਤਾ ਦੂਰ ਨਾ ਹੋਵੇ। ਪੁਰਾਣੇ ਵੇਲਿਆਂ ਵਿਚ ਆਵਾਜਾਈ ਦੇ ਸਾਧਨ ਸੀਮਤ ਸਨ। ਦੁਸ਼ਵਾਰ ਰਾਹਾਂ ਕਾਰਨ ਸਹੁਰੀਂ ਬੈਠੀ ਧੀ ਨੂੰ ਵਰ੍ਹਿਆਂ ਬੱਧੀ ਕੋਈ ਮਿਲਣ ਨਹੀਂ ਸੀ ਜਾਂਦਾ। ਵਿਚਾਰੀ ਝੂਰਦੀ ਰਹਿੰਦੀ, ਇਸੇ ਲਈ ਉਹ ਆਪਣੇ ਬਾਬਲ ਨੂੰ ਬਹੁਤੀ ਦੂਰ ਰਿਸ਼ਤਾ ਕਰਨ ਤੋਂ ਹੋੜਦੀ ਹੈ:

ਮੈਂ ਤੈਨੂੰ ਵਰਜਦੀ ਬਾਬਲਾ ਵੇ



ਧੀਆਂ ਦੂਰ ਨਾ ਦਈਏ
ਦੂਰਾਂ ਦੀਆਂ ਵਾਟਾਂ ਲੰਮੀਆਂ
ਵੇ ਸਾਥੋਂ ਤੁਰਿਆ ਨਾ ਜਾਵੇ
ਤੁਰਦੀ ਆਂ ਛਮ ਛਮ ਰੋਨੀ ਆਂ
ਵੇ ਨੈਣੀਂ ਨੀਂਦ ਨਾ ਆਵੇ।

ਜਦੋਂ ਉਸ ਨੂੰ ਮਨ-ਪਸੰਦ ਵਰ ਮਿਲ ਜਾਂਦਾ ਹੈ ਤਾਂ ਉਸ ਦੀ ਖੁਸ਼ੀ ਦਾ ਕੋਈ ਪਾਰਾਵਾਰ ਨਹੀਂ ਰਹਿੰਦਾ। ਉਹ ਆਪਣੇ ਪਿਤਾ ਦੀ ਚੋਣ 'ਤੇ ਵਾਰੇ-ਵਾਰੇ ਜਾਂਦੀ ਹੈ। ਧੀ ਦੇ ਵਿਆਹ ਦੇ ਕਾਰਜ ਨੂੰ ਪਵਿੱਤਰ ਤੇ ਪੁੰਨ ਵਾਲ਼ਾ ਕਾਰਜ ਸਮਝਿਆ ਜਾਂਦਾ ਸੀ। ਸਿੱਖਾਂ ਵਿਚ ਅਨੰਦ ਕਾਰਜ ਦੀ ਰਸਮ ਸ਼ੁਰੂ ਹੋਣ ਤੋਂ ਪਹਿਲਾਂ ਪੰਡਤ-ਪਾਂਧੇ ਵੇਦੀ ਦੁਆਲੇ ਲਾੜਾ-ਲਾੜੀ ਦੀਆਂ ਭੁਆਂਟਣੀਆਂ ਦੇ ਕੇ ਇਹ ਰਸਮ ਪੂਰੀ ਕਰਦੇ ਸਨ। ਇਸ ਨੂੰ ਸਾਹਾ ਸਧਾਉਣਾ ਕਹਿੰਦੇ ਸਨ। ਇਸ ਬਦਲੇ ਪੰਡਤ ਪਾਂਧੇ ਨੂੰ ਗਊਆਂ ਦਾਨ ਵਜੋਂ ਦੇਣ ਦਾ ਰਿਵਾਜ ਸੀ ਤੇ ਧੀਆਂ ਦੇ ਦਾਨ ਜਮਾਈ ਲੈਂਦੇ ਸਨ:

ਬੇਦੀ ਦੇ ਅੰਦਰ ਮੇਰਾ ਬਾਬਾ ਬੁਲਾਵੇ
ਸੱਦਿਆਂ ਬਾਝ ਕਿਉਂ ਨੀਂ ਆਉਂਦਾ
ਵੇ ਰੰਗ ਰਤੜਿਆ ਕਾਨ੍ਹਾਂ
ਗਊਆਂ ਦੇ ਦਾਨ ਪਾਧੇਂ ਪੰਡਤ ਲੈਂਦੇ
ਧੀਆਂ ਦੇ ਦਾਨ ਜਮਾਈ
ਵੇ ਰੰਗ ਰਤੜਿਆ ਕਾਨ੍ਹਾਂ
ਦਿੱਤੜੇ ਦਾਨ ਕਿਉਂ ਨੀਂ ਲੈਂਦਾ
ਵੇ ਰੰਗ ਰਤੜਿਆ ਕਾਨ੍ਹਾਂ।

ਜਦੋਂ ਵਿਆਹ ਦਾ ਕਾਰਜ ਸਿਰ 'ਤੇ ਹੋਵੇ ਤਾਂ ਮੰਦਹਾਲੀ ਕਾਰਨ ਚਿੰਤਾ ਵਿਚ ਗਰੱਸੇ ਬਾਬਲ ਦੀ ਨੀਂਦ ਖੰਭ ਲਾ ਕੇ ਉਡ ਜਾਂਦੀ ਹੈ:

ਉਚੇ ਮਹਿਲੀਂ ਜਾ ਮੇਰੀ ਬੀਬੀ
ਜਿੱਥੇ ਬੈਠਾ ਤੇਰਾ ਬਾਬਾ
ਉਠ ਵੇ ਬਾਬਾ ਸੁੱਤਿਆ
ਘਰ ਕਾਰਜ ਤੇਰੇ
ਨਾ ਸੁੱਤਾ ਨਾ ਜਾਗਾਂ ਧੀਏ
ਨੈਣੀ ਨੀਂਦ ਨਾ ਆਵੇ।

ਧੀ ਦੇ ਮਾਪੇ ਚਾਹੇ ਕਿੰਨੇ ਵੀ ਬਖ਼ਤਾਵਰ ਹੋਣ ਪਰੰਤੂ ਉਨ੍ਹਾਂ ਦੀ ਸਥਿਤੀ ਧੀ ਦੇ ਸਹੁਰਿਆਂ ਨਾਲੋ ਦੁਜੈਲੀ ਗਿਣੀ ਜਾਂਦੀ। ਧੀ ਦਾ ਬਾਬਾ ਤੇ ਬਾਬਲ ਗਲ਼ ਵਿਚ ਪੱਲਾ ਪਾ ਕੇ ਉਸ ਦਾ ਸਾਹਾ ਸਧਾਉਂਦੇ ਹਨ। ਧੀ ਦੀ ਡੋਲੀ ਤੋਰਨ ਦਾ ਦ੍ਰਿਸ਼ ਅਤਿ ਕਰੁਣਾਮਈ ਹੁੰਦਾ ਹੈ। ਉਸ ਦੀਆਂ ਸਹੇਲੀਆਂ ਦਰਦੀਲੇ ਗੀਤ ਗਾ ਕੇ ਸਾਰੇ ਮਾਹੌਲ ਨੂੰ ਸੋਗੀ ਬਣਾ ਦੇਂਦੀਆਂ ਹਨ। ਵਿਦਾ ਹੋ ਰਹੀ ਧੀ ਦਾ ਰੁਦਨ ਝੱਲਿਆ ਨਹੀਂ ਜਾਂਦਾ। ਧੀ ਨੂੰ ਵਿਦਾ ਕਰਕੇ ਮਾਪਿਆਂ ਦਾ ਗ਼ਮਗੀਨ ਹੋਣਾ ਸੁਭਾਵਿਕ ਹੀ ਹੈ, ਪਰੰਤੂ ਵਾਰੇ ਜਾਈਏ ਧੀ ਦੇ ਜਿਹੜੀ ਉਨ੍ਹਾਂ ਦੀ ਦਿਲਗੀਰੀ ਨੂੰ ਨਾ ਸਹਾਰਦੀ ਹੋਈ ਏਸ ਸਾਰੇ ਵਰਤਾਰੇ ਨੂੰ ਆਪਣੀ ਹੋਣੀ ਦਸ ਕੇ ਸਬਰ ਦਾ ਘੁੱਟ ਭਰ ਲੈਂਦੀ ਹੈ। ਸੈਂਕੜਿਆਂ ਦੀ ਗਿਣਤੀ ਵਿਚ ਸੁਹਾਗ ਗੀਤ ਪ੍ਰਾਪਤ ਹਨ। ਇਨ੍ਹਾਂ ਨੂੰ ਭਾਸ਼ਾ ਵਿਗਿਆਨ, ਸਮਾਜ ਵਿਗਿਆਨ ਅਤੇ ਮਾਨਵ ਵਿਗਿਆਨ ਦੀ ਦ੍ਰਿਸ਼ਟੀ ਤੋਂ ਵਾਚਣ ਦੀ ਲੋੜ ਹੈ। ਇਨ੍ਹਾਂ ਵਿਚ ਪੰਜਾਬੀ ਸਭਿਆਚਾਰ ਅਤੇ ਸਭਿਆਚਾਰ ਦੇ ਨਿਸ਼ਾਨ ਸਮੋਏ ਹੋਏ ਹਨ।

# ਪੰਜਾਬੀ ਵਿਗਿਆਨੀ ਰੁਚੀ ਰਾਮ ਸਾਹਨੀ

ਬਸਤੀਵਾਦੀ ਗੁਲਾਮੀ ਦਾ ਸ਼ਿਕਾਰ ਹੋਏ ਪੰਜਾਬ ਦੇ ਨਿੱਕੇ ਜਿਹੇ ਨਗਰ ਦੇ ਜੰਮਪਲ ਕਿਸੇ ਬੰਦੇ ਨੂੰ ਇੰਗਲੈਂਡ ਜਾ ਕੇ ਰਦਰਫੋਰਡ ਤੇ ਨੀਲਜ਼ ਬੋਹਰ ਜਿਹੇ ਨੋਬਲ ਪੁਰਸਕਾਰ ਜੇਤੂ ਵਿਗਿਆਨੀਆਂ ਨਾਲ ਰਲ ਕੇ ਖੋਜ ਕਰਨ ਦਾ ਮਾਣ ਮਿਲੇ ਤਾਂ ਇਹ ਗੱਲ ਆਪਣੇ-ਆਪ ਵਿਚ ਕ੍ਰਿਸ਼ਮਾ ਕਹੀ ਜਾਵੇਗੀ। ਇਹ ਕ੍ਰਿਸ਼ਮਾ ਰੁਚੀ ਰਾਮ ਸਾਹਨੀ ਨੇ ਕੀਤਾ। ਉਸ ਰੁਚੀ ਰਾਮ ਨੇ ਜਿਸ ਦੀ ਸ਼ਖ਼ਸੀਅਤ, ਜ਼ਿੰਦਗੀ, ਜ਼ਿੰਦਗੀ ਜਿਉਣ ਦਾ ਅੰਦਾਜ਼ ਤੇ ਪ੍ਰਾਪਤੀਆਂ ਸਾਰੇ ਕੁਝ ਉਤੇ ਵਿਲੱਖਣਤਾ ਦੀ ਛਾਪ ਸੀ। 1863 ਤੋਂ 1948 ਤਕ ਦੇ ਜੀਵਨ ਦੇ ਪਚਾਸੀ ਵਰ੍ਹਿਆਂ ਵਿਚ ਉਸ ਨੇ ਬਹੁਤ ਕੁਝ ਵੇਖਿਆ, ਭੋਗਿਆ ਅਤੇ ਕੀਤਾ। ਉਸ ਨੂੰ ਭਾਰਤ ਦੇ ਮੀਟੀਓਰੋਲਾਜੀਕਲ (ਮੌਸਮ) ਵਿਭਾਗ ਦਾ ਪਹਿਲਾ ਭਾਰਤੀ ਅਫ਼ਸਰ



**ਡਾ. ਕੁਲਦੀਪ ਸਿੰਘ ਧੀਰ**
**ਫੋਨ: +91-98722-60550**

ਹੋਣ ਦਾ ਮਾਣ ਹਾਸਲ ਹੈ। ਲੋਕ ਕਿਸੇ ਇੱਕ ਵਿਸ਼ੇ ਦੇ ਪ੍ਰੋਫ਼ੈਸਰ ਹੁੰਦੇ ਹਨ। ਰੁਚੀ ਰਾਮ ਸਾਹਨੀ ਦੋ ਵਿਸ਼ਿਆਂ ਦਾ ਪ੍ਰੋਫ਼ੈਸਰ ਸੀ। ਵਿਸ਼ੇ ਵੀ ਵਿਗਿਆਨ ਦੇ। ਉਹ ਤੀਹ ਸਾਲ ਗੌਰਮਿੰਟ ਕਾਲਜ, ਲਾਹੌਰ ਵਿਚ ਭੌਤਿਕ ਅਤੇ ਰਸਾਇਣ ਵਿਗਿਆਨ ਦਾ ਪ੍ਰੋਫ਼ੈਸਰ ਰਿਹਾ। ਉਹ ਪੰਜਾਬ ਵਿਚ 'ਦਿ ਟ੍ਰਿਬਿਊਨ' ਅਖ਼ਬਾਰ ਤੇ ਦਿਆਲ ਸਿੰਘ ਕਾਲਜ ਸਥਾਪਿਤ ਕਰਨ ਵਾਲੇ ਸਰਦਾਰ ਦਿਆਲ ਸਿੰਘ ਮਜੀਠੀਆ ਦਾ ਜਿਗਰੀ ਦੋਸਤ ਤੇ ਸਲਾਹਕਾਰ ਸੀ। ਸਰਦਾਰ ਮਜੀਠੀਆ ਨੇ ਦਿਆਲ ਸਿੰਘ ਕਾਲਜ ਬਣਾਇਆ ਤਾਂ ਰੁਚੀ ਰਾਮ ਨੂੰ ਇਸ ਦਾ ਟਰੱਸਟੀ ਬਣਾਉਣ ਦੀ ਵਸੀਅਤ ਕੀਤੀ। 1918 ਤੋਂ 1948 ਤਕ ਪੂਰੇ ਤੀਹ ਸਾਲ ਉਹ ਟ੍ਰਿਬਿਊਨ ਅਖ਼ਬਾਰ ਦਾ ਵੀ ਟਰੱਸਟੀ ਰਿਹਾ। ਪੰਜਾਬ ਤੇ ਪੰਜਾਬੀਅਤ ਨਾਲ ਮੋਹ ਉਸ ਦੇ ਪਹਿਰਾਵੇ ਤੋਂ ਵੀ ਝਲਕਦਾ ਸੀ ਤੇ ਵਿਹਾਰ ਤੋਂ ਵੀ। ਦਾੜ੍ਹੀ ਪਗੜੀ ਵਾਲੀ ਤਸਵੀਰ ਵਿਚ ਹੀ ਉਹ ਪੂਰਾ ਸਰਦਾਰ ਨਹੀਂ ਲੱਗਦਾ, ਸਗੋਂ ਉਸ ਨੇ ਗੁਰਦੁਆਰਿਆਂ ਨੂੰ ਮਹੰਤਾਂ ਤੇ ਅੰਗਰੇਜ਼ਾਂ ਦੇ ਭ੍ਰਿਸ਼ਟ ਗੱਠਜੋੜ ਤੋਂ ਆਜ਼ਾਦ ਕਰਵਾਉਣ ਲਈ ਸਿੱਖਾਂ ਵੱਲੋਂ ਦਿੱਤੀਆਂ ਕੁਰਬਾਨੀਆਂ ਅਤੇ ਸੰਘਰਸ਼ ਬਾਰੇ 266 ਪੰਨੇ ਦੀ ਅੰਗਰੇਜ਼ੀ ਪੁਸਤਕ 'ਸਟਰਗਲ ਫਾਰ ਰਿਫਾਰਮ ਇਨ ਸਿੱਖ ਸ਼ਰਾਈਨਜ਼' ਲਿਖੀ। ਆਪਣੇ ਆਪ ਵਿਚ ਇਹ ਮੁੱਢਲੇ ਸਰੋਤਾਂ ਅਤੇ ਅੱਖੀਂ ਡਿੱਠੇ ਹਾਲਾਤ ਉਤੇ ਸਿਰਜੀ ਇਤਿਹਾਸਕ ਹਵਾਲਾ ਪੁਸਤਕ ਹੈ। ਅੰਗਰੇਜ਼ ਅਫ਼ਸਰਾਂ ਤੇ ਸਿਰਫਿਰੇ ਅੰਗਰੇਜ਼ਾਂ ਨਾਲ ਵਾਹ ਪੈਣ ਸਮੇਂ ਅਣਖੀਲੇ ਪੰਜਾਬੀ ਵਾਂਗ ਉਨ੍ਹਾਂ ਨੂੰ ਸੇਰ ਦਾ ਸਵਾ ਸੇਰ ਹੋ ਕੇ ਟੱਕਰਨ ਦਾ ਉਸ ਦਾ ਅੰਦਾਜ਼ ਵੀ ਕਮਾਲ ਸੀ।

ਇਹੀ ਨਹੀਂ, ਬੜਾ ਕੁਝ ਹੋਰ ਹੈ ਰੁਚੀ ਰਾਮ ਸਾਹਨੀ ਨਾਲ ਜੁੜਿਆ ਹੋਇਆ ਜਿਸ ਬਾਰੇ ਗੱਲ ਕਰਨੀ ਲਾਜ਼ਮੀ ਹੈ। ਰੁਚੀ ਰਾਮ ਦਾ ਜਨਮ ਸਮੇਂ ਦਾ ਨਾਮ ਰੋਚੀ ਰਾਮ ਸੀ ਤੇ ਉਸ ਦਾ ਜਨਮ ਅੱਜ ਪਾਕਿਸਤਾਨ ਦਾ ਹਿੱਸਾ ਬਣ ਚੁੱਕੇ ਡੇਰਾ ਇਸਮਾਈਲ ਖਾਨ ਵਿਚ ਪਿਤਾ ਕਰਮ ਚੰਦ ਤੇ ਮਾਤਾ ਗੁਲਾਬ ਦੇਵੀ ਦੇ ਘਰ 5 ਅਪਰੈਲ 1863 ਨੂੰ ਹੋਇਆ। ਪਿਤਾ 1857 ਦੇ ਗ਼ਦਰ ਤੋਂ ਛੇਤੀ ਪਿੱਛੋਂ ਸਰਗੋਧੇ ਦੇ ਨਗਰ ਭੇਰੇ ਤੋਂ ਇੱਥੇ ਆਣ ਟਿਕਿਆ ਸੀ। ਉਹ ਸ਼ਾਹੂਕਾਰਾ ਕਰਦਾ। ਛੇ ਸਾਲ ਦੇ ਨੂੰ ਫੱਟੀ ਦੇ ਕੇ ਉਸ ਨੂੰ ਪਿੰਡ ਦੇ ਇੱਕ ਮਾਸਟਰ ਵਾਲੇ ਸਕੂਲ ਭੇਜ ਦਿੱਤਾ ਗਿਆ। ਪਿਤਾ ਨੇ ਉਸ ਨੂੰ ਮੁਨੀਮੀ ਤੇ ਹਿਸਾਬ ਕਿਤਾਬ ਵਿਚ ਨਿਪੁੰਨ ਕਰਨ ਲਈ ਆਪ ਵੀ ਬੜੀ ਕੋਸ਼ਿਸ਼ ਕੀਤੀ ਅਤੇ ਉਸ ਦੇ ਮਾਸਟਰ ਨੂੰ ਵੀ ਇਸ ਵਾਸਤੇ ਉਤਸ਼ਾਹਿਤ ਕੀਤਾ। ਛੇ ਕੁ ਮਹੀਨੇ ਵਿਚ ਰੁਚੀ ਰਾਮ ਵੀਹ ਤਕ ਹੀ ਨਹੀਂ ਪੈਂਤੀ ਤਕ ਦੇ ਹਰ ਪਹਾੜੇ ਨੂੰ ਵੀਹ ਤਕ ਜ਼ੁਬਾਨੀ ਸੁਣਾਉਣ ਲੱਗਾ। ਇਸ ਉਪਰੰਤ ਦੋ ਸਾਲ ਉਸ ਨੂੰ ਇੱਕ ਮਾਰਵਾੜੀ ਵਪਾਰੀ ਕੋਲ ਮੁਨੀਮੀ ਦੇ ਮੁੱਢਲੇ ਵਿਹਾਰ ਦੀ ਸਮਝ ਵਾਸਤੇ ਬਿਠਾਇਆ ਗਿਆ। ਫਿਰ ਉਸ ਨੂੰ ਪਿਤਾ ਨੇ ਆਪਣੇ ਨਾਲ ਹੀ ਲਾ ਲਿਆ ਅਤੇ ਦਸ ਸਾਲ ਦੀ ਉਮਰ ਤਕ ਉਹ ਪਿਤਾ ਨਾਲ ਸ਼ਾਹੂਕਾਰੇ ਵਿਚ ਮੁਨੀਮੀ ਕਰਦਾ ਰਿਹਾ।

***ਰੁਚੀ ਰਾਮ ਧਾਰਮਿਕ ਸੰਕੀਰਨਤਾ ਤੋਂ ਮੁਕਤ ਸੀ। 1919 ਵਿਚ ਮੁਸਲਿਮ ਭਰਾਵਾਂ ਵੱਲੋਂ ਅੰਗਰੇਜ਼ੀ ਸਰਕਾਰ ਵਿਰੁੱਧ ਅੰਦੋਲਨ ਚਲਾਇਆ ਗਿਆ ਤਾਂ ਰੁਚੀ ਰਾਮ ਨੇ ਉਨ੍ਹਾਂ ਦਾ ਸਾਥ ਦਿੰਦਿਆਂ ਆਪਣਾ ਰਾਏ ਸਾਹਿਬ ਦਾ ਖਿਤਾਬ ਸਰਕਾਰ ਨੂੰ ਮੋੜ ਦਿੱਤਾ। ਇੰਜ ਹੀ ਜੂਨ 1922 ਵਿਚ ਸਿੱਖਾਂ ਨੇ ਦਰਬਾਰ ਸਾਹਿਬ, ਅੰਮ੍ਰਿਤਸਰ ਦੇ ਸਰੋਵਰ ਦੀ ਕਾਰ ਸੇਵਾ ਸ਼ੁਰੂ ਕੀਤੀ ਤਾਂ ਰੁਚੀ ਰਾਮ ਨੇ ਗੋਡੇ-ਗੋਡੇ ਗਾਰ ਵਿਚ ਵੜ ਕੇ ਪ੍ਰੇਮ ਤੇ ਸ਼ਰਧਾ ਨਾਲ ਸਿਰ ਉਤੇ ਗਾਰਾ ਢੋਇਆ। ਉਸ ਨੇ ਸਿੱਖਾਂ ਦੇ ਗੁਰਦੁਆਰਾ ਸੁਧਾਰ ਲਈ ਕੀਤੇ ਸੰਘਰਸ਼ ਦੇ ਕਈ ਸਾਕਿਆਂ ਦੇ ਵੇਰਵੇ ਘਟਨਾ ਸਥਲਾਂ ਉਤੇ ਜਾ ਕੇ ਵੇਖੇ ਅਤੇ ਇਕੱਠੇ ਕੀਤੇ। ਇਸ ਸੰਘਰਸ਼ ਬਾਰੇ ਉਸ ਨੇ 1946 ਵਿਚ 266 ਪੰਨੇ ਦੀ ਪੁਸਤਕ 'ਸਟਰਗਲ ਫਾਰ ਰਿਫਾਰਮ ਇਨ ਸਿੱਖ ਸ਼ਰਾਈਨਜ਼' ਲਿਖੀ ਜੋ ਇਤਿਹਾਸ ਦੇ ਖੋਜੀਆਂ ਲਈ ਇੱਕ ਮੁੱਢਲਾ ਸ੍ਰੋਤ ਤੇ ਹਵਾਲਾ ਗ੍ਰੰਥ ਹੈ।***

ਇਨ੍ਹਾਂ ਦਿਨਾਂ ਵਿਚ ਹੀ ਪਿਤਾ ਦਾ ਮਾਲ ਲਿਆਉਂਦੀਆਂ ਬੇੜੀਆਂ ਸਿੰਧ ਦਰਿਆ ਵਿਚ ਡੁੱਬ ਗਈਆਂ। ਉਸ ਦਾ ਵਪਾਰ ਚੌਪਟ ਹੋ ਗਿਆ। ਇਸੇ ਦੇ ਪਰਛਾਵੇਂ ਹੇਠ ਰੁਚੀ ਰਾਮ ਦੀ ਸਕੂਲੀ ਪੜ੍ਹਾਈ ਰਸਮੀ ਰੂਪ ਨਾਲ ਅੱਗੇ ਤੁਰੀ। ਉਸ ਨੂੰ ਚਰਚ ਮਿਸ਼ਨ ਸਕੂਲ ਵਿਚ ਦਾਖਲ ਕਰਵਾਇਆ ਗਿਆ। ਤਿੰਨ ਮੁੰਡਿਆਂ ਦੇ ਈਸਾਈ ਬਣਨ ਨਾਲ ਰੌਲਾ ਪੈ ਗਿਆ। ਧਰਮ ਪ੍ਰਕਾਸ਼ ਨਾਂ ਦਾ ਨਵਾਂ ਸਕੂਲ ਖੁੱਲ੍ਹਿਆ ਤੇ ਰੁਚੀ ਰਾਮ ਨੂੰ ਉਸ ਵਿਚ ਦਾਖਲ ਕਰਵਾਇਆ ਗਿਆ। ਇੱਕ ਸਾਲ ਵਿਚ ਦੋ ਜਮਾਤਾਂ ਕਰਦੇ ਹੋਏ 1878 ਵਿਚ ਉਸ ਨੇ ਛੇ ਜ਼ਿਲ੍ਹਿਆਂ ਦੇ ਸਰਕਲ ਵਿਚੋਂ ਅੱਵਲ ਰਹਿ ਕੇ ਮਿਡਲ ਪਾਸ ਕੀਤੀ। ਉਸ ਨੂੰ ਪੁਰਸਕਾਰ ਦੇ ਨਾਲ-ਨਾਲ ਪੰਝੀ ਰੁਪਏ ਮਾਸਿਕ ਉਤੇ ਨੌਕਰੀ ਦੀ ਪੇਸ਼ਕਸ਼ ਹੋਈ, ਪਰ ਪਿਤਾ ਦੀ ਅਤੇ ਆਪਣੀ ਦੋਵਾਂ ਦੀ ਸਲਾਹ ਅੱਗੇ ਪੜ੍ਹਨ ਦੀ ਬਣੀ।

ਅਗਲੀ ਪੜ੍ਹਾਈ ਲਈ ਛੇ ਰੁਪਏ ਮਾਸਿਕ ਵਜ਼ੀਫ਼ੇ ਉਤੇ ਉਹ ਝੰਗ ਤੇ ਮਘਿਆਣੇ ਵਿਚਕਾਰ ਪੈਂਦੇ ਅਧੀਵਾਲ ਸਕੂਲ ਵਿਚ ਦਾਖਲ ਹੋਇਆ। ਇਸੇ ਸਕੂਲ ਦੇ ਹੈਡਮਾਸਟਰ ਨੇ ਉਸ ਦੇ ਨਾਂ ਰੋਚੀ ਰਾਮ ਨੂੰ ਨਿਰਾਰਥਕ ਦੱਸ ਕੇ ਉਸ ਦਾ ਨਾਂ ਰੁਚੀ ਰਾਮ ਲਿਖਿਆ। ਉਹ ਛੇਤੀ ਹੀ ਬੰਗਾਲੀ ਹੈਡਮਾਸਟਰ ਕਾਸ਼ੀ ਰਾਮ ਚੈਟਰਜੀ ਦਾ ਚਹੇਤਾ ਬਣ ਗਿਆ। ਇੱਕ ਦਿਨ ਘਰੋਂ ਸੁਨੇਹਾ ਮਿਲਿਆ ਕਿ ਪਿਤਾ ਸਖ਼ਤ ਬਿਮਾਰ ਹਨ। ਉਨ੍ਹਾਂ ਦਿਨਾਂ ਵਿਚ ਆਵਾਜਾਈ ਦੇ ਸਾਧਨ ਬਹੁਤ ਮਾੜੇ ਸਨ। ਦੋਸਤਾਂ ਤੋਂ ਪੈਸੇ ਉਧਾਰ ਫੜ ਕੇ ਉਹ ਕਿਸੇ ਤਰ੍ਹਾਂ ਘਰ ਪੁੱਜਾ। ਕਾਹਲੀ ਸੀ। ਇਸ ਲਈ ਉਸ ਨੇ ਜਿਵੇਂ-ਕਿਵੇਂ ਪਹੁੰਚਣ ਦੀ ਕੀਤੀ। ਵਾਪਸੀ ਸਮੇਂ ਉਸ ਨੇ ਸੌ ਮੀਲ ਦਾ ਬਹੁਤਾ ਪੈਂਡਾ ਪੈਦਲ ਹੀ ਤੈਅ ਕੀਤਾ। 1879 ਵਿਚ ਹੀ ਉਸ ਦੇ ਪਿਤਾ ਭੇਰੇ ਆ ਗਏ ਤੇ ਉਥੇ ਹੀ ਗੁਜ਼ਰ ਗਏ। ਘਰ ਮਾਤਾ ਕੋਲ ਪਹਿਲਾਂ ਵਾਂਗ ਹੀ ਸਵਾਰੀ ਕਰ ਕੇ ਗਿਆ, ਪਰ ਵਾਪਸੀ ਫਿਰ ਪੈਦਲ ਕੀਤੀ।

ਹੈਡਮਾਸਟਰ ਕਾਸ਼ੀ ਰਾਮ ਦੀ ਮੌਤ ਉਪਰੰਤ ਰੁਚੀ ਰਾਮ ਲਾਹੌਰ ਪੜ੍ਹਨ ਲੱਗਾ। ਇੱਥੇ ਉਹ ਬ੍ਰਹਮੋ ਸਮਾਜ ਦੇ ਪ੍ਰਭਾਵ ਹੇਠ ਧਾਰਮਿਕ ਪੱਖੋਂ ਬਾਗੀਆਨਾ ਰੁਚੀਆਂ ਦਾ ਮਾਲਕ ਹੋ ਗਿਆ। ਇਸ ਦਾ ਪ੍ਰਗਟਾਵਾ ਕਰਨ ਲਈ ਉਸ ਨੇ ਟੂਣੇ ਦੀ ਸਮੱਗਰੀ ਤੋੜ-ਭੰਨ ਕੇ, ਵਰਤ ਕੇ ਨਾਲ ਦੇ ਸਾਥੀਆਂ ਦਾ ਵਹਿਮ ਦੂਰ ਕੀਤਾ। ਇੰਜ ਹੀ ਇੱਕ ਮਰੇ ਹੋਏ ਬੰਦੇ ਦਾ ਮੰਜਾ ਬਿਸਤਰਾ ਖ਼ਰੀਦ ਕੇ ਉਸ ਨੇ ਇਸ ਨੂੰ ਆਪਣੇ ਹੋਸਟਲ ਵਿਚ ਵਰਤਣ ਦਾ ਅਨੋਖਾ ਕਾਰਨਾਮਾ ਕੀਤਾ। ਆਪਣੇ ਵੱਖਰੇ ਸੁਭਾਅ ਕਾਰਨ ਹੀ ਉਸ ਨੇ ਵਿਗਿਆਨ ਦਾ ਵਿਦਿਆਰਥੀ ਹੋਣ ਦੇ



ਬਾਵਜੂਦ ਪੰਜਾਬੀ (ਗੁਰਮੁਖੀ) ਨੂੰ ਚੋਣਵੇਂ ਵਿਸ਼ੇ ਵਜੋਂ ਚੁਣਿਆ। ਇਹੀ ਨਹੀਂ, ਮੌਲਾਨਾ ਹਾਲੀ ਦੀਆਂ ਕਲਾਸਾਂ ਲਾ ਕੇ ਉਰਦੂ ਵਿਚ ਨਿਪੁੰਨਤਾ ਹਾਸਲ ਕੀਤੀ। ਐਫ.ਏ. ਤੇ ਬੀ.ਏ. ਵਿਚ ਉਸ ਦਾ ਵਜ਼ੀਫ਼ਾ ਵਧਾ ਕੇ ਕ੍ਰਮਵਾਰ ਤੇਰਾਂ ਅਤੇ ਉਨੱਤੀ ਰੁਪਏ ਕਰ ਦਿੱਤਾ ਗਿਆ। ਐਫ.ਏ. ਵਿਚ ਉਹ ਯੂਨੀਵਰਸਿਟੀ ਵਿਚੋਂ ਦੋਇਮ ਰਿਹਾ ਅਤੇ ਬੀ.ਏ. ਵਿਚੋਂ ਅੱਵਲ। ਫਿਰ ਉਸ ਨੇ ਵਿਗਿਆਨ ਦੇ ਵਿਸ਼ੇ ਭੌਤਿਕ ਅਤੇ ਰਸਾਇਣ ਵਿਗਿਆਨ ਲੈ ਕੇ ਐਮ.ਏ. ਸ਼ੁਰੂ ਕਰ ਦਿੱਤੀ। ਚੇਤੇ ਰਹੇ, ਉਦੋਂ ਵਿਗਿਆਨ ਦੇ ਵਿਸ਼ਿਆਂ ਵਿਚ ਵੀ ਆਰਟਸ ਵਾਂਗ ਹੀ ਐਫ.ਏ., ਬੀ.ਏ., ਐਮ.ਏ. ਦੀ ਹੀ ਡਿਗਰੀ ਦਿੱਤੀ ਜਾਂਦੀ ਸੀ। ਇਸ ਸਾਰੇ ਕੁਝ ਦੌਰਾਨ ਰੁਚੀ ਰਾਮ ਗੌਰਮਿੰਟ ਕਾਲਜ ਲਾਹੌਰ ਦਾ ਜ਼ਹੀਨ ਵਿਦਿਆਰਥੀ ਰਿਹਾ ਜਿੱਥੇ ਜੇ.ਸੀ. ਓਮਾਨ ਪ੍ਰਿੰਸੀਪਲ ਸੀ।

ਰੁਚੀ ਰਾਮ ਅਜੇ ਐਮ.ਏ. ਕਰ ਰਿਹਾ ਸੀ ਕਿ ਪੰਜਾਬ ਦੇ ਡੀ.ਪੀ.ਆਈ. ਡੈਜ਼ਿਲ ਇਬਟਸਨ ਦੇ ਕਹਿਣ ਉਤੇ ਰੁਚੀ ਰਾਮ ਨੂੰ ਭਾਰਤੀ ਮੀਟੀਓਰੋਲਾਜੀਕਲ ਵਿਭਾਗ ਵਿਚ ਅਸਿਸਟੈਂਟ ਰਿਪੋਰਟਰ ਵਜੋਂ ਇਹ ਵਾਅਦਾ ਕਰ ਕੇ ਭੇਜ ਦਿੱਤਾ ਗਿਆ ਕਿ ਉਸ ਨੂੰ ਪ੍ਰਾਈਵੇਟ ਐਮ.ਏ. ਪੂਰੀ ਕਰਨ ਦੀ ਛੋਟ ਮਿਲੇਗੀ। ਇਉਂ ਉਸ ਨੂੰ ਐਮ.ਏ. ਪ੍ਰਾਈਵੇਟ ਕਰਨੀ ਪਈ ਜੋ ਉਸ ਨੇ ਨੌਕਰੀ ਕਰਦੇ ਹੋਏ 1885 ਵਿਚ ਪੂਰੀ ਕੀਤੀ। ਨੁਕਸਾਨ ਇਹ ਹੋਇਆ ਕਿ ਉਸ ਦੀ ਥਰਡ ਡਿਵੀਜ਼ਨ ਆਈ ਜਿਸ ਉਤੇ ਉਸ ਅਤੇ ਉਸ ਦੇ ਅਧਿਆਪਕਾਂ/ਪ੍ਰਸ਼ੰਸਕਾਂ ਨੂੰ ਬੜਾ ਦੁੱਖ ਹੋਇਆ। ਇਸ ਦੇ ਬਾਵਜੂਦ ਉਹ ਉਸ ਦੀ ਪ੍ਰਤਿਭਾ ਅੱਗੇ ਸਦਾ ਨਤਮਸਤਕ ਰਹੇ। ਦੋ ਸਾਲ ਰੁਚੀ ਰਾਮ ਸ਼ਿਮਲੇ ਮੌਸਮ ਵਿਭਾਗ ਦੀ ਇਹ ਨੌਕਰੀ ਕਰਦਾ ਰਿਹਾ। ਉਸ ਦਾ ਯੂਰਪੀ ਅਫ਼ਸਰ ਉਸ ਦੀ ਬੜੀ ਇੱਜ਼ਤ ਕਰਦਾ ਸੀ ਤੇ ਉਸ ਨੇ ਉਸ ਦੀ ਸੰਸਾਰ ਪੱਧਰੀ ਮੌਸਮ ਵਿਗਿਆਨੀ ਵਜੋਂ ਨਾਮਣਾ ਖੱਟਣ ਵਿਚ ਹਰ ਪੱਖੋਂ ਮਾਰਗ ਦਰਸ਼ਨ ਅਤੇ ਮਦਦ ਕੀਤੀ। ਰੂਸ, ਅਮਰੀਕਾ ਤੇ ਹੋਰ ਮੁਲਕਾਂ ਵਿਚ ਇਸ ਖੇਤਰ ਦੇ ਨਵੇਂ ਯੰਤਰਾਂ ਤੇ ਕਾਰਜ ਵਿਧੀਆਂ ਬਾਰੇ ਉਹ ਅਕਸਰ ਸਾਹਨੀ ਨੂੰ ਦੱਸਦਾ। 1887 ਵਿਚ ਸਰਕਾਰ ਨੇ ਰੁਚੀ ਰਾਮ ਨੂੰ ਗੌਰਮਿੰਟ ਕਾਲਜ ਲਾਹੌਰ ਵਿਚ ਲੈਕਚਰਾਰ ਬਣਾ ਕੇ ਵਾਪਸ ਬੁਲਾ ਲਿਆ। ਉਸ ਨੂੰ ਰਸਾਇਣ ਤੇ ਭੌਤਿਕ ਵਿਗਿਆਨ ਦੋਵਾਂ ਵਿਸ਼ਿਆਂ ਦਾ ਅਸਿਸਟੈਂਟ ਪ੍ਰੋਫ਼ੈਸਰ ਬਣਾਇਆ ਗਿਆ। ਛੇਤੀ ਹੀ ਪਿੱਛੋਂ ਜੇ.ਸੀ. ਓਮਾਨ ਦੋ ਸਾਲ ਦੀ ਫਰਲੋ ਲੈ ਕੇ ਇੰਗਲੈਂਡ ਤੁਰ ਗਿਆ ਅਤੇ ਇੰਟਰ ਤੋਂ ਲੈ ਕੇ ਐਮ.ਏ. ਤਕ ਰਸਾਇਣ ਵਿਗਿਆਨ ਦੀਆਂ ਸਾਰੀਆਂ ਕਲਾਸਾਂ ਦੀ ਜ਼ਿੰਮੇਵਾਰੀ ਸਾਹਨੀ ਸਿਰ ਪੈ ਗਈ।

ਲਾਹੌਰ ਆਏ ਸਾਹਨੀ ਨੂੰ 1888 ਵਿਚ ਪੰਜਾਬ ਵਿਚ ਵਿਗਿਆਨਕ ਸਿੱਖਿਆ ਤੇ ਚੇਤਨਾ ਦੇ ਪਸਾਰ ਲਈ ਕਾਰਜਸ਼ੀਲ ਪੰਜਾਬ ਸਾਇੰਸ ਇੰਸਟੀਚਿਊਟ ਦਾ ਆਨਰੇਰੀ ਸਕੱਤਰ ਥਾਪਿਆ ਗਿਆ। ਸਾਹਨੀ ਨੇ ਇਸ ਵਿਚ ਨਵੀਂ ਰੂਹ ਫੂਕੀ। ਇਸ ਨਾਲ ਵਰਕਸ਼ਾਪ ਜੋੜੀ ਅਤੇ ਇਸ ਵੱਲੋਂ ਪਾਪੂਲਰ ਲੈਕਚਰਾਰ ਲੜੀ ਸ਼ੁਰੂ ਕੀਤੀ। ਉਂਜ, ਇਹ ਸੰਸਥਾ ਉਸ ਦੇ ਸੁਝਾਅ ਉਤੇ ਹੀ 1885 ਵਿਚ ਜੇ.ਸੀ. ਓਮਾਨ ਨੇ ਬਣਾਈ ਸੀ। ਉਹ ਆਪ ਇਸ ਦਾ ਆਨਰੇਰੀ ਸੈਕਟਰੀ ਸੀ ਤੇ ਰੁਚੀ ਰਾਮ ਜਾਇੰਟ ਸੈਕਟਰੀ।

ਓਮਾਨ ਦੇ ਜਾਣ ਉਪਰੰਤ ਇੰਸਟੀਚਿਊਟ ਦਾ ਮਤਲਬ ਸਿਰਫ਼ ਰੁਚੀ ਰਾਮ ਹੀ ਹੋ ਗਿਆ ਸੀ। ਅਗਲੇ ਦਸ-ਬਾਰਾਂ ਸਾਲ ਉਸ ਨੇ ਵਿਗਿਆਨਕ ਵਿਸ਼ਿਆਂ ਉਤੇ ਲਗਪਗ ਪੰਜ ਸੌ ਪਾਪੂਲਰ ਲੈਕਚਰ ਪੰਜਾਬੀ ਵਿਚ ਕੀਤੇ ਤੇ ਕਰਵਾਏ। ਕਈ ਥਾਂ ਉਨ੍ਹਾਂ ਆਨਾ-ਦੁਆਨੀ ਟਿਕਟ ਲਾ ਕੇ ਵੀ ਲੈਕਚਰ ਕੀਤੇ। ਸਾਹਨੀ ਨੇ ਬਹੁਤੇ ਲੈਕਚਰ ਆਪ ਕੀਤੇ ਅਤੇ ਇਨ੍ਹਾਂ ਵਿਚ ਸਲਾਈਡਾਂ ਰਾਹੀਂ ਆਪਣੇ ਵਿਚਾਰ ਸਪਸ਼ਟ ਕਰਨ ਦੀ ਪਿਰਤ ਪਾਈ। ਇਹ ਲੈਕਚਰ ਤਾਰ, ਸ਼ੀਸ਼ਾ, ਸਾਬਣ, ਪਾਣੀ, ਮਨੁੱਖੀ ਸਰੀਰ, ਖਿਡੌਣੇ, ਇਲੈਕਟਰੋਪਲੇਟਿੰਗ, ਬਿਜਲੀ, ਮੌਸਮ, ਪੰਜਾਬ ਦੇ ਦਰਿਆ, ਸ਼ੁੱਧ-ਅਸ਼ੁੱਧ ਹਵਾ, ਅੱਗ ਦੀ ਲਾਟ, ਬੇਤਾਰ ਤਰੰਗਾਂ, ਮੋਮਬੱਤੀ ਆਦਿ ਕਈ ਵਿਸ਼ਿਆਂ ਉਤੇ ਹੁੰਦੇ। ਅੱਜ ਸੌ ਸਾਲ ਬਾਅਦ ਵੀ ਅਸੀਂ ਪੰਜਾਬੀ ਵਿਚ ਵਿਗਿਆਨ ਨੂੰ ਲੋਕਾਂ ਤਕ ਪਹੁੰਚਾਉਣ ਲਈ ਵਰਤਣ ਦੀ ਜੋਸ਼ੀਲੀ ਮੁਹਿੰਮ ਦੀ ਰੀਸ ਨਹੀਂ ਕਰ ਸਕੇ। ਇਹੀ ਨਹੀਂ, ਉਸ ਨੇ ਸਾਇੰਸ ਇੰਸਟੀਚਿਊਟ ਨਾਲ ਵਰਕਸ਼ਾਪ ਜੋੜ ਕੇ ਸਕੂਲਾਂ-ਕਾਲਜਾਂ ਦੀਆਂ ਲੈਬਾਰਟਰੀਆਂ ਦੇ ਵਿਗਿਆਨਕ ਉਪਕਰਨਾਂ ਦੀ ਮੁਰੰਮਤ ਸ਼ੁਰੂ ਕੀਤੀ। ਇਸ ਦਾ ਦਾਇਰਾ ਵਧਾ ਕੇ ਉਸ ਨੇ ਕਈ ਪ੍ਰਕਾਰ ਦੇ ਵਿਗਿਆਨਕ ਉਪਕਰਨ ਇਸ ਵਰਕਸ਼ਾਪ ਵਿਚ ਬਣਾ ਕੇ ਦੇਸ਼ ਭਰ ਦੀਆਂ ਸੰਸਥਾਵਾਂ ਨੂੰ ਸਸਤੇ ਮੁੱਲ ਉਤੇ ਵੇਚੇ। ਉਸ ਨੇ ਇਹ ਵਰਕਸ਼ਾਪ ਆਪਣੀ ਤਨਖ਼ਾਹ ਵਿਚੋਂ ਬਚਾਏ ਪੰਦਰਾਂ ਸੌ ਰੁਪਏ ਨਾਲ ਸ਼ੁਰੂ ਕੀਤੀ। ਬਾਅਦ ਵਿਚ ਮੁੰਬਈ ਦੀ ਇੱਕ ਕਬਾੜ ਨਿਲਾਮੀ ਵਿਚ ਕੌਡੀਆਂ ਦੇ ਭਾਅ ਵਿਕ ਰਹੇ ਸਾਮਾਨ ਨੂੰ ਖ਼ਰੀਦ ਕੇ ਉਸ ਤੋਂ ਬਚੇ ਤਿੰਨ ਹਜ਼ਾਰ ਰੁਪਏ ਇਸ ਵਿਚ ਲਾਏ। ਹਰ ਮਹੀਨੇ ਤਨਖ਼ਾਹ ਦਾ ਕੁਝ ਹਿੱਸਾ ਤੇ ਸਮਾਂ ਇਸ ਦੇ ਲੇਖੇ ਲਾਇਆ ਅਤੇ ਵਰਕਸ਼ਾਪ ਨੂੰ ਸੌ ਰੁਪਏ ਮਹੀਨਾ ਮੁਨਾਫ਼ਾ ਕਮਾਉਣ ਜੋਗੀ ਬਣਾ ਦਿੱਤਾ। ਉਸ ਨੇ ਬਾਕਾਇਦਾ ਹੋਰ ਮਸ਼ੀਨਾਂ ਲਾਈਆਂ। ਅੱਲਾ ਬਖਸ਼ ਨਾਂ ਦੇ ਅਨੁਭਵੀ ਮਿਸਤਰੀ ਨੂੰ ਰੇਲਵੇ ਵਰਕਸ਼ਾਪ ਦੀ ਨੌਕਰੀ ਛੁਡਾ ਕੇ ਉਸੇ ਤਨਖ਼ਾਹ, ਛੁੱਟੀ, ਪੈਨਸ਼ਨ ਅਤੇ ਬਿਮਾਰੀ ਦੇ ਇਲਾਜ ਦੀ ਹਰ ਸਹੂਲਤ ਦਾ ਲਿਖਤੀ ਇਕਰਾਰਨਾਮਾ ਕਰ ਕੇ ਰੱਖਿਆ। ਵਰ੍ਹਿਆਂਬੱਧੀ ਉਸ ਨੇ ਵਰਕਸ਼ਾਪ ਚਲਾ ਕੇ ਦੇਸ਼ ਭਰ ਵਿਚ ਆਪਣਾ ਸਿੱਕਾ ਮਨਵਾਇਆ। ਦੇਸ਼-ਵਿਦੇਸ਼ ਦੇ ਕਹਿੰਦੇ-ਕਹਾਉਂਦੇ ਉਦਯੋਗਿਕ ਅਦਾਰਿਆਂ ਦੇ ਮੁਕਾਬਲੇ ਸਸਤੀ ਕੀਮਤ ਉਤੇ ਮਾਲ ਵੇਚ ਕੇ ਉਸ ਨੇ ਸਭ ਨੂੰ ਹੈਰਾਨ ਕੀਤਾ। ਅੱਲਾ ਬਖਸ਼ ਦੀ ਅੰਤਿਮ ਉਮਰੇ ਛੇ ਮਹੀਨੇ ਉਸ ਨੂੰ ਬਿਮਾਰੀ ਸਮੇਂ ਬਿਨਾਂ ਕੰਮ ਵੀ ਪੂਰੀ ਤਨਖ਼ਾਹ ਦਿੱਤੀ। ਉਸ ਨੂੰ ਪੈਨਸ਼ਨ ਵੀ ਦਿੱਤੀ ਜੋ ਉਸ ਦੇ ਮਰਨ ਉਪਰੰਤ ਉਸ ਦੀ ਵਿਧਵਾ ਨੂੰ ਵੀ ਉਦੋਂ ਤਕ ਜਾਰੀ ਰੱਖੀ ਜਦ ਤਕ ਕਿ ਉਸ ਨੇ ਪੁਨਰ ਵਿਆਹ ਨਹੀਂ ਕਰ ਲਿਆ। ਇਹ ਸਾਰਾ ਕੁਝ ਉਹ ਓਮਾਨ ਦੇ ਦੇਸ਼ ਪਰਤਣ ਉਪਰੰਤ ਆਪਣੇ ਬਲਬੂਤੇ ਹੀ ਕਰਦਾ ਰਿਹਾ ਕਿਉਂ ਜੋ ਓਮਾਨ ਵਰਕਸ਼ਾਪ ਦੇ ਪ੍ਰਾਜੈਕਟ ਦੇ ਅਜਿਹੇ ਵਿਸਤਾਰ ਲਈ ਸਹਿਮਤ ਨਹੀਂ ਸੀ।


ਰੁਚੀ ਰਾਮ ਦੇ ਪਾਪੂਲਰ ਸਾਇੰਸ ਲੈਕਚਰ ਪੰਜਾਬ ਦੇ ਲੈਫਟੀਨੈਂਟ ਗਵਰਨਰ ਸਰ ਮੈਕਵਰਥ ਯੰਗ, ਰਿਆਸਤ ਕਪੂਰਥਲਾ ਦੇ ਪ੍ਰਧਾਨ ਮੰਤਰੀ, ਪਟਿਆਲਾ, ਮੰਡੀ ਤੇ ਬਹਾਵਲਪੁਰ ਦੇ ਰਾਜਿਆਂ, ਸਰ ਪ੍ਰਫੁਲ ਚੰਦਰ ਚੈਟਰਜੀ, ਸਰ ਸ਼ਾਦੀ ਲਾਲ, ਸਰ ਖੇਮ ਸਿੰਘ ਬੇਦੀ ਤੇ ਮਦਨ ਗੋਪਾਲ ਬਾਰ-ਐਟ-ਲਾਅ ਜਿਹੇ ਆਪਣੇ ਜ਼ਮਾਨੇ ਦੇ ਸਮਾਜ ਦੇ ਹਰ ਵਰਗ ਦੀ ਸਨਮਾਨਿਤ ਹਸਤੀ ਦੀ ਪ੍ਰਧਾਨਗੀ, ਸ਼ਮੂਲੀਅਤ ਤੇ ਸਰਪ੍ਰਸਤੀ ਹਾਸਲ ਕਰਦੇ ਰਹੇ।

ਦਿਆਲ ਸਿੰਘ ਮਜੀਠੀਆ ਦੀ ਵਸੀਅਤ ਦੇ ਦਸ ਸਾਲ ਲੰਬੇ ਕੇਸ ਵਿਚ ਉਲਝਣ, ਪ੍ਰੋ. ਓਮਾਨ ਦੀ ਸਦਾ ਲਈ ਇੰਗਲੈਂਡ ਵਾਪਸੀ ਅਤੇ ਲਾਹੌਰ ਮੈਡੀਕਲ ਕਾਲਜ ਵੱਲੋਂ ਡਾ. ਸੀ.ਸੀ. ਕਾਲੇਬ ਦੀ ਪ੍ਰਧਾਨਗੀ ਹੇਠ ਸੁਸਾਇਟੀ ਫਾਰ ਪ੍ਰਮੋਸ਼ਨ ਆਫ ਸਾਇੰਟਿਫਿਕ ਨਾਲੇਜ ਬਣਨ ਜਿਹੇ

***(ਬਾਕੀ ਅਗਲੇ ਸਫੇ 'ਤੇ)***

## ਅੰਗਰੇਜ਼ ਦੇ ਘਸੁੰਨ ਜੜਿਆ

ਰੁਚੀ ਰਾਮ ਸ਼ਿਮਲੇ ਜਾ ਰਿਹਾ ਸੀ। ਉਨ੍ਹਾਂ ਕਾਲਕਾ ਛੋਟੀ ਗੇਜ ਦੀ ਗੱਡੀ ਵਿਚ ਬੈਠਣਾ ਸੀ। ਰੁਚੀ ਰਾਮ ਨੇ ਖਿੜਕੀ ਵਿਚੋਂ ਖਾਲੀ ਸੀਟ ਮੱਲਣ ਲਈ ਹੈਂਡਬੈਗ ਧਰਿਆ ਤੇ ਬਾਕੀ ਸਾਮਾਨ ਬੁੱਕ ਕਰਵਾਉਣ ਚਲਾ ਗਿਆ। ਪਰਤਿਆ ਤਾਂ ਉਸ ਦਾ ਬੈਗ ਡੱਬੇ ਦੇ ਲਾਂਘੇ ਵਿਚ ਪਿਆ ਸੀ ਅਤੇ ਉਸ ਦੀ ਸੀਟ ਸਮੇਤ ਸਾਰਾ ਡੱਬਾ ਭਰਿਆ ਪਿਆ ਸੀ। ਆਪਣੀ ਸੀਟ ਉਤੇ ਬੈਠੇ ਅੰਗਰੇਜ਼ ਨੂੰ ਉਸ ਨੇ ਨਿਮਰਤਾ ਨਾਲ ਸੀਟ ਛੱਡਣ ਲਈ ਕਿਹਾ, ਕਿਉਂ ਜੋ ਬੈਗ ਰੱਖ ਕੇ ਉਹ ਸਾਮਾਨ ਬੁੱਕ ਕਰਵਾਉਣ ਗਿਆ ਸੀ। ਅੰਗਰੇਜ਼ ਨੇ ਗੁਸਤਾਖੀ ਨਾਲ ਕਿਹਾ, "ਤੂੰ ਕਿਸੇ ਹੋਰ ਡੱਬੇ ਵਿਚ ਜਾ। ਇੱਥੋਂ ਦਫ਼ਾ ਹੋ।" ਸਾਹਨੀ ਨੇ ਕਿਹਾ ਕਿ ਉਹ ਕਿਸੇ ਹੋਰ ਡੱਬੇ ਵਿਚ ਨਹੀਂ ਜਾ ਸਕਦਾ। ਹੁਣ ਦੇਰ ਹੋ ਗਈ ਹੈ। ਕਿਤੇ ਵੀ ਸੀਟ ਨਹੀਂ ਮਿਲਣੀ। ਅੰਗਰੇਜ਼ ਮੁੜ ਬੋਲਿਆ, "ਸਿਰ ਨਾ ਖਾਹ, ਦਫ਼ਾ ਹੋ।" ਸਾਹਨੀ ਨੇ ਸਮਝਾਇਆ, "ਤੂੰ ਸਟੇਸ਼ਨ ਮਾਸਟਰ ਨੂੰ ਮਿਲ ਕੇ ਆਪਣੀ ਸੀਟ ਦਾ ਪ੍ਰਬੰਧ ਕਰ ਤੇ ਇਹ ਸੀਟ ਛੱਡ ਦੇ।" ਇਹ ਸੁਣ ਕੇ ਅੰਗਰੇਜ਼ ਨੇ ਉਸ ਨੂੰ ਮਾਰਨ ਲਈ ਹੱਥ ਚੁੱਕੇ ਅਤੇ ਕਿਹਾ, "ਤੂੰ ਜਾਂਦਾ ਹੈਂ ਜਾਂ ਨਹੀਂ।" ਸਾਹਨੀ ਨੇ ਪੰਜਾਬੀਆਂ ਵਾਲੇ ਰੋਅਬ ਨਾਲ ਆਖਿਆ, "ਵੇਖ,



ਜੇ ਤੂੰ ਹੱਥ ਚੁੱਕਿਆ ਤਾਂ ਮੈਂ ਲਿਹਾਜ਼ ਨਹੀਂ ਕਰਨਾ।"

ਇਸ ਦੇ ਬਾਵਜੂਦ ਅੰਗਰੇਜ਼ ਨੇ ਰੁਚੀ ਰਾਮ ਦੇ ਚਪੇੜ ਮਾਰ ਦਿੱਤੀ। ਰੁਚੀ ਰਾਮ ਨੇ ਨਾਲ ਦੀ ਨਾਲ ਪੂਰੇ ਜ਼ੋਰ ਨਾਲ ਉਸ ਨੂੰ ਘਸੁੰਨ ਜੜ ਦਿੱਤਾ। ਨਾਲ ਬੈਠੇ ਸਾਰੇ ਅੰਗਰੇਜ਼ ਹੈਰਾਨੀ ਨਾਲ ਦੇਖਣ ਲੱਗੇ। ਸਾਹਮਣੇ ਬੈਠੀ ਉਸ ਦੀ ਪਤਨੀ ਆਪਣੀ ਛੱਤਰੀ ਚੁੱਕ ਕੇ ਉਸ ਨੂੰ ਮਾਰਨ ਲਈ ਉਠੀ ਤਾਂ ਰੁਚੀ ਰਾਮ ਨੇ ਕਿਹਾ, "ਵੇਖ ਬੀਬੀ, ਜੇ ਤੂੰ ਮੈਨੂੰ ਇੱਕ ਮਾਰੇਂਗੀ ਤਾਂ ਤੇਰੇ ਪਤੀ ਨੂੰ ਦੋ ਮਾਰਾਂਗਾ। ਤੈਨੂੰ ਮੈਂ ਕੁਝ ਨਹੀਂ ਕਹਿਣਾ।" ਪਤਨੀ ਚੀਕ ਕੇ ਪਤੀ ਨੂੰ ਬੋਲੀ, "ਜਾਓ, ਜਾ ਕੇ ਸਟੇਸ਼ਨ ਮਾਸਟਰ ਨੂੰ ਬੁਲਾ ਲਿਆਓ।" ਖ਼ੈਰ, ਸਟੇਸ਼ਨ ਮਾਸਟਰ ਆਇਆ। ਉਸ ਨੇ ਰੁਚੀ ਰਾਮ ਨੂੰ ਸਮਝਾਇਆ, "ਤੁਸੀਂ ਮੇਰੇ ਨਾਲ ਚੱਲੋ। ਮੈਂ ਸੀਟ ਦਿੰਦਾ ਹਾਂ। ਇਹ ਦੋ ਬੰਦੇ ਹਨ। ਮੇਰੇ ਕੋਲ ਇੱਕੋ ਸੀਟ ਹੈ। ਸੀਟ ਦੀ ਗਾਰੰਟੀ ਮੇਰੀ ਹੈ। ਬੈਗ ਫੜਾਓ। ਮੇਰੇ ਨਾਲ ਚਲੋ ਤੇ ਸੀਟ ਉਤੇ ਆਰਾਮ ਨਾਲ ਬੈਠੋ।" ਇਹ ਕਹਿ ਕੇ ਉਸ ਨੇ ਸੈਕੰਡ ਕਲਾਸ ਦੇ ਉਸ ਡੱਬੇ ਵਿਚੋਂ ਉਠਾ ਕੇ ਸਾਹਨੀ ਨੂੰ ਫਸਟ ਕਲਾਸ ਦੇ ਡੱਬੇ ਵਿਚ ਬਿਠਾਇਆ। ਸ਼ਿਮਲੇ ਜਾ ਕੇ ਉਸ ਕੋਲ ਅੰਗਰੇਜ਼ ਪੁਲੀਸ ਸਾਰਜੈਂਟ ਆਇਆ ਅਤੇ ਉਸ ਦਾ ਨਾਂ ਪਤਾ ਪੁੱਛਣ ਲੱਗਿਆ। ਸਾਹਨੀ ਨੇ ਕਿਹਾ, "ਨਾਂ ਪਤਾ ਮੈਂ ਬਾਅਦ ਵਿਚ ਦਿਆਂਗਾ, ਪਹਿਲਾਂ ਜਿਸ ਬੰਦੇ ਨਾਲ ਝਗੜਾ ਹੋਇਆ ਹੈ, ਉਸ ਦਾ ਨਾਂ ਪਤਾ ਅਤੇ ਸਾਹਮਣੀ ਨੁੱਕਰ ਵਾਲੀ ਸੀਟ ਦੇ ਗਵਾਹ ਦਾ ਨਾਂ ਪਤਾ ਲਿਆਓ।" ਸਾਰਜੈਂਟ ਉਸ ਦੀ ਗੱਲ ਸੁਣ ਕੇ ਲੋੜੀਂਦੀ ਜਾਣਕਾਰੀ ਲੈ ਆਇਆ। ਉਸ ਉਪਰੰਤ ਉਸ ਨੂੰ ਕਦੇ ਇਸ ਘਟਨਾ ਬਾਰੇ ਕਿਸੇ ਨੇ ਕੁਝ ਨਾ ਪੁੱਛਿਆ।

(ਪਿਛਲੇ ਸਫੇ ਦੀ ਬਾਕੀ)

ਕਈ ਕਾਰਨਾਂ ਕਰਕੇ ਰੁਚੀ ਰਾਮ ਸਾਹਨੀ ਨੇ ਪੰਜਾਬ ਸਾਇੰਸ ਇੰਸਟੀਚਿਊਟ ਬੰਦ ਕਰ ਦਿੱਤਾ। ਉਸ ਨੇ 1914 ਵਿਚ ਖੋਜ ਕਾਰਜ ਲਈ ਵਿਦੇਸ਼ ਜਾਣ ਦਾ ਫੈਸਲਾ ਕਰ ਲਿਆ। ਵਾਪਸੀ ਉਪਰੰਤ ਆਪਣੀ ਵਰਕਸ਼ਾਪ ਵਿਚ ਲੈਂਜ਼ਾਂ ਤੇ ਮਾਈਕਰੋਸਕੋਪਾਂ ਦੀ ਤਿਆਰੀ ਦੇ ਸੁਪਨਿਆਂ ਦੀ ਪੂਰਤੀ ਲਈ ਯੋਜਨਾਵਾਂ ਲੈ ਕੇ ਵਰਕਸ਼ਾਪ ਨੂੰ ਅਸਥਾਈ ਰੂਪ ਵਿਚ ਬੰਦ ਕਰ ਕੇ ਯੂਰਪ ਨੂੰ ਤੁਰ ਪਿਆ। ਉਸ ਦੇ ਇੰਜ ਕਰਨ ਪਿੱਛੇ ਉਸ ਦਾ ਇਹ ਰੋਸ ਵੀ ਸੀ ਕਿ ਗੌਰਮਿੰਟ ਕਾਲਜ ਵਿਚ ਅੰਗਰੇਜ਼ ਪ੍ਰੋਫੈਸਰਾਂ ਵੱਲੋਂ ਦੋ ਵਾਰ ਖਾਲੀ ਹੋਈ ਸੀਨੀਅਰ ਪ੍ਰੋਫੈਸਰ ਦੀ ਅਸਾਮੀ ਉਤੇ ਉਸ ਦੀ ਥਾਂ ਘੱਟ ਅਨੁਭਵ ਅਤੇ ਯੋਗਤਾ ਵਾਲੇ ਪ੍ਰੋਫੈਸਰ ਨਿਯੁਕਤ ਕੀਤੇ ਗਏ ਸਨ। ਗਿਆ ਤਾਂ ਉਹ ਛੁੱਟੀ ਲੈ ਕੇ ਸੀ, ਪਰ ਮੁੜ ਕੇ ਉਸ ਨੇ ਛੁੱਟੀ ਉਤੇ ਰਹਿੰਦੇ ਹੋਏ ਹੀ ਸੇਵਾਮੁਕਤੀ ਲੈਣ ਦਾ ਨਿਰਣਾ ਕਰ ਲਿਆ। ਇਸੇ ਕਰਕੇ ਜਾਣ ਤੋਂ ਪਹਿਲਾਂ ਉਸ ਨੇ ਆਪਣੇ ਕਲਾਸ ਨੋਟਾਂ ਨੂੰ ਪੁਸਤਕ ਰੂਪ ਵਿਚ ਪਾਠਕਾਂ ਹਵਾਲੇ ਕਰ ਦਿੱਤਾ ਅਤੇ 1918 ਵਿਚ ਪੈਨਸ਼ਨ ਲੈ ਲਈ।

ਯੂਰਪ ਵਿਚ ਰੁਚੀ ਰਾਮ ਸਾਹਨੀ ਨੇ ਸਭ ਤੋਂ ਪਹਿਲਾਂ ਜਰਮਨੀ ਜਾਣ ਦਾ ਮਨ ਬਣਾਇਆ। ਉਸ ਨੇ ਖੋਜ ਲਈ ਲੈਡ ਤੇ ਬਿਸਮਥ ਦੇ ਸਾਲਟ ਚੁਣੇ। ਉਸ ਨੇ ਕਾਰਲਸਰੂਹੇ ਵਿਚ ਕਾਸੀਮੀਰ ਫਾਜਨਜ਼ ਨਾਲ ਮਿਲ ਕੇ ਕੰਮ ਸ਼ੁਰੂ ਕੀਤਾ, ਪਰ ਸੰਸਾਰ ਯੁੱਧ ਸ਼ੁਰੂ ਹੋਣ ਕਰਕੇ ਸਭ ਗੜਬੜ ਹੋ ਗਈ। ਸਾਹਨੀ ਨੂੰ ਸਭ ਕੁਝ ਛੱਡ ਕੇ ਭੱਜਣਾ ਪਿਆ। ਉਹ ਕਾਹਲੀ ਨਾਲ ਜਰਮਨੀ ਤੋਂ ਭੱਜਿਆ ਤੇ ਹਾਲੈਂਡ ਜਾ ਪੁੱਜਿਆ। ਉਥੋਂ ਉਹ ਮਾਨਚੈਸਟਰ ਪੁੱਜਾ ਜਿੱਥੇ ਉਸ ਨੂੰ ਰਦਰਫੋਰਡ ਤੇ ਨੀਲਜ਼ ਬੋਹਰ ਨਾਲ ਸਾਲ ਭਰ ਕੰਮ ਕਰਨ ਦੇ ਅਵਸਰ ਮਿਲੇ। ਉਸ ਨੇ ਡਾਕਟਰੇਟ ਲਈ ਉਨ੍ਹਾਂ ਨਾਲ ਹੀ ਖੋਜ ਕਾਰਜ ਕੀਤਾ। ਸੰਸਾਰ ਯੁੱਧ ਕਾਰਨ ਹੀ ਉਸ ਨੂੰ 1917 ਵਿਚ ਮਾਨਚੈਸਟਰ ਤੋਂ ਵੀ ਖੋਜ ਕਾਰਜ ਛੱਡ ਕੇ ਭਾਰਤ ਪਰਤਣਾ ਪਿਆ। ਉਹ ਵਾਪਸ ਆ ਕੇ ਰਸਮੀ ਤੌਰ 'ਤੇ ਜਾਇਨ ਕਰ ਕੇ 1918 ਵਿਚ ਸੇਵਾਮੁਕਤ ਹੋ ਗਿਆ।

ਪਰਿਵਾਰਕ ਪੱਖ ਤੋਂ ਸੰਤੁਸ਼ਟ ਅਤੇ ਸੁਭਾਅ ਵੱਲੋਂ ਅਣਖੀ ਤੇ ਬਾਗੀ ਰੁਚੀ ਰਾਮ ਨੇ ਸ਼ੁੱਧ ਪੰਜਾਬੀ ਜੀਵਨ ਸ਼ੈਲੀ ਦਾ ਮੁਜ਼ਾਹਰਾ ਕਰਦਿਆਂ ਸੇਵਾਮੁਕਤੀ ਤੋਂ ਬਾਅਦ ਆਪਣਾ ਜੀਵਨ ਸੁਤੰਤਰਤਾ ਸੰਗਰਾਮ, ਸਮਾਜ ਤੇ ਦੇਸ਼ ਸੇਵਾ ਦੀਆਂ ਸਰਗਰਮੀਆਂ ਵਿਚ ਗੁਜ਼ਾਰਿਆ। ਜਲ੍ਹਿਆਂਵਾਲਾ ਬਾਗ ਸਾਕੇ ਪਿੱਛੋਂ ਕਾਂਗਰਸ ਵੱਲੋਂ ਕਰਵਾਈ ਜਾਂਚ ਦੌਰਾਨ ਉਸ ਨੇ ਮੋਤੀ ਲਾਲ ਨਹਿਰੂ, ਸੀ.ਆਰ. ਦਾਸ, ਮਦਨ ਮੋਹਨ ਮਾਲਵੀਆ ਤੇ ਹੋਰ ਕਈ ਨੇਤਾਵਾਂ ਨਾਲ ਕੰਮ ਕੀਤਾ। ਮਹਾਂਦੇਵ ਗੋਵਿੰਦ ਰਾਨਾਡੇ ਨਾਲ ਉਸ ਦੇ ਨਿੱਘੇ ਸਬੰਧ ਸਨ। ਰਾਨਾਡੇ ਨੇ ਉਸ ਦੇ ਲੈਕਚਰਾਂ ਦੀ ਕਈ ਵਾਰ ਪ੍ਰਧਾਨਗੀ ਕੀਤੀ।

ਰੁਚੀ ਰਾਮ ਧਾਰਮਿਕ ਸੰਕੀਰਨਤਾ ਤੋਂ ਮੁਕਤ ਸੀ। 1919 ਵਿਚ ਮੁਸਲਿਮ ਭਰਾਵਾਂ ਨੇ ਅੰਗਰੇਜ਼ੀ ਸਰਕਾਰ ਵਿਰੁਧ ਅੰਦੋਲਨ ਚਲਾਇਆ ਤਾਂ ਰੁਚੀ ਰਾਮ ਨੇ ਉਨ੍ਹਾਂ ਦਾ ਸਾਥ ਦਿੰਦਿਆਂ ਆਪਣਾ ਰਾਏ ਸਾਹਿਬ ਦਾ ਖਿਤਾਬ ਸਰਕਾਰ ਨੂੰ ਮੋੜ ਦਿੱਤਾ। ਇੰਜ ਹੀ ਜੂਨ 1922 ਵਿਚ ਸਿੱਖਾਂ ਨੇ ਦਰਬਾਰ ਸਾਹਿਬ, ਅੰਮ੍ਰਿਤਸਰ ਦੇ ਸਰੋਵਰ ਦੀ ਕਾਰ ਸੇਵਾ ਸ਼ੁਰੂ ਕੀਤੀ ਤਾਂ ਰੁਚੀ ਰਾਮ ਨੇ ਗੋਡੇ-ਗੋਡੇ ਗਾਰ ਵਿਚ ਵੜ ਕੇ ਪ੍ਰੇਮ ਤੇ ਸ਼ਰਧਾ ਨਾਲ ਸਿਰ ਉਤੇ ਗਾਰਾ ਢੋਇਆ। ਉਸ ਨੇ ਸਿੱਖਾਂ ਦੇ ਗੁਰਦੁਆਰਾ ਸੁਧਾਰ ਲਈ ਕੀਤੇ ਸੰਘਰਸ਼ ਦੇ ਕਈ ਸਾਕਿਆਂ ਦੇ ਵੇਰਵੇ ਘਟਨਾ ਸਥਲਾਂ ਉਤੇ ਜਾ ਕੇ ਵੇਖੇ ਅਤੇ




ਰੁਚੀ ਰਾਮ ਸਾਹਨੀ ਦੀ ਯਾਦ ਵਿਚ ਜਾਰੀ ਡਾਕ ਟਿਕਟ।

ਇਕੱਠੇ ਕੀਤੇ। ਇਸ ਸੰਘਰਸ਼ ਬਾਰੇ ਉਸ ਨੇ 1946 ਵਿਚ 266 ਪੰਨੇ ਦੀ ਪੁਸਤਕ 'ਸਟਰਗਲ ਫਾਰ ਰਿਫਾਰਮ ਇਨ ਸਿੱਖ ਸ਼ਰਾਈਨਜ਼' ਲਿਖੀ ਜੋ ਇਤਿਹਾਸ ਦੇ ਖੋਜੀਆਂ ਲਈ ਇੱਕ ਮੁੱਢਲਾ ਸ੍ਰੋਤ ਤੇ ਹਵਾਲਾ ਗ੍ਰੰਥ ਹੈ।

ਸਿੱਖਿਆ ਤੇ ਸਮਾਜਿਕ ਜੀਵਨ ਨਾਲ ਸਬੰਧਿਤ ਉਸ ਦੀ ਸਰਗਰਮੀ ਦੇ ਕੁਝ ਵੇਰਵੇ ਦੇਣੇ ਠੀਕ ਜਾਪਦੇ ਹਨ। ਉਸ ਨੇ 1882 ਵਿਚ ਲਾਰਡ ਰਿਪਨ ਦੇ ਸਥਾਨਕ ਸਵੈ-ਸ਼ਾਸਨ ਪ੍ਰਸਤਾਵ ਖਿਲਾਫ ਹੋਏ ਰੋਸ ਮੁਜ਼ਾਹਰੇ ਵਿਚ ਹਿੱਸਾ ਲਿਆ। 1887 ਵਿਚ ਸਾਹਨੀ ਨੇ ਲਾਹੌਰ ਦੇ ਕੁਝ ਪਤਵੰਤਿਆਂ ਦੀ ਮਦਦ ਨਾਲ ਹਿੰਦੂ ਫੈਮਿਲੀ ਰਿਲੀਫ ਫੰਡ ਕਾਇਮ ਕੀਤਾ ਜਿਸ ਦਾ ਉਦੇਸ਼ ਬੇਵਕਤ ਮਰਨ ਵਾਲੇ ਗਰੀਬ ਲੋਕਾਂ ਦੇ ਪਰਿਵਾਰਾਂ ਦੀ ਆਰਥਿਕ ਮਦਦ ਕਰਨਾ ਸੀ। 1885 ਵਿਚ ਏ.ਓ. ਹਿਊਮ ਨੇ ਕਾਂਗਰਸ ਦੀ ਸਥਾਪਨਾ ਕੀਤੀ ਤਾਂ ਰੁਚੀ ਰਾਮ ਸਰਕਾਰੀ ਨੌਕਰੀ ਦੀਆਂ ਸੀਮਾਵਾਂ ਵਿਚ ਰਹਿੰਦਿਆਂ ਇਸ ਦੇ ਸਮਾਗਮਾਂ ਵਿਚ 1918 ਤਕ ਵਿਜ਼ਿਟਰ ਵਜੋਂ ਸ਼ਾਮਲ ਹੁੰਦਾ ਰਿਹਾ। ਚੁੱਪ-ਚਾਪ ਉਨ੍ਹਾਂ ਦੇ ਪੈਂਫਲਟ ਵੰਡਦਾ ਤੇ ਫੰਡ ਇਕੱਠੇ ਕਰਦਾ। 1918 ਵਿਚ ਸੇਵਾਮੁਕਤ ਹੋਣ ਉਪਰੰਤ ਉਹ ਸ਼ਰੇਆਮ ਕਾਂਗਰਸ ਦੇ ਪ੍ਰੋਗਰਾਮਾਂ ਵਿਚ ਹਿੱਸਾ ਲੈਣ ਲੱਗਿਆ।

ਰੁਚੀ ਰਾਮ ਸਾਹਨੀ ਵਿਭਿੰਨ ਖੇਤਰਾਂ ਵਿਚ ਸਰਗਰਮ ਰਿਹਾ। 1934 ਵਿਚ ਉਸ ਨੂੰ ਨੋਬਲ ਪੁਰਸਕਾਰ ਜੇਤੂ ਸੀ.ਵੀ. ਰਮਨ ਨੇ ਆਪਣੀ ਇੰਡੀਅਨ ਅਕੈਡਮੀ ਆਫ ਸਾਇੰਸਿਜ਼ ਦਾ ਫਾਊਂਡਿੰਗ ਫੈਲੋ ਬਣਨ ਲਈ ਬੰਗਲੌਰ ਬੁਲਾਇਆ। 1948 ਵਿਚ ਤਿੰਨ ਜੂਨ ਨੂੰ ਮੁੰਬਈ ਵਿਚ ਇਹ ਰੰਗਲਾ ਪੰਜਾਬੀ ਸਾਨੂੰ ਸਦੀਵੀ ਅਲਵਿਦਾ ਕਹਿ ਗਿਆ।

ਰੁਚੀ ਰਾਮ ਸਾਹਨੀ ਦੇ ਜੀਵਨ ਦੀ ਇਕ ਘਟਨਾ ਹੈ ਜੋ ਸ਼ਿਮਲੇ ਦੇ ਰੇਲਵੇ ਪਲੇਟਫਾਰਮ 'ਤੇ ਵਾਪਰੀ। ਸੰਦੂਕਾਂ, ਬਿਸਤਰਿਆਂ, ਟੋਕਰੀਆਂ ਕੋਲ ਖੜ੍ਹੀ ਯੂਰਪੀ ਮੁਸਾਫਿਰਾਂ ਦੀ ਭੀੜ। ਅਚਾਨਕ ਰੁਚੀ ਰਾਮ ਕੋਲ ਖੜ੍ਹੇ ਅੰਗਰੇਜ਼ ਨੇ ਉਸ ਨੂੰ ਮੋਢਾ ਮਾਰਿਆ। ਰੁਚੀ ਰਾਮ ਨੇ ਕੂਹਣੀ ਮਾਰ ਕੇ ਜਵਾਬ ਦਿੱਤਾ। ਇਹ ਕ੍ਰਮ ਚਾਰ ਵਾਰ ਚੱਲਿਆ। ਹਰ ਵਾਰ ਪਹਿਲਾਂ ਨਾਲੋਂ ਸਖ਼ਤ। ਇਹ ਖੇਡ ਜਾਰੀ ਰਹੀ। ਮੂੰਹੋਂ ਦੋਵਾਂ ਵਿਚੋਂ ਕਿਸੇ ਨੇ ਇੱਕ ਸ਼ਬਦ ਵੀ ਨਾ ਬੋਲਿਆ। ਰੁਚੀ ਰਾਮ ਇਸ ਤੋਂ ਅਗਾਂਹ ਲਈ ਵੀ ਤਿਆਰ ਸੀ, ਪਰ ਅੰਗਰੇਜ਼ ਨੇ ਆਪ ਹੀ ਇਹ ਮੁਕਾਬਲਾ ਬੰਦ ਕਰ ਦਿੱਤਾ। ਉਸ ਨੂੰ ਪਤਾ ਲੱਗ ਗਿਆ ਸੀ ਕਿ ਉਸ ਦਾ ਵਾਹ ਕਿਸੇ ਅੜਬ ਪੰਜਾਬੀ ਨਾਲ ਪੈ ਗਿਆ ਹੈ। ਅਗਲੀ ਸਵੇਰ ਉਹ ਸੀਨੀਅਰ ਆਈ.ਸੀ.ਐਸ. ਅਫ਼ਸਰ ਨਾਲ ਮੇਜ਼ ਉਤੇ ਨਾਸ਼ਤੇ ਲਈ ਬੈਠੇ ਤਾਂ ਇੱਕ ਮੁਸਲਿਮ ਤਾਲੁਕਦਾਰ ਦੀ ਸੋਹਣੀ ਸੁਚੱਜੀ ਸੁਆਣੀ ਨੇ ਉਸ ਨੂੰ ਵੇਖ ਕੇ ਗੱਲ ਛੇੜੀ, "ਸੱਚਮੁੱਚ ਤਬਦੀਲੀ ਆ ਗਈ ਹੈ ਸਾਡੇ ਮੁਲਕ ਵਿਚ।" ਰੁਚੀ ਰਾਮ ਨੇ ਪੁੱਛਿਆ, "ਕੀ ਹੋਇਆ ਹੈ ਰਾਣੀ ਸਾਹਿਬਾ?" ਇਹ ਸੁਣ ਕੇ ਉਸ ਨੇ ਪਲੇਟਫਾਰਮ ਉਤੇ ਘਟਨਾ ਚੱਕਰ ਦਾ ਆਪਣੇ ਬੇਟੇ ਵੱਲੋਂ ਦੱਸਿਆ ਬਿਰਤਾਂਤ ਸੁਣਾ ਦਿੱਤਾ। ਰੁਚੀ ਰਾਮ ਨੇ ਕਿਹਾ, "ਹਾਂ, ਰਾਣੀ ਸਾਹਿਬਾ ਮੁਲਕ ਵਾਸੀਆਂ ਵਿਚ ਆਪਣੇ ਸਵੈ-ਮਾਣ ਦੀ ਰੱਖਿਆ ਦੀ ਹਿੰਮਤ ਤਾਂ ਹੋਣੀ ਹੀ ਚਾਹੀਦੀ ਹੈ।" ਇਹ ਕਹਿ ਕੇ ਉਸ ਨੇ ਪੁੱਛਿਆ, "ਤੁਸੀਂ ਉਸ ਬੰਦੇ ਨੂੰ ਮਿਲਣਾ ਚਾਹੋਗੇ?" ਚੁਸਤ ਨਿਕਲੀ ਉਹ ਬੀਬੀ। "ਕਿਤੇ ਤੁਸੀਂ ਹੀ ਤਾਂ ਨਹੀਂ ਹੋ?" ਉਸ ਨੇ ਮੋੜਵਾਂ ਸਵਾਲ ਕੀਤਾ।

# 'ਮਅ' ਅਗੇਤਰ (ਉਰਦੂ/ਫਾਰਸੀ) ਨਾਲ ਬਣੇ ਕੁਝ ਸ਼ਬਦ

**ਸ਼ਬਦਾਂ ਦੀ ਦੁਨੀਆਂ**

ਪੰਜਾਬੀ, ਹਿੰਦੀ, ਸੰਸਕ੍ਰਿਤ, ਫਾਰਸੀ ਅਤੇ ਅੰਗਰੇਜ਼ੀ ਆਦਿ ਭਾਸ਼ਾਵਾਂ ਕਿਉਂਕਿ ਇੱਕੋ ਭਾਸ਼ਾ-ਪਰਿਵਾਰ ਆਰੀਅਨ ਦੀ ਸ਼ਾਖਾ ਭਾਰੋਪੀ (ਭਾਰਤੀ-ਯੂਰਪੀ ਭਾਸ਼ਾਵਾਂ) ਦੀ ਇੰਡੋ-ਈਰਾਨੀਅਨ ਸ਼ਾਖਾ ਨਾਲ ਸਬੰਧ ਰੱਖਦੀਆਂ ਹਨ ਜਿਸ ਕਾਰਨ ਇਨ੍ਹਾਂ ਭਾਸ਼ਾਵਾਂ ਦੇ ਬਹੁਤ ਸਾਰੇ ਸ਼ਬਦਾਂ ਅਤੇ ਧੁਨੀਆਂ ਆਦਿ ਦੀ ਆਪਸ ਵਿਚ ਕਾਫੀ ਸਾਂਝ ਹੈ। ਇਸੇ ਕਰਕੇ ਜਿਹੜਾ ਅਰਥ ਉਰਦੂ/ਫਾਰਸੀ ਭਾਸ਼ਾਵਾਂ ਦੇ ਅਗੇਤਰ 'ਮਅ' ਦਾ ਹੈ, ਲਗਭਗ ਉਹੀ ਹਿੰਦੀ/ਸੰਸਕ੍ਰਿਤ ਭਾਸ਼ਾਵਾਂ ਦੇ ਪਿਛੇਤਰ 'ਮਯ' ਦਾ ਵੀ ਹੈ। ਫਰਕ ਸਿਰਫ ਇੰਨਾ ਹੈ ਕਿ ਇੱਕ ਭਾਸ਼ਾ ਵਿਚ ਉਹੀ ਸ਼ਬਦ ਵਧੇਰੇ ਕਰਕੇ ਅਗੇਤਰ ਦਾ ਕੰਮ

ਜਸਵੀਰ ਸਿੰਘ ਲੰਗੜੋਆ*
ਫੋਨ: 91-98884-03052

ਕਰਦਾ ਹੈ ਤੇ ਦੂਜੀਆਂ ਭਾਸ਼ਾਵਾਂ ਵਿਚ ਪਿਛੇਤਰ ਦਾ। ਇਸ ਸਬੰਧ ਵਿਚ ਭਾਰਤੀ-ਆਰਿਆਈ ਭਾਸ਼ਾਵਾਂ ਦੇ ਕੁਝ ਸ਼ਬਦ ਹਨ- ਮੰਗਲਮਯ, ਅਨੰਦਮਈ, ਸੋਗਮਈ, ਸ਼ੋਕਮਈ, ਸੰਕਟਮਈ ਆਦਿ।

ਇਸ ਅਗੇਤਰ ਨਾਲ ਬਣਨ ਵਾਲਾ ਸਭ ਤੋਂ ਪਹਿਲਾ ਸ਼ਬਦ ਜਿਸ ਤੋਂ ਮੈਨੂੰ ਇਸ ਅਗੇਤਰ ਤੇ ਇਸ ਤੋਂ ਬਣਨ ਵਾਲੇ ਸ਼ਬਦਾਂ ਬਾਰੇ ਜਾਣਨ ਦੀ ਜਗਿਆਸਾ ਪੈਦਾ ਹੋਈ, ਉਹ ਸੀ- 'ਬਮੈ'। ਚਾਰ ਨਵੰਬਰ 1969 ਨੂੰ ਸਰਕਾਰੀ ਅਧਿਆਪਕ (ਸ.ਹਾ.ਸ. ਰਾਹੋਂ, ਨਵਾਂ ਸ਼ਹਿਰ) ਵਜੋਂ ਪਹਿਲੇ ਹੀ ਦਿਨ ਜਦੋਂ ਮੈਨੂੰ ਛੇਵੀਂ ਜਮਾਤ ਦਾ ਚਾਰਜ ਦਿੱਤਾ ਗਿਆ ਤਾਂ ਮੈਥੋਂ ਪਹਿਲੇ ਇੰਚਾਰਜ ਨੇ ਬਾਕੀ ਇਬਾਰਤ ਦੇ ਨਾਲ ਜਿਹੜੇ ਦੋ ਹੋਰ ਸ਼ਬਦ ਲਿਖੇ, ਉਹ ਸਨ: "ਬਮੈ ਰਜਿਸਟਰ" ਭਾਵ ਚਾਰਜ ਰਜਿਸਟਰ ਸਮੇਤ ਦਿੱਤਾ ਗਿਆ ਹੈ।

'ਬਮੈ' ਸ਼ਬਦ ਵਿਚ 'ਮਅ' ਸ਼ਬਦ ਦੀ ਵਰਤੋਂ ਭਾਵੇਂ ਪਿਛੇਤਰ ਦੇ ਤੌਰ 'ਤੇ ਕੀਤੀ ਗਈ ਹੈ ਪਰ ਆਮ ਤੌਰ 'ਤੇ ਇਹ ਸ਼ਬਦ ਅਗੇਤਰ ਵਜੋਂ ਹੀ ਵਰਤਿਆ ਜਾਂਦਾ ਹੈ।

'ਬਮੈ' ਸ਼ਬਦ ਦਾ ਵਿਸ਼ਲੇਸ਼ਣ ਕੀਤਿਆਂ ਪਤਾ ਲੱਗਦਾ ਹੈ ਕਿ ਇਸ ਸ਼ਬਦ ਵਿਚ ਅਗੇਤਰ ਦੇ ਤੌਰ 'ਤੇ ਵਰਤੀ ਗਈ ਫਾਰਸੀ ਦੀ 'ਬ' ਧੁਨੀ ਦਾ ਭਾਵ ਵੀ ਸਾਥ, ਨਾਲ ਜਾਂ ਸਮੇਤ ਹੀ ਹੈ, ਜਿਵੇਂ: ਬਤੌਰ, ਬਨਾਮ, ਬਖੂਬੀ, ਬਦਸਤੂਰ, ਬਦੌਲਤ ਆਦਿ। ਸੋ, ਗੱਲ ਨੂੰ ਵਧੇਰੇ ਵਜ਼ਨਦਾਰ ਬਣਾਉਣ ਲਈ ਲਗਭਗ ਸਮਾਨ ਅਰਥਾਂ ਵਾਲੇ ਦੋਵੇਂ ਅਗੇਤਰ 'ਬਮੈ' ਸ਼ਬਦ ਵਿਚ ਇਕੱਠਿਆਂ ਹੀ ਵਰਤ ਲਏ ਗਏ ਹਨ। ਭਾਵ ਉਹੋ ਹੀ ਹੈ: ਸਮੇਤ, ਨਾਲ ਜਾਂ ਸਾਥ ਆਦਿ। ਆਓ, ਅਗੇਤਰ ਦੇ ਤੌਰ 'ਤੇ ਇਸ ਸ਼ਬਦ ਨਾਲ ਬਣੇ ਕੁਝ ਸ਼ਬਦਾਂ ਵੱਲ ਇੱਕ ਨਜ਼ਰ ਮਾਰੀਏ:

ਸਭ ਤੋਂ ਪਹਿਲਾਂ 'ਨਜ਼ਰ' ਸ਼ਬਦ 'ਤੇ ਹੀ ਨਜ਼ਰ ਮਾਰੀਏ ਤਾਂ ਪਤਾ ਲੱਗਦਾ ਹੈ ਕਿ ਇਹ ਸ਼ਬਦ ਅਰਬੀ/ਫਾਰਸੀ ਭਾਸ਼ਾਵਾਂ ਨਾਲ ਸਬੰਧ ਰੱਖਦਾ ਹੈ ਜਿਸ ਦਾ ਭਾਵ ਹੈ- ਨਿਗ੍ਹਾ ਜਾਂ ਅੱਖ ਦੀ ਰੋਸ਼ਨੀ। ਇਸੇ ਸ਼ਬਦ ਨਾਲ ਹੀ 'ਮਅ' ਅਗੇਤਰ ਲੱਗ ਕੇ ਸ਼ਬਦ 'ਮੰਜ਼ਰ' (ਮਅ+ਨਜ਼ਰ=ਮੰਜ਼ਰ) ਬਣਿਆ ਹੈ ਜਿਸ ਦਾ ਭਾਵ ਹੈ-ਦੇਖਿਆ ਜਾਣ ਵਾਲਾ ਜਾਂ ਦੇਖਣਯੋਗ ਥਾਂ ਅਰਥਾਤ ਕੋਈ ਦ੍ਰਿਸ਼ ਆਦਿ। ਮੰਜ਼ਰ ਸ਼ਬਦ ਵਿਚ ਨਜ਼ਰ ਦੇ 'ਨ' ਅੱਖਰ ਨੇ ਇੱਥੇ ਟਿੱਪੀ ਦਾ ਰੂਪ ਧਾਰ ਲਿਆ ਹੈ। ਇਸੇ ਤਰ੍ਹਾਂ 'ਮਨਜ਼ੂਰ' (ਮਅ+ਨਜ਼ਰ) ਸ਼ਬਦ ਵੀ ਇਸੇ ਹੀ ਸ਼ਬਦ 'ਨਜ਼ਰ' ਤੋਂ ਬਣਿਆ ਹੋਇਆ ਹੈ ਜਿਸ ਦਾ ਭਾਵ ਹੈ- ਨਜ਼ਰ ਕੀਤਾ ਗਿਆ, ਨਜ਼ਰ ਚੜ੍ਹਾਇਆ ਜਾਂ ਭੇਟ ਕੀਤਾ ਗਿਆ ਅਰਥਾਤ ਪਸੰਦ ਕੀਤਾ ਜਾਂ ਕਰਵਾਇਆ ਗਿਆ।

ਇਸੇ ਤਰ੍ਹਾਂ ਉਰਦੂ/ਫਾਰਸੀ ਭਾਸ਼ਾਵਾਂ ਦਾ ਇੱਕ ਸ਼ਬਦ ਹੈ- 'ਹੁੱਬ', ਜਿਸ ਦਾ ਅਰਥ ਹੈ- ਚਾਹਤ ਜਾਂ ਪਿਆਰ। 'ਮੁਹੱਬਤ' (ਮਅ+ਹੁੱਬ+ਤ) ਸ਼ਬਦ ਇਸੇ ਮੂਲ ਸ਼ਬਦ ਹੁੱਬ ਤੋਂ ਹੀ ਬਣਿਆ ਹੈ, ਜਿਸ ਦਾ ਭਾਵ ਹੈ, ਪਿਆਰ-ਭਾਵਨਾ ਜਾਂ ਚਾਹਤ ਭਰਿਆ ਅਹਿਸਾਸ। ਇਸੇ ਕਰਕੇ ਉਰਦੂ ਭਾਸ਼ਾ ਵਿਚ 'ਦੇਸ-ਪਿਆਰ' ਨੂੰ 'ਹੁੱਬ-ਉਲ-ਵਤਨੀ' ਆਖਿਆ ਜਾਂਦਾ ਹੈ। ਬਹੁਤ ਹੁੱਬਣਾ ਜਾਂ ਹੁੱਬ-ਹੁੱਬ ਕੇ ਗੱਲਾਂ ਕਰਨੀਆਂ ਵਾਕਾਂਸ਼ ਪੰਜਾਬੀ ਵਿਚ ਇੱਕ ਮੁਹਾਵਰੇ ਦੇ ਤੌਰ 'ਤੇ ਵੀ ਵਰਤਿਆ ਜਾਂਦਾ ਹੈ। ਉਰਦੂ/ਫਾਰਸੀ ਭਾਸ਼ਾਵਾਂ ਤੋਂ ਆਇਆ ਸ਼ਬਦ 'ਮਾਸ਼ੂਕ' ਮੁਹੱਬਤ ਸ਼ਬਦ ਦਾ ਨਜ਼ਦੀਕੀ ਹੈ ਜਿਹੜਾ 'ਮਅ+ਇਸ਼ਕ' ਸ਼ਬਦਾਂ ਤੋਂ ਬਣਿਆ ਹੈ, ਜਿਸ ਦਾ ਭਾਵ ਹੈ- ਜਿਸ ਨਾਲ ਇਸ਼ਕ ਜਾਂ ਪਿਆਰ ਹੋ ਗਿਆ ਹੋਵੇ। ਇਸੇ ਤਰ੍ਹਾਂ 'ਮੁਰਸ਼ਦ' ਸ਼ਬਦ ਮਅ+ਇਰਸ਼ਾਦ (ਹੁਕਮ ਕਰਨ ਵਾਲਾ, ਹਦਾਇਤ ਕਰਨ ਵਾਲਾ ਜਾਂ ਸਿੱਧੇ ਰਾਹ ਪਾਉਣ ਵਾਲਾ) ਸ਼ਬਦਾਂ ਤੋਂ ਬਣਿਆ ਹੈ।

ਕਿਸੇ ਦੀ ਉਡੀਕ ਕਰਨ ਵਾਲੇ ਨੂੰ ਉਰਦੂ/ਫਾਰਸੀ ਭਾਸ਼ਾਵਾਂ ਵਿਚ 'ਮੁੰਤਜ਼ਿਰ' (ਮਅ+ਇੰਤਜ਼ਾਰ) ਆਖਿਆ ਜਾਂਦਾ ਹੈ ਜੋ ਫਾਰਸੀ ਭਾਸ਼ਾ ਦੇ ਸ਼ਬਦ ਇੰਤਜ਼ਾਰ ਤੋਂ ਬਣਿਆ ਹੈ, ਜਿਸ ਦਾ ਭਾਵ ਹੈ- ਉਡੀਕ ਕਰਨ ਵਾਲਾ।

ਪੰਜਾਬੀ ਦਾ 'ਮਸ਼ਹੂਰ' ਸ਼ਬਦ ਬੜਾ ਮਸ਼ਹੂਰ (ਪ੍ਰਸਿੱਧ) ਹੈ। ਇਹ ਸ਼ਬਦ 'ਮਅ+ਸ਼ੁਹਰਤ' ਸ਼ਬਦਾਂ ਤੋਂ ਬਣਿਆ ਹੈ, ਜਿਨ੍ਹਾਂ ਦਾ ਅਰਥ ਹੈ- ਸ਼ੁਹਰਤ ਅਰਥਾਤ ਪ੍ਰਸਿੱਧੀ ਵਾਲਾ, ਜਿਸ ਦੀ ਮਸ਼ਹੂਰੀ ਦੂਰ-ਦੂਰ ਤੱਕ ਹੋ ਚੁੱਕੀ ਹੋਵੇ। 'ਮਹਿਸੂਲ' ਸ਼ਬਦ ਦਾ ਉਚਾਰਨ ਪੰਜਾਬੀ ਲੋਕ ਆਮ ਤੌਰ 'ਤੇ 'ਮਸੂਲ' ਦੇ ਤੌਰ 'ਤੇ ਹੀ ਕਰਦੇ ਹਨ। ਇਹ ਸ਼ਬਦ ਫਾਰਸੀ ਭਾਸ਼ਾ ਦੇ ਸ਼ਬਦ 'ਹਾਸਲ' (ਪ੍ਰਾਪਤ ਕਰਨਾ) ਤੋਂ ਬਣਿਆ ਹੈ, ਜਿਸ ਦੇ ਅਰਥ ਹਨ- ਹਾਸਲ ਕੀਤਾ ਗਿਆ ਜਾਂ ਹਾਸਲ ਕੀਤਾ ਜਾਣ ਵਾਲਾ (ਕੋਈ ਕਰ ਜਾਂ ਟੈਕਸ ਆਦਿ)। 'ਮੁਲਜ਼ਮ' ਸ਼ਬਦ 'ਮਅ+ਇਲਜ਼ਾਮ' ਸ਼ਬਦਾਂ ਤੋਂ ਬਣਿਆ ਹੈ, ਜਿਸ ਤੋਂ ਭਾਵ ਹੈ- ਉਹ ਬੰਦਾ ਜਿਸ 'ਤੇ ਕਿਸੇ ਕਿਸਮ ਦਾ ਕੋਈ ਇਲਜ਼ਾਮ/ਦੋਸ਼ ਲੱਗਿਆ ਹੋਇਆ ਹੋਵੇ। ਇਸੇ ਤਰ੍ਹਾਂ ਉਹ ਮੁਲਜ਼ਮ ਜਿਹੜਾ ਪੁਲਿਸ-ਹਿਰਾਸਤ ਵਿਚੋਂ ਫਰਾਰ (ਭਗੌੜਾ) ਹੋ ਗਿਆ ਹੋਵੇ, ਉਸ ਨੂੰ 'ਮਫਰੂਰ' (ਮਅ+ਫਰਾਰ) ਆਖਿਆ ਜਾਂਦਾ ਹੈ। ਉਹ ਸੇਵਾਵਾਂ ਜਿਹੜੀਆਂ ਕਿਸੇ ਅਦਾਰੇ ਵੱਲੋਂ ਕਿਸੇ ਵਿਅਕਤੀ ਲਈ ਨਿਭਾਉਣੀਆਂ ਲਾਜ਼ਮੀ ਕਰ ਦਿੱਤੀਆਂ ਜਾਣ, ਉਸ ਵਿਅਕਤੀ ਨੂੰ ਸਬੰਧਤ ਅਦਾਰੇ ਦਾ 'ਮੁਲਾਜ਼ਮ' (ਮਅ+ਲਾਜ਼ਮੀ) ਆਖਿਆ ਜਾਂਦਾ ਹੈ।

ਉਰਦੂ/ਹਿੰਦੁਸਤਾਨੀ ਭਾਸ਼ਾਵਾਂ ਦੀਆਂ ਫਿਲਮਾਂ ਵਿਚ 'ਮੋਇਆ ਮਰਦੂਦ' ਸ਼ਬਦ ਬੜਾ ਪ੍ਰਚਲਿਤ ਰਿਹਾ ਹੈ। ਮੋਇਆ ਸ਼ਬਦ ਦੇ ਅਰਥ ਤਾਂ ਅਸੀਂ ਜਾਣਦੇ ਹੀ ਹਾਂ ਪਰ 'ਮਰਦੂਦ' ਸ਼ਬਦ ਦੇ ਅਰਥਾਂ ਬਾਰੇ ਪਹਿਲੀ ਨਜ਼ਰੇ ਕੁਝ ਵੀ ਪਤਾ ਨਹੀਂ ਲੱਗਦਾ। ਆਮ ਤੌਰ 'ਤੇ ਇਸ ਸ਼ਬਦ ਨੂੰ 'ਮਰਿਆ ਹੋਇਆ' ਜਾਂ 'ਮਰਿਆਂ ਸਮਾਨ' ਦੇ ਅਰਥਾਂ ਵਾਲਾ ਸਮਝ ਲਿਆ ਜਾਂਦਾ ਹੈ ਪਰ ਇਹ ਸ਼ਬਦ 'ਮਅ+ਰੱਦ' ਸ਼ਬਦਾਂ ਤੋਂ ਬਣਿਆ ਹੋਇਆ ਹੈ, ਜਿਸ ਦੇ ਅਰਥ ਹਨ- ਰੱਦ ਕੀਤਾ ਗਿਆ, ਰੱਦੀ ਕਿਸਮ ਦਾ ਭਾਵ ਫਜ਼ੂਲ ਜਿਹਾ ਬੰਦਾ।

ਰੇਡੀਓ/ਟੀ.ਵੀ. ਤੋਂ ਖਬਰਾਂ ਸੁਣਦਿਆਂ ਅਸੀਂ ਪਾਕਿਸਤਾਨੀ ਕਬਜ਼ੇ ਵਾਲੇ ਕਸ਼ਮੀਰ ਨਾਲ ਸਬੰਧਤ ਸ਼ਬਦ 'ਮਕਬੂਜ਼ਾ ਕਸ਼ਮੀਰ' ਤਾਂ ਅਕਸਰ ਸੁਣਦੇ ਹੀ ਹਾਂ। 'ਮਕਬੂਜ਼ਾ' ਸ਼ਬਦ ਭਾਵੇਂ ਦੋ ਸ਼ਬਦਾਂ 'ਮਅ+ਕਬਜ਼ਾ' ਤੋਂ ਬਣਿਆ ਹੋਇਆ ਹੈ ਪਰ ਇਸ ਸ਼ਬਦ ਵਿਚਲੇ ਦੁਲੈਂਕੜ ਇਸ ਦੀ ਸ਼ਬਦ-ਬਣਤਰ ਅਤੇ ਅਰਥਾਂ ਨੂੰ ਸਮਝਣ ਵਿਚ ਰੁਕਾਵਟ ਪੈਦਾ ਕਰਦੇ ਹਨ। 'ਮਕਬੂਜ਼ਾ' ਦੇ ਮੁਕਾਬਲੇ 'ਮਕਬੂਲ' ਸ਼ਬਦ ਦੇ ਅਰਥ ਸਮਝਣੇ ਬੜੇ ਸੌਖੇ ਹਨ ਕਿਉਂਕਿ ਇਸ ਸ਼ਬਦ ਦੇ ਸ਼ਬਦ-ਜੋੜਾਂ (ਮਅ+ਕਬੂਲ=ਜੋ ਹਰ ਪਾਸੇ/ਹਰ ਪੱਖੋਂ ਕਬੂਲ/ਮਨਜ਼ੂਰ ਕਰ ਲਿਆ ਗਿਆ ਹੋਵੇ) ਵਿਚ ਕੋਈ ਤਬਦੀਲੀ ਨਹੀਂ ਕੀਤੀ ਗਈ ਹੈ। ਇਸੇ ਤਰ੍ਹਾਂ 'ਮੁਸਾਫਰ' (ਮਅ+ਸਫਰ ਅਰਥਾਤ ਸਫਰ ਕਰਨ ਵਾਲਾ) ਸ਼ਬਦ ਸਮਝਣਾ ਵੀ ਸੌਖਾ ਹੈ। 'ਮਕਬਰਾ' ਸ਼ਬਦ 'ਮਅ+ਕਬਰ' ਸ਼ਬਦਾਂ ਤੋਂ ਬਣਿਆ ਹੈ ਜਿਸ ਦਾ ਭਾਵ ਹੈ-ਕਬਰ ਵਾਲੀ ਥਾਂ।

ਪੰਜਾਬੀ ਵਿਚ 'ਮਜ਼ਮਾ ਲਾਉਣਾ' ਸ਼ਬਦ ਤਾਂ ਇੱਕ ਮੁਹਾਵਰੇ ਦਾ ਰੂਪ ਹੀ ਧਾਰਨ ਕਰ ਚੁੱਕਾ ਹੈ। ਜਿੱਥੇ ਕੋਈ ਵਿਅਕਤੀ ਕੁਝ ਲੋਕਾਂ ਨੂੰ ਇਕੱਠਿਆਂ ਕਰਕੇ ਆਪਣਾ ਸਮਾਨ ਆਦਿ ਵੇਚ ਰਿਹਾ ਹੋਵੇ, ਕਿਸੇ ਚੀਜ਼ ਦੀ ਮਸ਼ਹੂਰੀ ਕਰ ਰਿਹਾ ਹੋਵੇ ਜਾਂ ਜਿੱਥੇ ਚਾਰ ਬੰਦਿਆਂ ਨੇ ਆਪਣੀ ਧਮਾ-ਚੌਕੜੀ ਜਮਾਈ ਹੋਵੇ, ਉਸ ਨੂੰ ਝੱਟ 'ਮਜ਼ਮਾ ਲਾਉਣ' ਦੀ ਸੰਗਿਆ ਦੇ ਦਿੱਤੀ ਜਾਂਦੀ ਹੈ। ਇਹ ਸ਼ਬਦ 'ਮਅ ਅਤੇ ਜਮ੍ਹਾ' ਸ਼ਬਦਾਂ ਦੇ ਮੇਲ ਤੋਂ ਬਣਿਆ ਹੋਇਆ ਹੈ। 'ਜਮਾਤ' (ਸ਼੍ਰੇਣੀ) ਸ਼ਬਦ ਵੀ 'ਜਮ੍ਹਾ' ਸ਼ਬਦ ਤੋਂ ਹੀ ਬਣਿਆ ਹੋਇਆ ਹੈ ਅਰਥਾਤ ਉਹ ਥਾਂ ਜਿੱਥੇ ਇੱਕ ਪੱਧਰ ਜਾਂ ਸ਼੍ਰੇਣੀ ਦੇ ਕੁਝ ਬੱਚੇ ਇਕੱਠੇ ਬਹਿ ਕੇ ਸਿੱਖਿਆ ਪ੍ਰਾਪਤ ਕਰਦੇ ਹਨ। ਉਰਦੂ ਭਾਸ਼ਾ ਵਿਚ ਕਹਾਣੀਆਂ ਜਾਂ ਕਵਿਤਾਵਾਂ ਆਦਿ ਦੇ ਸੰਗ੍ਰਿਹ ਨੂੰ 'ਮਜਮੂਆ' ਕਿਹਾ ਜਾਂਦਾ ਹੈ, ਇਹ ਸ਼ਬਦ ਵੀ 'ਜਮ੍ਹਾ' ਸ਼ਬਦ ਤੋਂ ਹੀ ਬਣਿਆ ਹੈ। ਇਸੇ ਤਰ੍ਹਾਂ 'ਮਜਲਿਸ' ਸ਼ਬਦ ਵੀ 'ਮਅ+ਜੁਲੂਸ' (ਬੈਠਣ ਦੀ ਥਾਂ) ਸ਼ਬਦਾਂ ਤੋਂ ਬਣਿਆ ਹੋਇਆ ਹੈ। ਅਰਥਾਤ ਉਹ ਥਾਂ ਜਿੱਥੇ ਕਿਸੇ ਮਸਲੇ 'ਤੇ ਵਿਚਾਰ ਕਰਨ ਲਈ ਕੁਝ ਲੋਕਾਂ ਦਾ ਇਕੱਠ ਹੋਇਆ ਹੋਵੇ। ਬੁੱਲ੍ਹੇ ਸ਼ਾਹ ਦਾ ਕਲਾਮ ਹੈ, "ਰਲ ਫ਼ਕੀਰਾਂ ਮਜਲਸ ਕੀਤੀ, ਭੋਰਾ-ਭੋਰਾ ਖਾਈਦਾ।"

ਇਸੇ ਤਰ੍ਹਾਂ ਫੈਜ਼ ਅਹਿਮਦ ਫੈਜ਼ ਦਾ ਇੱਕ ਸ਼ਿਅਰ ਹੈ,

ਜਿਸ ਧੱਜ ਸੇ ਕੋਈ ਮਕਤਲ ਮੇਂ ਗਇਆ
ਵੋਹ ਸ਼ਾਨ ਸਲਾਮਤ ਰਹਿਤੀ ਹੈ,
ਇਸ ਜਾਂ ਕੀ ਤੋ ਕੋਈ ਬਾਤ ਨਹੀਂ
ਯੇਹ ਜਾਂ ਤੋ ਆਨੀ-ਜਾਨੀ ਹੈ।

ਇਸ ਸ਼ੇਅਰ ਵਿਚਲੇ 'ਮਕਤਲ' (ਮਅ+ਕਤਲ) ਸ਼ਬਦ ਦਾ ਅਰਥ ਹੈ- ਕਤਲ ਕੀਤੇ ਜਾਣ ਵਾਲੀ ਥਾਂ। 'ਮਤਲਬ' ਸ਼ਬਦ ਮਅ+ਤਲਬ (ਮਨਸ਼ਾ, ਇਰਾਦਾ) ਤੋਂ ਬਣਿਆ ਹੈ, ਜਿਸ ਦੇ ਅਰਥ ਹਨ, ਕਿਸੇ ਵਿਸ਼ੇਸ਼ ਮਨਸ਼ੇ ਜਾਂ ਇਰਾਦੇ ਵਾਲੇ ਭਾਵ ਪ੍ਰਗਟ ਕਰਨਾ। 'ਮਸਜਿਦ' ਸ਼ਬਦ ਇਸ ਵਿਚਲੇ ਸ਼ਬਦਾਂ 'ਮਅ+ਸਿਜਦਾ' ਤੋਂ ਬਣਿਆ ਹੈ ਜਿਸ ਦਾ ਭਾਵ ਹੈ, ਸਿਜਦਾ ਅਰਥਾਤ ਇਬਾਦਤ ਕਰਨ ਦੀ ਥਾਂ।

'ਮਹਿਕਮਾ' ਸ਼ਬਦ 'ਮਅ+ਹੁਕਮ' ਤੋਂ ਬਣਿਆ ਹੈ ਜਿਸ ਦਾ ਭਾਵ ਹੈ, ਉਹ ਥਾਂ ਜਿੱਥੋਂ ਹੁਕਮ ਦਿੱਤਾ ਜਾਵੇ। ਇਸੇ ਤਰ੍ਹਾਂ ਉਰਦੂ/ਫਾਰਸੀ ਭਾਸ਼ਾਵਾਂ ਵਿਚ ਪੱਛਮ ਦੀ ਦਿਸ਼ਾ ਨੂੰ 'ਮਗਰਬ' ਆਖਦੇ ਹਨ। ਇਸ ਸ਼ਬਦ ਵਿਚਲੇ 'ਗਰਬ' ਸ਼ਬਦ ਦਾ ਅਰਥ ਹੈ, ਗਰੂਬ ਹੋਣਾ ਅਰਥਾਤ 'ਸੂਰਜ ਦਾ ਡੁੱਬਣਾ'। ਸੋ ਜਿਸ ਪਾਸੇ ਸੂਰਜ ਡੁੱਬਦਾ ਜਾਂ ਗਰੂਬ ਹੁੰਦਾ ਹੈ, ਉਸ ਨੂੰ 'ਮਗਰਬ' ਆਖਿਆ ਜਾਂਦਾ ਹੈ। 'ਮਕਤਅ' ਸ਼ਬਦ ਉਰਦੂ-ਗ਼ਜ਼ਲਗੋਆਂ ਵੱਲੋਂ ਮੁਸ਼ਾਇਰਿਆਂ (ਮਅ+ਸ਼ਾਇਰ=ਸ਼ਾਇਰਾਂ ਵੱਲੋਂ ਇਕੱਠਿਆਂ ਹੋ ਕੇ ਸ਼ੇਅਰ ਪੜ੍ਹਨਾ) ਵਿਚ ਅਕਸਰ ਵਰਤਿਆ ਜਾਂਦਾ ਹੈ। ਇਹ ਸ਼ਬਦ 'ਮਅ+ਕਤਅ' ਸ਼ਬਦਾਂ ਤੋਂ ਬਣਿਆ ਹੈ। ਇਸ ਵਿਚਲੇ 'ਕਤਅ' ਸ਼ਬਦ ਦਾ ਭਾਵ ਹੈ- ਕੱਟਿਆ ਹੋਇਆ (ਬਾਕੀ ਗ਼ਜ਼ਲ ਨਾਲੋਂ)। ਇਹ ਗ਼ਜ਼ਲ ਜਾਂ ਕਸੀਦੇ ਦਾ ਅੰਤਿਮ ਸ਼ਿਅਰ ਹੁੰਦਾ ਹੈ ਜਿਸ ਵਿਚ ਕਵੀ ਆਪਣਾ ਤਖੱਲਸ (ਉਪਨਾਮ) ਦਰਜ ਕਰਦਾ ਹੈ। ਗ਼ਜ਼ਲ ਦੇ ਪਹਿਲੇ ਸ਼ਿਅਰ ਨੂੰ 'ਮਤਲਅ' (ਮਅ+ਤੁਲੂਅ ਅਰਥਾਤ ਉਦੈ ਹੋਣ ਦੀ ਜਗ੍ਹਾ ਭਾਵ ਗ਼ਜ਼ਲ ਦਾ ਪਹਿਲਾ ਸ਼ਿਅਰ) ਆਖਿਆ ਜਾਂਦਾ ਹੈ।

'ਮੌਕਾ' ਸ਼ਬਦ ਦੇਖਣ ਵਿਚ ਭਾਵੇਂ ਬਹੁਤ ਛੋਟਾ ਜਿਹਾ ਪ੍ਰਤੀਤ ਹੁੰਦਾ ਹੈ ਪਰ ਇਹ ਵੀ ਆਪਣੇ-ਆਪ ਵਿਚ ਦੋ ਸ਼ਬਦ ਸਮੋਈ ਬੈਠਾ ਹੈ। ਇਹ ਹਨ- 'ਮਅ' ਅਤੇ 'ਵਾਕਿਆ' ਅਰਥਾਤ ਘਟਨਾ ਵਾਪਰਨ ਦੀ ਥਾਂ। ਇਸੇ ਕਾਰਨ ਉਰਦੂ/ਫਾਰਸੀ ਭਾਸ਼ਾਵਾਂ ਵਿਚ 'ਮੌਕਾ' ਸ਼ਬਦ ਦਾ ਬਹੁਵਚਨ 'ਮਵਾਕੇ' ਹੈ।

ਸਾਡੀ ਆਪਣੀ ਭਾਸ਼ਾ ਪੰਜਾਬੀ ਵਿਚ ਰੋਜ਼ਾਨਾ ਵਰਤੋਂ ਵਿਚ ਆਉਣ ਵਾਲੇ ਕੁਝ ਹੋਰ ਸ਼ਬਦਾਂ ਦੀਆਂ ਵੰਨਗੀਆਂ ਹਨ: ਮੁਕਾਮ (ਪੜਾਅ) ਸ਼ਬਦ ਮਅ+ਕਿਆਮ (ਠਹਿਰ) ਸ਼ਬਦਾਂ ਤੋਂ ਬਣਿਆ ਹੈ। 'ਮੁਖਤਿਆਰਨਾਮਾ' ਸ਼ਬਦ ਵਿਚਲਾ 'ਮੁਖਤਿਆਰ' ਮਅ+ਇਖਤਿਆਰ (ਅਧਿਕਾਰ) ਤੋਂ, 'ਮੁੱਕਰ' ਸ਼ਬਦ ਅਸਲ ਵਿਚ 'ਮੁਨਕਰ' ਸ਼ਬਦ ਤੋਂ ਬਣਿਆ ਹੈ, ਜੋ ਅੱਗੋਂ 'ਮਅ+ਇਨਕਾਰ' ਸ਼ਬਦਾਂ ਤੋਂ ਬਣਿਆ ਹੋਇਆ ਹੈ। ਮੁਕੰਮਲ=ਮਅ+ਕਾਮਿਲ (ਪੂਰਾ ਕੀਤਾ ਹੋਇਆ) ਸ਼ਬਦਾਂ ਤੋਂ, ਮੁਹਾਫ਼ਿਜ਼=ਮਅ+ਹਾਫ਼ਿਜ਼ (ਹਿਫ਼ਾਜ਼ਤ/ਰੱਖਿਆ ਕਰਨ ਵਾਲਾ) ਤੋਂ, ਮੁਹਾਜਰ=ਮਅ+ਹਿਜਰਤ (ਇੱਕ ਥਾਂ ਨੂੰ ਛੱਡ ਕੇ ਦੂਜੀ ਥਾਂ ਨੂੰ ਜਾਣ ਵਾਲਾ) ਤੋਂ, ਮੁਅਤਬਰ=ਮਅ+ਇਤਬਾਰ (ਭਰੋਸੇਯੋਗ ਵਿਅਕਤੀ) ਤੋਂ, ਮੁਹਤਰਮਾ=ਮਅ+ਇਹਤਰਾਮ (ਆਦਰਯੋਗ) ਤੋਂ, ਮੁਗਾਲਤਾ=ਮਅ+ਗਲਤੀ ਅਰਥਾਤ ਗ਼ਲਤੀ ਵਿਚ ਹੋਣਾ ਜਾਂ ਗਲਤੀ ਵਿਚ ਪਾਉਣਾ ਤੋਂ, ਮੁਜਰਮ=ਮਅ+ਜੁਰਮ, ਅਰਥਾਤ ਜੁਰਮ ਜਾਂ ਗੁਨਾਹ ਕਰਨ ਵਾਲਾ ਤੋਂ, ਮੁਜੱਸਮਾ=ਮਅ+ਜਿਸਮ ਅਰਥਾਤ ਕਿਸੇ ਜਿਸਮ (ਸਰੀਰ) ਦੀ ਸ਼ਕਲ ਦੇ ਘੜੇ ਹੋਏ ਬੁੱਤ ਜਾਂ ਮੂਰਤੀ ਤੋਂ, ਮੁਜ਼ਾਹਰਾ=ਮਅ+ਜ਼ਾਹਰ ਅਰਥਾਤ ਕਿਸੇ ਗੱਲ ਦਾ ਇਕੱਠੇ ਹੋ ਕੇ ਇਜ਼ਹਾਰ (ਪ੍ਰਗਟਾਵਾ) ਕਰਨਾ ਸ਼ਬਦਾਂ ਤੋਂ, 'ਮੁਜ਼ਾਰਾ' ਜਿਸ ਨੂੰ ਕਿ ਆਮ ਬੋਲ-ਚਾਲ ਦੀ ਭਾਸ਼ਾ ਵਿਚ 'ਮਜ਼ਾਰਾ' ਜਾਂ 'ਮਜਾਰਾ' ਹੀ ਆਖ ਦਿੱਤਾ ਜਾਂਦਾ ਹੈ, 'ਮਅ+ਜ਼ਰਅ' (ਜ਼ਰਾਇਤ/ਖੇਤੀਬਾੜੀ) ਸ਼ਬਦਾਂ ਤੋਂ ਬਣਿਆ ਹੈ ਜਿਸ ਦਾ ਭਾਵ ਹੈ: ਵਾਹੀ-ਜੋਤੀ ਕਰਨ ਵਾਲਾ/ਕਿਸੇ ਜ਼ਿਮੀਦਾਰ ਤੋਂ ਜ਼ਮੀਨ ਵਟਾਈ ਆਦਿ 'ਤੇ ਲੈ ਕੇ ਕਾਸ਼ਤ ਕਰਨ ਵਾਲਾ ਕਿਸਾਨ।

ਇਸ ਪ੍ਰਕਾਰ ਅਸੀਂ ਦੇਖਦੇ ਹਾਂ ਕਿ 'ਮਅ' ਅਗੇਤਰ ਵਾਲੇ ਸ਼ਬਦਾਂ ਨੂੰ ਸਮਝਣਾ ਕੋਈ ਔਖਾ ਨਹੀਂ ਹੈ। ਅਜਿਹੇ ਸ਼ਬਦਾਂ ਵਿਚੋਂ ਜੇਕਰ 'ਮਅ' ਅਗੇਤਰ ਨੂੰ ਸਬੰਧਤ ਸ਼ਬਦ ਤੋਂ ਅਲੱਗ ਕਰਕੇ ਬਾਕੀ ਸ਼ਬਦ ਦੇ ਅਰਥਾਂ 'ਤੇ ਵਿਚਾਰ ਕਰ ਲਿਆ ਜਾਵੇ ਅਤੇ ਫਿਰ ਉਸ ਸ਼ਬਦ ਵਿਚ 'ਮਅ' (ਇਸੇ ਦਾ 'ਮ' ਜਾਂ 'ਮੁਅ' ਰੂਪ ਵੀ) ਅਗੇਤਰ ਦੇ ਅਰਥਾਂ ਨੂੰ ਜੋੜ ਲਿਆ ਜਾਵੇ ਤਾਂ ਇਹੋ-ਜਿਹੇ ਔਖੇ ਜਾਪਦੇ ਸ਼ਬਦ ਵੀ ਅਸੀਂ ਸੌਖਿਆਂ ਹੀ ਸਮਝ ਸਕਦੇ ਹਾਂ।


---

*ਸੇਵਾ-ਮੁਕਤ ਪੰਜਾਬੀ ਅਧਿਆਪਕ।
ਮਹੱਲਾ ਹਰਿਗੋਬਿੰਦ ਨਗਰ।
ਗ਼ਲੀ ਨੰ: 5, ਕੁਲਾਮ ਰੋਡ,
ਸ਼ਹੀਦ ਭਗਤ ਸਿੰਘ ਨਗਰ-144514

ਕਹਾਣੀ

# ਕਾਲਾ ਬਾਪ, ਗੋਰਾ ਬਾਪ

***ਪੰਜਾਬੀ ਅਤੇ ਹਿੰਦੀ ਦੇ ਪ੍ਰਸਿੱਧ ਕਹਾਣੀਕਾਰ ਮਹੀਪ ਸਿੰਘ (15 ਅਗਸਤ 1930-24 ਨਵੰਬਰ 2015) ਦੀ ਕਹਾਣੀ 'ਕਾਲਾ ਬਾਪ, ਗੋਰਾ ਬਾਪ' ਅੰਦਰ ਤਵਾਰੀਖ ਦਾ ਪੂਰਾ ਦੌਰ ਪਰੋਇਆ ਹੋਇਆ ਹੈ। ਇਸ ਕਹਾਣੀ ਵਿਚ ਆਇਆ ਸਮਾਂ ਕਈ ਦਹਾਕੇ ਪਹਿਲਾਂ ਦਾ ਹੈ ਅਤੇ ਉਦੋਂ ਔਰਤ ਅੱਜ ਜਿੰਨੀ ਆਜ਼ਾਦ ਵੀ ਨਹੀਂ ਸੀ। ਜਮੀਲਾ ਨਾਂ ਦੀ ਪਾਤਰ ਦੇ ਸਮਾਜਕ ਅਤੇ ਆਰਥਿਕ ਹਾਲਾਤ ਲੇਖਕ ਨੇ ਬਹੁਤ ਸੂਖਮ ਢੰਗ ਨਾਲ ਬਿਆਨ ਕੀਤੇ ਹਨ। ਇਸ ਕਥਾ ਵਿਚ ਅਗਾਂਹ ਵੱਲ ਸਰਕ ਰਹੇ ਵਕਤ ਦੇ ਝਲਕਾਰੇ ਪੈਂਦੇ ਹਨ। -ਸੰਪਾਦਕ***



ਮਹੀਪ ਸਿੰਘ

ਜਮੀਲਾ ਨੇ ਖ਼ਤ ਦੀਆਂ ਚਾਰ ਲਾਈਨਾਂ ਪੜ੍ਹੀਆਂ ਤੇ ਉਸ ਦੇ ਮੂੰਹੋਂ ਅਚਨਚੇਤ ਨਿਕਲ ਗਿਆ, "ਵਾਹ!" ਫਿਰ ਬੇਰੁਖੀ ਤੇ ਲਾਪਰਵਾਹੀ ਭਰੀ ਮੁਸਕਰਾਹਟ ਉਸ ਦੇ ਚਿਹਰੇ ਉਤੇ ਬਿਖਰ ਗਈ ਤੇ ਉਹ ਖ਼ਤ ਪੜ੍ਹਦੀ ਰਹੀ। ਪੜ੍ਹਨ ਤੋਂ ਬਾਅਦ ਕੁਝ ਦੇਰ ਬੈਠੀ ਉਹ ਸੋਚਦੀ ਰਹੀ। ਫਿਰ ਕਲਮ-ਦੁਆਤ ਚੁੱਕ ਉਸ ਦਾ ਜੁਆਬ ਲਿਖਣ ਬੈਠ ਗਈ:

ਸਮਝ ਨਹੀਂ ਆ ਰਹੀ ਕਿ ਤੁਹਾਡੇ ਲਈ ਕੀ ਲਿਖ ਕੇ ਖ਼ਤ ਨੂੰ ਸ਼ੁਰੂ ਕਰਾਂ। ਤੁਸਾਂ 'ਮੇਰੀ ਜਮੀਲਾ' ਲਿਖਿਆ ਹੈ। ਇਕ ਜ਼ਮਾਨਾ ਸੀ ਜਦੋਂ ਤੁਸੀਂ 'ਮੇਰੀ ਜਮੀਲਾ' ਲਿਖਦੇ ਸਓ ਤੇ ਮੈਂ ਜਵਾਬ ਵਿਚ 'ਮੇਰੇ ਸਿਰਤਾਜ' ਲਿਖਦੀ ਸਾਂ, ਪਰ ਅੱਜ 'ਮੇਰੀ ਜਮੀਲਾ' ਲਿਖਣ ਦਾ ਹੱਕ ਨਾ ਤੁਹਾਡੇ ਕੋਲ ਹੈ ਤੇ ਨਾ 'ਮੇਰੇ ਸਿਰਤਾਜ' ਲਿਖਣ ਦਾ ਹੱਕ ਮੇਰੇ ਕੋਲ।

ਖ਼ੈਰ! ਮੈਂ ਬਿਨਾਂ ਕਿਸੇ ਲਕਬ ਦੇ ਇਹ ਖ਼ਤ ਲਿਖ ਰਹੀ ਹਾਂ। ਸੱਚਮੁੱਚ ਤੁਹਾਡਾ ਖ਼ਤ ਮਿਲਣ 'ਤੇ ਮੈਂ ਹੈਰਾਨ ਰਹਿ ਗਈ। ਇੰਨੇ ਲੰਬੇ ਅਰਸੇ, ਦਸਾਂ ਸਾਲਾਂ ਬਾਅਦ, ਤੁਹਾਨੂੰ ਮੇਰੇ ਤੇ ਆਪਣੀਆਂ ਬੱਚੀਆਂ ਦੀ ਯਾਦ ਕਿਸ ਤਰ੍ਹਾਂ ਆ ਗਈ?

ਲਗਦਾ ਹੈ ਕਿ ਸਕੀਨਾ ਬੀਬੀ ਤੋਂ ਵੀ ਤੁਹਾਡਾ ਦਿਲ ਭਰ ਗਿਆ ਹੈ, ਪਰ ਤੁਹਾਨੂੰ ਕਾਹਦਾ ਫਿਕਰ ਹੈ। ਹੁਣ ਤੀਸਰੀ ਬੀਵੀ ਲੈ ਆਓ। ਆਖਰ ਮਰਦ ਹੋ ਨਾ, ਤਿੰਨ-ਚਾਰ ਬੀਵੀਆਂ ਰੱਖੇ ਬਿਨਾਂ ਤੁਹਾਡੀ ਮਰਦਾਨਗੀ ਦਾ ਸਬੂਤ ਕਿਸ ਤਰ੍ਹਾਂ ਮਿਲੇਗਾ?

ਤੁਸਾਂ ਲਿਖਿਆ ਹੈ ਕਿ ਇਕ ਵਾਰ ਮੈਨੂੰ ਮਿਲਣਾ ਚਾਹੁੰਦੇ ਹੋ, ਆਪਣੀਆਂ ਧੀਆਂ ਨੂੰ ਵੇਖਣਾ ਚਾਹੁੰਦੇ ਹੋ। ਮੈਨੂੰ ਇਹਦੇ ਵਿਚ ਇਤਰਾਜ਼ ਤਾਂ ਕੋਈ ਨਹੀਂ, ਪਰ ਮੈਂ ਸਮਝਦੀ ਹਾਂ, ਸਾਨੂੰ ਮਿਲ ਕੇ ਤੁਹਾਨੂੰ ਕੋਈ ਖ਼ਾਸ ਖ਼ੁਸ਼ੀ ਨਹੀਂ ਹੋਵੇਗੀ। ਅੱਜ ਤੋਂ ਦਸ ਸਾਲ ਪਹਿਲਾਂ ਜਿਸ ਹਾਲਤ ਵਿਚ ਤੁਸੀਂ ਸਾਨੂੰ ਦਿੱਲੀ ਵਿਚ ਬੇਸਹਾਰਾ ਛੱਡ ਕੇ ਸਕੀਨਾ ਨਾਲ ਐਸ਼ ਦੀ ਜ਼ਿੰਦਗੀ ਬਿਤਾਉਣ ਗਵਾਲੀਅਰ ਚਲੇ ਗਏ ਸਓ; ਅੱਜ ਸਾਡੀ ਹਾਲਤ ਉਸ ਨਾਲੋਂ ਬਹੁਤ ਚੰਗੀ ਹੈ। ਤੁਹਾਡੀ ਸ਼ੀਰੀਂ ਹੁਣ ਸੋਲਾਂ ਸਾਲਾਂ ਦੀ ਖ਼ੂਬਸੂਰਤ ਲੜਕੀ ਹੈ। ਉਹ ਫਿਲਮਾਂ ਵਿਚ ਕੰਮ ਕਰਦੀ ਹੈ, ਨੱਚਦੀ ਹੈ, ਗਾਉਂਦੀ ਹੈ, ਤੇ ਪਰਦਾ ਤਾਂ ਬਿਲਕੁਲ ਨਹੀਂ ਕਰਦੀ। ਤੁਸੀਂ ਉਸ ਦਾ ਇਹ ਰੂਪ ਵੇਖ ਕੇ ਘਬਰਾ ਜਾਓਗੇ। ਉਸ ਨੂੰ ਮਿਲਣ ਲਈ ਘਰ ਵਿਚ ਪਤਾ ਨਹੀਂ ਕਿੰਨੇ ਹੀ ਮਰਦ ਰੋਜ਼ ਆਉਂਦੇ ਨੇ। ਤਰ੍ਹਾਂ ਤਰ੍ਹਾਂ ਦੇ ਪ੍ਰੋਡਿਊਸਰ ਆਪਣੀ ਫਿਲਮ ਵਿਚ ਕੰਮ ਦੇਣ ਤੋਂ ਪਹਿਲਾਂ ਕਈ ਢੰਗਾਂ ਨਾਲ ਉਸ ਦੇ ਸਰੀਰ ਦੀਆਂ ਗੋਲਾਈਆਂ ਨਾਪਦੇ ਹਨ। ਤੇ ਅਖ਼ਬਾਰਨਵੀਸ ਹਰ ਢੰਗ ਦੀਆਂ ਫੋਟੋਆਂ ਲਾਹੁੰਦੇ ਨੇ, ਕਿਉਂਕਿ ਫਿਲਮ ਸਟਾਰ ਦੀ ਪਬਲਿਸਿਟੀ ਲਈ ਇਹ ਸਭ ਬਹੁਤ ਜ਼ਰੂਰੀ ਹੈ। ਕੀ ਤੁਸੀਂ ਇਹ ਸਭ ਕੁਝ ਸਹਿ ਸਕੋਗੇ?

**ਮੈਨੂੰ ਵੇਖ ਕੇ ਤਾਂ ਤੁਸੀਂ ਪਛਾਣ ਵੀ ਨਹੀਂ ਸਕੋਗੇ। ਤੁਹਾਡੀ ਜਮੀਲਾ ਤਾਂ ਪਰਾਏ ਮਰਦ ਦੀ ਛਾਇਆ ਵੀ ਨਹੀਂ ਸੀ ਵੇਖਦੀ। ਬੁਰਕੇ ਤੋਂ ਬਗੈਰ ਘਰੋਂ ਪੈਰ ਨਹੀਂ ਸੀ ਰੱਖਦੀ। ਤੇ ਮੂੰਹ ਵਿਚ ਜ਼ਬਾਨ ਹੈ, ਇਹ ਤਾਂ ਤੁਸੀਂ ਵੀ ਨਹੀਂ ਸੀ ਜਾਣਦੇ, ਪਰ ਅੱਜ ਉਹ ਇਸ ਤਰ੍ਹਾਂ ਸ਼ਿੰਗਾਰ ਕਰਦੀ ਹੈ ਕਿ ਉਸ ਦੀ ਢਲਦੀ ਉਮਰ ਵੀ ਧੋਖਾ ਖਾ ਜਾਂਦੀ ਹੈ। ਸ਼ੀਰੀਂ ਦੇ ਨਾਲ ਸਟੂਡੀਓ ਜਾਂਦੀ ਹੈ। ਪਰਦਾ ਉਸ ਲਈ ਗੁਜ਼ਰੇ ਜ਼ਮਾਨੇ ਦੀ ਗੱਲ ਹੈ। ਤੁਸੀਂ ਸ਼ਾਇਦ ਇਹ ਨਹੀਂ ਜਾਣਦੇ ਕਿ ਫਿਲਮ ਲਾਈਨ ਵਿਚ ਬੜੇ-ਬੜੇ ਚਲਾਕ ਆਦਮੀ ਹਨ, ਪਰ ਤੁਹਾਡੀ ਬੇਜ਼ਬਾਨ ਜਮੀਲਾ ਹੁਣ ਵੱਡੇ-ਵੱਡੇ ਚਲਾਕ ਪ੍ਰੋਡੀਊਸਰਾਂ ਦੇ ਵੀ ਕੰਨ ਕੱਟ ਲੈਂਦੀ ਹੈ।**

ਤੇ ਹਾਂ, ਸ਼ੀਰੀਂ ਦਾ ਫਿਲਮੀ ਨਾਂ ਏ ਕਾਮਨੀ ਬੋਸ। ਇਹ ਤਾਂ ਤੁਸੀਂ ਜਾਣਦੇ ਹੀ ਹੋਵੋਗੇ, ਫਿਲਮਾਂ ਵਿਚ ਹਿੰਦੂ ਨਾਂ ਰੱਖਣ ਦਾ ਰਿਵਾਜ ਹੈ। ਤੇ ਹੁਣ ਤਾਂ ਨਾਂ ਦੇ ਨਾਲ ਹਿੰਦੂ ਜਾਤ ਵੀ ਲਾਈ ਜਾਂਦੀ ਹੈ।

ਤੇ ਸ਼ਹਿਨਾਜ਼, ਜਿਸ ਨੂੰ ਤੁਸੀਂ ਦੁੱਧ ਮੂੰਹੀਂ ਛੱਡ ਗਏ ਸਓ, ਹੁਣ ਗਿਆਰਾਂ ਸਾਲਾਂ ਦੀ ਹੋ ਗਈ ਹੈ। ਸਕੂਲ ਵਿਚ ਪੜ੍ਹਦੀ ਵੀ ਹੈ ਤੇ ਸਰਜੂ ਮਹਾਰਾਜ ਤੋਂ ਡਾਂਸ ਵੀ ਸਿੱਖਦੀ ਹੈ। ਗੱਲਾਂ ਕਰਨ ਵਿਚ ਸਭ ਨੂੰ ਮਾਤ ਪਾ ਦਿੰਦੀ ਹੈ। ਦੋ-ਚਾਰ ਫਿਲਮਾਂ ਵਿਚ ਛੋਟੇ-ਮੋਟੇ ਕੰਮ ਵੀ ਕਰ ਚੁੱਕੀ ਹੈ। ਲੋਕਾਂ ਦਾ ਕਹਿਣਾ ਹੈ ਕਿ ਇਹ ਚਮਕਦਾ ਸਿਤਾਰਾ ਬਣੇਗੀ।

ਹਾਂ, ਤੇ ਰਹੀ ਮੇਰੀ ਗੱਲ। ਮੈਨੂੰ ਵੇਖ ਕੇ ਤਾਂ ਤੁਸੀਂ ਪਛਾਣ ਵੀ ਨਹੀਂ ਸਕੋਗੇ। ਤੁਹਾਡੀ ਜਮੀਲਾ ਤਾਂ ਪਰਾਏ ਮਰਦ ਦੀ ਛਾਇਆ ਵੀ ਨਹੀਂ ਸੀ ਵੇਖਦੀ। ਬੁਰਕੇ ਤੋਂ ਬਗੈਰ ਘਰੋਂ ਬਾਹਰ ਪੈਰ ਨਹੀਂ ਸੀ ਰੱਖਦੀ। ਤੇ ਮੂੰਹ ਵਿਚ ਜ਼ਬਾਨ ਹੈ, ਇਹ ਤਾਂ ਤੁਸੀਂ ਵੀ ਨਹੀਂ ਸੀ ਜਾਣਦੇ, ਪਰ ਅੱਜ ਉਹ ਇਸ ਤਰ੍ਹਾਂ ਸ਼ਿੰਗਾਰ ਕਰਦੀ ਹੈ ਕਿ ਉਸ ਦੀ ਢਲਦੀ ਉਮਰ ਦੇ ਬਾਵਜੂਦ ਲੋਕ ਧੋਖਾ ਖਾ ਜਾਂਦੇ ਹਨ। ਸ਼ੀਰੀਂ ਨਾਲ ਸਟੂਡੀਓ ਜਾਂਦੀ ਹੈ। ਪਰਦਾ ਉਸ ਲਈ ਗੁਜ਼ਰੇ ਜ਼ਮਾਨੇ ਦੀ ਗੱਲ ਹੈ। ਤੁਸੀਂ ਸ਼ਾਇਦ ਨਹੀਂ ਜਾਣਦੇ ਕਿ ਫਿਲਮ ਲਾਈਨ ਵਿਚ ਬੜੇ ਬੜੇ ਚਲਾਕ ਆਦਮੀ ਹਨ, ਪਰ ਤੁਹਾਡੀ ਬੇਜ਼ਬਾਨ ਜਮੀਲਾ ਹੁਣ ਵੱਡੇ ਵੱਡੇ ਚਲਾਕ ਪ੍ਰੋਡੀਊਸਰਾਂ ਦੇ ਵੀ ਕੰਨ ਕੱਟ ਲੈਂਦੀ ਹੈ।

ਤੇ ਅਖੀਰ ਵਿਚ ਤੁਹਾਨੂੰ ਦੱਸਦੀ ਹਾਂ, ਅਨਵਰ ਬਾਰੇ। ਮਾਸੂਮ ਜਮੀਲਾ ਨੂੰ ਜਦੋਂ ਤੁਸੀਂ ਦੁਨੀਆਂ ਦੀਆਂ ਠੋਕਰਾਂ ਖਾਣ ਲਈ ਛੱਡ ਗਏ ਤਾਂ ਇਹੀ ਅਨਵਰ ਉਸ ਦਾ ਸਹਾਰਾ ਬਣਿਆ। ਉਹ ਗੋਰਾ ਸੁਨੱਖਾ ਨੌਜਵਾਨ ਸੀ, ਪਰ ਜ਼ਿੰਦਗੀ ਤੋਂ ਨਾਉਮੀਦ। ਕਈ ਸਾਲਾਂ ਤੋਂ ਉਹ ਬੰਬਈ (ਹੁਣ ਮੁੰਬਈ) ਦੀ ਫਿਲਮ ਲਾਈਨ ਵਿਚ ਆਪਣੀ ਕਿਸਮਤ ਅਜ਼ਮਾ ਰਿਹਾ ਸੀ, ਪਰ ਕਾਮਯਾਬੀ ਉਸ ਤੋਂ ਕਈ ਮੀਲ ਦੂਰ ਰਹੀ। ਉਨ੍ਹੀਂ ਦਿਨੀਂ ਉਹ ਕਿਸੇ ਕੰਮ ਦੇ ਸਿਲਸਿਲੇ ਵਿਚ ਦਿੱਲੀ ਆਇਆ। ਮੇਰੀ ਉਸ ਨਾਲ ਮੁਲਾਕਾਤ ਹੋ ਗਈ। ਮੇਰੀ ਹਾਲਤ ਦਾ ਪਤਾ ਲੱਗਾ ਤਾਂ ਉਸ ਮੇਰੇ ਅੱਗੇ ਵਿਆਹ ਦੀ ਤਜਵੀਜ਼ ਰੱਖੀ। ਉਸ ਵਕਤ ਮੈਨੂੰ ਹੈਰਾਨੀ ਹੋਈ ਸੀ ਕਿ ਇੰਨਾ ਖ਼ੂਬਸੂਰਤ ਨੌਜਵਾਨ ਭਲਾ ਮੇਰੇ ਵਰਗੀ ਬੇਸਹਾਰਾ, ਦੋ ਧੀਆਂ ਵਾਲੀ ਔਰਤ ਨਾਲ ਨਿਕਾਹ ਕਰਾਉਣ ਨੂੰ ਕਿਉਂ ਤਿਆਰ ਹੈ, ਪਰ ਹੌਲੀ-ਹੌਲੀ ਮੈਂ ਸਭ ਸਮਝ ਗਈ। ਹਿੰਦੁਸਤਾਨ ਵਿਚ ਲੋਕੀਂ ਲੜਕੀਆਂ ਨੂੰ ਮੁਸੀਬਤ ਸਮਝਦੇ ਹਨ। ਖ਼ਾਸ ਕਰ ਬਿਨਾਂ ਬਾਪ ਦੀਆਂ ਲੜਕੀਆਂ ਤਾਂ ਬਿਲਕੁਲ ਨਹੀਂ ਭਾਉਂਦੀਆਂ, ਪਰ ਅਨਵਰ ਦੀਆਂ ਅਨੁਭਵੀ ਨਿਗਾਹਾਂ ਜਾਣਦੀਆਂ ਸਨ ਕਿ ਫਿਲਮ ਲਾਈਨ ਵਿਚ ਇਹੋ ਬਦਨਸੀਬ ਲੜਕੀਆਂ ਸੋਨੇ ਦੇ ਆਂਡੇ ਦੇਣ ਵਾਲੀਆਂ ਕੁਕੜੀਆਂ ਵਿਚ ਬਦਲੀਆਂ ਜਾ ਸਕਦੀਆਂ ਹਨ। ਮੇਰੇ ਨਾਲ ਵਿਆਹ ਕਰਨ ਦੀ ਸ਼ਾਇਦ ਇਹੋ ਵਜ੍ਹਾ ਹੋਵੇ, ਤੇ ਮਕਸਦ ਵਿਚ ਉਹ ਕਾਮਯਾਬ ਵੀ ਹੋਇਆ ਹੈ। ਅੱਜ ਉਹ ਸ਼ੀਰੀਂ ਤੇ ਸ਼ਹਿਨਾਜ਼ ਜਿਹੀਆਂ ਲੜਕੀਆਂ ਦਾ ਬਾਪ ਹੈ ਜੋ ਸੈਂਕੜੇ ਰੁਪਏ ਕਮਾਉਂਦੀਆਂ ਹਨ, ਕੱਲ੍ਹ ਹਜ਼ਾਰਾਂ ਕਮਾਉਣਗੀਆਂ ਤੇ ਖ਼ੁਦਾ ਨੇ ਚਾਹਿਆ ਤਾਂ ਉਨ੍ਹਾਂ ਦਾ ਪੈਰ ਲੱਖਾਂ ਵਿਚ ਵੀ ਪਵੇਗਾ।

ਇੰਨਾ ਮੈਂ ਜ਼ਰੂਰ ਕਹਾਂਗੀ ਕਿ ਅਨਵਰ ਨੇ ਭਾਵੇਂ ਕਿਸੇ ਖ਼ੁਦਗਰਜ਼ੀ ਕਾਰਨ ਸ਼ਾਦੀ ਕੀਤੀ ਹੋਵੇ, ਪਰ ਨਿਰਾ ਖ਼ੁਦਗਰਜ਼ ਨਹੀਂ ਰਿਹਾ। ਸ਼ੀਰੀਂ ਤੇ ਸ਼ਹਿਨਾਜ਼ ਨੂੰ ਧੀਆਂ ਵਾਂਗ ਹੀ ਪਿਆਰ ਕਰਦਾ ਹੈ ਤੇ ਦੋਵੇਂ ਲੜਕੀਆਂ ਉਹਨੂੰ ਹੀ ਬਾਪ ਸਮਝਦੀਆਂ ਹਨ। ਮੈਂ ਤਾਂ ਉਸ ਦੇ ਇਕ ਪੁੱਤਰ ਦੀ ਮਾਂ ਵੀ ਹਾਂ। ਅਨੀਸ ਪੰਜ ਸਾਲ ਦਾ ਹੋਣ ਵਾਲਾ ਹੈ।

ਇਹ ਸਭ ਕੁਝ ਜਾਣ ਕੇ ਵੀ ਕੀ ਤੁਸੀਂ ਇਥੇ ਆਉਣਾ ਚਾਹੋਗੇ? ਪਰ ਜੇ ਆਉਣਾ ਚਾਹੋ ਤਾਂ ਮੈਨੂੰ ਕੋਈ ਇਤਰਾਜ਼ ਨਹੀਂ। ਇਕ ਗੱਲ ਤੁਹਾਨੂੰ ਜ਼ਰੂਰ ਦੱਸ ਦਿਆਂ, ਤੁਹਾਡੀਆਂ ਧੀਆਂ ਅੱਗੇ ਮੈਂ ਇਹ ਨਹੀਂ ਜ਼ਾਹਿਰ ਹੋਣ ਦਿਆਂਗੀ ਕਿ ਤੁਸੀਂ ਉਨ੍ਹਾਂ ਦੇ ਬਾਪ ਹੋ।

ਹੋਰ ਕੀ ਲਿਖਾਂ?

ਕਿਸੇ ਜ਼ਮਾਨੇ ਦੀ ਤੁਹਾਡੀ,

ਜਮੀਲਾ।

ਖ਼ਤ ਲਿਖ ਕੇ ਜਮੀਲਾ ਬੇਫਿਕਰ ਹੋ ਗਈ। ਇਹੋ ਜਿਹਾ ਖ਼ਤ ਪੜ੍ਹ ਕੇ ਵੀ ਯੂਨਸ ਉਹਨੂੰ ਤੇ ਉਸ ਦੀਆਂ ਲੜਕੀਆਂ ਨੂੰ ਮਿਲਣ ਆ ਸਕਦਾ ਹੈ, ਇਸ ਗੱਲ ਦੀ ਉਹਨੂੰ ਜ਼ਰਾ ਵੀ ਉਮੀਦ ਨਹੀਂ ਸੀ, ਪਰ ਉਸ ਦੀ ਹੈਰਾਨੀ ਦੀ ਕੋਈ ਹੱਦ ਨਾ ਰਹੀ ਜਦੋਂ ਹਫਤੇ ਬਾਅਦ ਵੇਖਿਆ ਕਿ ਦਸ ਸਾਲ ਪਹਿਲਾਂ ਦੇ ਯੂਨਸ ਦੀ ਹਲਕੀ-ਹਲਕੀ ਪਛਾਣ ਕਰਾਉਣ ਵਾਲਾ ਕਾਲਾ, ਬਿਮਾਰ ਤੇ ਬੁੱਢਾ ਜਿਹਾ ਆਦਮੀ ਉਸ ਦੇ ਦਰਵਾਜ਼ੇ ਉਤੇ ਖੜ੍ਹਾ ਸੀ। ਉਸ ਵਕਤ ਜਮੀਲਾ ਘਰ ਵਿਚ ਇਕੱਲੀ ਸੀ। ਅਨਵਰ ਸ਼ੀਰੀਂ ਨੂੰ ਲੈ ਕੇ ਸ਼ੂਟਿੰਗ ਲਈ ਗਿਆ ਹੋਇਆ ਸੀ ਅਤੇ ਸ਼ਹਿਨਾਜ਼ ਤੇ ਅਨੀਸ ਸਕੂਲ ਗਏ ਸਨ।

ਨਹਾ-ਧੋ ਕੇ ਯੂਨਸ ਬੈਠਕ ਵਿਚ ਆਇਆ। ਨਜ਼ਰਾਂ ਨੇ ਇਕ-ਇਕ ਚੀਜ਼ ਨੂੰ ਦੇਖਿਆ। ਸੋਫਾ ਸੈੱਟ, ਰੇਸ਼ਮੀ ਪਰਦੇ, ਰੇਡੀਓ, ਫੁੱਲਦਾਨ ਤੇ ਹੋਰ ਤਰ੍ਹਾਂ ਤਰ੍ਹਾਂ ਦੀਆਂ ਚੀਜ਼ਾਂ, ਜਿਹੜੀਆਂ ਵੱਡੇ ਲੋਕਾਂ ਦੀ ਦੁਨੀਆਂ ਦਾ ਅੰਗ ਸਮਝ ਕੇ ਕਦੀ ਆਪਣੀ ਕਲਪਨਾ ਵਿਚ ਵੀ ਉਸ ਨੇ ਦਾਖਲ ਨਹੀਂ ਸਨ ਹੋਣ ਦਿੱਤੀਆਂ।

ਫਿਰ ਉਹ ਉਠ ਕੇ ਕੰਧਾਂ ਉਤੇ ਲੱਗੀਆਂ ਤਸਵੀਰਾਂ ਵੇਖਣ ਲੱਗਾ। ਇਕ ਬਹੁਤ ਹੀ ਸੋਹਣੀ ਲੜਕੀ ਦੀਆਂ ਤਸਵੀਰਾਂ ਲੱਗੀਆਂ ਹੋਈਆਂ ਸਨ। ਇਕ ਤਸਵੀਰ ਵਿਚ ਉਸ ਨੇ ਵਾਲਾਂ ਨੂੰ ਕਾਲੀ ਘਟਾ ਦੇ ਰੂਪ ਵਿਚ ਬਿਖਰਾਇਆ ਹੋਇਆ ਸੀ ਤੇ ਉਸ ਵਿਚੋਂ ਲੜਕੀ ਦਾ ਚਿਹਰਾ ਸੱਚਮੁੱਚ ਚੰਨ ਵਰਗਾ ਲਗਦਾ ਸੀ। ਦੂਜੀ ਤਸਵੀਰ ਵਿਚ ਉਹ ਕੱਸੀ ਹੋਈ ਪੈਂਟ ਤੇ ਅੱਧੀਆਂ ਬਾਂਹਾਂ ਵਾਲੀ ਕਮੀਜ਼ ਪਾਈ ਹੱਸਦੀ ਹੋਈ ਕਿਸੇ ਅੰਗਰੇਜ਼ੀ ਡਾਂਸ ਦਾ ਪੋਜ਼ ਬਣਾ ਰਹੀ ਸੀ। ਤਸਵੀਰ ਵਿਚ ਉਸ ਦਾ ਅੰਗ-ਅੰਗ ਉਭਰਿਆ ਹੋਇਆ ਨਜ਼ਰ ਆ ਰਿਹਾ ਸੀ। ਤੀਜੀ ਤਸਵੀਰ ਵਿਚ ਉਹ ਜ਼ਮੀਨ ਉਤੇ ਅਰਕਾਂ ਟਿਕਾ ਕੇ ਬੈਠੀ ਸੀ। ਵਾਲ ਖਿੱਲਰੇ ਹੋਏ ਸਨ, ਤੇ ਗਿੱਲੀਆਂ ਅੱਖਾਂ ਵਿਚੋਂ ਅੱਥਰੂ ਵਹਿ ਕੇ ਗੱਲ੍ਹਾਂ ਉਤੇ ਆ ਟਿਕੇ ਸਨ।

"ਜਾਣਦੇ ਹੋ ਇਹ ਕਿਸ ਦੀਆਂ ਤਸਵੀਰਾਂ ਨੇ?" ਪਿਛੋਂ ਦੀ ਜਮੀਲਾ ਮੇਜ਼ ਉਤੇ ਚਾਹ ਰੱਖਦੀ ਹੋਈ ਪੁੱਛਣ ਲੱਗੀ।

ਯੂਨਸ ਨੇ ਉਸ ਵੱਲ ਦੇਖਿਆ ਤੇ ਚੁੱਪ ਰਿਹਾ। ਸ਼ਾਇਦ ਉਸ ਨੇ ਆਪਣੀ ਖ਼ਾਮੋਸ਼ੀ ਤੋਂ ਇਹ ਜਤਾਇਆ ਕਿ ਇਹ ਤਸਵੀਰਾਂ ਕਿਸ ਦੀਆਂ ਹਨ, ਇਹ ਜਾਣ ਕੇ ਉਹਨੂੰ ਵੱਧ ਹੈਰਾਨੀ ਨਹੀਂ ਹੋਵੇਗੀ।

"ਪਛਾਣ ਸਕਦੇ ਹੋ ਆਪਣੀ ਸ਼ੀਰੀਂ ਨੂੰ?" ਜਮੀਲਾ ਨੇ ਫਿਰ ਪੁੱਛਿਆ।

ਤੇ ਯੂਨਸ ਫਿਰ ਚੁੱਪ ਰਿਹਾ ਜਿਸ ਤਰ੍ਹਾਂ ਉਹਨੇ ਕਿਹਾ ਹੋਵੇ, 'ਇਹ ਉਸ ਦੀ ਕਲਪਨਾ ਤੋਂ ਪਰ੍ਹੇ ਦੀ ਗੱਲ ਨਹੀਂ।' ਉਸ ਨੇ ਇਕ ਨਜ਼ਰ ਫਿਰ ਉਨ੍ਹਾਂ ਤਸਵੀਰਾਂ 'ਤੇ ਮਾਰੀ ਤੇ ਚਾਹ ਪੀਣ ਲੱਗਾ।

ਸ਼ਾਮ ਨੂੰ ਸ਼ਹਿਨਾਜ਼ ਸਕੂਲੋਂ ਆਈ ਤਾਂ ਯੂਨਸ ਸੋਫੇ ਉਤੇ ਲੱਤਾਂ ਫੈਲਾ ਕੇ ਬੀੜੀ ਪੀ ਰਿਹਾ ਸੀ। ਉਹ ਉਹਨੂੰ ਘੂਰਦੀ ਹੋਈ ਮਾਂ ਦੇ ਕਮਰੇ ਵਿਚ ਚਲੀ ਗਈ ਅਤੇ ਕਹਿਣ ਲੱਗੀ, "ਅੰਮੀ, ਇਹ ਬੁੱਢਾ ਕੌਣ ਏ? ਬੀੜੀ ਦੀ ਸਵਾਹ ਨਾਲ ਸਾਰਾ ਫਰਸ਼ ਖਰਾਬ ਕਰ ਰਿਹਾ ਹੈ।"

ਜਮੀਲਾ ਨੇ ਸ਼ਹਿਨਾਜ਼ ਵੱਲ ਅੱਖਾਂ ਚੁੱਕ ਕੇ ਵੇਖਿਆ। ਕਹਿਣ ਲੱਗੀ, "ਸਾਡੇ ਮਹਿਮਾਨ ਨੇ ਬੇਟਾ। ਜਾਹ ਦੇਖ, ਐਸ਼ ਟਰੇ ਕਿਧਰੇ ਇਧਰ ਉਧਰ ਰੱਖੀ ਹੋਵੇਗੀ। ਲੱਭ ਕੇ ਉਨ੍ਹਾਂ ਕੋਲ ਰੱਖ ਆ।"

ਸ਼ਹਿਨਾਜ਼ ਨੇ ਟਰੇ ਯੂਨਸ ਦੇ ਸਾਹਮਣੇ ਰੱਖ ਦਿੱਤੀ ਤੇ ਬਿਨਾਂ ਕੁਝ ਆਖੇ ਘੂਰਦੀ ਹੋਈ ਵਾਪਸ ਆ ਗਈ। ਯੂਨਸ ਲਲਚਾਈਆਂ ਨਜ਼ਰਾਂ ਨਾਲ ਉਹਨੂੰ ਵੇਖਦਾ ਰਿਹਾ।

ਫਿਰ ਸ਼ੀਰੀਂ ਤੇ ਅਨਵਰ ਆਏ। ਯੂਨਸ ਨੇ ਵੇਖਿਆ, ਇਹ ਉਹ ਲੜਕੀ ਹੈ ਜਿਹਦੀਆਂ ਇੰਨੀਆਂ ਤਸਵੀਰਾਂ ਕਮਰੇ ਵਿਚ ਲੱਗੀਆਂ ਹੋਈਆਂ ਹਨ। ਫਿਰ ਉਸ ਦੀਆਂ ਅੱਖਾਂ ਅੱਗੇ ਪੰਜ-ਛੇ ਸਾਲ ਦੀ ਸ਼ੀਰੀਂ ਘੁੰਮਣ ਲੱਗੀ ਜੋ ਗੰਦੀ ਜਿਹੀ ਫਰਾਕ ਪਾਈ 'ਅੱਬਾ' ਕਹਿ ਕੇ ਉਹਦੀਆਂ ਲੱਤਾਂ ਨਾਲ ਚੰਬੜ ਜਾਂਦੀ ਸੀ, ਕੀ ਇਹ ਉਹੀ ਸ਼ੀਰੀਂ ਹੈ? ਉਸ ਦੀ ਲੜਕੀ ਸ਼ੀਰੀਂ? ਉਹ ਉਹਦੇ ਤੋਂ ਕੁਝ ਗਜ਼ ਦੇ ਫਾਸਲੇ ਉਤੇ ਖੜ੍ਹੀ ਸੀ, ਪਰ ਯੂਨਸ ਨੂੰ ਲੱਗਾ ਕਿ ਇਹ ਫਾਸਲਾ ਕੁਝ ਗਜ਼ ਦਾ ਨਹੀਂ ਹੈ, ਇਹ ਤਾਂ ਸਿਰਫ ਫਾਸਲਾ ਹੈ- ਇਹੋ ਜਿਹਾ ਫਾਸਲਾ ਜਿਸ ਨੂੰ ਮਾਪਣ ਲਈ ਗਜ਼, ਮੀਲ ਕੁਝ ਨਹੀਂ ਬਣੇ।

ਜਮੀਲਾ ਨੇ ਸਭ ਨੂੰ ਕਹਿ ਦਿੱਤਾ ਕਿ ਉਸ ਦਾ ਦੂਰ ਦਾ ਰਿਸ਼ਤੇਦਾਰ ਹੈ ਤੇ ਗਵਾਲੀਅਰ ਤੋਂ ਆਇਆ ਹੈ। ਰਾਤ ਨੂੰ ਖਾਣੇ ਵੇਲੇ ਖ਼ੂਬ ਹਾਸਾ-ਮਖੌਲ ਹੋਇਆ। ਸਟੂਡੀਓ, ਸ਼ੂਟਿੰਗ ਦੀਆਂ ਗੱਲਾਂ, ਪ੍ਰੋਡਿਊਸਰ ਦੀਆਂ ਗੱਲਾਂ, ਇੰਨੀਆਂ ਗੱਲਾਂ ਕਿ ਸਾਰਾ ਆਲਾ-ਦੁਆਲਾ ਗੱਲਾਂ ਦੇ ਪਾਣੀ ਨਾਲ ਭਰ ਗਿਆ, ਜਿਸ ਵਿਚ ਅਨਵਰ ਤੇ ਜਮੀਲਾ, ਸ਼ੀਰੀਂ ਤੇ ਸ਼ਹਿਨਾਜ਼ ਛੋਟੀਆਂ-ਛੋਟੀਆਂ ਡੋਂਗੀਆਂ (ਛੋਟੀ ਕਿਸ਼ਤੀ) ਵਾਂਗ ਤਰਨ ਲੱਗੇ, ਹਿਲੋਰੇ ਖਾਣ ਲੱਗੇ। ਤੇ ਯੂਨਸ ਉਸ ਪਾਣੀ 'ਚ ਭਾਰੇ ਪੱਥਰ ਵਾਂਗ ਡੁੱਬ ਗਿਆ। ਕਿਸੇ ਨੂੰ ਪਤਾ ਹੀ ਨਾ ਲੱਗਾ ਕਿ ਇਨ੍ਹਾਂ ਥਿਰਕਦੀਆਂ ਬੇੜੀਆਂ ਥੱਲੇ ਕੋਈ ਪੱਥਰ ਵੀ ਹੈ।

ਰਾਤ ਨੂੰ ਜਮੀਲਾ ਨੇ ਉਸ ਦੇ ਸੌਣ ਦਾ ਬੈਠਕ ਵਿਚ ਹੀ ਪ੍ਰਬੰਧ ਕਰ ਦਿੱਤਾ। ਸ਼ੀਰੀਂ ਤੇ ਸ਼ਹਿਨਾਜ਼ ਆਪਣੇ ਕਮਰੇ ਵਿਚ ਚਲੀਆਂ ਗਈਆਂ। ਅਨਵਰ, ਜਮੀਲਾ ਤੇ ਅਨੀਸ ਆਪਣੇ ਕਮਰੇ ਵਿਚ ਸੌਂ ਗਏ ਤੇ ਯੂਨਸ ਬੈਠਕ ਵਿਚ ਲੇਟਿਆ ਸ਼ੀਰੀਂ ਦੀਆਂ ਤਸਵੀਰਾਂ ਵੇਖਦਾ ਰਿਹਾ। ਉਹ ਸੋਚਦਾ ਰਿਹਾ, ਕਿੰਨੀ ਖ਼ੂਬਸੂਰਤ ਹੈ ਸ਼ੀਰੀਂ, ਕਿੰਨੀ ਪਿਆਰੀ ਲਗਦੀ ਹੈ ਸ਼ਹਿਨਾਜ਼, ਪਰ ਇਹ ਉਸ ਦੀਆਂ ਧੀਆਂ ਨਹੀਂ। ਉਸ ਦੀ ਇਕ ਧੀ ਸੀ, ਗੰਦੇ ਫਰਾਕ ਵਾਲੀ, ਸਾਂਵਲੀ ਜਿਹੀ, ਜਿਹਦੇ ਹੱਥ ਹਮੇਸ਼ਾ ਮਿੱਟੀ ਨਾਲ ਭਰੇ ਰਹਿੰਦੇ ਸਨ ਤੇ ਜੋ ਉਹਨੂੰ ਵੇਖਦੇ ਹੀ 'ਅੱਬਾ' ਕਹਿ ਕੇ ਉਹਦੇ ਨਾਲ ਚੰਬੜ ਜਾਂਦੀ ਸੀ। ਉਸ ਦੀ ਸ਼ਹਿਨਾਜ਼ ਟੁੱਟੇ ਹੋਏ ਪੰਘੂੜੇ ਵਿਚ ਪਈ ਰਹਿੰਦੀ ਸੀ। ਇਹ ਫੁੱਲਾਂ ਵਾਂਗ ਖਿੜੀਆਂ ਕੁੜੀਆਂ ਦਾ ਬਾਪ ਉਹ ਨਹੀਂ ਹੋ ਸਕਦਾ। ਇਨ੍ਹਾਂ ਦਾ ਬਾਪ ਤਾਂ ਅਨਵਰ ਹੀ ਹੈ, ਉਹ ਗੋਰਾ ਸਿਹਤਮੰਦ ਤੇ ਰਈਸ ਲੱਗਣ ਵਾਲਾ ਅਨਵਰ।

ਸ਼ੀਰੀਂ ਤੇ ਸ਼ਹਿਨਾਜ਼ ਨੇ ਉਸ ਨਾਲ ਇਕ ਗੱਲ ਵੀ ਨਹੀਂ ਕੀਤੀ। ਯੂਨਸ ਨੇ ਕਈ ਵਾਰੀ ਉਨ੍ਹਾਂ ਨਾਲ ਬੋਲਣਾ ਚਾਹਿਆ, ਕੋਈ ਗੱਲ ਕਰਨੀ ਚਾਹੀ, ਪਰ ਉਹ ਤਿਲਕਣੀਆਂ ਮੱਛੀਆਂ ਵਾਂਗ ਹੱਥਾਂ ਵਿਚੋਂ ਫਿਸਲਦੀਆਂ ਰਹੀਆਂ। ਤੇ ਯੂਨਸ ਉਨ੍ਹਾਂ ਨੂੰ ਹੱਥੋਂ ਛੁੱਟੇ ਹੋਏ ਗੈਸ ਦੇ ਗੁਬਾਰੇ ਵਾਂਗ ਵੇਖਦਾ ਰਿਹਾ। ਦਸ ਸਾਲ ਪਹਿਲੋਂ ਉਸ ਦੇ ਛੋਟੇ ਜਿਹੇ ਘਰ ਵਿਚ ਇਹੀ ਜਮੀਲਾ, ਇਹੀ ਸ਼ੀਰੀਂ ਅਤੇ ਇਹੀ ਸ਼ਹਿਨਾਜ਼ ਸਨ, ਪਰ ਘਰ ਦੀ ਇਕ-ਇਕ ਚੀਜ਼, ਇਕ-ਇਕ ਗੱਲ, ਇਕ-ਇਕ ਸਾਹ ਤੱਕ ਉਹਦੇ ਨਾਲ ਬੰਨ੍ਹਿਆ ਹੋਇਆ ਸੀ। ਅੱਜ ਇਸ ਘਰ ਵਿਚ ਉਹ ਹੈ, ਜਮੀਲਾ ਹੈ, ਸ਼ੀਰੀਂ ਤੇ ਸ਼ਹਿਨਾਜ਼ ਹਨ, ਪਰ ਬੰਧਨਾਂ ਦਾ ਇਕ ਧਾਗਾ ਵੀ ਉਸ ਦੇ ਆਸੇ ਪਾਸੇ ਨਹੀਂ!

"ਅੰਮੀ, ਉਹ ਬੁੱਢਾ ਫਿਰ ਫਰਸ਼ ਖਰਾਬ ਕਰ ਰਿਹਾ ਹੈ।" ਸ਼ਹਿਨਾਜ਼ ਜਮੀਲਾ ਨੂੰ ਕਹਿਣ ਲੱਗੀ। "ਐਸ਼ ਟਰੇ ਕੋਲ ਪਈ ਏ, ਫਿਰ ਵੀ ਉਸ ਦੀ ਬੀੜੀ ਦੀ ਸਵਾਹ ਫਰਸ਼ ਉਤੇ ਡਿੱਗ ਰਹੀ ਏ।"

ਜਮੀਲਾ ਨੂੰ ਸ਼ਹਿਨਾਜ਼ ਦੀ ਗੱਲ ਚੁਭੀ, "ਬੇਟਾ! ਮਹਿਮਾਨ ਨੂੰ ਇਸ ਤਰ੍ਹਾਂ ਨਹੀਂ ਕਹੀਦਾ। ਕੋਈ ਗੱਲ ਨਹੀਂ, ਫਰਸ਼ ਸਾਫ ਹੋ ਜਾਏਗਾ।"

ਸ਼ੀਰੀਂ ਸਟੂਡੀਓ ਜਾਣ ਲਈ ਤਿਆਰ ਹੋ ਗਈ ਸੀ। ਬੈਠਕ ਵਿਚ ਆ ਕੇ ਅਲਮਾਰੀ ਵਿਚੋਂ ਉਸ ਨੇ ਚੂੜੀਆਂ ਦਾ ਡੱਬਾ ਕੱਢਿਆ ਤੇ ਆਪਣੀ ਸਾੜ੍ਹੀ ਨਾਲ ਮੈਚ ਕਰਦੀਆਂ ਚੂੜੀਆਂ ਛਾਂਟਣ ਲੱਗੀ। ਯੂਨਸ ਇਕ ਟੱਕ ਉਹਨੂੰ ਵੇਖਦਾ ਰਿਹਾ। ਉਸ ਦਾ ਦਿਲ ਕੀਤਾ, ਉਹ ਸ਼ੀਰੀਂ ਨੂੰ ਬੇਟੀ ਕਹਿ ਕੇ ਬੁਲਾਏ, ਉਹਨੂੰ ਆਪਣੇ ਕੋਲ ਬਿਠਾ ਲਵੇ, ਉਸ ਨਾਲ ਕੁਝ ਗੱਲਾਂ ਕਰੇ, ਪਰ ਉਹਨੂੰ ਲੱਗਾ, ਇਹ ਕੰਮ ਬਹੁਤ ਹੀ ਮੁਸ਼ਕਿਲ ਹੈ। ਉਨਾ ਹੀ ਮੁਸ਼ਕਿਲ ਜਿੰਨਾ ਕਿਸੇ ਮਾਮੂਲੀ ਜਿਹੇ ਸਿਪਾਹੀ ਦਾ ਕਿਸੇ ਸ਼ਹਿਜ਼ਾਦੀ ਨੂੰ ਬੁਲਾਉਣਾ। ਉਹ ਬੈਠਾ ਹਿੰਮਤ ਇਕੱਠੀ ਕਰਦਾ ਰਿਹਾ। ਇੰਨੇ ਨੂੰ ਸ਼ੀਰੀਂ ਚੂੜੀਆਂ ਪਾ ਕੇ ਮੁੜੀ। ਯੂਨਸ ਉਹਨੂੰ ਇਕ ਟਕ ਵੇਖ ਰਿਹਾ ਸੀ। ਸ਼ੀਰੀਂ ਦੀ ਨਜ਼ਰ ਉਸ ਦੀ ਨਜ਼ਰ ਨਾਲ ਮਿਲੀ। ਯੂਨਸ ਦੀਆਂ ਅੱਖਾਂ ਵਿਚ ਪਿਆਰ ਉਮਡ ਆਇਆ। ਸ਼ਾਇਦ ਉਸ ਪਿਆਰ ਦਾ ਕੁਝ ਅਹਿਸਾਸ ਸ਼ੀਰੀਂ ਨੂੰ ਵੀ ਹੋਇਆ ਤੇ ਉਹ ਮੁਸਕਰਾ ਪਈ।

ਸ਼ੀਰੀਂ ਦੀ ਮੁਸਕਰਾਹਟ ਯੂਨਸ ਦੀ ਨਸ-ਨਸ ਵਿਚ ਬਿਜਲੀ ਬਣ ਕੇ ਦੌੜ ਗਈ। ਇਹ ਦੁਰਲੱਭ ਸੁਗਾਤ ਪਾ ਕੇ ਉਹਦਾ ਦਿਲ ਤੇਜ਼ੀ ਨਾਲ ਧੜਕ ਪਿਆ। ਝੁਰੜੀਆਂ ਭਰੇ ਚਿਹਰੇ ਉਤੇ ਖ਼ੁਸ਼ੀ



ਦੀ ਲਹਿਰ ਦੌੜ ਗਈ। ਉਸ ਦੇ ਮੂੰਹੋਂ ਨਿਕਲਿਆ, "ਸਵੇਰੇ ਸਵੇਰੇ ਕਿਥੇ ਜਾਣ ਦੀ ਤਿਆਰੀ ਹੋ ਗਈ, ਬੇਟਾ?" ਤੇ ਫਿਰ ਘਬਰਾਹਟ ਉਹਦੇ ਚਿਹਰੇ 'ਤੇ ਫੈਲ ਗਈ। ਲੱਗਾ, ਉਹਨੇ ਕੋਈ ਬਹੁਤ ਵੱਡੀ ਗੱਲ ਕਹਿ ਦਿੱਤੀ ਸੀ।

ਸ਼ੀਰੀਂ ਉਸੇ ਤਰ੍ਹਾਂ ਮੁਸਕਰਾਉਂਦੀ ਹੋਈ ਬੋਲੀ, "ਸ਼ੂਟਿੰਗ ਉਤੇ ਜਾ ਰਹੀ ਹਾਂ।" ਤੇ ਉਹ ਕਮਰੇ ਵਿਚੋਂ ਬਾਹਰ ਚਲੀ ਗਈ। ਯੂਨਸ ਨੂੰ ਲੱਗਾ ਜਿਵੇਂ ਠੰਢੇ ਪਾਣੀ ਦੀਆਂ ਕੁਝ ਬੂੰਦਾਂ ਉਸ ਦੇ ਤ੍ਰਿਹਾਏ ਮੂੰਹ ਵਿਚ ਪੈ ਗਈਆਂ ਸਨ। ਉਹ ਉਠਿਆ ਤੇ ਇਧਰ-ਉਧਰ ਟਹਿਲਣ ਲੱਗਾ। ਫਿਰ ਉਹ ਸ਼ੀਰੀਂ ਦੀ ਤਸਵੀਰ ਦੇ ਸਾਹਮਣੇ ਰੁਕ ਕੇ ਉਸ ਨੂੰ ਵੇਖਣ ਲੱਗਾ। ਉਥੋਂ ਹਟ ਕੇ ਦੂਜੀ ਤਸਵੀਰ ਦੇ ਸਾਹਮਣੇ ਖੜ੍ਹਾ ਹੋ ਗਿਆ। ਫਿਰ ਉਹ ਕਿੰਨੀ ਹੀ ਦੇਰ ਤੀਜੀ ਨੂੰ ਦੇਖਦਾ ਰਿਹਾ। ਤੀਜੀ ਤਸਵੀਰ ਦੇਖ ਚੁੱਕਾ ਤਾਂ ਫਿਰ ਪਹਿਲੀ ਦੇ ਸਾਹਮਣੇ ਆ ਕੇ ਖੜ੍ਹਾ ਹੋ ਗਿਆ। ਫਿਰ ਦੂਜੀ, ਫਿਰ ਤੀਜੀ। ਉਸ ਨੇ ਤਸਵੀਰਾਂ ਦੇ ਕਈ ਚੱਕਰ ਲਾ ਛੱਡੇ। ਉਹਨੂੰ ਲੱਗਾ ਕਿ ਠੰਢੇ ਪਾਣੀ ਦੀਆਂ ਬੂੰਦਾਂ ਦਾ ਸਵਾਦ ਉਸ ਦੇ ਮੂੰਹ ਵਿਚ ਵਧ ਗਿਆ ਸੀ।

ਉਹ ਅਲਮਾਰੀ ਕੋਲ ਜਾ ਕੇ ਖੜ੍ਹਾ ਹੋ ਗਿਆ। ਅਲਮਾਰੀ ਉਤੇ ਕੁਝ ਕਿਤਾਬਾਂ ਪਈਆਂ ਸਨ। ਉਹ ਉਨ੍ਹਾਂ ਨੂੰ ਚੁੱਕ ਕੇ ਵੇਖਣ ਲੱਗਾ। ਕਿਤਾਬ ਉਤੇ ਸ਼ਹਿਨਾਜ਼ ਦਾ ਨਾਂ ਲਿਖਿਆ ਹੋਇਆ ਸੀ। ਉਹ ਸੋਫੇ 'ਤੇ ਬੈਠ ਕੇ ਉਸ ਦੇ ਸਫ਼ੇ ਪਲਟਾਉਣ ਲੱਗਾ।

"ਏ ਬੁੱਢੇ, ਮੇਰੀ ਕਿਤਾਬ ਕਿਉਂ ਚੁੱਕੀ ਆ?"

ਯੂਨਸ ਨੇ ਹੈਰਾਨ ਹੋ ਕੇ ਉਤਾਂਹ ਵੇਖਿਆ। ਸਾਹਮਣੇ ਗੁੱਸੇ ਵਿਚ ਲਾਲ ਪੀਲੀ ਹੋਈ ਸ਼ਹਿਨਾਜ਼ ਖੜ੍ਹੀ ਸੀ।

"ਅੰਮੀ ਵੇਖੋ ਨਾ, ਇਹ ਬੁੱਢਾ ਮੇਰੀਆਂ ਕਿਤਾਬਾਂ ਖਰਾਬ ਕਰ ਰਿਹਾ ਏ!" ਸ਼ਹਿਨਾਜ਼ ਰੋਂਦੀ ਆਵਾਜ਼ ਵਿਚ ਮਾਂ ਦੇ ਕਮਰੇ ਵਿਚ ਆਈ।

*(ਬਾਕੀ ਅਗਲੇ ਸਫੇ 'ਤੇ)*

ਚੇਤੇ ਦੀ ਚੰਗੇਰ ਵਿਚੋਂ

# 1965 ਦੀ ਜੰਗ ਦੇ ਸ਼ਾਹੀ ਕੈਦੀ

***ਪੰਜਾਬੀ ਲੇਖਕ-ਕਾਲਮਨਵੀਸ ਗੁਲਜ਼ਾਰ ਸਿੰਘ ਸੰਧੂ ਨੇ '1965 ਦੀ ਜੰਗ ਦੇ ਸ਼ਾਹੀ ਕੈਦੀ' ਵਿਚ ਜੰਗ ਦੇ ਦਿਨਾਂ ਦੌਰਾਨ ਆਮ ਲੋਕਾਈ ਦੇ ਹਾਲਾਤ ਦਾ ਬੜਾ ਮਾਰਮਿਕ ਜ਼ਿਕਰ ਆਪਣੀ ਇਸ ਲਿਖਤ ਵਿਚ ਛੋਹਿਆ ਹੈ। ਪਾਤਰਾਂ ਦੀ ਬੇਵਸੀ ਸਾਧਾਰਨ ਅਤੇ ਸਹਿਜ ਰੂਪ ਵਿਚ ਚੱਲ ਰਹੀ ਗੱਲਬਾਤ ਵਿਚੋਂ ਝਲਕਦੀ ਹੈ, ਤੇ ਨਾਲ ਦੀ ਨਾਲ ਪਾਠਕ ਦੇ ਜ਼ਿਹਨ ਵਿਚ ਬਹੁਤ ਕੁਝ ਉਸਲਵੱਟੇ ਲੈਣ ਲਗਦਾ ਹੈ। ਕਬਜ਼ੇ ਅਧੀਨ ਆਏ ਲੋਕਾਂ ਦੀ ਹੋਣੀ ਅਤੇ ਮਾਨਸਿਕ ਉਥਲ-ਪੁਥਲ ਲੇਖਕ ਨੇ ਬਾਰੀਕੀ ਨਾਲ ਫੜੀ ਹੈ। -ਸੰਪਾਦਕ***

1965 ਦੀ ਭਾਰਤ-ਪਾਕਿਸਤਾਨ ਜੰਗ ਵੇਲੇ ਮੈਂ ਦਿੱਲੀ ਰਹਿੰਦਾ ਸਾਂ। ਮੇਰੇ ਜਾਣਨ ਵਾਲੀ ਇਕ ਕੁੜੀ ਦੇ ਦਫਤਰ ਵਾਲਿਆਂ ਨੇ ਫੈਸਲਾ ਕੀਤਾ ਕਿ ਉਹ ਭਾਰਤੀ ਫੌਜਾਂ ਵੱਲੋਂ ਪਾਕਿਸਤਾਨ ਦੇ ਜਿੱਤੇ ਹੋਏ ਪਿੰਡ ਵੇਖਣ ਜਾਣਗੇ। ਉਨ੍ਹਾਂ ਨੇ ਆਪਣੇ ਦਫਤਰ ਦੀ ਬੱਸ ਵਿਚ ਕੂਚ ਕੀਤਾ ਅਤੇ ਮੈਂ ਤੇ ਮੇਰੇ ਇਕ ਮਿੱਤਰ ਨੇ ਮੇਰੀ ਮੋਟਰ ਸਾਈਕਲ ਉਤੇ। ਰਸਤੇ ਵਿਚ ਹੁਸ਼ਿਆਰਪੁਰ ਨੇੜੇ ਮੇਰਾ ਪਿੰਡ ਸੀ। ਮੈਂ ਤੇ ਮੇਰਾ ਮਿੱਤਰ ਇਕ ਰਾਤ



**ਗੁਲਜ਼ਾਰ ਸਿੰਘ ਸੰਧੂ**
**ਫੋਨ: 91-98157-78469**

ਮੇਰੇ ਪਿੰਡ ਰਹਿ ਕੇ ਦੂਜੇ ਦਿਨ ਬੱਸ ਵਾਲਿਆਂ ਨੂੰ ਜਾ ਮਿਲੇ।

ਮੇਰੀ ਜਾਣੂ ਕੁੜੀ ਨੇ ਦੱਸਿਆ ਕਿ ਜਿੱਤੇ ਹੋਏ ਪਿੰਡਾਂ ਵਿਚ ਉਸ ਦੀ ਭੂਆ ਦਾ ਪਿੰਡ ਨੁਸ਼ਹਿਰਾ ਪਢਾਣਾ ਵੀ ਸੀ। ਤੇ ਉਹ ਆਪਣੀ ਭੂਆ ਦਾ ਘਰ ਦੇਖਣਾ ਚਾਹੁੰਦੀ ਸੀ। ਮੈਂ ਤੇ ਮੇਰਾ ਮਿੱਤਰ ਉਹਦੇ ਨਾਲ ਨੁਸ਼ਹਿਰੇ ਪਢਾਣੇ ਗਏ ਤਾਂ ਭਾਰਤੀ ਫੌਜ ਦਾ ਇਕ ਜਵਾਨ ਪਿੰਡ ਵਿਚ ਪਿੱਛੇ ਰਹਿ ਗਏ ਬੁੱਢੇ-ਬੁੱਢੀਆਂ ਨਾਲ ਗੱਲਾਂ ਕਰ ਰਿਹਾ ਸੀ। ਅਸੀਂ ਵੀ ਗੱਲਾਂ ਸੁਣਨ ਲਈ ਰੁਕ ਗਏ।

"ਕੀ ਦੱਸੀਏ ਸਰਦਾਰੋ! ਏਧਰ ਆਏ ਤਾਂ ਇਹ ਸਾਡੇ ਨਾਲੋਂ ਵੀ ਭੁੱਖੇ। ਅਸੀਂ ਤਾਂ ਇਨ੍ਹਾਂ ਕੋਲ਼ ਪਨਾਹ ਲੈਣ ਆਏ ਸੀ, ਇਹ ਸਾਥੋਂ ਪਹਿਲਾਂ ਪਨਾਹਗੀਰ ਬਣੇ ਬੈਠੇ ਸਨ।" ਮੁਸਲਮਾਨ ਬਾਬਾ, ਪਿੰਡ ਦਾ ਹਾਲ ਵੇਖਣ ਆਏ ਭਾਰਤੀ ਸੈਨਾ ਦੇ ਅਫਸਰਾਂ ਨੂੰ ਸੰਤਾਲੀ ਦੀ ਵੰਡ ਦੀਆਂ ਗੱਲਾਂ ਸੁਣਾ ਰਿਹਾ ਸੀ।

"ਅਸੀਂ ਤੁਹਾਡੇ ਹੀ ਪਿੰਡਾਂ ਦੇ ਰਹਿਣ ਵਾਲੇ ਹਾਂ, ਮਾਲਕੋ! ਮੇਰਾ ਪਿੰਡ ਤਰਨ ਤਾਰਨ ਕੋਲ ਸੀ-ਸਰ੍ਹਾਲੀ। ਸਰ੍ਹਾਲੀ ਦੇ ਸਰਦਾਰਾਂ ਨਾਲ ਮੇਰਾ ਬਹਿਣ-ਉਠਣ ਸੀ।" ਉਹ ਏਸ ਤਰ੍ਹਾਂ ਗੱਲਾਂ ਕਰ ਰਿਹਾ ਸੀ ਜਿਵੇਂ ਚਿਰ ਵਿਛੜੇ ਪਿਓ ਨੂੰ ਉਸ ਦਾ ਪੁੱਤਰ ਮਿਲ ਗਿਆ ਹੋਵੇ। ਉਸ ਦਾ ਦਿਲ ਭਰ ਆਇਆ ਸੀ, ਨੱਕੋ-ਨੱਕ। "ਇੱਥੇ ਆ ਕੇ ਤੇ ਮੈਂ ਪਕੌੜੇ ਤਲ਼ ਕੇ ਹੀ ਗੁਜ਼ਾਰਾ ਕੀਤੈ, ਅਠਾਰਾਂ ਵਰ੍ਹੇ।" ਉਹ ਰੋਣਹਾਕਾ ਹੋ ਕੇ ਬੋਲਿਆ।

ਭਾਰਤ-ਪਾਕਿਸਤਾਨ ਜੰਗ ਦੇ ਦਿਨਾਂ ਵਿਚ ਪਾਕਿਸਤਾਨੀ, ਅਨੇਕਾਂ ਬਿਰਧ ਜੀਆਂ ਨੂੰ ਪਿੱਛੇ ਛੱਡ ਕੇ ਭੱਜ ਗਏ ਸਨ- ਲਾਹੌਰ ਵੱਲ, ਰਾਵਲਪਿੰਡੀ ਵੱਲ। ਭਾਰਤੀ ਸੈਨਾ ਦੇ ਅਫਸਰ ਉਨ੍ਹਾਂ ਦੀ ਦੇਖ-ਭਾਲ ਕਰ ਰਹੇ ਸਨ, ਉਨ੍ਹਾਂ ਦੀਆਂ ਰੋਜ਼ਮੱਰਾ ਦੀਆਂ ਲੋੜਾਂ ਪੂਰੀਆਂ ਕਰ ਰਹੇ ਸਨ। ਉਜੜੇ ਹੋਏ ਪਿੰਡ ਵਿਚੋਂ ਹਰ ਇਕ ਨੂੰ ਭੈਅ ਆਉਂਦਾ ਹੈ, ਇਹ ਨਿਰਬਲ ਲੋਕ ਵੀ ਡਰੇ ਹੋਏ ਸਨ। ਗਲੀਆਂ ਵਿਚੋਂ ਜਾਨਵਰ ਵੀ ਭੱਜ ਗਏ ਸਨ। ਬਾਜ਼ਾਰ ਦੀਆਂ ਦੁਕਾਨਾਂ ਦੇ ਦਰਵਾਜ਼ੇ ਟੁੱਟੇ ਹੋਏ ਸਨ। ਸਕੂਲ ਦੀ ਵਿਗਿਆਨਸ਼ਾਲਾ ਦਾ ਸਮਾਨ ਸ਼ੀਸ਼ਾ-ਸ਼ੀਸ਼ਾ ਹੋਇਆ ਪਿਆ ਸੀ। ਸਕੂਲ ਦੇ ਬੱਚਿਆਂ ਦੀਆਂ ਕਾਪੀਆਂ ਇਧਰ-ਉਧਰ ਰੁਲ ਰਹੀਆਂ ਸਨ। ਤੂੜੀ ਦਿਆਂ ਕੁੱਪਾਂ ਵਿਚੋਂ ਅੱਗ ਸੁਲਘ ਰਹੀ ਸੀ। ਡੰਗਰ ਘਰਾਂ ਵਿਚੋਂ ਸੰਗਲ ਤੁੜਾ ਕੇ ਆਪਣੇ ਮਾਲਕਾਂ ਦੀਆਂ ਫਸਲਾਂ ਉਜਾੜ ਰਹੇ ਸਨ। ਘਰਾਂ ਦੇ ਦਰਵਾਜ਼ੇ ਵੀ ਚੁਪੱਟ ਖੁੱਲ੍ਹੇ ਪਏ ਸਨ। ਦੁਕਾਨਾਂ ਵਿਚ ਪਈਆਂ ਪੈਸੇ ਦੀਆਂ ਤਿਜੋਰੀਆਂ ਦੇ ਕੁਫਲ ਟੁੱਟੇ ਪਏ ਸਨ, ਪਰ ਪਿੱਛੇ ਰਹਿ ਗਏ ਬਿਰਧਾਂ ਨੂੰ ਇਸ ਨੁਕਸਾਨ ਦਾ ਕੋਈ ਦੁੱਖ ਨਹੀਂ ਸੀ। ਉਹ ਆਪਣੀ ਸਰਕਾਰ ਨੂੰ ਦੋਸ਼ ਦੇ ਰਹੇ ਸਨ ਜਿਸ ਨੇ ਜੰਗ ਛੇੜਨ ਦੀ ਵਧੀਕੀ ਕੀਤੀ ਸੀ। ਉਨ੍ਹਾਂ ਨੂੰ ਆਪਣੇ ਧੀਆਂ-ਪੁੱਤਰਾਂ 'ਤੇ ਵੀ ਕੋਈ ਹਿਰਖ ਨਹੀਂ ਸੀ ਜਿਹੜੇ ਉਨ੍ਹਾਂ ਨੂੰ ਪਿੱਛੇ ਛੱਡ ਗਏ ਸਨ। ਉਹ ਸਮਝਦੇ ਸਨ ਕਿ ਉਨ੍ਹਾਂ ਦੀ ਕਿਸਮਤ ਵਿਚ ਹੀ ਇਉਂ ਲਿਖਿਆ ਸੀ। ਉਂਝ ਵੀ ਸੈਨਿਕ ਜਵਾਨ ਉਨ੍ਹਾਂ ਦੇ ਧੀਆਂ-ਪੁੱਤਰਾਂ ਵਾਂਗ ਹੀ ਸਨ। ਹਰ ਲੋੜ ਪੂਰੀ ਕਰਦੇ ਸਨ। ਹਲੀਮੀ ਨਾਲ ਪੇਸ਼ ਆਉਂਦੇ ਸਨ। ਰੋਟੀ ਦਿੰਦੇ ਸਨ, ਕੱਪੜਾ ਦਿੰਦੇ ਸਨ। ਹਾਲ-ਚਾਲ ਪੁੱਛਦੇ ਸਨ। ਇਸ ਉਜੜੇ ਪਿੰਡ ਵਿਚ ਜਾਂ ਸੈਨਿਕ ਸਨ, ਤੇ ਜਾਂ ਉਹ ਆਪ।

ਇਕ ਬੁੱਢੇ ਨੂੰ ਅੱਖਾਂ ਤੋਂ ਨਹੀਂ ਸੀ ਦਿਸਦਾ। ਜੰਗ ਦੀ ਕਾਲਖ ਨਾਲ ਰੰਗੀ ਉਸ ਦੀ ਦਾੜ੍ਹੀ, ਮਟੀ ਵਾਲੇ ਸਾਧ ਦੀਆਂ ਜਟਾਂ ਵਰਗੀ ਹੋਈ ਹੋਈ ਸੀ। ਦੂਸਰਾ ਬੁੱਢਾ ਮਾਮਦੀਨ, ਅਧਰੰਗ ਦਾ ਰੋਗੀ ਸੀ। ਉਹ ਇਸ ਪਿੰਡ ਵਿਚ ਆਪਣਾ ਇਲਾਜ ਕਰਵਾਉਣ ਆਇਆ ਹੀ ਫਸ ਗਿਆ ਸੀ। ਇਕ ਹੋਰ ਬੁੱਢਾ ਮੰਜੀ ਉਤੇ ਸੁੱਤਾ ਪਿਆ ਸੀ ਤੇ ਇਕ ਬਹੁਤ ਹੀ ਬਿਰਧ ਮਾਈ ਮੰਜੀ ਉਤੇ ਇੰਝ ਲਟਕੀ ਹੋਈ ਸੀ ਕਿ ਉਸ ਦਾ ਅੱਧਾ ਧੜ ਮੰਜੀ ਦੇ ਉਤੇ ਸੀ ਤੇ ਅੱਧਾ ਥੱਲੇ। ਕੇਵਲ ਦੋ ਹੀ ਸਰੀਰਾਂ ਦੇ ਅੰਗ ਚਲਦੇ ਸਨ। ਇਕ ਇਹ ਬਾਬਾ ਤੇ ਇਕ ਏਸੇ ਵਰਗੀ ਹੀ ਬੇਬੇ। ਬੇਬੇ ਕੰਨਾਂ ਤੋਂ ਬੋਲੀ ਹੋਣ ਕਾਰਨ ਆਪਣਾ ਹੀ ਰਾਗ ਅਲਾਪੀ ਜਾ ਰਹੀ ਸੀ। ਉਹ ਬਾਕੀਆਂ ਦੇ ਢਿੱਡ ਨੂੰ ਝੁਲਕਾ ਦੇਣ ਲਈ ਚੌਲ ਧੋ ਰਹੀ ਸੀ।

***ਭਾਰਤ-ਪਾਕਿ ਜੰਗ ਦੇ ਦਿਨਾਂ ਵਿਚ ਪਾਕਿਸਤਾਨੀ, ਅਨੇਕਾਂ ਬਿਰਧ ਜੀਆਂ ਨੂੰ ਪਿੱਛੇ ਛੱਡ ਕੇ ਭੱਜ ਗਏ ਸਨ- ਲਾਹੌਰ ਵੱਲ, ਰਾਵਲਪਿੰਡੀ ਵੱਲ। ਭਾਰਤੀ ਸੈਨਾ ਦੇ ਅਫ਼ਸਰ ਉਨ੍ਹਾਂ ਦੀ ਦੇਖ-ਭਾਲ਼ ਕਰ ਰਹੇ ਸਨ, ਉਨ੍ਹਾਂ ਦੀਆਂ ਰੋਜ਼ਾਨਾ ਲੋੜਾਂ ਪੂਰੀਆਂ ਕਰ ਰਹੇ ਸਨ। ਉਜੜੇ ਹੋਏ ਪਿੰਡ ਵਿਚੋਂ ਹਰ ਇਕ ਨੂੰ ਭੈਅ ਆਉਂਦਾ ਹੈ - ਇਹ ਨਿਰਬਲ ਲੋਕ ਵੀ ਡਰੇ ਹੋਏ ਸਨ। ਗਲੀਆਂ ਵਿਚੋਂ ਜਾਨਵਰ ਵੀ ਭੱਜ ਗਏ ਸਨ। ਬਾਜ਼ਾਰ ਦੀਆਂ ਦੁਕਾਨਾਂ ਦੇ ਦਰਵਾਜ਼ੇ ਟੁੱਟੇ ਹੋਏ ਸਨ। ਸਕੂਲ ਦੀ ਵਿਗਿਆਨਸ਼ਾਲਾ ਦਾ ਸਮਾਨ ਸ਼ੀਸ਼ਾ-ਸ਼ੀਸ਼ਾ ਹੋਇਆ ਪਿਆ ਸੀ। ਸਕੂਲ ਦੇ ਬੱਚਿਆਂ ਦੀਆਂ ਕਾਪੀਆਂ ਇਧਰ-ਉਧਰ ਰੁ਼ਲ ਰਹੀਆਂ ਸਨ।***



*ਪਿੰਡ ਨੁਸ਼ਹਿਰਾ ਪਢਾਣਾ ਦੀ ਇਕ ਹਵੇਲੀ ਦੀ ਝਲਕ।*

"ਜਿਹੜੇ ਚੰਗੇ ਹਨ, ਉਨ੍ਹਾਂ ਨੂੰ ਚੰਗਾ ਕਿਉਂ ਨਾ ਆਖੀਏ। ਉਨ੍ਹਾਂ ਨਾਲੋਂ ਤਾਂ ਚੰਗੇ ਹਨ ਜਿਹੜੇ ਪਿੱਛੇ ਹੀ ਛੱਡ ਕੇ ਭੱਜ ਗਏ। ਭੱਠੀ ਵਿਚ ਪਏ ਦਾਦਣੀ ਸਰਕਾਰ। ਨਿੱਤ ਕਜੀਆ।" ਉਹ ਸੁਣਦੀ ਨਹੀਂ ਸੀ, ਬੱਸ ਬੋਲੀ ਜਾ ਰਹੀ ਸੀ।

ਬੇਬੇ ਨਾਲੋਂ ਬਾਬਾ ਕੁਝ ਤੰਦਰੁਸਤ ਸੀ ਜਿਹੜਾ ਸਭ ਨੂੰ ਸੰਭਾਲੀ ਬੈਠਾ ਸੀ। ਫੌਜੀ ਅਫਸਰ ਵੀ ਉਸ ਨਾਲ ਗੱਲਾਂ ਕਰਨ ਲੱਗ ਪਿਆ।

"ਤੇਰਾ ਨਾਂ ਕੀ ਏ?"

"ਖੁਦਾ ਬਖਸ਼।"

"ਕੋਈ ਦੁੱਖ ਤਕਲੀਫ।"

"ਕੋਈ ਨਹੀਂ ਜੀ।"

"ਇੱਥੇ ਕਦੋਂ ਆਇਆ, ਸੰਤਾਲੀ ਵਿਚ?"

"ਹਾਹੋ ਜੀ, ਰੌਲਿਆਂ ਵਿਚ। ਦੱਸਿਆ ਜੂ ਏ। ਇੱਥੇ ਆਏ ਤੇ ਇਹ ਸਾਡੇ ਤੋਂ ਵੀ ਭੁੱਖੇ। ਜੋ ਲੀੜਾ-ਲੱਤਾ ਸਾਨੂੰ ਤੁਰਨ ਲੱਗਿਆਂ ਨੂੰ ਸਰਦਾਰਾਂ ਨੇ ਦਿੱਤਾ ਸੀ, ਸਾਡੇ ਕੋਲੋਂ ਖੋਹ-ਖਿੰਝ ਕੇ ਖਾ ਗਏ। ਮੈਂ ਤਾਂ ਜੀ ਇੱਥੇ ਪਕੌੜੇ ਤਲ ਕੇ ਗੁਜ਼ਾਰਾ ਕਰਦਾ ਰਿਹਾਂ।"

"ਕੋਈ ਤੰਗ ਤਾਂ ਨਹੀਂ ਕਰਦਾ ਤੁਹਾਨੂੰ।"

"ਨਹੀਂ ਜੀ। ਕੋਈ ਤੰਗੀ ਨਹੀਂ। ਤੁਹਾਡੇ ਵਰਗੇ ਗੱਭਰੂ ਪੁੱਛ-ਪੁਛਾ ਜਾਂਦੇ ਹਨ। ਆਟਾ ਦਾਣਾ ਦੇ ਜਾਂਦੇ ਹਨ। ਇੱਥੇ ਘਰਾਂ ਵਿਚ ਬੜਾ ਅੰਨ ਹੈ। ਇੱਥੋਂ ਹੀ ਮਿਲ ਜਾਂਦੈ।"

"ਇਸੇ ਤਰ੍ਹਾਂ ਹੁੰਦਾ ਏ, ਜੰਗ ਵਿਚ ਦੋਸ਼ੀ ਵੀ ਮਾਰੇ ਜਾਂਦੇ ਹਨ, ਬੇਦੋਸ਼ੇ ਵੀ।"

"ਹਾਹੋ ਜੀ। ਸਾਨੂੰ ਤੁਹਾਡੇ ਆਸਰੇ ਕੋਈ ਫਿਕਰ ਨਹੀਂ।"

"ਕਿਸੇ ਚੀਜ਼ ਦੀ ਲੋੜ ਹੈ ਤਾਂ ਦੱਸੋ। ਝਿਜਕੋ ਨਾ।" ਫੌਜੀ ਅਫਸਰ ਨੇ ਆਪਣਾ ਹੋ ਕੇ ਪੁੱਛਿਆ।

"ਤੁਹਾਡਾ ਦਿੱਤਾ ਸਭ ਕੁਝ ਹੈ।"

"ਕੋਈ ਰੋਟੀ, ਕੋਈ ਕੱਪੜਾ?"

"ਸਭ ਠੀਕ ਹੀ ਹੈ, ਕੋਈ ਲੋੜ ਨਹੀਂ।"

"ਦਿਲ ਵਿਚ ਨਾ ਰੱਖੀਂ।"

"ਦਿਲ ਵਿਚ ਕੀ ਰੱਖਣਾ, ਸਾਹਬ ਜੀ। ਜਿਹੋ ਜਿਹੀ ਰੋਟੀ ਪਕੌੜਿਆਂ ਦੀ ਕਮਾਈ ਨਾਲ ਮਿਲਦੀ ਸੀ, ਉਹੋ ਜਿਹੀ ਹੁਣ ਮਿਲੀ ਜਾਂਦੀ ਹੈ। ਬਾਲ ਬੱਚਾ ਮੇਰਾ ਹੈ ਕੋਈ ਨਹੀਂ, ਜਿਸ ਦਾ ਮੈਨੂੰ ਫਿਕਰ ਹੋਵੇ।"

ਖੁਦਾ ਬਖਸ਼ ਥੋੜ੍ਹੀ ਦੇਰ ਚੁੱਪ ਰਿਹਾ। ਅਫਸਰ ਨੇ ਉਸ ਵੱਲ ਤੱਕਿਆ। ਉਸ ਦੀ ਭੂਆ ਦੇ ਪਿੰਡ ਸਰ੍ਹਾਲੀ ਦਾ ਹੋਣ ਕਾਰਨ ਸੈਨਿਕ ਅਫਸਰ ਨੂੰ ਉਸ ਨਾਲ ਅਪਣੱਤ ਆ ਗਈ ਸੀ।

ਉਹ ਹਾਲੀ ਵੀ ਚੁੱਪ ਸੀ।

ਅਫਸਰ ਤੁਰਨ ਲੱਗਿਆ।

"ਜੀ ਇਕ ਕੰਮ ਕਰੋਗੇ।" ਖੁਦਾ ਬਖਸ਼ ਨੇ ਝਕਦਿਆਂ-ਝਕਦਿਆਂ ਕਿਹਾ।

"ਜ਼ਰੂਰ।"

ਬਾਬਾ ਫੇਰ ਚੁੱਪ ਕਰ ਗਿਆ।

"ਦੱਸੋ ਨਾ।"

"ਜੀ ਕੀ ਦੱਸਾਂ। ਤੁਸੀਂ ਆਖੋਗੇ, ਕੀ ਮੰਗਦਾ ਹੈ। ਭਾਵੇਂ ਗੱਲ ਤਾਂ ਤੁਹਾਡੇ ਲਈ ਮਾਮੂਲੀ ਜਿਹੀ ਹੈ।"

"ਤੂੰ ਝਕ ਨਾ, ਫਟਾ ਫਟ ਦੱਸ ਦੇ।"

"ਜੀ ਮੈਨੂੰ ਇਕ ਵੱਡੀ ਜੰਤਰੀ ਭਿਜਵਾ ਦਿਓ। ਤੁਸੀਂ ਸ਼ਹਿਰ ਦੇ ਰਹਿਣ ਵਾਲੇ ਹੋ। ਫਲਾਣੇ ਪਿੰਡ ਦੇ ਫਲਾਣੇ ਬੰਦੇ ਨੂੰ ਭੇਜ ਦੇਣੀ, ਮੈਂ ਲੈ ਲਵਾਂਗਾ।"

"ਜੰਤਰੀ? ਤੂੰ ਜੰਤਰੀ ਕੀ ਕਰੇਂਗਾ? ਤੂੰ ਜੋਤਸ਼ ਵੀ ਲਾਉਣਾ ਜਾਣਦੈਂ?"

"ਨਹੀਂ ਜੀ, ਜੋਤਸ਼ ਜਾਣੇ ਮੇਰੀ ਬਲਾ। ਮੈਨੂੰ ਹੋਰ ਕੰਮ ਲਈ ਚਾਹੀਦੀ ਹੈ।"

"ਜੇ ਐਸਾ ਵੈਸਾ ਨਹੀਂ ਤਾਂ ਸਾਨੂੰ ਕੰਮ ਹੀ ਦੱਸ ਦੇ।"

"ਐਸਾ ਵੈਸਾ ਤਾਂ ਉਕਾ ਹੀ ਨਹੀਂ, ਪਰ ਤੁਸੀਂ ਹੱਸੋਗੇ।"

"ਨਹੀਂ ਕੋਈ ਗੱਲ ਨਹੀਂ, ਤੂੰ ਦੱਸ ਦੇ।"

"ਜੀ ਮੈਨੂੰ ਕਈ ਦਿਨਾਂ ਤੋਂ...।" ਉਹ ਕਹਿੰਦਾ-ਕਹਿੰਦਾ ਰੁਕ ਗਿਆ।

"ਹਾਂ ਬੋਲ ਨਾ।"

"ਮੈਨੂੰ ਜੀ ਰੋਟੀ ਕੱਪੜੇ ਦੀ ਉਕੀ ਹੀ ਕੋਈ ਤਕਲੀਫ਼ ਨਹੀਂ ਪਰ...।"

"ਦੱਸ ਵੀ ਬਾਬਾ।"

"ਪਰ ਮੈਨੂੰ ਕਈ ਦਿਨਾਂ ਤੋਂ ਦਿਨਾਂ ਦਾ ਹਿਸਾਬ ਨਹੀਂ ਰਿਹਾ। ਪਤਾ ਨਹੀਂ ਅੱਜ ਕਿਹੜੇ ਮਹੀਨੇ ਦੀ ਕਿਹੜੀ ਤਰੀਕ ਹੈ? ਪਤਾ ਨਹੀਂ ਅੱਜ ਕੀ ਵਾਰ ਹੈ?"

ਸਾਰੇ ਸੈਨਿਕ ਉਸ ਵੱਲ ਤੱਕਣ ਲੱਗ ਪਏ।

"ਮੈਨੂੰ ਜਾਪਦਾ ਏ ਜਿਵੇਂ ਮੇਰਾ ਸਾਹ ਘੁਟ ਰਿਹਾ ਹੋਵੇ।" ਉਹ ਦਮੇ ਦੇ ਮਰੀਜ਼ ਵਾਂਗ ਬੋਲਿਆ।

"ਲੜਾਈ ਛੇਤੀ ਹੀ ਖਤਮ ਹੋ ਜਾਵੇਗੀ, ਤੂੰ ਫਿਕਰ ਨਾ ਕਰ।"

"ਲੜਾਈ ਤਾਂ ਸਰਦਾਰ ਜੀ ਖਤਮ ਹੁੰਦਿਆਂ ਹੀ ਹੋਵੇਗੀ। ਮੈਨੂੰ ਤਾਂ ਜੁਮਾਰਾਤ ਤਕ ਦਾ ਪਤਾ ਨਹੀਂ। ਮੈਂ ਨਮਾਜ਼ੀ ਹਾਂ, ਤੁਸੀਂ ਗੁੱਸਾ ਨਾ ਕਰਨਾ। ਮੇਰਾ ਦੀਨ...।"

"ਤੇਰਾ ਦੀਨ ਹੀ ਸਾਡਾ ਦੀਨ ਹੈ, ਬਾਬਾ। ਤੂੰ ਫਿਕਰ ਨਾ ਕਰ। ਤੂੰ ਸਾਡੀ ਧਰਤੀ ਦਾ ਅੰਨ ਖਾਧਾ ਏ। ਤੂੰ ਸਾਡਾ ਬੰਦਾ ਏਂ।"

"ਮੈਂ ਦੀਨ ਨੂੰ ਨਹੀਂ ਰੋਂਦਾ, ਸਰਦਾਰਾ। ਮੈਨੂੰ ਕੱਪੜੇ ਦੀ ਫਿਕਰ ਨਹੀਂ, ਰੋਟੀ ਦੀ ਵੀ ਨਹੀਂ, ਪਰ ਮੈਂ ਕਿਸ ਤਰ੍ਹਾਂ ਸਮਝਾਵਾਂ...।" ਉਹ ਕਹਿੰਦਾ-ਕਹਿੰਦਾ ਰੁਕ ਗਿਆ। ਉਸ ਦਾ ਅੰਦਰ ਰੋ ਰਿਹਾ ਸੀ। ਉਹ ਕੀ ਦੱਸਦਾ ਕਿ ਉਸ ਨੂੰ ਕਿਸ ਚੀਜ਼ ਦੀ ਲੋੜ ਸੀ। ਰੋਟੀ ਕੱਪੜਾ ਜਾਂ ਦੀਨ-ਧਰਮ ਹੀ ਤਾਂ ਨਹੀਂ ਨਾ ਹੁੰਦਾ ਸਭ ਕੁਝ। ਬੰਦਾ ਸੰਸਾਰ ਦੇ ਬਾਕੀ ਜੀਵਾਂ ਨੂੰ ਮਿਲਣਾ ਚਾਹੁੰਦੈ। ਉਨ੍ਹਾਂ ਨਾਲ ਆਪਣੇ ਦਿਲ ਦੀ ਗੱਲ ਸਾਂਝੀ ਕਰਨੀ ਚਾਹੁੰਦੈ। ਕੁਝ ਦੱਸਣਾ ਚਾਹੁੰਦੈ ਤੇ ਕੁਝ ਸੁਣਨਾ ਚਾਹੁੰਦੈ। ਉਹ ਕੀ ਦੱਸਦਾ ਤੇ ਕੀ ਸੁਣਦਾ। ਉਸ ਨੂੰ ਤਾਂ ਇਹ ਵੀ ਭੁੱਲ ਗਿਆ ਸੀ ਕਿ ਉਹ ਕਿਹੜੀ ਰੁੱਤ ਵਿਚ ਜੀਅ ਰਿਹਾ ਹੈ। ਗਰਮੀ ਕਿੰਨੇ ਦਿਨ ਹੋਰ ਪੈਣੀ ਏ, ਸਿਆਲ ਕਿੰਨੇ ਦਿਨਾਂ ਬਾਅਦ ਆਉਣਾ ਏ। ਧੁੱਪ ਦੇ ਸੇਕ ਤੋਂ ਕੋਈ ਅੰਦਾਜ਼ਾ ਨਹੀਂ ਸੀ ਲੱਗ ਸਕਦਾ। ਮੀਂਹ ਦੀ ਘਾਟ ਤੇ ਜੰਗ ਦੇ ਸੇਕ ਕਾਰਨ ਧਰਤੀ ਹਾਲੀ ਵੀ ਅੱਗ ਉਗਲ ਰਹੀ ਸੀ। ਧਰਤੀ ਨੇ ਇਹ ਅੱਗ ਉਗਲਣੋਂ ਕਦੋਂ ਹਟਣਾ ਸੀ? ਉਹ ਕੁਝ ਨਾ ਬੋਲਿਆ।

"ਤੂੰ ਝਕ ਨਾ ਬਾਬਾ, ਕਹਿ ਦੇ ਜੋ ਕਹਿਣਾ ਏ। ਮੈਂ ਤੇਰਾ ਹੀ ਪੁੱਤਰ ਹਾਂ।" ਫੌਜੀ ਅਫਸਰ ਨੇ ਬਾਬੇ ਦਾ ਵਿਸ਼ਵਾਸ ਜਿੱਤਿਆ।

"ਇੱਥੇ ਕੋਈ ਅਖਬਾਰ ਨਹੀਂ ਆਉਂਦੀ। ਕੋਈ ਰੇਡੀਓ ਨਹੀਂ ਬੋਲਦਾ। ਕਿਸੇ ਘਰ ਵਿਚ ਕੈਲੰਡਰ ਤਕ ਨਹੀਂ ਰਿਹਾ। ਸਾਨੂੰ ਦਿਨ ਭੁੱਲ ਗਏ ਹਨ, ਤਿੱਥਾਂ ਭੁੱਲ ਗਈਆਂ ਹਨ। ਸਾਡਾ ਕਿਸੇ ਤੋਂ ਦਿਨ-ਤਿੱਥ ਪੁੱਛਣ ਨੂੰ ਹੌਸਲਾ ਨਹੀਂ ਪੈਂਦਾ। ਅਸੀਂ ਕੈਦੀਆਂ ਤੋਂ ਵੀ ਬੁਰੇ ਹਾਂ ਕਾਕਾ, ਬੇਦੋਸ਼ੇ ਕੈਦੀ। ਤੁਸੀਂ ਹਾਲ ਪੁੱਛਿਆ ਏ, ਤੁਹਾਡਾ ਸ਼ੁਕਰੀਆ। ਬਹੁਤ-ਬਹੁਤ ਸ਼ੁਕਰੀਆ। ਜਿਉਂਦੇ ਰਹੇ ਤਾਂ ਫੇਰ ਦਰਸ਼ਨ ਹੋਣਗੇ। ਸਲਾਮ।" ਏਨਾ ਕਹਿ ਕੇ ਬੁੱਢਾ ਭੁੱਬੀਂ ਰੋ ਪਿਆ।

ਮੈਂ ਫੌਜੀ ਅਫਸਰ ਤੋਂ ਆਗਿਆ ਲੈ ਕੇ ਖੁਦਾ ਬਖਸ਼ ਨੂੰ ਕਿਹਾ ਕਿ ਉਹ ਖੁੱਲ੍ਹ ਕੇ ਗੱਲ ਕਰੇ। ਇੰਝ ਕੀਤਿਆਂ ਉਸ ਦਾ ਮਨ ਹੌਲਾ ਹੋ ਜਾਵੇਗਾ।

"ਤੁਸੀਂ ਤਾਂ ਸਾਡੇ ਸ਼ੇਰ ਪੁੱਤ ਹੋ। ਏਨੇ ਪਿਆਰ ਨਾਲ ਸਾਡੀ ਸਾਰ ਲੈਂਦੇ ਹੋ। ਅਸੀਂ ਤਾਂ ਏਥੇ ਸ਼ਾਹੀ ਕੈਦੀਆਂ ਵਰਗੇ ਹਾਂ। ਖਾਣ-ਪੀਣ ਨੂੰ ਸਭ ਕੁਝ ਹੈ, ਪਰ ਉਦਾਸੀ ਨਹੀਂ ਜਾਂਦੀ। ਜੇ ਸੱਚ ਪੁੱਛੋਂ ਤਾਂ ਅਸੀਂ ਉਸ ਸ਼ਾਹ ਜਹਾਨ ਨਾਲੋਂ ਵੀ ਲਾਚਾਰ ਹਾਂ ਜਿਸ ਨੂੰ ਔਰੰਗਜ਼ੇਬ ਨੇ ਆਗਰਾ ਦੇ ਕਿਲ੍ਹੇ ਵਿਚ ਕੈਦ ਕਰ ਛੱਡਿਆ ਸੀ। ਉਸ ਨੂੰ ਆਪਣਾ ਬਣਾਇਆ ਤਾਜ ਮਹਿਲ ਵੀ ਸ਼ੀਸ਼ੇ ਰਾਹੀਂ ਦਿਸਦਾ ਸੀ। ਅਸੀਂ ਤਾਂ ਉਹਦੇ ਨਾਲੋਂ ਵੀ ਵੱਡੇ ਕੈਦੀ ਹਾਂ। ਤੁਸੀਂ ਜਿਉਂਦੇ ਵਸਦੇ ਰਹੋ, ਸਾਡਾ ਹਾਲ ਪੁੱਛਣ ਆਏ ਹੋ। ਸਾਡੀ ਸਲਾਮ ਕਬੂਲ ਕਰੋ ਤੇ ਆਪਣੇ ਕੰਮ ਵੱਲ ਧਿਆਨ ਦਿਓ।"

ਅਸੀਂ ਤਿੰਨੋਂ ਭਰੇ ਮਨ ਨਾਲ ਆਪਣੀ ਦੋਸਤ ਕੁੜੀ ਦੀ ਭੂਆ ਦੇ ਘਰ ਵੱਲ ਤੁਰ ਪਏ।

# ਕਾਲਾ ਬਾਪ, ਗੋਰਾ ਬਾਪ

***(ਪਿਛਲੇ ਸਫੇ ਦੀ ਬਾਕੀ)***

ਯੂਨਸ ਘਾਬਰਿਆ ਹੋਇਆ ਵੇਖ ਰਿਹਾ ਸੀ।

ਸ਼ਹਿਨਾਜ਼ ਰੋਣੀ ਆਵਾਜ਼ ਵਿਚ ਬੋਲ ਪਈ, "ਦੇਖੋ ਨਾ ਇਹ ਬੁੱਢਾ...।"

"ਚੁੱਪ ਬਦਤਮੀਜ਼!" ਜਮੀਲਾ ਗਰਜ ਕੇ ਬੋਲੀ, "ਆਪਣੇ ਬਾਪ ਨੂੰ ਇਸ ਤਰ੍ਹਾਂ ਕਹਿੰਦਿਆਂ ਤੈਨੂੰ ਸ਼ਰਮ ਨਹੀਂ ਆਉਂਦੀ।"

'ਬਾਪ' ਸ਼ਬਦ ਸਾਰੇ ਕਮਰੇ ਵਿਚ ਬਿਜਲੀ ਵਾਂਗ ਗਰਜ ਉਠਿਆ। ਜਮੀਲਾ ਦੀ ਸੁੱਧ-ਬੁੱਧ ਮਾਰੀ ਗਈ। ਇਹ ਉਹਦੇ ਮੂੰਹੋਂ ਕੀ ਨਿਕਲ ਗਿਆ ਸੀ। ਯੂਨਸ ਨੂੰ ਲੱਗਾ ਕਿ ਕਿਧਰੋਂ ਉਡਦਾ ਹੋਇਆ ਇਹ ਸ਼ਬਦ ਆਇਆ, ਉਸ ਦੇ ਕੰਨਾਂ ਨਾਲ ਟਕਰਾਇਆ ਤੇ ਉਹਨੂੰ ਸਮੁੰਦਰ ਵਿਚ ਡੋਬ ਕੇ ਕਿਧਰੇ ਚਲਾ ਗਿਆ ਸੀ। ਤੇ ਸ਼ਹਿਨਾਜ਼ ਹੱਕੀ-ਬੱਕੀ ਹੋ ਕੇ ਇਕ ਟੱਕ ਵੇਖ ਰਹੀ ਸੀ, ਕਦੀ ਯੂਨਸ ਵੱਲ ਤੇ ਕਈ ਜਮੀਲਾ ਵੱਲ। ਫਿਰ ਉਸ ਇਕ ਨਜ਼ਰ ਭਰ ਕੇ ਯੂਨਸ ਵੱਲ ਵੇਖਿਆ ਤੇ ਜਮੀਲਾ ਨੂੰ ਪੁੱਛਣ ਲੱਗੀ, "ਇਹ ਮੇਰਾ ਬਾਪ ਏ?"

ਜਮੀਲਾ ਸ਼ਾਂਤ ਹੋ ਚੁੱਕੀ ਸੀ। ਉਸ ਦੀਆਂ ਅੱਖਾਂ ਵਿਚ ਨਮੀ ਜਿਹੀ ਫੈਲ ਗਈ ਸੀ, "ਹਾਂ ਬੇਟੀ...।"

ਸ਼ਹਿਨਾਜ਼ ਨੇ ਇਕ ਵਾਰ ਫਿਰ ਯੂਨਸ ਵੱਲ ਵੇਖਿਆ ਤੇ ਫਿਰ ਮਚਲ ਉਠੀ, "ਨਹੀਂ ਨਹੀਂ, ਮੈਂ ਇਹ ਬਾਪ ਨਹੀਂ ਲਵਾਂਗੀ...ਮੈਂ ਨਹੀਂ ਲਵਾਂਗੀ... ਹਾਂ...।"

ਜਮੀਲਾ ਨੇ ਡਾਂਟਿਆ, "ਪਾਗਲ ਹੋ ਗਈ ਏਂ?"

ਸ਼ਹਿਨਾਜ਼ ਹੋਰ ਮਚਲੀ, "ਇਹ ਬਾਪ ਨਹੀਂ ਲਵਾਂਗੀ, ਹਾਂ... ਸ਼ੀਰੀਂ ਨੂੰ ਗੋਰਾ ਬਾਪ ਦਿੰਦੀ ਏਂ... ਅਨੀਸ ਨੂੰ ਵੀ ਗੋਰਾ ਬਾਪ... ਤੇ ਮੈਨੂੰ ਕਾਲਾ ਬਾਪ ਦਿੰਦੀ ਏਂ! ਮੈਂ ਇਹ ਕਾਲਾ ਬਾਪ ਨਹੀਂ ਲਵਾਂਗੀ... ਨਹੀਂ ਲਵਾਂਗੀ...।"

ਉਹ ਇਸ ਤਰ੍ਹਾਂ ਫੁੱਟ-ਫੁੱਟ ਕੇ ਰੋਣ ਲੱਗੀ ਜਿਸ ਤਰ੍ਹਾਂ ਉਹਨੂੰ ਉਸ ਦੇ ਭਰਾ ਭੈਣ ਦੇ ਮੁਕਾਬਲੇ ਬੜਾ ਘਟੀਆ ਖਿਡੌਣਾ ਦਿੱਤਾ ਜਾ ਰਿਹਾ ਹੋਵੇ, ਉਸ ਦੇ ਨਾਲ ਬੜੀ ਵੱਡੀ ਬੇਇਨਸਾਫ਼ੀ ਹੋ ਰਹੀ ਹੋਵੇ। ਉਹਨੇ ਯੂਨਸ ਦੇ ਹੱਥੋਂ ਕਿਤਾਬ ਖੋਹ ਲਈ ਤੇ ਰੋਂਦੀ ਹੋਈ ਕਮਰੇ ਵਿਚੋਂ ਚਲੀ ਗਈ।

ਕਮਰੇ ਦੀ ਹਵਾ ਦਾ ਬੋਝ ਵਧ ਕੇ ਜਮੀਲਾ ਤੇ ਯੂਨਸ ਉਤੇ ਹਾਵੀ ਹੋ ਗਿਆ। ਉਹ ਸੁੰਨ ਜਿਹਾ ਹੋ ਗਏ। ਫਿਰ ਜਮੀਲਾ ਚੁੱਪ-ਚਾਪ ਕੁਰਸੀ ਉਤੇ ਬੈਠ ਗਈ ਸੀ, ਪਰ ਦੋਹਾਂ ਵਿਚੋਂ ਕੋਈ ਕੁਝ ਨਾ ਬੋਲਿਆ।

ਤੇ ਕਿੰਨੀ ਈ ਦੇਰ ਉਹ ਇਸ ਤਰ੍ਹਾਂ ਬੈਠੇ ਰਹੇ।

"ਗਵਾਲੀਅਰ ਜਾਣ ਵਾਲੀ ਗੱਡੀ ਕਿੰਨੇ ਵਜੇ ਮਿਲੇਗੀ?" ਯੂਨਸ ਨੇ ਪੁੱਛਿਆ।

"ਪੰਜਾਬ ਮੇਲ ਤਾਂ ਤਕਰੀਬਨ ਤਿੰਨ ਵਜੇ ਚੱਲਦੀ ਹੈ ਤੇ ਪਠਾਨਕੋਟ ਸ਼ਾਇਦ ਰਾਤ ਦੇ ਦਸ ਵਜੇ ਚਲਦੀ ਹੈ।" ਜਮੀਲਾ ਦਾ ਸੰਖੇਪ ਜਿਹਾ ਜਵਾਬ ਸੀ।

ਫਿਰ ਦੋਹਾਂ ਦੀ ਨਜ਼ਰ ਇਕੋ ਵਕਤ ਕਮਰੇ ਵਿਚ ਲੱਗੀ ਘੜੀ ਵੱਲ ਉਠੀ- ਸਵਾ ਦਸ ਵਜੇ ਸਨ। ਘੜੀ ਤੋਂ ਹਟ ਕੇ ਦੋਹਾਂ ਦੀਆਂ ਨਜ਼ਰਾਂ ਨੇ ਇਕ ਦੂਸਰੇ ਨੂੰ ਵੇਖਿਆ।

ਯੂਨਸ ਦੀ ਨਜ਼ਰ ਨੇ ਕਿਹਾ, "ਮੈਨੂੰ ਪੰਜਾਬ ਮੇਲ ਮਿਲ ਸਕਦੀ ਹੈ।"

ਜਮੀਲਾ ਦੀ ਨਜ਼ਰ ਨੇ ਕਿਹਾ, "ਤੁਹਾਨੂੰ ਪੰਜਾਬ ਮੇਲ ਮਿਲ ਸਕਦੀ ਹੈ।"

-0-

# ਗੁਰਮਤਿ ਸੰਗੀਤ ਵਿਚ ਰਾਗੀ ਪਰੰਪਰਾ ਦਾ ਯੋਗਦਾਨ

***ਸ਼੍ਰੋਮਣੀ ਰਾਗੀ ਐਵਾਰਡ ਅਤੇ ਕੌਮੀ ਪੱਧਰ ਦਾ ਸੰਗੀਤ ਨਾਟਕ ਅਕਾਦਮੀ ਐਵਾਰਡ ਹਾਸਲ ਕਰਨ ਵਾਲੇ ਡਾ. ਜਾਗੀਰ ਸਿੰਘ, ਗੁਰਮਤਿ ਸੰਗੀਤ ਨੂੰ ਸਮਰਪਿਤ ਹਨ। ਉਨ੍ਹਾਂ ਗੁਰਮਤਿ ਸੰਗੀਤ ਦੇ ਸਿਧਾਂਤਾਂ ਸਬੰਧੀ ਪੁਸਤਕਾਂ ਲਿਖੀਆਂ ਹਨ ਅਤੇ ਗੁਰਮਤਿ ਸੰਗੀਤ ਦੀ ਸਾਂਭ-ਸੰਭਾਲ ਲਈ 'ਅੰਮ੍ਰਿਤ ਕੀਰਤਨ ਟਰਸਟ' ਦੀ ਸਥਾਪਨਾ ਕੀਤੀ। ਟਰਸਟ ਵੱਲੋਂ ਉਨ੍ਹਾਂ ਦੀ ਸੰਪਾਦਨਾ ਹੇਠ ਮਾਸਿਕ ਪੱਤਰ 'ਅੰਮ੍ਰਿਤ ਕੀਰਤਨ' ਛਪਦਾ ਹੈ ਜੋ ਨਿਰੋਲ ਗੁਰਮਤਿ ਸੰਗੀਤ ਨੂੰ ਸਮਰਪਿਤ ਹੈ। ਇਸ ਲੇਖ ਵਿਚ ਉਨ੍ਹਾਂ ਰਾਗੀ ਪਰੰਪਰਾ ਬਾਰੇ ਕੁਝ ਗੱਲਾਂ ਸਾਂਝੀਆਂ ਕੀਤੀਆਂ ਹਨ। -ਸੰਪਾਦਕ***

ਗੁਰਮਤਿ ਸੰਗੀਤ ਨੂੰ ਪ੍ਰਫੁਲਿਤ ਕਰਨ ਲਈ ਜਿਥੇ ਰਬਾਬੀ ਕੀਰਤਨੀਆਂ ਨੇ ਯੋਗਦਾਨ ਪਾਇਆ, ਉਥੇ ਸਿੱਖ ਕੀਰਤਨੀਆਂ ਦਾ ਵੀ ਵੱਡਾ ਯੋਗਦਾਨ ਹੈ। ਗੁਰੂ ਘਰ ਵਿਚ ਕੀਰਤਨ ਕਰਨ ਵਾਲਿਆਂ ਲਈ ਰਬਾਬੀ ਸ਼ਬਦ ਭਾਈ ਮਰਦਾਨਾ ਦੇ ਵੰਸ਼ਜਾਂ ਲਈ ਹੀ ਵਰਤੀਂਦਾ ਜਾਪਦਾ ਹੈ। ਪਹਿਲਾਂ ਕੇਵਲ ਰਬਾਬੀ ਹੀ ਗੁਰੂ ਦਰਬਾਰ ਵਿਚ ਕੀਰਤਨ ਕਰਦੇ ਸਨ। ਕੀਰਤਨ, ਭਗਤੀ ਦਾ ਮੁੱਖ ਅੰਗ ਰਿਹਾ ਹੈ। ਇਸ ਲਈ ਕੁਝ ਸਿੱਖ ਵੀ ਕੀਰਤਨ ਕਰਦੇ ਸਨ, ਪਰ ਆਮ ਤੌਰ 'ਤੇ ਉਹ ਕੀਰਤਨ ਨੂੰ ਕਿੱਤੇ ਦੇ ਰੂਪ ਵਿਚ ਅਪਨਾਉਂਦੇ ਸਨ। ਉਸ ਸਮੇਂ ਦੇ ਸਿੱਖ ਕੀਰਤਨੀਏ ਭਾਈ ਝਾਜੂ ਮੁਕੰਦ ਅਤੇ ਕਿਦਾਰਾ ਸਬੰਧੀ ਭਾਈ



**ਡਾ. ਜਾਗੀਰ ਸਿੰਘ**

ਗੁਰਦਾਸ ਨੇ ਗਿਆਰਵੀਂ ਵਾਰ ਦੀ ਅਠਾਰਵੀਂ ਪਉੜੀ ਵਿਚ ਜ਼ਿਕਰ ਕੀਤਾ ਹੈ:

ਝਾਜੂ ਅਤੇ ਮੁਕੰਦ ਹੈ ਕੀਰਤਨ ਕਰੇ ਹਜ਼ੂਰ ਕਿਦਾਰਾ।

ਸਾਧ ਸੰਗਤ ਪਰਗਟੁ ਪਹਾਰਾ।

ਭਗਤ ਰਤਨਾਵਲੀ ਵਿਚ ਇਸ ਪਉੜੀ ਦੀ ਵਿਆਖਿਆ ਇਸ ਤਰ੍ਹਾਂ ਹੈ:

"ਝਾਜੂ, ਮੁਕੰਦੂ ਤੇ ਕਿਦਾਰਾ ਗੁਰੂ ਅਰਜਨ ਜੀ ਦੇ ਹਜ਼ੂਰ ਆਏ।

ਗਰੀਬ ਨਿਵਾਜ ਸਾਡਾ ਉਧਾਰ ਕਿਉਂ ਕਰ ਹੋਵੇਗਾ? ਤਾਂ ਬਚਨ ਹੋਇਆ, ਤੁਸਾਂ ਨੂੰ ਰਾਗ ਦੀ ਸਮਝ ਹੈ ਤੇ ਕਲਿਯੁਗ ਵਿਚ ਕੀਰਤਨ ਦੇ ਸਮਾਨ ਹੋਰ ਕੋਈ ਜੋਗ ਤਪ ਨਹੀਂ। ਤੁਸੀਂ ਕੀਰਤਨ ਕੀਤਾ ਕਰੋ, ਤਾਂ ਉਹ ਸਦਾ ਨਿਹਕਾਮ ਹੋ ਕੇ ਹਜ਼ੂਰ ਕੀਰਤਨ ਕੀਤਾ ਕਰਨ ਅਤੇ ਸਰੀਰ ਦੇ ਨਿਰਵਾਹ ਅਨੁਸਾਰ ਕੋਈ ਸ਼ਰਧਾ ਸੰਯੁਕਤ ਸੇਵਾ ਕਰੇ, ਉਸੇ ਥੀਂ ਗੁਜ਼ਾਰਾ ਕਰਨ।"

ਗੁਰੂ ਸਾਹਿਬ ਆਮ ਸਿੱਖਾਂ ਨੂੰ ਕੀਰਤਨ ਕਰਨ ਦੀ ਪ੍ਰੇਰਨਾ ਦਿੰਦੇ ਰਹਿੰਦੇ ਸਨ। ਗੁਰੂ ਘਰ ਵਿਚ ਕੀਰਤਨ ਕਰਨ ਲਈ ਸ਼ਰਧਾ ਬਹੁਤ ਜ਼ਰੂਰੀ ਹੈ। ਰਬਾਬੀ ਕੀਰਤਨੀਏ ਜਿਨ੍ਹਾਂ ਦਾ ਕਿੱਤਾ ਹੀ ਗੁਰਬਾਣੀ ਦਾ ਗਾਇਨ ਕਰਨਾ ਸੀ, ਇਹ ਕੀਰਤਨ ਦੀ ਨਿਸ਼ਚਿਤ ਭੇਟਾ ਦੀ ਮੰਗ ਕਰਨ ਲੱਗ ਪਏ। ਜਦੋਂ ਰਬਾਬੀਆਂ ਵਿਚ ਸ਼ਰਧਾ ਦੀ ਅਣਹੋਂਦ ਵੇਖੀ ਤਾਂ ਗੁਰੂ ਸਾਹਿਬ ਨੇ ਸਾਧਾਰਨ ਸਿੱਖਾਂ ਨੂੰ ਖੁਦ ਕੀਰਤਨ ਕਰਨ ਦੀ ਪ੍ਰੇਰਨਾ ਦਿੱਤੀ।

ਭਾਈ ਸੰਤੋਖ ਸਿੰਘ ਗੁਰ ਪ੍ਰਤਾਪ ਸੂਰਜ ਗ੍ਰੰਥ ਵਿਚ ਲਿਖਦੇ ਹਨ:

ਸਭਿ ਸੰਗਤ ਇਕਠੀ ਦਈ ਦੀਵਾਨ ਲਗਾਏ॥

ਸਿਖਨ ਕੋ ਆਇਸੁ ਕਈ ਤੁਮ ਰਾਗ ਸੁਨਾਵਹੁ॥

ਗਹਯੋ ਦੁਤਾਰਾ ਸਿਖ ਕਿਹ ਕਿਨ ਗਹੀ ਰਬਾਬੰ॥

ਹੋਇ ਨਿਸ਼ੰਕ ਗਾਵਨਿ ਲਗੇ ਸਬ ਭਏ ਅਜਾਬੰ॥

ਬਚਨ ਮਾਨਿਬੇ ਗੁਰ ਕੋ ਬਿਦਿਆ ਸਭਿ ਪਾਈ॥

ਜਾਨਤ ਅਤੇ ਨ ਰਾਗ ਕੋ ਗਾਵਤਿ ਬਿਸਮਾਈ॥


ਸੁਨ ਸਿੱਖਨ ਕੇ ਰਾਗ ਕੋ ਗੁਰ ਭਏ ਪ੍ਰਸੰਨਾ॥

ਬਰ ਦੀਨੋ ਤੁਮ ਪ੍ਰੇਮ ਜੁਤਿ ਹਮਰੋ ਬਚ ਮੰਨਾ॥

ਅਬਿ ਤੇ ਬਿਦਿਆ ਰਾਗ ਕੀ ਸਿਖਨ ਮਹਿ ਆਈ॥

ਗਾਵਵਿੰ ਸੁਨਿਹਿੰ ਸੁ ਪ੍ਰੀਤ ਧਰਿ ਲੇਂ ਸੁਭ ਗਤਿ ਪਾਈ॥

ਸਮਾਂ ਪਾ ਕੇ ਰਬਾਬੀ ਕੀਰਤਨੀਆਂ ਦੇ ਨਾਲ ਅਨੇਕਾਂ ਸਿੱਖ ਕੀਰਤਨੀਏ ਵੀ ਕੀਰਤਨ ਕਰਦੇ ਰਹੇ। ਇਨ੍ਹਾਂ ਕੀਰਤਨੀਆਂ ਦੀ ਕੀਰਤਨ ਸ਼ੈਲੀ ਰਬਾਬੀ ਕੀਰਤਨੀਆਂ ਤੋਂ ਕੁਝ ਭਿੰਨ ਸੀ। ਜਿਥੇ ਰਬਾਬੀ ਕੀਰਤਨੀਏ ਲੋਕ ਸੰਗੀਤ ਅਤੇ ਕਵਾਲੀਨੁਮਾ ਸ਼ੈਲੀ ਵਰਤਦੇ, ਉਥੇ ਸਿੱਖ ਕੀਰਤਨੀਏ ਗੁਰੂ ਗ੍ਰੰਥ ਸਾਹਿਬ ਵਿਚ ਦਿਤੇ ਨਿਰਦੇਸ਼ਾਂ ਦੀ ਪਾਲਣਾ ਵੱਲ ਵਧੇਰੇ ਧਿਆਨ ਦਿੰਦੇ। ਰਬਾਬੀ ਕੀਰਤਨੀਏ ਕੀਰਤਨ ਦੇ ਕਿਰਿਆਤਮਕ ਵਿਚ ਮਾਹਰ ਸਨ। ਇਨ੍ਹਾਂ ਦੀ ਰੋਜ਼ੀ-ਰੋਟੀ ਵੀ ਕੀਰਤਨ ਨਾਲ ਹੀ ਚਲਦੀ ਸੀ। ਇਸ ਕਰ ਕੇ ਇਨ੍ਹਾਂ ਦਾ ਮੁੱਖ ਧਿਆਨ ਆਮ ਸਰੋਤਿਆਂ ਦੇ ਮਨੋਰੰਜਨ ਵੱਲ ਵਧੇਰੇ ਹੁੰਦਾ ਸੀ, ਪਰ ਸਿੱਖ ਕੀਰਤਨੀਏ ਗੁਰੂ ਸਾਹਿਬ ਦੇ ਨਿਰਦੇਸ਼ਾਂ ਤੇ ਗੁਰਬਾਣੀ ਦੀ ਸ਼ੁੱਧਤਾ ਵੱਲ ਵਧੇਰੇ ਧਿਆਨ ਦਿੰਦੇ ਸਨ। ਰਬਾਬੀ ਤੇ ਸਿੱਖ ਕੀਰਤਨੀਆਂ ਨਾਲ ਸਬੰਧਤ ਕਥਾਵਾਂ ਇਸ ਗੱਲ ਨੂੰ ਵਧੇਰੇ ਉਜਾਗਰ ਕਰਦੀਆਂ ਹਨ। ਰਬਾਬੀ ਬਲਵੰਤ ਦਾ ਗੁਰੂ ਦੀ ਗੋਲਕ ਵਿਚੋਂ ਅੱਧਾ ਹਿੱਸਾ ਮੰਗਣਾ, ਬਾਬਾ ਬੁੱਢਾ ਜੀ ਨੂੰ ਕੀਰਤਨ ਸੁਣਾਉਣ ਤੋਂ ਇਨਕਾਰ ਕਰਨਾ ਅਤੇ ਫਿਰ ਆਪਣੀ ਬੇਟੀ ਦੇ ਵਿਆਹ ਸਮੇਂ ਨਿਸ਼ਚਿਤ ਭੇਟਾ ਦੀ ਮੰਗ ਕਰਨਾ ਆਦਿ ਹਵਾਲਿਆਂ ਤੋਂ ਪਤਾ ਲੱਗਦਾ ਹੈ ਕਿ ਕਈ ਵਾਰ ਰਬਾਬੀ ਕੀਰਤਨੀਆਂ ਵਿਚ ਹੰਕਾਰ ਅਤੇ ਲਾਲਚ ਆ ਜਾਂਦਾ ਸੀ, ਪਰ ਇਨ੍ਹਾਂ ਹਵਾਲਿਆਂ ਤੋਂ ਰਬਾਬੀ ਕੀਰਤਨੀਆਂ ਬਾਰੇ ਗੁਰੂ ਸਾਹਿਬਾਨ ਦਾ ਰਵੱਈਆ ਵੀ ਪ੍ਰਗਟ ਹੁੰਦਾ ਹੈ। ਇਸ ਸਮੇਂ ਗੁਰੂ ਘਰ ਵਿਚ ਕੀਰਤਨ ਮਰਿਆਦਾ ਦੀ ਸਿਰਜਣਾ ਵੀ ਸਥਾਪਤ ਹੁੰਦੀ ਨਜ਼ਰ ਆ ਰਹੀ ਸੀ। ਰਬਾਬੀਆਂ ਦਾ ਮੁੜ ਗੁਰੂ ਦੀ ਸ਼ਰਨ ਵਿਚ ਆਉਣਾ ਅਤੇ ਉਨ੍ਹਾਂ ਦੀ ਬਾਣੀ ਨੂੰ ਗੁਰੂ ਗ੍ਰੰਥ ਸਾਹਿਬ ਵਿਚ ਸਥਾਨ ਦੇਣਾ, ਗੁਰੂ ਦੇ ਕੀਰਤਨੀਆਂ ਦੇ ਸਤਿਕਾਰ ਦੀ ਉਤਮ ਉਦਾਹਰਣ ਹੈ।



***ਗਿਆਨੀ ਗਿਆਨ ਸਿੰਘ ਅਨੁਸਾਰ, ਜਦੋਂ ਰਬਾਬੀਆਂ ਨੇ ਗੁਰੂ ਘਰ ਵਿਚ ਕੀਰਤਨ ਕਰਨ ਤੋਂ ਇਨਕਾਰ ਕੀਤਾ ਤਾਂ ਗੁਰੂ ਜੀ ਨੇ ਰਬਾਬੀਆਂ ਰਾਹੀਂ ਵਜਾਏ ਜਾਣ ਵਾਲੇ ਸਾਜ਼ਾਂ ਦਾ ਵੀ ਗੁਰ ਦਰਬਾਰ ਵਿਚ ਵਜਾਉਣਾ ਵਰਜਿਤ ਕਰ ਦਿੱਤਾ। ਹੁਣ ਸਾਰੰਗੀ ਦੀ ਥਾਂ ਸਰੰਦਾ ਅਤੇ ਮਿਰਦੰਗ ਦੀ ਥਾਂ ਜੋੜੀ ਦਾ ਵਾਦਨ ਹੋਣ ਲੱਗ ਪਿਆ। ਸਿੱਖ ਇਤਿਹਾਸ ਵਿਚ ਜਿਥੇ ਰਬਾਬੀ ਕੀਰਤਨੀਆਂ ਦਾ ਜ਼ਿਕਰ ਹੁੰਦਾ ਹੈ, ਉਥੇ ਸਿੱਖ ਕੀਰਤਨੀਆਂ ਦੇ ਹਵਾਲੇ ਵੀ ਪ੍ਰਾਪਤ ਹੁੰਦੇ ਹਨ, ਜਿਵੇਂ ਭਾਈ ਝਾਜੂ, ਭਾਈ ਮੁਕੰਦਾ ਤੇ ਭਾਈ ਕਿਦਾਰਾ ਆਦਿ।***

ਸਿੱਖ ਕੀਰਤਨੀਏ ਕੀਰਤਨ ਦੀ ਮਹੱਤਤਾ ਸਮਝਣ ਵੱਲ ਵਧੇਰੇ ਧਿਆਨ ਦਿੰਦੇ ਸਨ। ਜਿਵੇਂ ਭਗਤ ਰਤਨਾਵਲੀ ਦੀ ਸਾਖੀ ਵਿਚ ਜ਼ਿਕਰ ਆਉਂਦਾ ਹੈ:

ਝਾਜੂ ਮੁਕੰਦ ਅਤੇ ਉਨ੍ਹਾਂ ਦੇ ਸਾਥੀਆਂ ਨੇ ਅਰਦਾਸ ਕੀਤੀ, ਜੀ ਬਾਣੀ ਦੇ ਪਾਠ ਦਾ ਕਥਾ ਅਤੇ ਕੀਰਤਨ ਦਾ ਭਿੰਨ ਭਿੰਨ ਫਲ ਕਹੀਐ। ਬਚਨ ਹੋਆ ਬਾਣੀ ਦਾ ਪਾਠੁ ਇਹੁ ਹੈ ਜੋ ਆਪਣੇ ਖੂਹੇ ਦੀ ਪੈਲੀ ਪਾਣੀ ਦੇ ਕੇ ਝਬਦੇ ਪਕਾਈਦੀ ਹੈ ਤੇ ਅਨਾਜ ਦਾ ਬੋਹਲ ਘਰ ਲੈ ਆਈਦਾ ਹੈ, ਜੇ ਖੂਹ ਦੀ ਪੈਲੀ ਨਜ਼ਦੀਕ ਹੋਵੇ ਤਾਂ ਉਸ ਨੂੰ ਭੀ ਪਾਣੀ ਪਹੁੰਚ ਸਕਦਾ ਹੈ, ਪਰ ਦੂਰ ਦੀਆਂ ਪੈਲੀਆਂ ਨੂੰ ਨਹੀਂ ਪਹੁੰਚਦਾ।

ਫਿਰ ਕਥਾ ਅਤੇ ਕੀਰਤਨ ਦਾ ਅੰਤਰ ਸਮਝਾਇਆ ਗਿਆ ਹੈ।

ਤੇ ਕੀਰਤਨ ਐਸਾ ਹੈ ਜੈਸੇ ਮੇਘ ਗਰਜ ਕੇ ਬਰਖਾ ਕਰਦਾ ਹੈ ਤਾਂ ਸਭ ਪੈਲੀਆਂ ਹਰੀਆਂ ਹੁੰਦੀਆਂ ਹਨ। ਤੇ ਕਥਾ ਦਾ ਫਲ ਇਹ ਹੈ ਕਿ ਮੇਘ ਜੋ ਠਹਿਰਿਆ ਹੋਇਆ ਨਿਰਵਾਤ ਝਿੰਮ ਝਿੰਮ ਬਰਖਾ ਕਰਦਾ ਹੈ, ਅੱਗੇ ਪੈਲੀਆਂ ਗਾਹੀਆਂ ਹੋਈਆਂ ਸੁਧਾਰੀਆਂ ਹੋਵਨ ਜੋ ਜੋ ਬੂੰਦ ਪਵੇ, ਵਿਚ ਧਰਤੀ ਤੇ ਸਮਾਵਦੀ ਜਾਵੇ, ਤੈਸੇ ਸਮਝਵਾਨ ਸਿੱਖ ਹੁੰਦੇ ਹੈਨ, ਜੋ ਜੋ ਕਥਾ ਕੀਰਤਨ ਕਰਦੇ ਹੈਨ ਤੇ ਵਾਰਤਾ ਸੁਣਦੇ ਹਨ, ਸੋ ਸੋ ਰਿਦੈ ਵਿਚ ਧਾਰਨੀ ਹੁੰਦੀ ਹੈ। ਕਥਾ ਤੇ ਕੀਰਤਨ ਦੋਵੇਂ ਮਿਲੇ ਸੋਭਾ ਪਾਂਵਦੇ ਹਨ।


ਗਿਆਨੀ ਗਿਆਨ ਸਿੰਘ ਅਨੁਸਾਰ ਜਦੋਂ ਰਬਾਬੀਆਂ ਨੇ ਗੁਰੂ ਘਰ ਵਿਚ ਕੀਰਤਨ ਕਰਨ ਤੋਂ ਇਨਕਾਰ ਕੀਤਾ ਤਾਂ ਗੁਰੂ ਜੀ ਨੇ ਰਬਾਬੀਆਂ ਰਾਹੀਂ ਵਜਾਏ ਜਾਣ ਵਾਲੇ ਸਾਜ਼ਾਂ ਦਾ ਵੀ ਗੁਰ ਦਰਬਾਰ ਵਿਚ ਵਜਾਉਣਾ ਵਰਜਿਤ ਕਰ ਦਿੱਤਾ। ਹੁਣ ਸਾਰੰਗੀ ਦੀ ਥਾਂ ਸਰੰਦਾ ਅਤੇ ਮਿਰਦੰਗ ਦੀ ਥਾਂ ਜੋੜੀ ਦਾ ਵਾਦਨ ਹੋਣ ਲੱਗ ਪਿਆ। ਸਿੱਖ ਇਤਿਹਾਸ ਵਿਚ ਜਿਥੇ ਰਬਾਬੀ ਕੀਰਤਨੀਆਂ ਦਾ ਜ਼ਿਕਰ ਹੁੰਦਾ ਹੈ, ਉਥੇ ਸਿੱਖ ਕੀਰਤਨੀਆਂ ਦੇ ਹਵਾਲੇ ਵੀ ਪ੍ਰਾਪਤ ਹੁੰਦੇ ਹਨ, ਜਿਵੇਂ ਭਾਈ ਝਾਜੂ, ਭਾਈ ਮੁਕੰਦਾ ਤੇ ਭਾਈ ਕਿਦਾਰਾ ਆਦਿ।

ਗੁਰੂ ਹਰਿਗੋਬਿੰਦ ਸਾਹਿਬ ਦੇ ਕੀਰਤਪੁਰ ਸਾਹਿਬ ਚਲੇ ਜਾਣ ਉਪਰੰਤ ਸ੍ਰੀ ਹਰਿਮੰਦਰ ਸਾਹਿਬ ਦਾ ਪ੍ਰਬੰਧ ਪ੍ਰਿਥੀਚੰਦ ਦੀ ਔਲਾਦ ਕੋਲ ਆ ਗਿਆ। ਉਸ ਵੇਲੇ ਦੇ ਕੀਰਤਨੀਆਂ ਬਾਰੇ ਇਤਿਹਾਸ ਚੁੱਪ ਹੈ। ਗੁਰੂ ਗੋਬਿੰਦ ਸਿੰਘ ਤੋਂ ਬਾਅਦ ਬਾਬਾ ਬੰਦਾ ਬਹਾਦਰ ਦੇ ਸਮੇਂ ਮਾਤਾ ਸੁੰਦਰੀ ਨੇ ਦਰਬਾਰ ਸਾਹਿਬ ਦਾ ਪ੍ਰਬੰਧ ਚਲਾਉਣ ਲਈ ਭਾਈ ਮਨੀ ਸਿੰਘ ਨੂੰ ਸ੍ਰੀ ਅੰਮ੍ਰਿਤਸਰ ਸਾਹਿਬ ਭੇਜਿਆ। ਉਨ੍ਹਾਂ ਨੇ ਮੁੜ ਗੁਰੂ ਮਰਿਆਦਾ ਸਥਾਪਤ ਕੀਤੀ। ਉਨ੍ਹਾਂ ਨਾਲ ਜੱਸਾ ਸਿੰਘ ਆਹਲੂਵਾਲੀਆ ਵੀ ਆਏ ਸਨ ਜਿਹੜੇ ਖੁਦ ਕੀਰਤਨ ਕਰਦੇ ਸਨ। ਸਿੱਖ ਮਿਸਲਾਂ ਦੇ ਸਮੇਂ ਦਰਬਾਰ ਸਾਹਿਬ ਦੇ ਆਲੇ-ਦੁਆਲੇ ਵੱਖ-ਵੱਖ ਬੁੰਗਿਆਂ ਦੀ ਉਸਾਰੀ ਹੋਈ। ਇਸ ਸਮੇਂ ਕੁਝ ਕੀਰਤਨੀਆਂ ਦੇ ਨਾਮ ਪ੍ਰਾਪਤ ਹੁੰਦੇ ਹਨ; ਜਿਵੇਂ ਰਾਗੀ ਕਾਹਨ ਸਿੰਘ, ਰਾਗੀ ਚੜ੍ਹਤ ਸਿੰਘ, ਰਾਗੀ ਧਨਪਤ ਸਿੰਘ, ਰਾਗੀ ਅਮਰ ਸਿੰਘ ਆਦਿ। ਮਹਾਰਾਜਾ ਰਣਜੀਤ ਸਿੰਘ ਦੇ ਕਾਲ ਵਿਚ ਹਰਿਮੰਦਰ ਸਾਹਿਬ ਵਿਖੇ ਜਿਥੇ ਮੁਸਲਮਾਨ ਰਬਾਬੀ ਕੀਰਤਨ ਕਰਦੇ ਸਨ, ਉਥੇ ਸਿੱਖ ਰਾਗੀ ਵੀ ਕੀਰਤਨ ਕਰਦੇ ਸਨ।

**ਭਾਈ ਮਨਸਾ ਸਿੰਘ:** ਇਸ ਸਮੇਂ ਹਰਿਮੰਦਰ ਸਾਹਿਬ ਦੇ ਪ੍ਰਸਿੱਧ ਰਾਗੀ ਭਾਈ ਮਨਸਾ ਸਿੰਘ ਦਾ ਜ਼ਿਕਰ ਆਉਂਦਾ ਹੈ ਜਿਹੜੇ ਗੁਰੂ ਘਰ ਵਿਚ ਕੀਰਤਨ ਕਰਨ ਦੇ ਨਾਲ-ਨਾਲ ਆਪਣਾ ਨਿਜੀ ਜੀਵਨ ਗੁਰਬਾਣੀ ਵਿਚ ਦਰਸਾਏ ਕੀਰਤਨੀਏ ਵਾਂਗ ਜਿਉਂਦੇ ਸਨ। ਗੁਰਬਾਣੀ ਦਾ ਫਰਮਾਨ ਹੈ:

ਭਲੋ ਭਲੋ ਰੇ ਕੀਰਤਨੀਆ<br>
ਰਾਮ ਰਮਾ ਰਾਮਾ ਗੁਨ ਗਾਉ॥<br>
ਛੋਡਿ ਮਾਇਆ ਕੇ ਧੰਧ ਸੁਆਉ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 885)

ਇਤਿਹਾਸ ਵਿਚ ਵਰਣਨ ਮਿਲਦਾ ਹੈ ਕਿ ਭਾਈ ਮਨਸਾ ਸਿੰਘ ਦੀ ਕਮਜ਼ੋਰ ਮਾਇਕ ਹਾਲਤ ਦੇਖ ਕੇ ਮਹਾਰਾਜਾ ਰਣਜੀਤ ਸਿੰਘ ਨੇ ਉਨ੍ਹਾਂ ਨੂੰ ਧਨ ਦੇਣ ਦੀ ਕੋਸ਼ਿਸ਼ ਕੀਤੀ, ਪਰ ਉਨ੍ਹਾਂ ਨੇ ਇਨਕਾਰ ਕਰ ਦਿੱਤਾ।



***ਰਬਾਬੀ ਕੀਰਤਨੀਏ ਕੀਰਤਨ ਦੇ ਕਿਰਿਆਤਮਕ ਵਿਚ ਮਾਹਰ ਸਨ। ਇਨ੍ਹਾਂ ਦੀ ਰੋਜ਼ੀ-ਰੋਟੀ ਵੀ ਕੀਰਤਨ ਨਾਲ ਹੀ ਚਲਦੀ ਸੀ। ਇਸ ਕਰ ਕੇ ਇਨ੍ਹਾਂ ਦਾ ਮੁੱਖ ਧਿਆਨ ਆਮ ਸਰੋਤਿਆਂ ਦੇ ਮਨੋਰੰਜਨ ਵੱਲ ਵਧੇਰੇ ਹੁੰਦਾ ਸੀ, ਪਰ ਸਿੱਖ ਕੀਰਤਨੀਏ ਗੁਰੂ ਸਾਹਿਬ ਦੇ ਨਿਰਦੇਸ਼ਾਂ ਤੇ ਗੁਰਬਾਣੀ ਦੀ ਸ਼ੁੱਧਤਾ ਵੱਲ ਵਧੇਰੇ ਧਿਆਨ ਦਿੰਦੇ ਸਨ।***

**ਬਾਬਾ ਸ਼ਾਮ ਸਿੰਘ:** ਮਹਾਰਾਜਾ ਰਣਜੀਤ ਸਿੰਘ ਦੇ ਦਰਬਾਰ ਵਿਚ ਇਕ ਹੋਰ ਪ੍ਰਸਿੱਧ ਰਾਗੀ ਦੇ ਨਾਮ ਦਾ ਵਰਣਨ ਹੈ। ਇਨ੍ਹਾਂ ਨੂੰ ਬਾਬਾ ਸ਼ਾਮ ਸਿੰਘ ਕਿਹਾ ਜਾਂਦਾ ਸੀ। ਬਾਬਾ ਸ਼ਾਮ ਸਿੰਘ ਸ੍ਰੀ ਹਰਿਮੰਦਰ ਸਾਹਿਬ ਵਿਖੇ ਰਾਤ ਦੇ ਤੀਸਰੇ ਪਹਿਰ ਕਿਵਾੜ ਖੁੱਲ੍ਹਣ ਤੋਂ ਪਹਿਲਾਂ ਸਰੰਦੇ ਨਾਲ ਕੀਰਤਨ ਕਰਦੇ ਸਨ। ਆਪ ਨੇ ਇਹ ਸੇਵਾ ਲਗਭਗ ਸੱਤਰ ਸਾਲ ਕੀਤੀ। ਇਨ੍ਹਾਂ ਦਾ ਸਰੰਦਾ ਅਜੇ ਵੀ ਸਿੱਖ ਅਜਾਇਬ ਘਰ ਵਿਚ ਸੁਭਾਇਮਾਨ ਹੈ।

ਗਿਆਨੀ ਗਿਆਨ ਸਿੰਘ ਅਨੁਸਾਰ ਪਹਿਲੇ ਪਹਿਲ ਭਾਈ ਮੱਸਾ ਸਿੰਘ ਰਾਗੀ ਬਹੁਤ ਚਿਰ ਆਸਾ ਦੀ ਵਾਰ ਦੀ ਚੌਕੀ ਕਰਦਾ ਰਿਹਾ ਜਿਸ ਨੇ ਸੰਤਾਨ ਨਾ ਹੋਣ ਕਰ ਕੇ ਆਪਣੇ ਦੋਹਤਰੇ ਭਾਈ ਮਾਨ ਸਿੰਘ ਨੂੰ ਮੁਤਬੰਨਾ ਬਣਾ ਕੇ ਆਪਣੀ ਥਾਂ ਕਾਇਮ ਕੀਤਾ ਜਿਸ ਨੂੰ ਸਾਰੇ ਸਿੱਖਾਂ ਵੱਲੋਂ ਸਿਰੋਪਾ ਮਿਲਣ 'ਤੇ ਮਹਾਰਾਜਾ ਰਣਜੀਤ ਸਿੰਘ ਨੇ ਵੀ ਸਿਰੋਪਾ ਤੇ ਕੁਝ ਜਾਗੀਰ ਭੇਟ ਕੀਤੀ। ਉਸ ਦੀ ਸੰਤਾਨ ਕਾਫੀ ਸਮਾਂ ਦਰਬਾਰ ਸਾਹਿਬ ਕੀਰਤਨ ਕਰਦੀ ਰਹੀ ਹੈ। ਗਿਆਨੀ ਗਿਆਨ ਸਿੰਘ ਨੇ ਕੁਝ ਰਾਗੀ ਜਥਿਆਂ ਨੇ ਨਾਂਵਾਂ ਦੀ ਸੂਚੀ ਵੀ ਦਿੱਤੀ ਹੈ:

1. ਭਾਈ ਚੇਤ ਸਿੰਘ, ਹਜ਼ਾਰਾ ਸਿੰਘ
2. ਭਾਈ ਮਿਸਰਾ ਸਿੰਘ, ਕਪੂਰ ਸਿੰਘ
3. ਭਾਈ ਪੈੜਾ ਸਿੰਘ, ਕਿਸ਼ਨ ਸਿੰਘ, ਗੁਰਦਿੱਤ ਸਿੰਘ ਆਦਿ
4. ਭਾਈ ਰਤਨ ਸਿੰਘ, ਕਰਮ ਸਿੰਘ, ਮੰਗਲ ਸਿੰਘ
5. ਭਾਈ ਗੰਡਾ ਸਿੰਘ, ਜਮੀਤ ਸਿੰਘ, ਮੰਗਲ ਸਿੰਘ
6. ਭਾਈ ਆਨੰਦ ਮਾਨ ਸਿੰਘ, ਅਮੀਰ ਸਿੰਘ ਬੇਰੀ ਆਦਿ
7. ਭਾਈ ਬਿਸ਼ਨ ਸਿੰਘ, ਬੁਧ ਸਿੰਘ
8. ਭਾਈ ਮੰਗਲ ਸਿੰਘ, ਰਾਮ ਸਿੰਘ ਰਾਗੀਆਂ

ਸੰਗੀਤ ਕਲਾ ਭਾਵੇਂ ਰਬਾਬੀਆਂ ਦੀ ਖਾਨਦਾਨੀ ਕਲਾ ਸੀ ਤੇ ਇਸੇ ਕਰ ਕੇ ਉਹ ਇਸ ਵਿਚ ਮਾਹਰ ਸਨ, ਪਰ ਸਮਾਂ ਪਾ ਕੇ ਸਿੱਖਾਂ ਵਿਚ ਵੀ ਇਸ ਕਲਾ ਵਿਚ ਮੁਹਾਰਤ ਰੱਖਣ ਵਾਲੇ ਸੰਗੀਤਕਾਰ ਬਣ ਗਏ ਸਨ। ਇਨ੍ਹਾਂ ਰਾਗੀਆਂ ਵਿਚੋਂ ਕਈ ਰਾਗੀ ਬਹੁਤ ਵਿਦਵਾਨ ਹੋਏ ਹਨ, ਜਿਵੇਂ ਭਾਈ ਮਿਸਰਾ ਸਿੰਘ ਇਤਨੇ ਵਿਦਵਾਨ ਸਨ ਕਿ ਮਹੰਤ ਗੱਜਾ ਸਿੰਘ ਰਾਹੀਂ ਇਨ੍ਹਾਂ ਦੀ ਸਿਫਤ ਸੁਣ ਕੇ ਮਹਾਰਾਜਾ ਭੁਪਿੰਦਰ ਸਿੰਘ ਨੇ ਇਨ੍ਹਾਂ ਪਾਸੋਂ ਸੰਗੀਤ ਸ਼ਾਸਤਰ ਲਿਖਵਾਉਣ ਲਈ ਕੁਝ ਚਿਰ ਲਈ ਆਪਣੇ ਦਰਬਾਰ ਵਿਚ ਨਿਯੁਕਤ ਕੀਤਾ ਸੀ।

ਅੰਗਰੇਜ਼ ਰਾਜ ਵਿਚ ਸਿੱਖ ਧਾਰਮਿਕ ਸਥਾਨਾਂ ਦਾ ਪ੍ਰਬੰਧ ਆਮ ਤੌਰ 'ਤੇ ਮਹੰਤਾਂ ਕੋਲ ਸੀ। ਇਸ ਸਮੇਂ ਵੀ ਰਾਗੀ ਤੇ ਰਬਾਬੀ ਇਨ੍ਹਾਂ ਸਥਾਨਾਂ 'ਤੇ ਕੀਰਤਨ ਕਰਦੇ ਸਨ। ਸਿੰਘ ਸਭਾ ਲਹਿਰ ਦੇ ਪ੍ਰਭਾਵ ਹੇਠ ਕਈ ਮੁਸਲਮਾਨ ਰਬਾਬੀ ਅੰਮ੍ਰਿਤ ਛਕ ਕੇ ਸਿੰਘ ਸਜ ਗਏ ਅਤੇ ਉਹ ਪੂਰੀ ਸ਼ਰਧਾ ਨਾਲ ਗੁਰਮਤਿ ਸੰਗੀਤ ਵਿਚ ਯੋਗਦਾਨ ਦਿੰਦੇ ਰਹੇ। ਅਜਿਹੇ ਕੀਰਤਨੀਆਂ ਵਿਚੋਂ ਭਾਈ ਰਣਜੋਧ ਸਿੰਘ ਜੋ ਕੀਰਤਨੀਏ ਭਾਈ ਜਸਵੰਤ ਸਿੰਘ ਅਤੇ ਭਾਈ ਪਾਲ ਸਿੰਘ (ਭਾਈ ਜੱਸਾ ਪਾਲਾ) ਦੇ ਪਿਤਾ ਸਨ, ਭਾਈ ਤਾਨਾ ਸਿੰਘ, ਭਾਈ ਮਿਹਰ ਸਿੰਘ ਤਾਨ, ਭਾਈ ਗੁਰਮੁਖ ਸਿੰਘ, ਭਾਈ ਸਰਮੁਖ ਸਿੰਘ ਫੱਕਰ, ਭਾਈ ਧਰਮ ਸਿੰਘ, ਭਾਈ ਸ਼ਮਸ਼ੇਰ ਸਿੰਘ ਜ਼ਖਮੀ ਆਦਿ ਵਰਣਨਯੋਗ ਹਨ। ਇਨ੍ਹਾਂ ਕੀਰਤਨੀਆਂ ਨੇ ਆਪਣੇ ਬੱਚਿਆਂ ਨੂੰ ਵੀ ਕੀਰਤਨ ਦੀ ਤਾਲੀਮ ਦਿੱਤੀ ਅਤੇ ਸਿੱਖੀ ਸਰੂਪ ਵਿਚ ਕੀਰਤਨ ਕਰਨ ਲਈ ਪ੍ਰੇਰਿਆ। ਇਨ੍ਹਾਂ ਦੀ ਔਲਾਦ ਹੁਣ ਵੀ ਕੀਰਤਨ ਕਰ ਰਹੀ ਹੈ। ਖਾਲਸਾ ਟ੍ਰੈਕਟ ਸੁਸਾਇਟੀ ਵੱਲੋਂ ਸੰਨ 1900 ਵਿਚ ਛਪੀ ਡਾਇਰੈਕਟਰੀ ਦੇ ਹਵਾਲੇ ਨਾਲ ਪ੍ਰੋ. ਪਿਆਰਾ ਸਿੰਘ ਪਦਮ ਨੇ 'ਅੰਮ੍ਰਿਤ ਕੀਰਤਨ' ਮੈਗਜ਼ੀਨ ਵਿਚ ਸੌ ਸਾਲ ਪੁਰਾਣੇ ਰਬਾਬੀਆਂ ਤੇ ਢਾਡੀਆਂ ਦੀ ਸੂਚੀ ਦੇਣ ਦੇ ਨਾਲ-ਨਾਲ ਰਾਗੀਆਂ ਦੀ ਸੂਚੀ ਵੀ ਦਿੱਤੀ ਹੈ। ਇਸ ਸੂਚੀ ਵਿਚ ਦਰਜ ਕੁਝ ਨਾਮ ਇਸ ਪ੍ਰਕਾਰ ਹਨ:

ਭਾਈ ਗੰਗਾ ਸਿੰਘ, ਭਾਈ ਹਰੀ ਸਿੰਘ, ਭਾਈ ਭਾਗ ਸਿੰਘ, ਭਾਈ ਪਰਤਾਪ ਸਿੰਘ, ਭਾਈ ਪਰਾਗ ਸਿੰਘ, ਭਾਈ ਸੰਪੂਰਨ ਸਿੰਘ, ਭਾਈ ਪ੍ਰੇਮ ਸਿੰਘ, ਭਾਈ ਕੇਸਰ ਸਿੰਘ, ਭਾਈ ਗੰਡਾ ਸਿੰਘ, ਭਾਈ ਸ਼ੇਰ ਸਿੰਘ, ਭਾਈ ਮੂਲ ਸਿੰਘ, ਭਾਈ ਠਾਕੁਰ ਸਿੰਘ, ਭਾਈ ਹਰਨਾਮ ਸਿੰਘ, ਭਾਈ ਸੁਰਪਤ ਸਿੰਘ, ਭਾਈ ਹਰੀ ਸਿੰਘ, ਭਾਈ ਸਹਿਜ ਸਿੰਘ, ਭਾਈ ਸਾਧੂ ਸਿੰਘ, ਭਾਈ ਗੁਲਾਬ ਸਿੰਘ, ਭਾਈ ਚੜ੍ਹਤ ਸਿੰਘ, ਭਾਈ ਸੁੰਦਰ ਸਿੰਘ, ਭਾਈ ਹਰਿਨਾਮ ਸਿੰਘ, ਭਾਈ ਬਿਹਾਲ ਸਿੰਘ, ਭਾਈ ਨਰੈਣ ਸਿੰਘ, ਭਾਈ ਹਰੀ ਸਿੰਘ, ਭਾਈ ਪ੍ਰਤਾਪ ਸਿੰਘ, ਭਾਈ ਮੀਰ ਸਿੰਘ, ਭਾਈ ਗੁਰਮੁਖ ਸਿੰਘ, ਭਾਈ ਫਤੇ ਸਿੰਘ, ਭਾਈ ਖਜ਼ਾਨ ਸਿੰਘ, ਭਾਈ ਨਿਹਾਰ ਸਿੰਘ ਤੇ ਭਾਈ ਹਜ਼ਾਰਾ ਸਿੰਘ ਆਦਿ।

ਸਿੱਖ ਕੀਰਤਨੀਆਂ ਵਿਚੋਂ ਕੁਝ ਕੀਰਤਨੀਏ ਗੁਰਮਤਿ ਸੰਗੀਤ ਦੇ ਇਤਿਹਾਸ ਵਿਚ ਵਿਸ਼ੇਸ਼ ਸਥਾਨ ਰੱਖਦੇ ਹਨ। ਇਨ੍ਹਾਂ ਨੇ ਆਪਣੇ ਕੀਰਤਨ ਨਾਲ ਬਹੁਤ ਲੋਕਾਂ ਨੂੰ ਪ੍ਰਭਾਵਿਤ ਕੀਤਾ ਹੈ:

**ਭਾਈ ਸੁੰਦਰ ਸਿੰਘ:** ਆਪ ਦਰਬਾਰ ਸਾਹਿਬ ਸ੍ਰੀ ਹਰਿਮੰਦਰ ਸਾਹਿਬ ਦੇ ਕੀਰਤਨੀਏ ਸਨ। ਆਪ ਦਾ ਕੀਰਤਨ ਇਤਨਾ ਪ੍ਰਭਾਵਸ਼ਾਲੀ ਸੀ ਕਿ ਇਸ ਨੂੰ ਬੰਗਾਲ ਦੇ ਮਹਾਂਕਵੀ ਰਬਿੰਦਰਨਾਥ ਠਾਕੁਰ ਨੇ ਕਲਕੱਤੇ ਲਿਜਾਣ ਦੀ ਇੱਛਾ ਪ੍ਰਗਟਾਈ ਸੀ।

**ਮਹੰਤ ਗੱਜਾ ਸਿੰਘ:** ਮਹੰਤ ਗੱਜਾ ਸਿੰਘ ਸੰਗੀਤ ਕਲਾ ਵਿਚ ਨਿਪੁੰਨ ਸਨ। ਆਪ ਸਰੰਦਾ ਵਜਾਉਣ ਵਿਚ ਮਾਹਰ ਸਨ। ਆਪ ਮਹਾਰਾਜਾ ਪਟਿਆਲਾ ਦੇ ਦਰਬਾਰੀ ਕੀਰਤਨੀਏ ਵੀ ਰਹੇ। ਆਪ ਨੇ ਭਾਈ ਕਾਹਨ ਸਿੰਘ ਨਾਭਾ ਨੂੰ ਸੰਗੀਤ ਸਿੱਖਿਆ ਦਿੱਤੀ ਅਤੇ ਮਹਾਨ ਕੋਸ਼ ਵਿਚ ਗੁਰਮਤਿ ਸੰਗੀਤ ਸਬੰਧੀ ਐਂਟਰੀਆਂ ਲਿਖਣ ਵਿਚ ਸਹਿਯੋਗ ਦਿੱਤਾ। ਇਸ ਕਾਰਨ ਗੁਰਮਤਿ ਸੰਗੀਤ ਸਬੰਧੀ ਭਰਪੂਰ ਪਰਮਾਣਿਕ ਜਾਣਕਾਰੀ ਉਪਲਬਧ ਹੋ ਰਹੀ ਹੈ। ਆਪ ਦੇ ਮੁਖ ਸ਼ਾਗਿਰਦਾਂ ਵਿਚ ਮਹਾਰਾਜਾ ਭੁਪਿੰਦਰ ਸਿੰਘ, ਭਾਈ ਵੀਰ ਸਿੰਘ, ਭਾਈ ਕਾਹਨ ਸਿੰਘ ਨਾਭਾ ਅਤੇ ਦਿਲਰੁਬਾ ਵਾਦਕ ਭਾਈ ਹਰਨਾਮ ਸਿੰਘ ਦਾ ਨਾਮ ਸ਼ਾਮਲ ਹੈ।

**ਭਾਈ ਜਵਾਲਾ ਸਿੰਘ:** ਭਾਈ ਜਵਾਲਾ ਸਿੰਘ ਗੁਰੂ ਅਰਜਨ ਦੇਵ ਵੱਲੋਂ ਵਰੋਸਾਏ ਹੋਏ ਕੀਰਤਨੀਆਂ ਦੀ ਲੜੀ ਵਿਚੋਂ ਸਨ। ਆਪ ਪਾਸ ਗੁਰੂ ਕਲਾ ਦੀਆਂ ਪੁਰਾਤਨ ਰੀਤਾਂ ਦਾ ਖ਼ਜ਼ਾਨਾ ਸੀ। ਆਪ ਨੇ ਇਨ੍ਹਾਂ ਦੀ ਤਾਲੀਮ ਆਪਣੇ ਪੁੱਤਰਾਂ ਭਾਈ ਗੁਰਬਚਨ ਸਿੰਘ ਅਤੇ ਭਾਈ ਅਵਤਾਰ ਸਿੰਘ ਨੂੰ ਦਿੱਤੀ ਜਿਹੜੇ ਉਮਰ ਭਰ ਇਨ੍ਹਾਂ ਦਾ ਗਾਇਨ ਕਰਦੇ ਰਹੇ। ਇਸ ਦੇ ਨਾਲ ਹੀ ਇਨ੍ਹਾਂ ਨੇ ਇਨ੍ਹਾਂ ਰੀਤਾਂ ਨੂੰ ਲਿਪੀਬੱਧ ਕਰ ਕੇ ਪੰਜਾਬੀ ਯੂਨੀਵਰਸਿਟੀ ਤੋਂ ਪ੍ਰਕਾਸ਼ਿਤ ਕਰਵਾਇਆ। ਹੁਣ ਇਹ 'ਗੁਰਬਾਣੀ ਸੰਗੀਤ ਪ੍ਰਾਚੀਨ ਰੀਤ ਰਤਨਾਵਲੀ' ਪੁਸਤਕ ਦੇ ਰੂਪ ਵਿਚ ਉਪਲਬਧ ਹਨ। ਇਨ੍ਹਾਂ ਦੇ ਵੰਸ਼ ਵਿਚੋਂ ਭਾਈ ਕੁਲਤਾਰ ਸਿੰਘ ਕੀਰਤਨ ਕਰ ਰਹੇ ਹਨ ਅਤੇ ਭਾਈ ਜਵਾਲਾ ਸਿੰਘ ਦੀ ਕੀਰਤਨ ਸ਼ੈਲੀ ਨੂੰ ਕਾਇਮ ਰੱਖ ਰਹੇ ਸਨ।

ਭਾਈ ਹੀਰਾ ਸਿੰਘ: ਭਾਈ ਹੀਰਾ ਸਿੰਘ, ਸਿੰਘ ਸਭਾ ਲਹਿਰ ਦੇ ਪ੍ਰਸਿੱਧ ਕੀਰਤਨੀਏ ਹੋਏ ਹਨ। ਆਪ ਨੇ ਕੀਰਤਨ ਕਰਨ ਦੇ ਨਾਲ-ਨਾਲ ਅਨੇਕਾਂ ਵਿਦਿਅਕ ਸੰਸਥਾਵਾਂ ਦੀ ਸਥਾਪਨਾ ਕੀਤੀ। ਆਪ ਉਮਰ ਭਰ ਗੁਰਮਤਿ ਸੰਗੀਤ ਦੇ ਮਿਆਰੀ ਕੀਰਤਨੀਏ ਵਜੋਂ ਵਿਚਰਦੇ ਰਹੇ ਜਿਸ ਦਾ ਮਨੋਰਥ

(ਬਾਕੀ ਅਗਲੇ ਸਫੇ 'ਤੇ)

ਕੇਵਲ ਮਾਇਆ ਕਮਾਉਣਾ ਨਹੀਂ ਸੀ, ਸਗੋਂ ਲੋਕਾਈ ਦਾ ਭਲਾ ਕਰਨਾ ਸੀ।

**ਭਾਈ ਸੁਧ ਸਿੰਘ ਪ੍ਰਧਾਨ ਸਿੰਘ:** ਭਾਈ ਸੁਧ ਸਿੰਘ ਭਾਈ ਪ੍ਰਧਾਨ ਸਿੰਘ ਪ੍ਰਸਿੱਧ ਟਕਸਾਲੀ ਕੀਰਤਨੀਏ ਸਨ। ਆਪ ਪੁਰਾਤਨ ਰੀਤਾਂ ਵਿਚ ਕੀਰਤਨ ਕਰਦੇ ਰਹੇ। ਆਪ ਦੇ ਜਥੇ ਵਿਚੋਂ ਭਾਈ ਪ੍ਰਧਾਨ ਸਿੰਘ ਅਤੇ ਉਨ੍ਹਾਂ ਦੇ ਪੁੱਤਰ ਹਰਭਜਨ ਸਿੰਘ ਰਤਨ ਵੱਲੋਂ ਗਾਇਨ ਕੀਤੀ ਆਸਾ ਦੀ ਵਾਰ ਦੇ ਰਿਕਾਰਡ ਤਿਆਰ ਹੋਏ ਸਨ। ਇਹ ਆਸਾ ਦੀ ਵਾਰ ਦੀ ਗਾਇਨ ਵਿਧੀ ਦਾ ਚੰਗਾ ਨਮੂਨਾ ਹੈ।

**ਗਿਆਨੀ ਗਿਆਨ ਸਿੰਘ ਐਬਟਾਬਾਦ:** ਗਿਆਨੀ ਗਿਆਨ ਸਿੰਘ ਨਿਸ਼ਕਾਮ ਕੀਰਤਨੀਏ ਸਨ। ਆਪ ਕਿੱਤੇ ਵਜੋਂ ਕੀਰਤਨ ਨਹੀਂ ਸੀ ਕਰਦੇ। ਆਪ ਨੂੰ ਗੁਰਮਤਿ ਦੀ ਸੰਭਾਲ ਦਾ ਖਾਸ ਫਿਕਰ ਸੀ। ਆਪ ਨੇ ਨੌਂ ਪ੍ਰਸਿੱਧ ਰਾਗੀਆਂ ਦੀਆਂ ਰੀਤਾਂ ਸੁਣ ਕੇ ਗਿਆਨੀ ਹਰਦਿੱਤ ਸਿੰਘ ਅਤੇ ਪ੍ਰਿੰਸੀਪਲ ਦਿਆਲ ਸਿੰਘ ਨਾਲ ਮਿਲ ਕੇ ਉਨ੍ਹਾਂ ਦੀਆਂ ਸੁਰ ਲਿਪੀਆਂ ਤਿਆਰ ਕੀਤੀਆਂ ਜਿਨ੍ਹਾਂ ਨੂੰ ਬਾਅਦ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ 'ਗੁਰਬਾਣੀ ਸੰਗੀਤ' ਨਾਮਕ ਪੁਸਤਕ (ਦੋ ਭਾਗ) ਪ੍ਰਕਾਸ਼ਿਤ ਕੀਤੀ। ਆਪ ਦੀ ਇਹ ਪੁਸਤਕ ਗੁਰਮਤਿ ਸੰਗੀਤ ਸਾਹਿਤ ਵਿਚ ਵਿਸ਼ੇਸ਼ ਸਥਾਨ ਰੱਖਦੀ ਹੈ।

**ਭਾਈ ਪ੍ਰੇਮ ਸਿੰਘ ਰਾਗੀ:** ਪਟਿਆਲਾ ਰਿਆਸਤ ਨਾਲ ਸਬੰਧਤ ਭਾਈ ਪ੍ਰੇਮ ਸਿੰਘ ਗੁਰਮਤਿ ਸੰਗੀਤ ਦਾ ਸਿਧਾਂਤਕ ਗਿਆਨ ਰੱਖਣ ਵਾਲੇ ਰਾਗੀ ਸਨ। ਆਪ ਨੇ 'ਗੁਰਮਤਿ ਰਤਨ (ਸੰਗੀਤ) ਭੰਡਾਰ' ਨਾਮਕ ਪੁਸਤਕ ਦੀ ਰਚਨਾ ਕੀਤੀ। ਇਸ ਪੁਸਤਕ ਵਿਚ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦੀ ਜਾਣਕਾਰੀ ਦੇਣ ਦੇ ਨਾਲ ਵੱਖ-ਵੱਖ ਰਾਗਾਂ ਦੇ ਵੇਰਵੇ ਅਤੇ ਸੰਗੀਤ ਸਬੰਧੀ ਹੋਰ ਜਾਣਕਾਰੀ ਦਿੱਤੀ ਗਈ ਹੈ।

**ਭਾਈ ਸਮੁੰਦ ਸਿੰਘ:** ਆਪ ਕਲਾਸੀਕਲ ਅੰਦਾਜ਼ ਵਿਚ ਕੀਰਤਨ ਕਰਦੇ ਸਨ। ਆਪ ਦੇ ਕੀਰਤਨ ਸਦਕਾ ਗੁਰਮਤਿ ਸੰਗੀਤ ਦੇ ਮਿਆਰ ਦੀ ਗੈਰ-ਸਿੱਖ ਸੰਗੀਤਕਾਰਾਂ ਵਿਚ ਵੀ ਚਰਚਾ ਹੁੰਦੀ ਸੀ। ਇਨ੍ਹਾਂ ਦੇ ਸਮੇਂ ਤੱਕ ਰੇਡੀਓ ਅਤੇ ਰਿਕਾਰਡਿੰਗ ਕੰਪਨੀਆਂ ਅਜੇ ਅਰੰਭ ਹੋ ਰਹੀਆਂ ਸਨ। ਇਸ ਕਾਰਨ ਹੁਣ ਕੀਰਤਨ ਦੀ ਸਾਂਭ-ਸੰਭਾਲ ਅਰੰਭ ਹੋ ਗਈ। ਆਪ ਦਾ ਕੀਰਤਨ ਅਜੋਕੇ ਕੀਰਤਨੀਆਂ ਅਤੇ ਗੁਰਮਤਿ ਸੰਗੀਤ ਦੇ ਵਿਦਿਆਰਥੀਆਂ ਲਈ ਉਦਾਹਰਣ ਹੈ। ਭਾਈ ਸਾਹਿਬ ਦੀ ਕੀਰਤਨ ਸ਼ੈਲੀ ਨੂੰ ਉਨ੍ਹਾਂ ਦੇ ਸ਼ਾਗਿਰਦ ਪ੍ਰੋ. ਪਰਮਜੋਤ ਸਿੰਘ ਨੇ ਆਤਮਸਾਤ ਕੀਤਾ ਹੈ। ਉਨ੍ਹਾਂ ਨੇ 31 ਰਾਗਾਂ ਦੀ ਰਿਕਾਰਡਿੰਗ ਤਿਆਰ ਕਰਨ ਦੇ ਨਾਲ-ਨਾਲ ਨਿਰਧਾਰਤ ਰਾਗਾਂ 'ਤੇ ਆਧਾਰਿਤ 'ਸਵਰ ਸਮੁੰਦ' ਪੁਸਤਕ ਵੀ ਪ੍ਰਕਾਸ਼ਤ ਕੀਤੀ।



*ਭਾਈ ਸਮੁੰਦ ਸਿੰਘ ਦੀ ਇਕ ਦੁਰਲੱਭ ਤਸਵੀਰ ਜੋ 1968 ਵਿਚ ਖਿੱਚੀ ਗਈ ਸੀ।*

**ਭਾਈ ਸੰਤਾ ਸਿੰਘ:** ਭਾਈ ਸੰਤਾ ਸਿੰਘ ਸੁਰੀਲੀ ਆਵਾਜ਼ ਅਤੇ ਨਿਵੇਕਲੇ ਅੰਦਾਜ਼ ਵਿਚ ਕੀਰਤਨ ਕਰਨ ਵਾਲੇ ਕੀਰਤਨੀਏ ਸਨ। ਆਪ ਉਚੀ ਸੁਰ ਵਿਚ ਬੜਾ ਪ੍ਰਭਾਵਸ਼ਾਲੀ ਕੀਰਤਨ ਕਰਦੇ ਸਨ। ਆਪ ਵੀ ਰੇਡੀਓ ਤੇ ਰਿਕਾਰਡਿੰਗ ਕੰਪਨੀਆਂ ਵਿਚ ਬੜੇ ਮਕਬੂਲ ਸਨ। ਆਪ ਨੇ ਜਿਥੇ ਖੁਦ ਲੰਮਾ ਸਮਾਂ ਸ੍ਰੀ ਹਰਮਿੰਦਰ ਸਾਹਿਬ ਅਤੇ ਬਾਅਦ ਵਿਚ ਗੁਰਦੁਆਰਾ ਸੀਸ ਗੰਜ ਸਾਹਿਬ ਦਿੱਲੀ ਵਿਖੇ ਕੀਰਤਨ ਦੀ ਸੇਵਾ ਕੀਤੀ, ਉਥੇ ਅੱਗਿਉਂ ਆਪਣੇ ਭਰਾਤਾ ਅਤੇ ਆਪਣੀ ਔਲਾਦ ਨੂੰ ਵੀ ਕੀਰਤਨ ਕਰਨ ਦੀ ਪ੍ਰੇਰਨਾ ਦਿੱਤੀ। ਆਪ ਦੇ ਭਰਾਤਾ ਭਾਈ ਸ਼ਮਸ਼ੇਰ ਸਿੰਘ ਗੁਰਦੁਆਰਾ ਸੀਸ ਗੰਜ ਸਾਹਿਬ ਵਿਖੇ ਕੀਰਤਨ ਕਰਦੇ ਰਹੇ ਹਨ। ਆਪ ਦੇ ਭਤੀਜੇ ਭਾਈ ਹਰਜੀਤ ਸਿੰਘ, ਭਾਈ ਹਰਦੀਪ ਸਿੰਘ ਆਦਿ ਹੁਣ ਵੀ ਆਪ ਦੀ ਸ਼ੈਲੀ ਵਿਚ ਕੀਰਤਨ ਕਰਦੇ ਹਨ।

**ਭਾਈ ਸੁਰਜਨ ਸਿੰਘ:** ਭਾਈ ਸੁਰਜਨ ਸਿੰਘ ਨੇ ਕੀਰਤਨ ਦੇ ਖੇਤਰ ਵਿਚ ਵਿਸ਼ੇਸ਼ ਨਾਮਣਾ ਖੱਟਿਆ ਹੈ। ਆਪ ਦੀ ਆਵਾਜ਼ ਵਿਚ ਅਜੀਬ ਕਸ਼ਿਸ਼ ਸੀ ਜਿਸ ਸਦਕਾ ਆਪ ਦਾ ਕੀਰਤਨ ਬਿਹਬਲਤਾ ਅਤੇ ਕਰੁਣਾ ਰਸ ਨਾਲ ਭਰਪੂਰ ਸੀ। ਆਪ ਦੀ ਆਵਾਜ਼ ਦਾ ਇਤਨਾ ਪ੍ਰਭਾਵ ਸੀ ਕਿ ਪ੍ਰਸਿੱਧ ਕਲਾਸੀਕਲ ਗਾਇਕ ਪਦਮਸ੍ਰੀ ਸੋਹਣ ਸਿੰਘ ਨੇ ਆਪ ਦਾ ਗਾਇਨ ਸੁਣ ਕੇ ਸੰਗੀਤ ਕਲਾ ਨੂੰ ਅਪਨਾਇਆ। ਆਪ ਵੱਲੋਂ ਗਾਇਨ ਕੀਤੀ ਆਸਾ ਦੀ ਵਾਰ ਦੇ ਰਿਕਾਰਡ ਹੁਣ ਵੀ ਬਹੁਤ ਮਕਬੂਲ ਹਨ।

**ਸੰਤ ਸਰਵਣ ਸਿੰਘ ਡੁਮੇਲੀ ਵਾਲੇ:** ਸੰਤ ਸਰਵਣ ਸਿੰਘ ਡੁਮੇਲੀ ਵਾਲੇ ਉਚ ਕੋਟੀ ਦੇ ਕੀਰਤਨੀਏ ਹੋਏ ਹਨ। ਆਪ ਗੁਰਮਤਿ ਸੰਗੀਤ ਦੇ ਸਿਧਾਂਤਕ ਅਤੇ ਕਿਰਿਆਤਮਕ ਪੱਖ ਵਿਚ ਮਾਹਰ ਸਨ। ਆਪ ਨੇ ਗੁਰਮਤਿ ਸੰਗੀਤ ਦੇ ਸਿਧਾਂਤ ਬਾਰੇ ਸੁਰ ਸਿਮਰਨ ਲੜੀ ਦੀਆਂ ਛੇ ਪੁਸਤਕਾਂ ਪ੍ਰਕਾਸ਼ਤ ਕਰਵਾ ਕੇ ਗੁਰਮਤਿ ਸੰਗੀਤ ਸਾਹਿਤ ਨੂੰ ਭਰਪੂਰ ਯੋਗਦਾਨ ਦਿੱਤਾ।

**ਭਾਈ ਪਿਆਰਾ ਸਿੰਘ:** ਭਾਈ ਪਿਆਰਾ ਸਿੰਘ ਲੰਮਾ ਸਮਾਂ ਦਰਬਾਰ ਸਾਹਿਬ ਅੰਮ੍ਰਿਤਸਰ ਵਿਖੇ ਕੀਰਤਨ ਕਰਦੇ ਰਹੇ। ਆਪ ਵੱਲੋਂ ਟਕਸਾਲੀ ਰੀਤਾਂ ਅਨੁਸਾਰ ਕੀਤੇ ਜਾਂਦੇ ਕੀਰਤਨ ਨੂੰ ਸੰਗਤਾਂ ਸਲਾਹੁੰਦੀਆਂ ਸਨ। ਆਪ ਨੇ ਗੁਰਮਤਿ ਸੰਗੀਤ ਦੀ ਸਿਖਲਾਈ ਆਪਣੇ ਭਰਾਤਾ ਭਾਈ ਕਿਰਪਾਲ ਸਿੰਘ ਅਤੇ ਆਪਣੇ ਪੁੱਤਰਾਂ ਭਾਈ ਜਸਵੰਤ ਸਿੰਘ ਅਤੇ ਭਾਈ ਮਨਜੀਤ ਸਿੰਘ ਨੂੰ ਦਿੱਤੀ ਜਿਹੜੇ ਹੁਣ ਤੱਕ ਕੀਰਤਨ ਦੀ ਸੇਵਾ ਕਰ ਰਹੇ ਹਨ।

**ਭਾਈ ਜਸਵੰਤ ਸਿੰਘ ਕਲਾਰਾਂ ਵਾਲੇ:** ਆਪ ਨੇ ਮਸਤੂਆਣਾ ਟਕਸਾਲ ਅਤੇ ਦੌਧਰਪੁਰ ਦੀ ਟਕਸਾਲ ਵਿਚ ਅਨੇਕਾਂ ਵਿਦਿਆਰਥੀਆਂ ਨੂੰ ਕੀਰਤਨ ਸਿਖਲਾਈ ਦਿੱਤੀ। ਆਪ ਦੇ ਵਿਦਿਆਰਥੀਆਂ ਵਿਚੋਂ ਭਾਈ ਅਮਰੀਕ ਸਿੰਘ, ਭਾਈ ਬਲਦੇਵ ਸਿੰਘ, ਪ੍ਰੀਤਮ ਸਿੰਘ ਆਦਿ ਪ੍ਰਸਿੱਧ ਰਾਗੀ ਹੋਏ ਹਨ। ਆਪ ਨੇ ਗੁਰਮਤਿ ਸੰਗੀਤ ਸਬੰਧੀ ਪੁਸਤਕ ਦੀ ਰਚਨਾ ਕੀਤੀ।

**ਭਾਈ ਉੱਤਮ ਸਿੰਘ:** ਭਾਈ ਉੱਤਮ ਸਿੰਘ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ, ਸ੍ਰੀ ਦੂਖ ਨਿਵਾਰਨ ਸਾਹਿਬ ਅਤੇ ਸ੍ਰੀ ਫਤਹਿਗੜ੍ਹ ਸਾਹਿਬ ਵਿਖੇ ਲੰਮਾ ਸਮਾਂ ਕੀਰਤਨ ਕਰਦੇ ਰਹੇ ਹਨ। ਆਪ ਨੇ ਕੀਰਤਨ ਦੀ ਤਾਲੀਮ ਆਪਣੇ ਪੁੱਤਰਾਂ ਨੂੰ ਵੀ ਦਿੱਤੀ। ਇਨ੍ਹਾਂ ਵਿਚੋਂ ਡਾਕਟਰ ਜਾਗੀਰ ਸਿੰਘ (ਲੇਖਕ ਖੁਦ) ਕੀਰਤਨ ਵਿਚ ਨਾਮਣਾ ਖੱਟ ਚੁੱਕੇ ਹਨ। ਭਾਈ ਉੱਤਮ ਸਿੰਘ ਦੇ ਦੂਜੇ ਪੁੱਤਰ ਡਾਕਟਰ ਬਚਿੱਤਰ ਸਿੰਘ ਮਿਆਰੀ ਕੀਰਤਨ ਕਰਦੇ ਹਨ। ਆਪ ਆਕਾਸ਼ਵਾਣੀ ਦੇ ਪ੍ਰਵਾਣਿਤ ਕੀਰਤਨੀਏ ਹਨ। ਤੀਜੇ ਪੁੱਤਰ ਡਾਕਟਰ ਗੁਰਨਾਮ ਸਿੰਘ ਨੇ ਗੁਰਮਤਿ ਸੰਗੀਤ ਨੂੰ ਅਕਾਦਮਿਕ ਖੇਤਰ ਵਿਚ ਪ੍ਰਚਲਿਤ ਕਰਨ ਲਈ ਭਰਪੂਰ ਯੋਗਦਾਨ ਪਾਇਆ ਹੈ। ਆਪ ਨੇ ਗੁਰਮਤਿ ਸੰਗੀਤ ਸਬੰਧੀ ਅਕਾਦਮਿਕ ਪੱਧਰ ਦਾ ਸਾਹਿਤ ਹੀ ਨਹੀਂ ਰਚਿਆ, ਸਗੋਂ ਗੁਰਮਤਿ ਸੰਗੀਤ ਦੇ ਕਿਰਿਆਤਮਕ ਪੱਖ ਦਾ ਮਿਆਰ ਸਥਾਪਤ ਰੱਖਣ ਲਈ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਰਾਗਾਂ ਵਿਚ ਕੀਰਤਨ ਦੀ ਰਿਕਾਰਡਿੰਗ ਵੀ ਤਿਆਰ ਕੀਤੀ ਹੈ। ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਿਖੇ ਗੁਰਮਤਿ ਸੰਗੀਤ ਚੇਅਰ ਦੀ ਸਥਾਪਨਾ ਅਤੇ ਗੁਰਮਤਿ ਸੰਗੀਤ ਵਿਭਾਗ ਦੀ ਸਥਾਪਨਾ ਆਪ ਦਾ ਮਹਾਨ ਕਾਰਜ ਹੈ। ਇਥੇ ਗੁਰਮਤਿ ਸੰਗੀਤ ਦੀ ਸਿੱਖਿਆ ਪੋਸਟ ਗ੍ਰੈਜੂਏਟ ਪੱਧਰ 'ਤੇ ਦਿੱਤੀ ਜਾ ਰਹੀ ਹੈ। ਅੱਜ ਕੱਲ੍ਹ ਆਪ ਪੰਜਾਬੀ ਯੂਨੀਵਰਸਿਟੀ ਵਿਚ ਗੁਰਮਤਿ ਸੰਗੀਤ ਵਿਭਾਗ ਦੇ ਮੁਖੀ ਵਜੋਂ ਸੇਵਾ ਨਿਭਾ ਰਹੇ ਹਨ।

**ਭਾਈ ਬਖਸ਼ੀਸ਼ ਸਿੰਘ:** ਭਾਈ ਬਖਸ਼ੀਸ਼ ਸਿੰਘ ਤਰਨ ਤਾਰਨ ਟਕਸਾਲ ਦੇ ਪ੍ਰਸਿੱਧ ਕੀਰਤਨੀਏ ਸਨ। ਆਪ ਕੀਰਤਨ ਕਰਨ ਅਤੇ ਰੀਤਾਂ ਗਾਉਣ ਸਮੇਂ ਗੁਰਬਾਣੀ ਦੇ ਸਪਸ਼ਟ ਉਚਾਰਨ ਵੱਲ ਵਿਸ਼ੇਸ਼ ਧਿਆਨ ਦਿੰਦੇ ਸਨ। ਆਪ ਕਠਿਨ ਰਾਗਾਂ ਅਤੇ ਤਾਲਾਂ ਵਿਚ ਬੜੇ ਸਹਿਜ ਨਾਲ ਕੀਰਤਨ ਕਰਦੇ ਸਨ। ਆਪ ਦੀ ਆਵਾਜ਼ ਵਿਚ ਵਿਸ਼ੇਸ਼ ਬੁਲੰਦੀ ਅਤੇ ਸੁਰੀਲਾਪਨ ਸੀ। ਆਪ ਦੀਆਂ ਕੀਰਤਨ ਸੇਵਾਵਾਂ ਨੂੰ ਮੁੱਖ ਰਖਦਿਆਂ ਪੰਜਾਬ ਸਰਕਾਰ ਵੱਲੋਂ ਆਪ ਨੂੰ ਸ਼੍ਰੋਮਣੀ ਰਾਗੀ ਐਵਾਰਡ ਦਿੱਤਾ ਗਿਆ ਸੀ।

ਇਨ੍ਹਾਂ ਤੋਂ ਇਲਾਵਾ ਭਾਈ ਬਹਾਦਰ ਸਿੰਘ, ਭਾਈ ਤਖ਼ਤ ਸਿੰਘ, ਭਾਈ ਹਰਚੰਦ ਸਿੰਘ, ਭਾਈ ਚਤਰ ਸਿੰਘ, ਭਾਈ ਮੁਨਸ਼ਾ ਸਿੰਘ, ਭਾਈ ਗੋਪਾਲ ਸਿੰਘ, ਭਾਈ ਚੰਨਣ ਸਿੰਘ ਮਜਬੂਰ, ਭਾਈ ਦਵਿੰਦਰ ਸਿੰਘ ਗੁਰਦਾਸਪੁਰੀ, ਭਾਈ ਧਰਮ ਸਿੰਘ ਜ਼ਖਮੀ, ਭਾਈ ਦਿਲਬਾਗ ਸਿੰਘ ਤੇ ਗੁਲਬਾਗ ਸਿੰਘ ਆਦਿ ਕੀਰਤਨੀਏ ਮਿਆਰੀ ਕੀਰਤਨ ਕਰ ਕੇ ਗੁਰਮਤਿ ਸੰਗੀਤ ਦੇ ਪ੍ਰਚਾਰ ਤੇ ਪ੍ਰਸਾਰ ਵਿਚ ਯੋਗਦਾਨ ਪਾਉਂਦੇ ਰਹੇ ਹਨ।

ਹੁਣ ਵੀ ਭਾਈ ਬਲਬੀਰ ਸਿੰਘ, ਪ੍ਰੋ. ਕਰਤਾਰ ਸਿੰਘ ਨਿਰਧਾਰਤ ਪਰੰਪਰਾ ਅਨੁਸਾਰ ਕੀਰਤਨ ਕਰ ਕੇ ਗੁਰਮਤਿ ਸੰਗੀਤ ਨੂੰ ਪ੍ਰਫੁਲਿਤ ਕਰ ਰਹੇ ਹਨ।

# ਕਾਵਿ-ਜਗਤ

## ਖੁੱਸ ਰਿਹਾ ਸਭਿਆਚਾਰ

ਬੋਲੀ, ਵਿਰਸਾ, ਸਭਿਆਚਾਰ ਹੱਥਾਂ 'ਚੋਂ ਕਿਰਦਾ ਜਾਏ।
ਕੀ ਤੋਂ ਅਸੀਂ ਕੀ ਹੋ ਗਏ ਆਂ, ਮੂੰਹ 'ਚੋਂ ਨਿਕਲੇ ਹਾਏ।
ਪੱਛਮ ਵਲੋਂ ਆਈ ਸਭਿਅਤਾ, ਪੂਰਬ ਚਾ ਹਿਲਾਇਆ।
ਖਾਣ, ਪਾਉਣ, ਸੌਣ, ਖੇਡ ਨੂੰ ਆਪਣਾ ਰੰਗ ਚੜ੍ਹਾਇਆ।

ਰੀਤ-ਰਿਵਾਜ, ਵਿਆਹ-ਸ਼ਾਦੀ, ਮਰਨੇ-ਪਰਨੇ ਬਦਲੇ।
ਗੀਤਾਂ, ਵੈਣਾਂ, ਸੁਹਾਗ, ਘੋੜੀਆਂ ਸਭ ਨੇ ਰੰਗ ਵਟਾਇਆ।
ਆਪੂ-ਟਾਪੂ, ਛੱਪਾ-ਛੜਾਪੂ, ਕਿੱਕਲੀ, ਪੀਘਾਂ ਰੁਲੀਆਂ।
ਕੌਡੀ-ਸੌਚੀ, ਛਿੰਝ-ਕੁਸ਼ਤੀਆਂ, ਡੰਡ, ਬੈਠਕਾਂ ਭੁੱਲੀਆਂ।

ਜੋਰ-ਅਖਾੜੇ, ਤੇਲ ਮਾਲਸ਼ਾਂ ਨਾ ਕੋਈ ਬੂਰੀਆਂ ਚੁੰਘਦਾ।
ਮੱਖਣ, ਸਾਗ਼ ਸਰ੍ਹੋਂ ਦਾ, ਪਰੌਂਠੇ, ਲੱਸੀਆਂ ਅਣਮੁੱਲੀਆਂ।
ਰੋਟੀ ਦੀ ਥਾਂ ਪੀਜ਼ੇ, ਬਰਗ਼ਰ ਖਾ ਖਾ ਫਰੈਂਚ ਫਰਾਈਆਂ।
ਡੋਨਟ, ਬੋਸਟਨ-ਕੰਨਟੱਕੀ ਨੇ ਗੋਗੜਾਂ ਅਗ੍ਹਾਂ ਵਧਾਈਆਂ।

ਘਰ ਦੇ ਖੇਸਾਂ, ਖੱਦਰਾਂ ਦੀ ਥਾਂ, ਪੈਂਟ, ਜੈਕਟਾਂ ਪਾਈਏ।
ਸਲਵਾਰ ਸੂਟ, ਦੁਪੱਟੇ ਦੀ ਥਾਂ ਸ਼ਰਟਾਂ, ਜੀਨਾਂ ਆਈਆਂ।
ਵਾਣੇ ਮੰਜੇ, ਦੋਹਰ, ਦਰੀਆਂ ਦੀ ਥਾਂ ਲਈ ਫੋਮ ਦੇ ਗੱਦੇ।
ਹਾੜ, ਸਿਆਲ ਅੰਦਰ ਸਵੀਏਂ ਜਿਉਂ ਬੰਦ ਹੋਈਏ ਡੱਬੇ।

ਤਾਜ਼ੀ ਹਵਾ ਤੇ ਮੱਚਦੀ ਧੁੱਪ, ਮੁੜ੍ਹਕੇ ਨੂੰ ਤਰਸਦੇ ਰਹੀਏ।
ਕਸਰਤ, ਖੇਡਾਂ ਸਭ ਅੰਦਰ ਖੇਡੀਏ ਏ.ਸੀ. ਸੱਜੇ-ਖੱਬੇ।
ਰਿਸ਼ਤਿਆਂ ਵੱਲ ਜੇ ਝਾਤੀ ਮਾਰੀਏ ਜੀਅ ਨੂੰ ਡੋਬੂ ਪੈਂਦੇ।
ਕਿਹੜੇ ਪਾਸੇ ਮੂੰਹ ਕਰ ਜਾਈਏ ਚੜ੍ਹਦੇ, ਡੁੱਬਦੇ, ਲਹਿੰਦੇ।

ਸੂੰਹ-ਸਿਹਾਣ, ਜਾਣ-ਪਛਾਣ ਨ੍ਹੀਂ ਕਿਸੇ ਦੀ ਪੱਲੇ ਪੈਂਦੀ।
ਕੌਣ ਕਿਸੇ ਦਾ, ਕਿਹੜਾ ਕੀ ਲੱਗਦਾ ਸੋਚੀਂ ਪਏ ਰਹਿੰਦੇ।
ਚਾਚੀ, ਤਾਈ, ਮਾਸੀ, ਮਾਮੀ, ਭੂਆ ਦੇ ਸਾਕ ਪਿਆਰੇ।
ਅੰਗਰੇਜ਼ੀ ਕਲਚਰ ਦੀ ਆਂਟੀ ਤੋਂ ਹੋ ਗਏ ਸਦਕੇ-ਵਾਰੇ।

ਦਰਾਣੀ-ਜਠਾਣੀ, ਸਾਲੀ-ਭਾਬੀ-ਨਨਾਣ ਮਨੋਂ ਭੁਲਾਈ।
ਅੰਗਰੇਜ਼ੀ ਦੀ ਸਿਸਟਰ ਇੰਨ-ਲਾ ਦੇ ਵੇਖੋ ਚੋਜ਼ ਨਿਆਰੇ।
ਮਾਮਾ, ਚਾਚਾ, ਤਾਏ, ਫੁੱਫੜ, ਮਾਸੜ ਨਾਲ ਕੀ ਬੀਤੀ।
ਅੰਗਰੇਜ਼ੀ ਦੇ ਇਕੋ ਹੀ ਅੰਕਲ ਨੇ ਸਭ ਦੀ ਛੁੱਟੀ ਕੀਤੀ।

ਸਾਲਾ, ਭਣਵੱਈਆ, ਦਿਉਰ, ਜੇਠ, ਜੀਜਾ ਗੁੱਠੇ ਲਾਏ।
ਅੰਗਰੇਜ਼ੀ ਦੇ ਬਰੱਦਰ-ਇੰਨ-ਲਾ ਨੇ ਆ ਕੇ ਚੁੱਪ ਚੁਪੀਤੀ।
ਸਹੁਰੇ, ਪਤਿਓਰੇ, ਦਦਿਉਰੇ, ਨਨਿਓਰੇ ਬਣੇ ਬੈਕ ਬੰਚਰ।
ਅੰਗਰੇਜ਼ੀ ਦੇ ਫਾਦਰ-ਇੰਨ-ਲਾ, ਚਾ ਕੀਤੇ ਸਾਰੇ ਪੰਚਰ।

ਸੱਸਾਂ, ਪਤ੍ਹੀਸਾਂ, ਦਦੇਹਸਾਂ, ਨਨੇਹਸਾਂ, ਫੁਫੇਹਸਾਂ ਸਾਰੀਆਂ।
ਅੰਗਰੇਜ਼ੀ ਦੀ ਮਦਰ ਇੰਨ-ਲਾ ਨੇ ਤਾੜੀਆਂ ਨ੍ਹੇਰੇ ਅੰਦਰ।
ਚਾਚੇ, ਤਾਏ, ਫੁੱਫੜ, ਮਾਸੜ, ਮਾਮੇ ਦੇ ਮੁੰਡੇ, ਕੁੜੀਆਂ।
ਅੰਗਰੇਜ਼ੀ ਦੇ ਇਕੋ ਕਜ਼ਨ ਨੇ ਜ਼ਿਬਾਹ ਚਾ ਕੀਤੇ ਛੁਰੀਆਂ।

ਭੈਣ-ਭਰਾ, ਭਣਵੱਈਏ-ਸਾਲੇ, ਦਿਉਰਾਂ, ਜੇਠਾਂ ਦੇ ਬੱਚੇ।
ਅੰਗਰੇਜ਼ੀ ਦੇ 'ਨੀਸ, ਨੈਫਯੂ' ਨਾਲ ਤਾਰਾਂ ਜਾ ਜੁੜੀਆਂ।
ਜੁਗਾਂ ਪੁਰਾਣੇ ਰਿਸ਼ਤੇ-ਨਾਤੇ, ਸਹਿਕ ਸਹਿਕ ਦਮ ਤੋੜਨ।
ਬੋਲੀ, ਵਿਰਸਾ, ਸਭਿਆਚਾਰ ਭੁੱਬਾਂ ਮਾਰ ਪਏ ਰੋਵਨ।

ਬਾਝੋਂ ਵਿਰਸੇ, ਸਭਿਆਚਾਰ ਪਛਾਣ ਨ੍ਹੀਂ ਸਾਡੀ ਰਹਿਣੀ।
ਬੇ-ਸਿਰਨਾਵੇਂ, ਬੇ-ਨਾਮੇ ਬੰਦੇ, ਨਿੱਤ ਖੁਆਰ ਪਏ ਹੋਵਨ।
ਜਦ 'ਘਰ ਦਾ ਜੋਗੀ ਜੋਗੜਾ ਬਾਹਰ ਦਾ ਸਿੱਧ' ਕਹਾਏ।
ਸਮਝ ਲਵੋ, ਉਸ ਘਰ ਉਤੇ, ਫਿਰ ਦਿਨ ਮਾੜੇ ਨੇ ਆਏ।

ਰਿਸ਼ਤੇ-ਨਾਤੇ, ਰਸਮ, ਰਿਵਾਜ਼, ਸਭਿਆਚਾਰ ਨੇ ਸਾਡਾ।
ਇਨ੍ਹਾਂ ਵਰਗੀ ਨਿੱਘ, ਠੰਡਕ, ਸਾਨੂੰ ਹੋਰ ਕਿਤੋਂ ਨਾ ਆਏ।
ਆਉ, ਉਠੋ ਹਿੰਮਤ ਕਰੋ, ਆਵਦੇ ਵਿਰਸੇ ਨੂੰ ਬਚਾਈਏ।
ਰਿਸ਼ਤੇ-ਨਾਤੇ, ਬੋਲੀ, ਵਿਰਸਾ ਘੁੱਟ ਘੁੱਟ ਸੀਨੇ ਲਾਈਏ।

ਨਹੀਂ ਹਿੰਦੂ, ਮੋਮਨ, ਸਿੱਖ, ਈਸਾਈ ਭਾਵੇਂ ਅਸੀਂ ਰਵ੍ਹਾਂਗੇ।
ਪਰ ਪੰਜਾਬੀ ਕਿਸੇ ਨ੍ਹੀਂ ਕਹਿਣਾ ਇਹ ਨਾ ਮਨੋ ਭੁਲਾਈਏ।

***-ਚੰਨ, ਫੋਨ: 908-788-8427***

## ਗਜ਼ਲ

ਕਦੇ ਇਲਜ਼ਾਮ ਧਰਦੀ ਹੈ, ਕਦੇ ਗੁਣਗਾਨ ਕਰਦੀ ਹੈ।
ਮੇਰੀ ਸਰਕਾਰ ਸ਼ਾਤਰ ਹੈ, ਬੜਾ ਹੀ ਤੰਗ ਕਰਦੀ ਹੈ।
ਇਹ ਅੰਤ ਵੇਖ ਕੇ ਆਪਣਾ ਬੜੇ ਹੀ ਰੰਗ ਭਰਦੀ ਹੈ,
ਕਿਸੇ ਦੇ ਜ਼ਖਮ ਕਰਦੀ ਹੈ, ਕਿਸੇ ਦੇ ਜ਼ਖਮ ਹਰਦੀ ਹੈ।
ਕਦੇ ਕੈਦੀ ਬਣਾ ਲੈਂਦੀ, ਕਦੇ ਫਾਂਸੀ ਚੜ੍ਹਾ ਦੇਂਦੀ,
ਜ਼ਿਆਦਾ ਵਾਰ ਜਿੱਤ ਜਾਵੇ, ਕਦੇ ਕਦੇ ਹੀ ਹਰਦੀ ਹੈ।
ਸਿਰਾਂ ਦੀ ਭੀੜ ਨੂੰ ਵੇਖੇ ਤਾਂ ਜੀਭ ਏਸ ਦੀ ਮਚਲੇ,
ਅੱਖ ਖ਼ੂਨੀ ਹੋ ਜਾਵੇ ਜਦ ਬਾਗੀ ਸੁਰ ਉਭਰਦੀ ਹੈ।
ਇਹ ਪਹਿਲਾਂ ਮਾਰਦੀ ਦੁਸ਼ਮਣ, ਫਿਰ ਸ਼ਰਧਾਂਜਲੀ ਦੇਵੇ,
ਨੈਣੋਂ ਹੰਝੂ ਵਰ੍ਹਦੀ ਹੈ, ਬੜੇ ਹੀ ਐਲਾਨ ਕਰਦੀ ਹੈ।
ਭਾਵੇਂ ਹਰ ਪ੍ਰਾਣੀ ਨੂੰ ਆਪਣੀ ਆਈ 'ਤੇ ਹੀ ਮਰਨਾ ਏ,
ਵਕਤ ਤੋਂ ਪਹਿਲਾਂ ਉਹ ਮਰਦਾ ਜਦੋਂ ਜ਼ਮੀਰ ਮਰਦੀ ਹੈ।
'ਗਿੱਲਾ' ਸੋਚ ਇਨਕਲਾਬੀ ਜਦੋਂ ਜਨਤਾ ਦੀ ਹੋ ਜਾਵੇ,
ਹਵਾ ਦਾ ਰੁਖ ਮੁੜ ਜਾਂਦਾ, ਅਟਕ ਦਰਿਆ ਤਰਦੀ ਹੈ।

***-ਜੁਗਰਾਜ ਗਿੱਲ, ਸ਼ਾਰਲਟ***
***ਫੋਨ: 704-257-6693***

## ਫਿਰ ਪੰਜਾਬ ਪੁਕਾਰੇ...

ਫਿਰ ਪੰਜਾਬ ਪੁਕਾਰੇ ਕੁਝ ਤੇ ਕਰੋ ਵੇ।
ਹੁਣ ਨਾ ਲਾਵੋ ਲਾਰੇ ਕੁਝ ਤੇ ਕਰੋ ਵੇ।
ਬਾਤ ਪਾਉ ਕੋਈ ਨਲੂਏ ਤੇ ਰਣਜੀਤ ਦੀ,
ਭਰੇਗੀ ਧਰਤ ਹੁੰਗਾਰੇ ਕੁਝ ਤੇ ਕਰੋ ਵੇ।
ਹਰ ਪਾਸੇ ਨੇ ਚੜ੍ਹੇ ਸੁਨਾਮੀ ਨਸ਼ੇ ਦੇ,
ਡੁੱਬ ਨਾ ਜਾਇਓ ਸਾਰੇ ਕੁਝ ਤੇ ਕਰੋ ਵੇ।

ਪੀਂਘ ਪਈ ਸਤਰੰਗੀ ਵਿਚ ਅਸਮਾਨ ਦੇ,
ਉਠ ਕੇ ਦਿਓ ਹੁਲਾਰੇ ਕੁਝ ਤੇ ਕਰੋ ਵੇ।
ਰਾਹੂ ਕੇਤੂ ਚੰਨ ਨੂੰ ਖਾਈ ਜਾਂਵਦੇ,
ਗਿਣਦੇ ਰਹੋ ਨਾ ਤਾਰੇ ਕੁਝ ਤੇ ਕਰੋ ਵੇ।
ਕਿਸ ਚੰਦਰੇ ਦੀ ਲੱਗੀ ਨਜ਼ਰ ਪੰਜਾਬ ਨੂੰ,
ਕੋਈ ਤੇ ਮਿਰਚਾਂ ਵਾਰੇ ਕੁਝ ਤੇ ਕਰੋ ਵੇ।

ਅੱਖ ਅਮਨ ਦੀ ਰੱਤ ਦੇ ਅੱਥਰੂ ਰੋ ਰਹੀ,
ਫੁੱਲ ਬਣੇ ਅੰਗਿਆਰੇ ਕੁਝ ਤੇ ਕਰੋ ਵੇ।
ਡਰੋ ਸਮੇਂ ਤੋਂ ਸਮਾਂ ਬਹੁਤ ਬਲਵਾਨ ਹੈ,
ਸਮੇਂ ਤੋਂ ਹਰ ਕੋਈ ਹਾਰੇ ਕੁਝ ਤੇ ਕਰੋ ਵੇ।

ਧਰਤੀ ਰੋ ਰੋ ਸੁੱਕ ਗਈ ਬੰਜਰ ਹੋ ਗਈ,
ਰੋਣ ਸਮੁੰਦਰ ਖਾਰੇ ਕੁਝ ਤੇ ਕਰੋ ਵੇ।
ਧਰਮ ਦੇ ਨਾਂ 'ਤੇ ਧੰਦੇ ਕਰਨੇ ਛੱਡ ਦਿਓ,
ਊਧਮ, ਭਗਤ ਪੁਕਾਰੇ ਕੁਝ ਤੇ ਕਰੋ ਵੇ।
ਉਠੋ ਉਠ ਕੇ ਬਦਲੋ ਸਮੇਂ ਦੀ ਚਾਲ ਨੂੰ,
ਲਾਈ ਜਾਓ ਨਾ ਨਾਅਰੇ ਕੁਝ ਤੇ ਕਰੋ ਵੇ।

ਉਠੋ ਵੇ ਮਜ਼ਦੂਰੋ ਕਾਮੇ ਕਿਰਤੀਓ,
ਦੱਸੋ ਹੱਥ ਕਰਾਰੇ ਕੁਝ ਤੇ ਕਰੋ ਵੇ।
ਅਕਾਲ ਤਖ਼ਤ ਦੇ ਵਿਹੜੇ ਸਿੰਘ ਲੜ ਰਹੇ,
ਬਣ ਗਏ ਨੇ ਹਤਿਆਰੇ ਕੁਝ ਤੇ ਕਰੋ ਵੇ।
ਚਲਦੀਆਂ ਨੇ ਤਲਵਾਰਾਂ ਡਾਂਗਾਂ ਬਰਛੀਆਂ,
ਢੱਠੇ ਪਏ ਦਸਤਾਰੇ ਕੁਝ ਤੇ ਕਰੋ ਵੇ।

ਕੋਈ ਮਹਿਲਾਂ ਵਿਚ ਸੁੱਤੇ ਲੰਮੀਆਂ ਤਾਣ ਕੇ,
ਕੋਈ ਭੁੱਖੇ ਕਰਨ ਗੁਜ਼ਾਰੇ ਕੁਝ ਤੇ ਕਰੋ ਵੇ।
ਜਦ ਕੂੰਜਾਂ ਕੁਰਲਾਵਣ ਵਿਚ ਅਸਮਾਨ ਦੇ,
ਕਿੰਜ 'ਸੁਰਜੀਤ' ਸਹਾਰੇ ਕੁਝ ਤੇ ਕਰੋ ਵੇ।

***-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ***
***ਫੋਨ: 916-687-3435***

## ਗ਼ਜ਼ਲ

ਆਪਣੀ ਉਡਾਨ ਖੁੱਲੇ ਅਸਮਾਨ ਵਿਚ ਭਰੇਗਾ।
ਚਿੜੀਆਂ ਦਾ ਇੱਕ ਚੰਬਾ ਬਾਜਾਂ ਤੋਂ ਨਾ ਡਰੇਗਾ।

ਸਿਰ ਵਾਰਨੇ ਦੀ ਏਥੇ ਜਦ ਵੀ ਹੈ ਲੋੜ ਪੈਣੀ,
ਕਲਗੀ ਸਜਾ ਕੇ ਸੰਗਤ ਸਿੰਘ ਭੇਟ ਸਿਰ ਕਰੇਗਾ।

ਦਰਿਆ ਸਿਤਮ ਤੇਰੇ ਦਾ ਹੈ ਸ਼ੂਕਦਾ ਕਦੋਂ ਦਾ,
ਪਰ ਸਿਦਕ ਦਾ ਕਿਨਾਰਾ ਹਰਗਿਜ਼ ਨਹੀਂ ਖਰੇਗਾ।

ਹਰ ਹਾਲ ਯੁੱਧ ਲੜਨਾ ਅਧਿਕਾਰ ਆਪਣੇ ਲਈ,
ਇਹ ਕੌਣ ਸੋਚਦਾ ਫਿਰ ਜਿੱਤੇਗਾ ਜਾਂ ਹਰੇਗਾ।

ਫਰਮਾਨ ਮਿਲ ਗਿਆ ਹੁਣ ਜੰਗਲ ਦਾ ਪੰਛੀਆਂ ਨੂੰ,
ਅੱਜ ਤੋਂ ਕੋਈ ਵੀ ਬਹੁਤੀ ਚਹਿ-ਚਹਿ ਨਹੀਂ ਕਰੇਗਾ।

ਜੋ ਗਰਜਦਾ ਚਿਰਾਂ ਤੋਂ ਮਾਰੂਥਲਾਂ 'ਤੇ ਬੱਦਲ,
ਪੱਕਾ ਪਤਾ ਨਹੀਂ ਹੁਣ ਕਿਸ ਥਾਂ 'ਤੇ ਜਾ ਵਰ੍ਹੇਗਾ।

ਇਸ ਹਨੇਰ ਘੁੱਪ ਘਰ ਨੂੰ ਹੈ ਲੋੜ ਰੌਸ਼ਨੀ ਦੀ,
ਉਸ ਵਾਸਤੇ ਵਸੀਲਾ 'ਤਨਵੀਰ' ਹੁਣ ਕਰੇਗਾ।

***-ਅਜੇ ਤਨਵੀਰ***

## ਤਾਂਡਵ ਤਾਲ

ਮਾਂਵਾਂ ਦੇ ਲਾਲ ਮੁੱਕ ਚੱਲੇ।
ਦੁਨੀਆਂ 'ਚੋਂ ਬਾਲ ਮੁੱਕ ਚੱਲੇ।

ਹੋਲੀ ਦੇ ਖਿਡਾਰੀ ਨਹੀਂ ਰੱਜੇ,
ਸਭ ਲਾਲ ਗੁਲਾਲ ਮੁੱਕ ਚੱਲੇ।

ਲਗਦਾ ਏ ਧਰਤ ਫਟੀ ਕਿ ਫਟੀ,
ਆ ਆ ਕੇ ਭੁਚਾਲ ਮੁੱਕ ਚੱਲੇ।

ਬੱਸ ਹੋਰ ਨਹੀਂ ਉਪਦੇਸ਼ਕ ਜੀ,
ਜੰਨਤ 'ਚ ਪੰਡਾਲ ਮੁੱਕ ਚੱਲੇ।

ਜਾਵਾਂਗੇ ਮਲੰਗਾਂ ਵਾਂਗ ਚਲੇ,
ਮੋਹ, ਮਾਇਆ, ਜਾਲ ਮੁੱਕ ਚੱਲੇ।

ਨਾ ਕੌਰਵ, ਨਾ ਪਾਂਡਵ ਮੰਨੇ,
ਸਭ ਵਿਚ ਵਿਚਾਲ ਮੁੱਕ ਚੱਲੇ।

ਇਲਹਾਮ ਰਹਿਬਰਾਂ ਨੂੰ ਬਖਸ਼ੀਂ,
ਕਿ ਸੋਚ ਖਿਆਲ ਮੁੱਕ ਚੱਲੇ।

ਹੈ ਰਸ ਲੀਲਾ ਦੀ ਵਾਰ ਪ੍ਰਭੂ,
ਸਭ ਤਾਂਡਵ ਤਾਲ ਮੁੱਕ ਚੱਲੇ।

ਕੁਲਬੀਰ ਦਿਨਾਂ ਦੀ ਗਿਣਤੀ ਸਿੱਖ,
ਕਿ ਮਹੀਨੇ ਸਾਲ ਮੁੱਕ ਚੱਲੇ।

***-ਕੁਲਬੀਰ ਪੱਡਾ***

# ਕਲਕੀ ਕੋਇਚਲਿਨ: ਅਦਾ ਤੋਂ ਹਦਾਇਤਕਾਰੀ ਤੱਕ



ਪਿਛਲੇ ਸਮੇਂ ਦੌਰਾਨ ਦਿੱਲੀ ਦੀ ਜਵਾਹਰਲਾਲ ਯੂਨੀਵਰਸਿਟੀ ਖੂਬ ਚਰਚਾ ਵਿਚ ਰਹੀ। ਇਸ ਚਰਚਾ ਦੇ ਕਾਰਨ ਨਿਰੋਲ ਸਿਆਸੀ ਸਨ, ਪਰ ਇਕ ਦਿਨ ਵਿਦਿਆਰਥੀਆਂ ਦੇ ਹੱਕ ਵਿਚ ਕੱਢੇ ਜਾ ਰਹੇ ਜਲੂਸ ਦੌਰਾਨ ਕਿਸੇ ਨੇ ਦੇਖਿਆ ਕਿ ਸੜਕ ਉਤੇ ਅਦਾਕਾਰਾ ਕਲਕੀ ਕੋਇਚਲਿਨ ਵੀ ਸਾਥ ਦੇ ਰਹੀ ਹੈ। ਅਸਲ ਵਿਚ, ਕਲਕੀ ਵਿਦਿਆਰਥੀਆਂ ਦੇ ਇਸ ਮਸਲੇ ਉਤੇ ਇਕ ਦਸਤਾਵੇਜ਼ੀ ਫਿਲਮ ਦੀ ਸ਼ੂਟਿੰਗ ਕਰਨ ਪੁੱਜੀ ਹੋਈ ਸੀ ਅਤੇ ਬਹੁਤਿਆਂ ਨੇ ਉਸ ਨੂੰ ਪਛਾਣਿਆ ਹੀ ਨਾ।

ਕਲਕੀ ਫਰਾਂਸੀਸੀ ਮਾਪਿਆਂ ਦੀ ਧੀ ਹੈ ਜੋ ਚਿਰਾਂ ਤੋਂ ਭਾਰਤ ਵਿਚ ਰਹਿ ਰਹੇ ਹਨ। ਆਪਣੀ ਪਿਛਲੀ ਫਿਲਮ 'ਮਾਰਗ੍ਰੀਟਾ ਵਿੱਦ ਏ ਸਟ੍ਰਾਅ' ਨਾਲ ਉਹਨੇ ਸਭ ਦਾ ਧਿਆਨ ਖਿੱਚਿਆ ਸੀ ਅਤੇ ਉਸ ਦੀ ਅਦਾਕਾਰੀ ਦੀ ਬੱਲੇ-ਬੱਲੇ ਹੋਈ ਸੀ। ਉਂਜ ਵੀ ਹਰ ਫਿਲਮ ਵਿਚ ਉਸ ਦਾ ਰੋਲ ਵੱਖਰੀ ਕਿਸਮ ਦੀ ਔਰਤ ਦਾ ਹੁੰਦਾ ਹੈ। ਮੀਡੀਆ ਵਿਚ ਉਸ ਦੀ ਚਰਚਾ, ਇਮਾਨਦਾਰੀ ਕਰ ਕੇ ਵੀ ਰਹਿੰਦੀ ਹੈ ਅਤੇ ਉਹ ਸਦਾ ਸੱਚ 'ਤੇ ਪਹਿਰਾ ਦਿੰਦੀ ਹੈ। ਹੁਣ ਉਸ ਨੇ ਫਿਲਮ ਖੁਦ ਡਾਇਰੈਕਟ ਕਰਨ ਦਾ ਖੁਆਬ ਦੇਖਿਆ ਹੈ। ਉਸ ਮੁਤਾਬਕ ਜੇ ਕੋਈ ਅੱਛੀ ਕਹਾਣੀ ਮਿਲੀ ਤਾਂ ਉਹ ਫਿਲਮ ਡਾਇਰੈਕਸ਼ਨ ਵਾਲੇ ਖੇਤਰ ਵਿਚ ਵੀ ਪੈਰ ਪਾਵੇਗੀ। ਕਲਕੀ ਕੱਲ੍ਹ ਤੱਕ ਦਰਸ਼ਕਾਂ ਨੂੰ ਆਪਣੀ ਵਧੀਆ ਅਦਾਕਾਰੀ ਨਾਲ ਮੋਂਹਦੀ ਰਹੀ ਹੈ, ਹੁਣ ਉਹ ਬਤੌਰ ਡਾਇਰੈਕਟਰ ਦਰਸ਼ਕਾਂ ਨਾਲ ਸਾਂਝ ਪਾਵੇਗੀ। ਫਿਲਹਾਲ ਉਹ ਆਪਣੀਆਂ ਦੋ ਫਿਲਮਾਂ 'ਵੇਟਿੰਗ' ਅਤੇ 'ਲਵ ਅਫੇਅਰ' ਵਿਚ ਰੁੱਝੀ ਹੋਈ ਹੈ।

# ਸਵਰਾ ਦਾ ਸਵੇਰਾ




## ਫਿਲਮ 'ਨਿਲ ਬਟੇ ਸੰਨਾਟਾ'




**ਰੌਸ਼ਨੀ ਖੇਤਲ**

ਆਖਰਕਾਰ ਸਵਰਾ ਭਾਸਕਰ ਦੀ ਮਨ ਦੀ ਮੁਰਾਦ ਪੂਰੀ ਹੋ ਗਈ ਹੈ। ਫਿਲਮ 'ਨਿਲ ਬਟੇ ਸੰਨਾਟਾ' ਵਿਚ ਉਹ ਬਤੌਰ ਹੀਰੋਇਨ ਆਪਣੀ ਕਲਾ ਦੇ ਜੌਹਰ ਦਿਖਾ ਰਹੀ ਹੈ। ਇਹ ਫਿਲਮ ਅਜੇ 22 ਅਪਰੈਲ ਨੂੰ ਰਿਲੀਜ਼ ਹੋਣੀ ਹੈ ਅਤੇ ਫਿਲਮ ਮੇਲਿਆਂ ਵਿਚ ਇਹ ਖੂਬ ਧੁੰਮਾਂ ਪਾ ਚੁੱਕੀ ਹੈ। ਇਕ ਫਿਲਮ ਮੇਲੇ ਵਿਚ ਤਾਂ ਸਵਰਾ ਨੂੰ ਸਰਵੋਤਮ ਅਦਾਕਾਰਾ ਦਾ ਇਨਾਮ ਵੀ ਮਿਲ ਗਿਆ ਹੈ। ਅਸਲ ਵਿਚ ਸਵਰਾ ਭਾਸਕਰ ਨੂੰ ਹੁਣ ਤੱਕ ਸਹਾਇਕ ਅਦਾਕਾਰਾ ਵਾਲੇ ਹੀ ਰੋਲ ਮਿਲਦੇ ਰਹੇ ਹਨ, ਪਰ ਜਿਸ ਵੀ ਕਿਸੇ ਆਲੋਚਕ ਨੇ ਉਸ ਦੀ ਕੋਈ ਫਿਲਮ ਗਹੁ ਨਾਲ ਦੇਖੀ, ਉਹ ਸਵਰਾ ਦੀ ਅਦਾਕਾਰੀ ਦਾ ਕਾਇਲ ਹੋ ਗਿਆ। ਹਰ ਆਲੋਚਕ ਦੀ ਇਹੀ ਟਿੱਪਣੀ ਹੁੰਦੀ ਸੀ ਕਿ ਇਸ ਕੁੜੀ ਦੀ ਅਦਾਕਾਰੀ ਅੰਦਰ ਬੜੀ ਜਾਨ ਹੈ ਅਤੇ ਜਿਸ ਦਿਨ ਇਸ ਨੂੰ ਮੌਕਾ ਮਿਲਿਆ, ਇਸ ਨੇ ਸਭ ਗਿਣਤੀਆਂ-ਮਿਣਤੀਆਂ ਉਲਟਾ ਛੱਡਣੀਆਂ ਹਨ। ਸੱਚਮੁੱਚ 'ਨਿਲ ਬਟੇ ਸੰਨਾਟਾ' ਨੇ ਸਭ ਕੁਝ ਉਲਟਾ ਦਿੱਤਾ ਹੈ ਅਤੇ ਹਰ ਪਾਸੇ ਸਵਰਾ ਦੀ ਹੀ ਚਰਚਾ ਹੋ ਰਹੀ ਹੈ। ਅਮੀਰ ਖਾਨ ਵਰਗਾ ਅਦਾਕਾਰ ਅਤੇ ਪੇਸ਼ਕਾਰ ਵੀ ਉਸ ਦੀਆਂ ਤਾਰੀਫਾਂ ਦੇ ਪੁਲ ਬੰਨ੍ਹ ਰਿਹਾ ਹੈ। ਇਹ ਫਿਲਮ ਬਣਾਈ ਵੀ ਨਵੇਂ-ਨਵੇਲੇ ਡਾਇਰੈਕਟਰ ਨੇ ਹੈ, ਇਹ ਅਸ਼ਵਨੀ ਅਈਅਰ ਤਿਵਾੜੀ ਦੀ ਪਲੇਠੀ ਫਿਲਮ ਹੈ ਅਤੇ ਇਸ ਵਿਚ ਸਵਰਾ ਤੋਂ ਇਲਾਵਾ ਰਤਨਾ ਪਾਠਕ ਸ਼ਾਹ ਤੇ ਪੰਕਜ ਤ੍ਰਿਪਾਠੀ ਨੇ ਅਹਿਮ ਕਿਰਦਾਰ ਨਿਭਾਏ ਹਨ। ਫਿਲਮ ਦੀ ਕਹਾਣੀ ਇਹ ਹੈ ਕਿ ਮਾਂ, ਆਪਣੀ ਧੀ ਦਾ ਅਕਾਦਮਿਕ ਕਰੀਅਰ ਬਣਾਉਣ ਖਾਤਰ ਖੁਦ ਉਸੇ ਸਕੂਲ ਵਿਚ ਦਾਖਲ ਹੁੰਦੀ ਹੈ। ਇਸ ਮਾਂ ਦਾ ਕਿਰਦਾਰ ਸਵਰਾ ਭਾਸਕਰ ਦੇ ਹਿੱਸੇ ਆਇਆ ਹੈ ਅਤੇ ਉਸ ਨੇ ਆਪਣੀ ਅਦਾਕਾਰੀ ਦੀਆਂ ਸੱਭੇ ਰੀਝਾਂ ਲਾਹ ਲਈਆਂ ਹਨ। ਦਰਅਸਲ ਸਵਰਾ ਭਾਸਕਰ ਸਾਧਾਰਨ ਅਦਾਕਾਰਾ ਹੈ ਵੀ ਨਹੀਂ। ਵੱਖ-ਵੱਖ ਫਿਲਮਾਂ ਵਿਚ ਉਹ ਸਰਵੋਤਮ ਸਹਾਇਕ ਅਦਾਕਾਰਾ ਦੇ ਤਿੰਨ ਇਨਾਮ ਫੁੰਡ ਚੁੱਕੀ ਹੈ ਅਤੇ ਦੋ ਵਾਰ ਇਨ੍ਹਾਂ ਇਨਾਮਾਂ ਲਈ ਨਾਮਜ਼ਦ ਹੋ ਚੁੱਕੀ ਹੈ। ਉਹ ਭਾਰਤ ਦੀ ਵੱਕਾਰੀ ਜਵਾਹਰਲਾਲ ਨਹਿਰੂ ਯੂਨੀਵਰਸਿਟੀ (ਦਿੱਲੀ) ਦੀ ਪੜ੍ਹੀ ਹੋਈ ਹੈ ਅਤੇ ਅਦਾਕਾਰੀ ਨੂੰ ਉਸ ਨੇ ਵੰਗਾਰ ਵਜੋਂ ਲਿਆ ਹੈ। ਉਹ ਮਿਆਰੀ ਫਿਲਮਾਂ ਦੀ ਵੱਡੀ ਮੱਦਾਹ ਹੈ ਅਤੇ 2009 ਤੋਂ ਲੈ ਕੇ ਹੁਣ ਤੱਕ ਉਸ ਨੇ ਚੋਣਵੀਆਂ ਫਿਲਮਾਂ ਹੀ ਕੀਤੀਆਂ ਹਨ। ਉਸ ਦਾ ਐਲਾਨ ਹੈ ਕਿ ਉਹ ਫਿਲਮਾਂ ਵਿਚ ਆਪਣੀਆਂ ਸ਼ਰਤਾਂ ਉਤੇ ਕੰਮ ਕਰੇਗੀ।



ਫਿਲਮ 'ਨਿਲ ਬਟੇ ਸੰਨਾਟਾ' ਦੀ ਝਲਕ।




*ਜੰਗਲ ਬੁੱਕ ਉਤੇ ਹੁਣ ਤੱਕ ਦਸ ਤੋਂ ਵੱਧ ਫਿਲਮਾਂ ਅਤੇ ਟੈਲੀਵਿਜ਼ਨ ਲੜੀਵਾਰ ਬਣ ਚੁੱਕੇ ਹਨ ਅਤੇ ਹਰ ਫਿਲਮ ਜਾਂ ਟੈਲੀਵਿਜ਼ਨ ਲੜੀਵਾਰ ਨੂੰ ਦਰਸ਼ਕਾਂ ਨੇ ਖੂਬ ਹੁੰਗਾਰਾ ਭਰਿਆ ਹੈ।*

# ਚੱਡੀ ਪਹਿਨ ਕੇ ਫੂਲ ਖਿਲਾ ਹੈ, ਫੂਲ ਖਿਲਾ ਹੈ...

## ਜੰਗਲ ਬੁਕ: ਇਕ ਵਾਰ ਫਿਰ

ਬ੍ਰਿਟਿਸ਼ ਲੇਖਕ ਜੋਸਫ ਰੁਡਿਆਰਡ ਕਿਪਲਿੰਗ ਨੇ ਕਹਾਣੀਆਂ ਵਾਲੀ ਕਿਤਾਬ 'ਜੰਗਲ ਬੁੱਕ' ਸੰਨ 1894 ਵਿਚ ਛਪਵਾਈ ਸੀ। ਉਦੋਂ ਤੋਂ ਹੀ ਇਸ ਕਿਤਾਬ ਦੀ ਚਰਚਾ ਕਿਸੇ ਨਾ ਕਿਸੇ ਰੂਪ ਵਿਚ ਹੋ ਰਹੀ ਹੈ। ਹੁਣ ਇਸ ਕਿਤਾਬ ਉਤੇ ਆਧਾਰਿਤ ਇਕ ਹੋਰ ਫਿਲਮ ਬਣ ਕੇ ਤਿਆਰ ਹੋ ਗਈ ਹੈ। ਇਸ ਨਵੀਂ ਫਿਲਮ ਦੇ ਹਿੰਦੀ ਵਰਸ਼ਨ ਵਿਚ ਗੁਲਜ਼ਾਰ ਦਾ ਲਿਖਿਆ ਗੀਤ ਵੀ ਸ਼ਾਮਲ ਕੀਤਾ ਗਿਆ ਹੈ ਜਿਸ ਨੇ 1990ਵਿਆਂ ਵਿਚ ਬੱਚਿਆਂ ਦਾ ਤਾਂ ਕੀ, ਵੱਡਿਆਂ ਦਾ ਦਿਲ ਵੀ ਜਿੱਤ ਲਿਆ ਸੀ। ਇਸ ਗੀਤ ਦੇ ਬੋਲ ਸਨ:

ਜੰਗਲ ਜੰਗਲ ਬਾਤ ਚਲੀ ਹੈ,
ਪਤਾ ਚਲਾ ਹੈ।
ਚੱਡੀ ਪਹਿਨ ਕੇ ਫੂਲ ਖਿਲਾ ਹੈ
ਫੂਲ ਖਿਲਾ ਹੈ...।

ਗੁਲਜ਼ਾਰ ਦੇ ਇਸ ਗੀਤ ਦਾ ਸੰਗੀਤ ਉਦੋਂ ਵਿਸ਼ਾਲ ਭਾਰਦਵਾਜ ਨੇ ਤਿਆਰ ਕੀਤਾ ਸੀ ਅਤੇ ਜਿਨ੍ਹਾਂ ਨੇ ਉਦੋਂ ਇਹ ਗੀਤ ਸੁਣਿਆ ਸੀ, ਉਨ੍ਹਾਂ ਦੇ ਦਿਲਾਂ ਵਿਚ ਇਸ ਦੀ ਸਾਰੰਗੀ ਅੱਜ ਵੀ ਗੂੰਜਾਂ ਪਾ ਰਹੀ ਹੈ। ਹੁਣ ਨਵੀਂ ਫਿਲਮ 'ਜੰਗਲ ਬੁੱਕ' ਵਾਲਟ ਡਿਜ਼ਨੀ ਪਿਕਚਰਜ਼ ਨੇ ਬਣਵਾਈ ਹੈ ਅਤੇ ਇਸ ਦੇ ਡਾਇਰੈਕਟਰ ਜੋਨ ਫੇਵਰਿਊ ਹਨ। ਫਿਲਮ ਵਿਚ ਮੋਗਲੀ ਵਾਲਾ ਕਿਰਦਾਰ ਬਾਲ ਕਲਾਕਾਰ ਨੀਲ ਸੇਠੀ ਨੇ ਨਿਭਾਇਆ ਹੈ। ਕਈ ਪ੍ਰਸਿੱਧ ਅਦਾਕਾਰਾਂ ਦੀਆਂ ਆਵਾਜ਼ਾਂ ਇਸ ਫਿਲਮ ਲਈ ਰਿਕਾਰਡ ਕੀਤੀਆਂ ਗਈਆਂ ਹਨ।



*'ਜੰਗਲ ਬੁੱਕ' ਵਿਚ ਮੋਗਲੀ (ਸੱਜੇ) ਵਾਲਾ ਕਿਰਦਾਰ ਨਿਭਾਉਣ ਵਾਲਾ ਨੀਲ ਸੇਠੀ।*

ਇਸ ਕਿਤਾਬ ਨੂੰ ਆਧਾਰ ਬਣਾ ਕੇ ਭਾਵੇਂ ਹੁਣ ਤੱਕ ਕਈ ਫਿਲਮਾਂ ਅਤੇ ਟੈਲੀਵਿਜ਼ਨ ਲੜੀਵਾਰ ਬਣ ਚੁੱਕੇ ਹਨ, ਪਰ ਐਤਕੀਂ ਪਹਿਲੀ ਵਾਰ ਤਕਨੀਕੀ ਪੱਖ ਵੱਲ ਵਧੇਰੇ ਧਿਆਨ ਦਿੱਤਾ ਗਿਆ ਹੈ। ਜੰਗਲ ਦੇ ਜੋ ਦ੍ਰਿਸ਼ ਡਿਜੀਟਲ ਤਕਨੀਕ ਰਾਹੀਆਂ ਫਿਲਮਾਏ ਗਏ ਹਨ, ਉਨ੍ਹਾਂ ਦਾ ਕੋਈ ਜਵਾਬ ਹੀ ਨਹੀਂ ਹੈ। ਪਹਿਲਾਂ ਇਹ ਫਿਲਮ ਪਿਛਲੇ ਸਾਲ 13 ਜਨਵਰੀ ਨੂੰ ਰਿਲੀਜ਼ ਕੀਤੀ ਜਾਣੀ ਸੀ, ਪਰ 9 ਅਕਤੂਬਰ 2015 ਨੂੰ ਰਿਲੀਜ਼ ਤਾਰੀਕ ਮਿਥੀ ਗਈ। ਕੁਝ ਕਾਰਨਾਂ ਕਰ ਕੇ ਫਿਲਮ ਉਸ ਦਿਨ ਵੀ ਰਿਲੀਜ਼ ਨਾ ਕੀਤੀ ਜਾ ਸਕੀ। ਹੁਣ ਇਹ ਫਿਲਮ 15 ਅਪਰੈਲ ਨੂੰ ਵੱਡੇ ਪੱਧਰ 'ਤੇ ਰਿਲੀਜ਼ ਕੀਤੀ ਜਾ ਰਹੀ ਹੈ। ਬੱਚੇ, ਜਵਾਨ ਅਤੇ ਬੁੱਢੇ, ਸਭ ਬੇਸਬਰੀ ਨਾਲ ਇਸ ਫਿਲਮ ਦੀ ਉਡੀਕ ਕਰ ਰਹੇ ਹਨ। **-ਸਿਮਰਨ ਕੌਰ**




**Distribution Company: Gakhal Entertainment Inc. Produced by Palwinder Singh Gakhal, Iqbal Singh Gakhal and Gurvinder Singh Gakhal**

**Associate Producer Manwinder Singh Bal and Jaskaran Singh Gakhal**

**Music Director: Jaidev Kumar, Lyrics: Kumaar, Alfaaz**

**Creative Producer: Rajesh Banga, Story & Screenplay: Vaibhav Suman & Shreya Srivastava, Associate Director: Vakil Singh, Editor: Ajay Sharma, Director of Photography: Binendra Menon, Dialogue: Naresh Kathooria, Media Consultant: Ashok Bhaura, Executive Producer: Natha Singh Gakhal, Creative Director: Vikram Grover, Background Score: Salil Amrute, Sound Design: Pradeep Suri, Costume Designer: Parneet Kang, Prod. Designer: Ragini Jerath, Action Director: Mohan Baggad, Choreographer: Mehul Gadani & Sunil Thakur, Digital Promotions: RDM Media, P. Controller: Raj Kumar Mehra, Digital Marketing: RDM Media**


CALL 8722 AAP USA
aap
AAM AADMI PARTY
OVERSEAS
April 15, 2016 Bakersfield, CA
April 16, 2016 Los Angeles
April 17, 2016 San Francisco Bay Area
April 19, 2016 Fresno,CA
April 22, 2016 Stockton, CA
April 23, 2016 Seattle, WA
April 24, 2016 Houston, TX
April 25, 2016 Dallas, TX
April 27, 2016 Detroit, MI
April 28, 2016 Chicago, IL
April 29, 2016 Washington DC
April 30, 2016 New York
May 01, 2016 New Jersey
SUKHPAL KHAIRA in
THE UNITED STATES OF
AMERICA
14 APRIL - 01 MAY 2016
FOR MORE INFORMATION, CALL HELPLINE: +1 872 222 7872
SUKHPAL KHAIRA WILL JOIN EVERYONE IN THE STOCKTON NAGAR KIRTAN ON APRIL 17TH 2016
SUKHPAL SINGH KHAIRA in
FREMONT, CA
SUNDAY APRIL 17, 2016
5:30 PM TO 8:30 PM
MIRAGE BANQUET HALL
4100 Peralta Blvd. Fremont CA 94536
FROM : AAM AADMI PARTY, CALIFORNIA
FOR INFORMATION CALL
650-260-5061
Ad Sponsored by Golden State Realty Jaswinder (Jassi) Gill